ਮਾਣ-ਮੱਤੀ ਤੇ ਮਾਖਿਓਂ ਮਿੱਠੀ

# ਮਾਤ-ਭਾਸ਼ਾ ਪੰਜਾਬੀ

ਅੱਲੜ-ਬੱਲੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ,
ਬਾਵੀ ਬਹਿ ਕੇ ਛੱਟੇਗੀ,
ਬਾਵਾ ਕਣਕ ਪਿਹਾਵੇਗਾ,
ਬਾਵੀ ਮੰਨ ਪਕਾਵੇਗੀ...



ਡਾ. ਮੈਜਰ ਸਿੰਘ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

## ਮਾਣ-ਮੱਤੀ ਤੇ ਮਾਖਿਉਂ ਮਿੱਠੀ

# ਮਾਤ-ਭਾਸ਼ਾ ਪੰਜਾਬੀ

Sri Satguru Jagjit Singh Ji Elibrary NamdhariElibrary@gmail.com

# ਮਾਣ-ਮੱਤੀ ਤੇ ਮਾਖਿਉਂ ਮਿੱਠੀ

# ਮਾਤ-ਭਾਸ਼ਾ ਪੰਜਾਬੀ

ਸੰਪਾਦਕ
ਡਾ: ਮੇਜਰ ਸਿੰਘ

ਪ੍ਰਕਾਸ਼ਕ:
ਸ. ਹਰਭਜਨ ਸਿੰਘ
**ਗੁਰਮਤਿ ਪੁਸਤਕ ਸੈਂਟਰ**
369 ਆਰ, ਮਾਡਲ ਟਾਊਨ
ਲੁਧਿਆਣਾ-141002, ਪੰਜਾਬ

Sri Satguru Jagjit Singh Ji Elibrary NamdhariElibrary@gmail.com

ਮਾਣ-ਮੱਤੀ ਤੇ ਮਾਖਿਉਂ ਮਿੱਠੀ

# ਮਾਤ-ਭਾਸ਼ਾ ਪੰਜਾਬੀ


ਸੰਪਾਦਕ: ਡਾ: ਮੇਜਰ ਸਿੰਘ
ਐਚ.ਆਈ.ਜੀ. - 3004, ਫੇਜ਼-1,
ਅਰਬਨ ਅਸਟੇਟ, ਦੁਗਰੀ ਰੋਡ
ਲੁਧਿਆਣਾ 141013, ਪੰਜਾਬ (ਭਾਰਤ)
ਮੋਬਾਇਲ: 98883 00736
e-mail: majors_phys@yahoo.com



ਪਹਿਲਾ ਸੰਸਕਰਣ : ਫਰਵਰੀ 2011
ਕੀਮਤ : 100/- ਰੁਪਏ
ਕਾਪੀਆਂ : 1100

ਪ੍ਰਕਾਸ਼ਕ: ਸ. ਹਰਭਜਨ ਸਿੰਘ
ਗੁਰਮਤਿ ਪੁਸਤਕ ਸੈਂਟਰ
369 ਆਰ, ਮਾਡਲ ਟਾਊਨ
ਲੁਧਿਆਣਾ-141002, ਪੰਜਾਬ

ਪੁਸਤਕ ਪ੍ਰਾਪਤੀ ਦਾ ਪਤਾ:
ਵਿਰਸਾ ਸੰਭਾਲ ਪਬਲੀਕੇਸ਼ਨਜ਼
ਐਚ.ਆਈ.ਜੀ. - 3004, ਫੇਜ਼-1,
ਅਰਬਨ ਅਸਟੇਟ, ਦੁਗਰੀ ਰੋਡ
ਲੁਧਿਆਣਾ 141013, ਪੰਜਾਬ (ਭਾਰਤ)
e-mail: majors_phys@yahoo.com



Sri Satguru Jagjit Singh Ji Elibrary NamdhariElibrary@gmail.com

# ਸਮਰਪਣ



**ਸ. ਹਰਭਜਨ ਸਿੰਘ ਜੀ (ਦਾਰ ਜੀ)**
**ਮਾਂ-ਬੋਲੀ ਪੰਜਾਬੀ ਦੇ ਸੱਚੇ ਸਪੂਤ ਨੂੰ**

ਕਿਸੇ ਨੂੰ ਹੈ ਭੁੱਖ ਚੰਗੇ-ਚੋਖੇ ਛੱਤੀ ਖਾਣਿਆਂ ਦੀ,
ਕਿਸੇ ਨੂੰ ਹੈ ਇੱਛਾ ਸੇਜ ਸੋਹਣੀ ਪੋਲੀ-ਪੋਲੀ ਦੀ।
ਕਿਸੇ ਨੂੰ ਹੈ ਚਾਰ ਭੜਕੀਲੀਆਂ ਪੁਸ਼ਾਕੀਆਂ ਦੀ,
ਕੋਈ ਚਾਹੇ ਮੌਜ ਰੋਜ ਈਦ ਅਤੇ ਹੋਲੀ ਦੀ।
ਕਿਸੇ ਨੂੰ ਹੈ ਲਾਲਸਾ ਹਕੂਮਤਾਂ ਯਾ ਲੀਡਰੀ ਦੀ,
ਕਿਸੇ ਨੂੰ ਹੈ ਲੱਗੀ ਅੱਗ ਸੋਨੇ ਭਰੀ ਝੋਲੀ ਦੀ।
ਕੋਈ ਕੁਝ ਸੋਚਦਾ ਹੈ, ਕੋਈ ਕੁਝ ਸੋਚਦਾ ਹੈ,
ਮੈਂ ਹਾਂ ਸਦਾ ਲੋਚਦਾ, ਤਰੱਕੀ ਮਾਤ-ਬੋਲੀ ਦੀ।
-ਚਰਨ ਸਿੰਘ ਸ਼ਹੀਦ

Sri Satguru Jagjit Singh Ji Elibrary NamdhariElibrary@gmail.com

# ਵਿਸ਼ਾ ਵਸਤੂ


| | | ਪੰਨਾ |
|---|---|---|
| | ਆਰੰਭਕ ਸ਼ਬਦ | |
| | ਧੰਨਵਾਦ | |
| 01 | ਪੰਜਾਬੀ ਭਾਸ਼ਾ ਦੀ ਸਭਿਆਚਾਰਕ ਪਹਿਚਾਣ ਦਾ ਮਹੱਤਵ<br>-ਡਾ: ਤੇਜਵੰਤ ਮਾਨ | 1 |
| 02 | ਆਪੇ ਫਾਥੜੀਏ ਤੈਨੂੰ ਕੌਣ ਛਡਾਇ<br>-ਡਾ: ਕਰਨੈਲ ਸਿੰਘ ਥਿੰਦ | 7 |
| 03 | ਸਰਵਪੱਖੀ ਵਿਕਾਸ ਦਾ ਆਧਾਰ - ਮਾਤ ਭਾਸ਼ਾ ਤੇ ਦੇਸੀ ਸੋਚ<br>-ਡਾ: ਰਣਜੀਤ ਸਿੰਘ | 12 |
| 04 | ਪੰਜਾਬੀ ਭਾਸ਼ਾ ਅਤੇ ਅਜੋਕੀਆਂ ਭਾਸ਼ਾਈ ਲੋੜਾਂ<br>-ਡਾ: ਜੋਗਾ ਸਿੰਘ | 15 |
| 05 | ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਗੁਰੂ ਸਾਹਿਬਾਨ ਦਾ ਯੋਗਦਾਨ<br>ਡਾ: ਗੁਲਜ਼ਾਰ ਸਿੰਘ ਕੰਗ | 24 |
| 06 | ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਪੰਜਾਬੀ ਦੇ ਸਰਬਪੱਖੀ ਵਿਕਾਸ ਵਿਚ ਯੋਗਦਾਨ<br>-ਡਾ: ਧਨਵੰਤ ਕੌਰ | 28 |
| 07 | ਪੰਜਾਬੀ ਬੋਲੀ ਦੇ ਵਿਕਾਸ ਵਿਚ ਭਾਸ਼ਾ ਵਿਭਾਗ ਪੰਜਾਬ ਦਾ ਯੋਗਦਾਨ<br>-ਬੀਬੀ ਬਲਬੀਰ ਕੌਰ | 36 |
| 08 | ਮਾਂ-ਬੋਲੀ ਦੇ ਵਿਕਾਸ ਵਿਚ ਪੰਜਾਬੀ ਪੱਤਰਕਾਰੀ ਦੀ ਭੂਮਿਕਾ ਤੇ ਭਵਿੱਖ ਦੀ ਰੂਪ ਰੇਖਾ<br>-ਹਰਬੀਰ ਸਿੰਘ ਭੰਵਰ | 40 |
| 09 | ਮਾਤ-ਭਾਸ਼ਾ ਦੇ ਕੰਪਿਊਟਰੀਕਰਨ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੋਗਦਾਨ<br>-ਡਾ: ਗੁਰਪ੍ਰੀਤ ਸਿੰਘ ਲਹਿਲ | 43 |
| 10 | ਕੰਪਿਊਟਰ ਅਤੇ ਪੰਜਾਬੀ ਭਾਸ਼ਾ<br>-ਸੀ.ਪੀ. ਕੰਬੋਜ | 48 |
| 11 | ਪੰਜਾਬੀ ਵਿਚ ਉਚੇਰੀ ਖੋਜ ਦੀ ਸਥਿਤੀ<br>-ਪ੍ਰੋ: ਬ੍ਰਹਮਜਗਦੀਸ਼ ਸਿੰਘ | 54 |
| 12 | ਪੰਜਾਬੀ ਭਾਸ਼ਾ : ਨਿਕਾਸ ਤੇ ਵਿਕਾਸ<br>-ਪ੍ਰੋ: ਸ਼ੈਰੀ ਸਿੰਘ | 57 |
| 13 | ਪੰਜਾਬੀ ਭਾਸ਼ਾ ਦਾ ਵਿਕਾਸ<br>-ਡਾ: ਪ.ਸ. ਸਿੱਧੂ | 62 |
| 14 | ਵਿਸ਼ਵੀਕਰਨ ਅਤੇ ਪੰਜਾਬੀ ਭਾਸ਼ਾ<br>-ਡਾ: ਕਵਲਜੀਤ ਕੌਰ ਜੱਸਲ | 64 |
| 15 | ਮਾਤ-ਭਾਸ਼ਾ ਵਜੋਂ ਪੰਜਾਬੀ ਦੀ ਸਥਿਤੀ ਤੇ ਸਥਾਨ<br>-ਡਾ: ਸ.ਨ. ਸੇਵਕ | 70 |


Sri Satguru Jagjit Singh Ji Elibrary NamdhariElibrary@gmail.com

16 ਆਓ ਕਰੀਏ - ਗੁਰਬਾਣੀ-ਛੋਹ ਪ੍ਰਾਪਤ ਬੋਲੀ ਤੇ ਲਿਪੀ ਦਾ ਸਤਿਕਾਰ 75
-ਡਾ: ਭੁਪਿੰਦਰ ਕੌਰ 'ਕਵਿਤਾ'

17 ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਬਹਾਲ ਕਿਵੇਂ ਹੋਵੇ! 80
-ਡਾ: ਮੇਜਰ ਸਿੰਘ

18 ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ 86
-ਪ੍ਰੋ. ਗੁਰਭਜਨ ਸਿੰਘ ਗਿੱਲ

19 ਪੰਜਾਬੀ ਬੋਲੀ ਪ੍ਰਤੀ ਹੀਣਭਾਵਨਾ ਦੀ ਜ਼ੁੰਮੇਵਾਰੀ 90
-ਬੀ.ਐਸ. ਬੀਰ

20 ਪੰਜਾਬੀ ਬੋਲੀ ਪ੍ਰਤੀ ਬੁੱਧੀਜੀਵੀਆਂ ਤੇ ਸਕੂਲਾਂ ਦਾ ਰੁਝਾਨ 93
-ਨਿਰਮਲ ਨਿੰਮਾ-ਲੰਗਾਹ

21 ਪੰਜਾਬੀ ਮਾਤ ਭਾਸ਼ਾ ਦੀ ਦਸ਼ਾ ਤੇ ਦਿਸ਼ਾ 98
-ਡਾ: ਐਸ. ਤਰਸੇਮ

22 ਪੰਜਾਬ ਤੋਂ ਬਾਹਰ ਮਾਂ ਬੋਲੀ ਪੰਜਾਬੀ ਦੀ ਦਸ਼ਾ ਤੇ ਦਿਸ਼ਾ 101
-ਡਾ: ਮਹੀਪ ਸਿੰਘ

23 ਕੈਨੇਡਾ ਤੇ ਇੱਥੇ ਵੱਸਦੇ ਪੰਜਾਬੀ 107
-ਡਾ: ਗੁਰਚਰਨ ਕੌਰ ਥਿੰਦ

24 ਮਾਂ-ਬੋਲੀ ਪੰਜਾਬੀ ਸਾਡੀ ਚੁਣੌਤੀ 109
-ਡਾ: ਅੰਤਰਧਿਆਨ ਕੌਰ

25 ਗੁਰਮੁਖੀ ਲਿੱਪੀ ਸੰਸਾਰ ਦੀ ਸਰਬ-ਉੱਤਮ ਲਿੱਪੀ 112
-ਡਾ: ਕਰਮਜੀਤ ਸਿੰਘ ਔਜਲਾ

26. ਪੰਜਾਬੀ ਭਾਸ਼ਾ ਸਮਰੱਥ ਹੈ ਵਿਸ਼ਵ-ਵਰਤੀ ਉਦੇਸ਼ਾਂ ਲਈ 115
-ਪ੍ਰੋ: ਬਲਵਿੰਦਰਪਾਲ ਸਿੰਘ

27. ਮਾਣ-ਮੱਤੀ ਤੇ ਮਾਖਿਉਂ ਮਿੱਠੀ ਮਾਂ-ਬੋਲੀ ਪੰਜਾਬੀ!! 118
-ਡਾ: ਮੇਜਰ ਸਿੰਘ

## ਗੀਤ/ ਨਜ਼ਮਾਂ

28. ਮਾਂ ਬੋਲੀ ਨੂੰ.. -ਗੁਰਦਾਸ ਮਾਨ 124
29. ਵੇ ਮੈਂ ਤੇਰੀ ਮਾਂ ਦੀ ਬੋਲੀ ਆਂ -ਹਰਭਜਨ ਮਾਨ 125
30. ਮਾਂ ਬੋਲੀ ਦਾ ਗੀਤ -ਸੁਰਜੀਤ ਪਾਤਰ 126
31. ਹੇ ਮੇਰੀ ਮਾਤ-ਬੋਲੀ -ਸੁਖਵਿੰਦਰ ਅੰਮ੍ਰਿਤ 128
32. ਬੋਲੀ ਹੈ ਪੰਜਾਬੀ ਸਾਡੀ -ਧਨੀ ਰਾਮ ਚਾਤ੍ਰਿਕ 129
33. ਆਪਣੀ ਬੋਲੀ ਨਾਲ ਪਿਆਰ -ਫ਼ੀਰੋਜ਼ ਦੀਨ ਸ਼ਰਫ਼ 130
34. ਦਰਦ ਪੰਜਾਬੀ ਬੋਲੀ ਦਾ -ਬਾਬੂ ਰਜਬ ਅਲੀ 131
35. ਮਾਤ-ਭਾਸ਼ਾ -ਕੰਵਿਚੂਰ ਮਤਸੂਰਾ 133
36. ਇਹਦੀ ਸ਼ਾਨ ਨਵਾਬੀ -ਪ੍ਰੋ: ਨਵ ਸੰਗੀਤ ਸਿੰਘ 134
37. ਪੰਜਾਬੀ ਬੋਲੀ -ਮ. ਚਤਰ ਸਿੰਘ ਬੀਰ 135
38. ਤਿੰਨ ਮਾਵਾਂ -ਬਿੱਟੂ ਖੰਨੇ ਵਾਲਾ 139
39. ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ... -ਡਾ. ਬਲਵਿੰਦਰ ਸਿੰਘ ਕਾਲੀਆ 140

Sri Satguru Jagjit Singh Ji Elibrary NamdhariElibrary@gmail.com

# ਆਰੰਭਕ ਸ਼ਬਦ

ਪੰਜਾਬੀ ਬੋਲੀ ਕੇਵਲ ਇਕ ਬੋਲੀ ਹੀ ਨਹੀਂ ਹੈ ਬਲਕਿ ਸਮੂਹ ਪੰਜਾਬੀਆਂ ਦੀ ਮਾਂ-ਬੋਲੀ, ਮਾਤ-ਭਾਸ਼ਾ ਹੈ। ਹਰ ਮਨੁੱਖ ਲਈ ਉਸ ਦੀ ਮਾਤ-ਭਾਸ਼ਾ ਖ਼ਾਸ ਮਹੱਤਵ ਰੱਖਦੀ ਹੈ ਪ੍ਰੰਤੂ ਮਾਤ-ਭਾਸ਼ਾ ਪੰਜਾਬੀ ਆਪਣੀ ਨਿਵੇਕਲੀ ਅਤੇ ਨਿਰਾਲੀ ਜਾਣ-ਪਛਾਣ ਤੇ ਗੁਣਾਂ ਕਰਕੇ ਬਹੁਤ ਵਿਲੱਖਣ ਹੈ, ਹਰਮਨ ਪਿਆਰੀ ਹੈ। ਸਰਲਤਾ, ਸਪਸ਼ਟਤਾ, ਮਿਠਾਸ, ਆਪਣਾਪਣ, ਰਿਸ਼ਤਿਆਂ ਦਾ ਨਿੱਘ ਤੇ ਖੁਲ੍ਹਾਪਣ ਵਰਗੇ ਗੁਣ ਇਸ ਦੀ ਨਿਰਾਲੀ ਸ਼ਾਨ ਨੂੰ ਚਾਰ ਚੰਨ ਲਾਉਂਦੇ ਹਨ। ਇਹ ਇਕ ਸਚਾਈ ਹੈ ਕਿ ਮਾਤ-ਭਾਸ਼ਾ ਦਾ ਕਿਸੇ ਵੀ ਮਨੁੱਖ ਦੀ ਸਖਸ਼ੀਅਤ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਇਹ ਕਹਿ ਲਈਏ ਕਿ ਮਾਤ-ਭਾਸ਼ਾ ਵਿਚ ਪੜ੍ਹਾਈ ਕਰਕੇ ਹੀ ਮਨੁੱਖ ਸੰਪੂਰਨ ਗਿਆਨ ਤੇ ਵਿਦਵਤਾ ਪ੍ਰਾਪਤ ਕਰ ਸਕਦਾ ਹੈ, ਨਵੇਂ ਮੀਲ ਪੱਥਰ ਸਥਾਪਤ ਕਰ ਸਕਦਾ ਹੈ ਅਤੇ ਨਵੀਆਂ ਉਚਾਈਆਂ ਛੂਹ ਸਕਦਾ ਹੈ।

ਇੰਨਾ ਹੀ ਨਹੀਂ, ਪੰਜਾਬੀ ਮਾਂ-ਬੋਲੀ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਅੰਗ ਹੈ। ਪੰਜਾਬੀ ਸਭਿਆਚਾਰ ਇਕ ਜਿਊਂਦਾ-ਜਾਗਦਾ ਸਭਿਆਚਾਰ ਹੈ, ਪੰਜਾਬੀਆਂ ਦੇ ਇਹ ਦਿਲਾਂ ਦੀ ਧੜਕਣ ਹੈ। ਇਹੀ ਉਨ੍ਹਾਂ ਦੇ ਜੀਵਨ-ਜਾਚ, ਚੱਜ-ਆਚਾਰ ਤੇ ਸੁਘੜਤਾ ਦੀ ਆਪ-ਮੁਹਾਰੇ ਮੂੰਹ ਬੋਲਦੀ ਤਸਵੀਰ ਹੈ। ਬੋਲੀ ਤੋਂ ਬਿਨਾਂ ਕੋਈ ਵੀ ਸਭਿਆਚਾਰ ਬਚ ਹੀ ਨਹੀਂ ਸਕਦਾ। ਪੰਜਾਬੀ ਬੋਲੀ, ਪੰਜਾਬੀ ਖਾਣ-ਪੀਣ ਤੇ ਪੰਜਾਬੀ ਪਹਿਰਾਵੇ, ਭਾਵ ਪੰਜਾਬੀਅਤ ਦਾ ਆਪਣਾ ਵੱਖਰਾ ਹੀ ਜਲੌਅ ਹੈ।

ਵਿਸ਼ਵੀਕਰਣ ਤੇ ਉਦਾਰੀਕਰਣ ਦੇ ਇਸ ਯੁਗ ਵਿਚ ਵੱਖ-ਵੱਖ ਸਭਿਆਚਾਰਾਂ ਤੇ ਬੋਲੀਆਂ ਦੀ ਭਿੰਨਤਾ, ਵਿਲੱਖਣ ਪਛਾਣ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਵੱਖ-ਵੱਖ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਮੂਹ ਦੇਸ਼ਾਂ ਦੀ ਸਾਂਝੀ ਸੰਸਥਾ ਯੂਨੈਸਕੋ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ, ਹਰ ਸਾਲ 21 ਫਰਵਰੀ ਦਾ ਦਿਨ ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਵਜੋਂ ਮਨਾਇਆ ਜਾਣ ਲਗਾ ਹੈ। ਅਜਿਹਾ ਵੱਖ-ਵੱਖ ਕੌਮਾਂ ਦੀ ਪਛਾਣ ਨੂੰ ਬਚਾਉਣ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਹ ਸਚਾਈ ਹੈ ਕਿ ਕਿਸੇ ਕੌਮ ਨੂੰ ਉਸਦੀ ਬੋਲੀ ਤੇ ਸਭਿਆਚਾਰ ਤੋਂ ਦੂਰ ਕਰਨ ਨਾਲ ਉਹ ਕੌਮ ਖ਼ਤਮ ਹੋ ਜਾਂਦੀ ਹੈ। ਯੂਨੈਸਕੋ ਦੀ ਇਸੇ ਟਿਪਣੀ ਨੂੰ ਲੈ ਕੇ ਮਾਤ-ਭਾਸ਼ਾ ਪੰਜਾਬੀ ਦੇ ਦਰਦਮੰਦਾਂ ਤੇ ਹਿਤੈਸ਼ੀਆਂ ਨੂੰ ਆਪਣੀ ਮਾਤ-ਭਾਸ਼ਾ ਦੀ ਸਿਹਤ ਤੇ ਭਵਿੱਖ ਨੂੰ ਲੈ ਕੇ ਚਿੰਤਨ ਕਰਨਾ ਸ਼ੁਰੂ ਕੀਤਾ ਹੈ। ਵੱਖ-ਵੱਖ ਲੇਖਕਾਂ ਦੀ ਵੱਖਰੀ-ਵੱਖਰੀ ਰਾਇ ਹੈ। ਨਿਰਪੱਖ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਸਮੁਚੇ ਤੌਰ 'ਤੇ ਪੰਜਾਬੀ ਦਾ ਪਸਾਰ, ਪ੍ਰਚਾਰ ਤੇ ਬੋਲ-ਬਾਲਾ ਵਧਿਆ ਹੈ ਜਦੋਂ ਕਿ ਭਾਰਤੀ ਪੰਜਾਬ ਵਿਚ ਮਾਤ-ਭਾਸ਼ਾ ਪੰਜਾਬੀ ਨੂੰ ਖੋਰਾ ਲਗਿਆ ਹੈ। ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨੂੰ ਖੋਰਾ ਲੱਗਣ ਦੇ ਮੁਖ ਕਾਰਨ ਇਹ ਕਹੇ ਜਾ ਸਕਦੇ ਹਨ:

- ਸਰਕਾਰੀ ਨੀਤੀਆਂ: ਪਹਿਲਾਂ ਪੰਜਾਬੀ ਨੂੰ ਰਾਜ-ਭਾਸ਼ਾ ਦਾ ਦਰਜਾ ਨਾ ਦੇਣਾ ਅਤੇ ਫਿਰ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦਾ ਸਰਕਾਰੀ ਫੈਸਲਾ।
- ਮਨੁੱਖੀ ਪਲਾਇਨ: ਸਮੂਹ ਪੰਜਾਬੀਆਂ, ਖ਼ਾਸ ਕਰਕੇ ਨੌਜਵਾਨ ਪੀੜ੍ਹੀ ਦਾ ਰੋਜ਼ੀ-ਰੋਟੀ

Sri Satguru Jagjit Singh Ji Elibrary NamdhariElibrary@gmail.com

ਖ਼ਾਤਰ ਜਾਂ ਵੇਖੋ-ਵੇਖੀ ਪੱਛਮੀ ਦੇਸ਼ਾਂ ਵੱਲ ਪਲਾਇਨ। ਨੌਜਵਾਨ ਤਾਂ ਇਕ ਪਾਸੇ, ਅਧਖੜ੍ਹ ਉਮਰ ਦੇ ਪੰਜਾਬੀ ਲੋਕ ਵੀ ਅੰਗਰੇਜ਼ੀ ਸਿਖਣ ਲਈ ਟਿਊਸ਼ਨਾਂ ਪੜ੍ਹ ਰਹੇ ਹਨ।

- ਸਭਿਆਚਾਰਕ ਨਾਸ਼: ਪੰਜਾਬੀਆਂ ਵਲੋਂ ਆਪਣਾ ਅਮੀਰ-ਤਰੀਨ ਸਭਿਆਚਾਰ ਛੱਡ ਪੱਛਮੀ ਸੱਭਿਆਚਾਰ ਦੀ ਨਕਲ ਕਰਨਾ। ਸਕੂਲਾਂ, ਕਾਲਜਾਂ ਵਿਚ ਪੜ੍ਹਦੀ ਪੰਜਾਬੀ ਨੌਜਵਾਨ ਪੀੜ੍ਹੀ ਵਲੋਂ ਬੋਲ-ਚਾਲ, ਖਾਣ-ਪੀਣ ਅਤੇ ਪਹਿਰਾਵਾ ਸਭ ਕੁਝ ਪੱਛਮੀ ਅਪਣਾਉਣਾ।

- ਰੁਜ਼ਗਾਰ ਦੀ ਭਾਲ: ਬਹੁਤੇ ਪੰਜਾਬੀ ਮਾਪਿਆਂ ਵਲੋਂ ਆਪਣੇ ਬੱਚਿਆਂ ਦੇ ਚੰਗੇ ਭਵਿਖ ਲਈ ਦੂਸਰੇ ਦੇਸ਼ਾਂ ਵਿਚ ਭੇਜਣ ਦੀ ਆਸ ਵਿਚ ਜਾਂ ਬਹੁ-ਰਾਸ਼ਟਰੀ ਕੰਪਨੀਆਂ ਵਿਚ ਰੁਜ਼ਗਾਰ ਦਵਾਉਣ ਦੀ ਆੜ੍ਹ ਵਿਚ ਮਜ਼ਬੂਰੀ ਵੱਸ ਅੰਗਰੇਜ਼ੀ ਦਾ ਪੱਲਾ ਫੜਨਾ ।

- ਗੈਰ-ਜ਼ਿੰਮੇਵਾਰੀ ਵਾਲਾ ਰਵੱਈਆ: ਇਹ ਆਦਤ ਸਰਕਾਰੀ ਸਕੂਲਾਂ ਦੇ ਜਿਆਦਾਤਰ ਅਧਿਆਪਕਾਂ ਵਿਚ ਪਾਈ ਜਾਂਦੀ ਹੈ ਕਿ ਮਨ ਮਰਜ਼ੀ ਨਾਲ ਸਕੂਲੇ ਜਾਣਾ ਤੇ ਜਾ ਕੇ ਵੀ ਕਲਾਸ ਨਾ ਪੜ੍ਹਾਉਣੀ। ਖ਼ਾਸ ਕਰਕੇ ਪੰਜਾਬੀ ਵਿਸ਼ੇ ਦੇ ਅਧਿਆਪਕਾਂ ਦਾ "ਚੱਲ ਹਊ" ਵਤੀਰਾ ਵਧੇਰੇ ਨੁਕਸਾਨਦੇਹ ਸਿਧ ਹੋਇਆ ਹੈ। ਵਿਸ਼ਾ ਸੌਖਾ ਹੋਣ ਕਰਕੇ ਨਾ ਵਿਦਿਆਰਥੀ ਪੜ੍ਹਦੇ ਹਨ ਤੇ ਨਾ ਹੀ ਅਧਿਆਪਕ ਪੜ੍ਹਾਉਂਦੇ ਹਨ, ਮਾਂ-ਬੋਲੀ ਦੀ ਮਹੱਤਤਾ ਦਸਣ ਦੀ ਤਾਂ ਗੱਲ ਹੀ ਦੂਰ ਦੀ ਹੈ!

- ਪੱਥ-ਪ੍ਰਦਰਸ਼ਕਾਂ ਦਾ ਦੋਹਰਾ ਰਵੱਈਆ: ਹਰ ਖੇਤਰ ਵਿਚ ਅੱਗੇ ਵਧਣ ਲਈ ਨੌਜਵਾਨ ਪੀੜ੍ਹੀ ਨੇ ਪੱਥ-ਪ੍ਰਦਰਸ਼ਕਾਂ (ਰੋਲ ਮਾਡਲਾਂ) ਤੋਂ ਸੇਧ ਲੈਣੀ ਹੁੰਦੀ ਹੈ। ਪ੍ਰੰਤੂ ਪੰਜਾਬ ਵਿਚ ਸਥਿਤੀ ਪਿਛਲੇ ਲੰਮੇ ਸਮੇਂ ਤੋਂ ਹਾਸੋ-ਹੀਣੀ ਬਣੀ ਹੋਈ ਹੈ। ਪਹਿਲਾਂ-ਪਹਿਲ ਅਮੀਰ ਘਰਾਣਿਆਂ ਦੇ ਬੱਚੇ ਤੇ ਫਿਰ ਪ੍ਰਸ਼ਾਸਨਿਕ ਅਫ਼ਸਰਾਂ (ਆਈ.ਏ.ਐਸ.), ਪੁਲਿਸ ਅਫ਼ਸਰਾਂ ਦੇ ਬੱਚੇ ਬਾਹਰ ਪੜ੍ਹਾਈ ਕਰਨ ਜਾਂਦੇ ਸਨ। ਅੱਜ ਕਲ੍ਹ ਵੇਖੋ-ਵੇਖੀ ਪ੍ਰੋਫੈਸਰ, ਸਕੂਲ ਅਧਿਆਪਕ, ਮੁਲਾਜ਼ਮ, ਦੁਕਾਨਦਾਰ, ਆਮ ਕਿਸਾਨ ਵੀ ਆਪਣੇ ਬਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਾਈ ਕਰਾਉਣ ਭੇਜ ਰਹੇ ਹਨ। ਨੌਕਰੀਆਂ ਪੰਜਾਬ ਵਿਚ ਕਰਨੀਆਂ, ਧੰਨ ਪੰਜਾਬ 'ਚੋਂ ਇਕੱਠਾ ਕਰਨਾ ਤੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਸੈੱਟ ਕਰਨਾ - ਇਸ ਦੋਹਰੀ ਨੀਤੀ ਨੇ ਮਾਤ-ਭਾਸ਼ਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇੰਨਾ ਹੀ ਨਹੀਂ ਸਰਕਾਰੀ ਸਕੂਲਾਂ ਵਿਚ ਪੜ੍ਹਾਉਂਦੇ ਅਧਿਆਪਕ ਵੀ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਾਉਂਦੇ ਹਨ।

ਵੈਸੇ ਇਨ੍ਹਾਂ ਸਾਰੇ ਕਾਰਨਾਂ ਦੀ ਇਕੋ-ਇਕ ਜੜ੍ਹ ਸਰਕਾਰੀ ਨੀਤੀਆਂ ਨੂੰ ਹੀ ਮੰਨਿਆ ਜਾ ਸਕਦਾ ਹੈ। ਸਾਡੇ ਨੇਤਾਵਾਂ ਨੇ ਸੰਸਾਰੀਕਰਣ ਦੀ ਦੁਹਾਈ ਦੇਂਦਿਆਂ, ਅੰਗਰੇਜ਼ੀਕਰਣ 'ਤੇ ਕੁਝ ਜਿਆਦਾ ਹੀ ਜ਼ੋਰ ਦਿਤਾ ਹੋਇਆ ਹੈ। ਸਮੂਹ ਪੰਜਾਬੀ ਇਸੇ ਰੋੜ੍ਹ ਵਿਚ ਰੁੜ੍ਹੀ ਜਾ ਰਹੇ ਹਨ। ਟਿਊਸ਼ਨ ਸੈਂਟਰ, ਆਈਲੈੱਟ ਸੈਂਟਰ ਤੇ ਹੋਰ ਵਪਾਰਕ ਸ਼ਕਤੀਆਂ ਸਾਡੀ ਇਸ ਅਗਿਆਨਤਾ ਦਾ ਖ਼ੂਬ ਲਾਭ ਉਠਾ ਰਹੇ ਹਨ, ਜਦੋਂ ਕਿ ਇਹ ਸਰਾਸਰ ਗਲਤ ਰੁਝਾਨ ਹੈ।

ਉਪਰੋਕਤ ਸਾਰੇ ਹੀ ਸੰਵੇਦਨਸ਼ੀਲ ਨੁਕਤਿਆਂ 'ਤੇ ਚਾਨਣ ਪਾਉਂਦੇ ਖੋਜ-ਭਰਪੂਰ ਲੇਖ ਵੱਖ-ਵੱਖ ਵਿਦਵਾਨ ਲੇਖਕਾਂ ਦੇ ਇਸ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ। ਸਮੁਚੇ ਤੌਰ 'ਤੇ ਸਮੂਹ ਵਿਦਵਾਨ ਲੇਖਕ ਮਾਂ-ਬੋਲੀ ਪੰਜਾਬੀ ਦੀ ਦਿਸ਼ਾ ਤੇ ਦਸ਼ਾ ਨੂੰ ਲੈ ਕੇ ਪੂਰੀ ਤਰ੍ਹਾਂ ਚਿੰਤਤ ਤੇ ਸਹਿਰਦ

Sri Satguru Jagjit Singh Ji Elibrary NamdhariElibrary@gmail.com

ਹਨ। ਲੇਖਕ ਇਹ ਤਾਂ ਮੰਨਦੇ ਹਨ ਕਿ ਸੰਸਾਰੀਕਰਣ ਤੇ ਉਦਾਰੀਕਰਣ ਵਿਸ਼ਵ ਪੱਧਰੀ ਵਰਤਾਰਾ ਹੈ ਪਰ ਪੰਜਾਬੀ ਬੋਲੀ ਦੇ ਉਜਲ ਭਵਿੱਖ ਲਈ ਆਪਣੀਆਂ ਆਪਣੀਆਂ ਦਲੀਲਾਂ, ਵਿਉਂਤਬੰਦੀਆਂ ਤੇ ਸਕਾਰਾਤਮਕ ਦ੍ਰਿਸ਼ਟੀਕੋਣ/ਮਸ਼ਵਰੇ ਦੇਂਦੇ ਹਨ ਤਾਂ ਕਿ ਭਵਿੱਖ ਦੀਆਂ ਚੁਣੌਤੀਆਂ ਦਾ ਬਾਖ਼ੂਬੀ ਸਾਹਮਣਾ ਕੀਤਾ ਜਾ ਸਕੇ।

ਇਕ ਮਹੱਤਰਵਪੂਰਨ ਗੱਲ ਇਹ ਹੈ ਕਿ ਪੰਜਾਬੀ ਮਾਂ ਬੋਲੀ ਦੀ ਅਹਿਮੀਅਤ ਬਾਰੇ ਯੋਗ ਲੋਕ-ਚੇਤਨਾ ਜਗਾਉਣ ਅਤੇ ਲੋਕ-ਲਹਿਰ ਪ੍ਰਚੰਡ ਕਰਨਾ ਸਮੇਂ ਦੀ ਲੋੜ ਹੈ। ਇਸ ਲਹਿਰ ਵਿਚ ਨਾ ਕੇਵਲ ਪੰਜਾਬੀ ਲੇਖਕਾਂ, ਪ੍ਰਚਾਰ-ਪ੍ਰਸਾਰ ਦੇ ਬਿਜਲਈ ਸਾਧਨਾਂ, ਬਲਕਿ ਹਰ ਪੰਜਾਬੀ ਨੂੰ ਯੋਗ ਉਪਰਾਲੇ ਕਰਨੇ ਹੋਣਗੇ ਅਤੇ ਨਿੱਘਰ ਯੋਗਦਾਨ ਪਾਉਣਾ ਹੋਵੇਗਾ। ਵਿਸ਼ਵ-ਭਰ ਵਿਚ ਵਸਦੇ ਪੰਜਾਬੀਆਂ ਨੂੰ ਇਕ ਸਾਂਝੇ ਮੰਚ 'ਤੇ ਇਕੱਠੇ ਹੋ ਕੇ ਮਾਂ-ਬੋਲੀ ਨੂੰ ਪ੍ਰਫੁਲਤ ਕਰਨ ਲਈ ਭੂਮਿਕਾ ਨਿਭਾਉਣੀ ਹੋਵੇਗੀ। ਅੱਜ ਦੇ ਯੁਗ ਦੇ ਸਭ ਤੋਂ ਕਾਰਗਰ ਸਾਧਨ ਸੂਚਨਾ ਤਕਨਾਲੋਜੀ ਤੇ ਇੰਟਰਨੈੱਟ ਦੁਆਰਾ ਪੰਜਾਬੀ ਨੂੰ ਵਿਸ਼ਵ-ਪੱਧਰੀ (ਗਲੋਬਲ) ਭਾਸ਼ਾ ਬਣਾਉਣ ਵਿਚ ਵੱਖ-ਵੱਖ ਸੰਸਥਾਵਾਂ, ਯੂਨੀਵਰਸਿਟੀਆਂ ਤੇ ਲੇਖਕ ਸਭਾਵਾਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਲਈ, ਇਸਦੇ ਪਸਾਰ-ਪ੍ਰਚਾਰ ਲਈ ਸਾਡੇ ਵੱਲੋਂ ਲਗਾਤਾਰ ਉਪਰਾਲੇ ਕਰਨ ਦੀ ਲੋੜ ਹੈ। ਹਰ ਪੰਜਾਬੀ ਆਪਣੀ ਮਾਂ ਦਾ ਕਰਜ ਉਤਾਰਨ ਲਈ ਪ੍ਰਣ ਕਰੇ ਕਿ ਉਹ ਕੋਈ ਐਸਾ ਕੰਮ ਨਹੀਂ ਕਰੇਗਾ ਜਿਸ ਨਾਲ ਮਾਂ (ਮਾਂ-ਬੋਲੀ) ਦਾ ਰੁਤਬਾ ਘਟਦਾ ਹੋਵੇ, ਅਪਮਾਨ ਹੁੰਦਾ ਹੋਵੇ।

ਇਸ ਹਥਲੀ ਪੁਸਤਕ ਵਿਚ ਸ਼ਾਮਲ ਸਾਰੇ ਲੇਖ/ਖੋਜ਼ ਪੱਤਰ ਉੱਚ-ਕੋਟੀ ਦੇ ਵਿਦਵਾਨ ਲੇਖਕਾਂ ਦੇ ਹਨ, ਆਪ-ਆਪਣੀ ਥਾਵੇਂ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਹਨਾਂ ਵੱਡਮੁਲੇ ਲੇਖਾਂ ਸਦਕਾ ਇਹ ਪੁਸਤਕ ਨਾ ਸਿਰਫ ਪੜ੍ਹਨਯੋਗ ਹੈ ਸਗੋਂ ਸਾਂਭਣਯੋਗ ਵੀ ਹੈ। ਆਸ ਹੈ ਕਿ ਪਾਠਕ ਇਸ ਪੁਸਤਕ ਤੋਂ ਲਾਹਾ ਪ੍ਰਾਪਤ ਕਰਨਗੇ। ਧੰਨਵਾਦ।

- ਮੇਜਰ ਸਿੰਘ (ਡਾ.)
ਐਚ.ਆਈ.ਜੀ. 3004, ਫੇਜ਼-1
ਅਰਬਨ ਅਸਟੇਟ, ਦੁਗਰੀ ਰੋਡ,
ਲੁਧਿਆਣਾ - 141 013

21 ਫਰਵਰੀ 2011
ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਮੌਕੇ

Sri Satguru Jagjit Singh Ji Elibrary NamdhariElibrary@gmail.com

# ਧੰਨਵਾਦ

ਕਿਹਾ ਜਾਂਦਾ ਹੈ ਕਿ ਸੱਚਾ ਤੇ ਸੁਘੜ ਇਨਸਾਨ ਉਹੀ ਹੁੰਦਾ ਹੈ ਜੋ ਆਪਣੀ ਮਾਂ (ਮਾਪਿਆਂ), ਮਾਂ-ਬੋਲੀ ਅਤੇ ਮਾਂ-ਭੂਮੀ (ਦੇਸ਼) ਦੀ ਸੇਵਾ ਨੂੰ ਪਹਿਲ ਦੇਂਦਾ ਹੈ, ਆਪਣਾ ਫ਼ਰਜ਼ ਨਿਭਾਉਂਦਾ ਹੈ। ਹਰ ਸੂਝਵਾਨ ਤੇ ਸਿਆਣਾ ਮਨੁੱਖ ਆਪਣੇ-ਆਪਣੇ ਤਰੀਕੇ ਨਾਲ ਆਪਣੇ ਸਿਰ ਚੜ੍ਹੇ ਇਸ ਕਰਜ਼ ਨੂੰ ਉਤਾਰਨ ਲਈ ਯਤਨਸ਼ੀਲ ਰਹਿੰਦਾ ਹੈ ਅਤੇ ਆਪਣਾ ਜੀਵਨ ਸਾਰਥਕ ਬਣਾਉਂਦਾ ਹੈ। ਅਜਿਹੀ ਹੀ ਸਖ਼ਸ਼ੀਅਤ ਦੇ ਮਾਲਕ ਹਨ - ਨੱਬਿਆਂ ਨੂੰ ਪਾਰ ਕਰ ਚੁੱਕੇ, ਕਮਜ਼ੋਰ ਸਰੀਰ ਵਾਲੇ ਤੇ ਸੁਣਨ ਤੋਂ ਲਾਚਾਰ ਸ. ਹਰਭਜਨ ਸਿੰਘ (ਦਾਰ ਜੀ)। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਹੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਅਤੇ ਮਾਂ-ਬੋਲੀ ਪੰਜਾਬੀ ਦੇ ਪਸਾਰ ਤੇ ਪ੍ਰਚਾਰ ਹਿਤ ਬਿਤਾਈ ਹੈ। ਨਾ ਕੇਵਲ ਸਮੁਚੇ ਭਾਰਤ ਵਿਚ, ਸਗੋਂ ਦੇਸ਼ਾਂ-ਵਿਦੇਸ਼ਾਂ ਵਿਚ ਪੰਜਾਬੀ ਸਾਹਿਤ ਅਤੇ ਗੁਰਮਤਿ ਲਿਟਰੇਚਰ ਬਿਲਕੁਲ ਮੁਫ਼ਤ ਵੰਡਣਾ ਉਹਨਾਂ ਦਾ ਸ਼ੌਂਕ, ਮੁਖ ਉਦੇਸ਼ ਰਿਹਾ ਹੈ। ਸਲਾਮ ਹੈ ਉਹਨਾਂ ਦੇ ਇਸ ਮਹਾਨ ਜਜ਼ਬੇ ਨੂੰ! ਨਾ-ਮਾਤਰ ਮਾਇਕ ਵਸੀਲਿਆਂ ਦੇ ਬਾਵਜੂਦ ਉਹ ਆਪਣੇ ਇਸ ਸ਼ੌਕ ਦੀ ਨਿਰੰਤਰ ਪੂਰਤੀ ਕਰਦੇ ਜਾ ਰਹੇ ਹਨ। ਹਾਂ, ਉਨ੍ਹਾਂ ਦੇ ਇਸ ਵਿਲੱਖਣ ਕਾਰਜ ਵਿਚ ਉਹਨਾਂ ਦੇ ਸਪੁਤਰਾਂ, ਪਰਿਵਾਰਕ ਜੀਆਂ, ਸਾਕ-ਸਬੰਧੀਆਂ ਅਤੇ ਕੁਝ ਸ਼ੁਭਚਿੰਤਕਾਂ ਦਾ ਸਹਿਯੋਗ ਹਾਸਲ ਹੈ। ਦਾਸ ਇਨ੍ਹਾਂ ਨਾਲ ਸਾਲ 1999 ਤੋਂ ਜੁੜਿਆ ਹੋਇਆ ਹੈ। ਇਸ ਪੁਸਤਕ ਦੀ ਛਪਾਈ ਲਈ ਦਾਸ, ਦਾਰ ਜੀ ਅਤੇ ਉਨ੍ਹਾਂ ਦੇ ਸਮੁਚੇ ਪਰਿਵਾਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹੈ।

ਦਾਰ ਜੀ ਹੁਰਾਂ ਨੇ ਕਰੀਬ 5-6 ਮਹੀਨੇ ਦੀ ਲੰਮੀ ਬਿਮਾਰੀ ਤੋਂ ਬਾਅਦ ਜਦੋਂ ਕੁਝ ਸੁਰਤ ਸੰਭਾਲੀ ਤਾਂ ਉਹਨਾਂ ਨੇ ਦਾਸ ਨੂੰ ਬੁਲਾ ਕੇ ਡਿਊਟੀ ਲਾ ਦਿਤੀ ਕਿ ਪੰਜਾਬੀ ਦੇ ਨਾਮਵਰ ਵਿਦਵਾਨਾਂ/ਲੇਖਕਾਂ ਤੋਂ ਲੇਖ, ਰਚਨਾਵਾਂ ਲੈ ਕੇ ਮਾਂ-ਬੋਲੀ ਪੰਜਾਬੀ 'ਤੇ ਇਕ ਪੁਸਤਕ ਤਿਆਰ ਕਰੋ। ਇਸ ਉਦੇਸ਼ ਦੀ ਪੂਰਤੀ ਲਈ ਦਾਸ ਨੇ ਕਰੀਬ 60 ਉਚ-ਕੋਟੀ ਦੇ ਵਿਦਵਾਨਾਂ, ਲੇਖਕਾਂ ਨੂੰ ਆਪਣੇ ਪਰਚੇ/ਲੇਖ/ਰਚਨਾਵਾਂ ਭੇਜਣ ਲਈ ਸਨਿਮਰ ਬੇਨਤੀ ਲਿਖ ਭੇਜੀ। ਨਿਜੀ ਤੌਰ 'ਤੇ ਕਈ-ਕਈ ਵਾਰ ਫ਼ੋਨ ਵੀ ਕੀਤੇ। ਹਰ ਵਿਦਵਾਨ, ਲੇਖਕ ਨੂੰ ਵੱਖ-ਵੱਖ ਵਿਸ਼ਾ ਵੀ ਦਿਤਾ ਗਿਆ। ਤਕਰੀਬਨ ਹਰ ਵਿਦਵਾਨ/ਲੇਖਕ ਨੇ ਸਾਡਾ ਮਾਣ-ਸਨਮਾਨ ਕੀਤਾ। ਜਿਹੜੇ-ਜਿਹੜੇ ਵਿਦਵਾਨ, ਲੇਖਕ, ਕਵੀ ਨੇ ਆਪਣੇ ਆਪਣੇ ਪਰਚੇ ਭੇਜੇ ਹਨ, ਉਹ ਇਸ ਪੁਸਤਕ ਵਿਚ ਛਾਪ ਦਿਤੇ ਗਏ ਹਨ। ਉਹ ਵਿਦਵਾਨ, ਲੇਖਕ ਜਿਹੜੇ ਬਹੁਤੇ ਰੁਝੇਵਿਆਂ ਜਾਂ ਕਿਸੇ ਹੋਰ ਕਾਰਨ ਕਰਕੇ ਲੇਖ/ਪਰਚੇ ਭੇਜਣ ਵਿਚ ਦੇਰੀ ਕਰ ਗਏ ਹਨ, ਉਨ੍ਹਾਂ ਦੇ ਲੇਖ ਦੂਸਰੀ ਪੁਸਤਕ ਵਿਚ ਛਾਪ ਕੇ ਪਾਠਕਾਂ ਤੱਕ ਪਹੁੰਚਦੇ ਕਰਾਂਗੇ ਜੀ।

ਆਪਣੇ ਪਰਚੇ, ਰਚਨਾਵਾਂ ਭੇਜਣ ਵਾਲੇ ਸਮੂਹ ਲੇਖਕ, ਕਵੀ ਬਹੁਤ ਹੀ ਨਾਮਵਰ ਤੇ ਸਨਾਮਾਨਤ ਸਖਸ਼ੀਅਤਾਂ ਹਨ - ਜਿਥੇ ਉਨ੍ਹਾਂ ਨੇ ਸਾਨੂੰ ਮਾਣ ਬਖ਼ਸ਼ਿਆ ਉਥੇ ਹੀ ਉਨ੍ਹਾਂ ਨੇ ਮਾਂ-ਬੋਲੀ ਪੰਜਾਬੀ ਦੇ ਸੱਚੇ ਸਪੂਤ ਹੋਣ ਦਾ ਸਬੂਤ ਵੀ ਦਿਤਾ ਹੈ, ਦਾਸ ਉਨ੍ਹਾਂ ਦਾ ਰਿਣੀ ਹੈ ਤਹਿ-ਦਿਲੋਂ ਧੰਨਵਾਦੀ ਹੈ। ਇਹਨਾਂ ਲੇਖਕਾਂ ਵਿਚ ਬਹੁਤ ਹੀ ਪ੍ਰਸਿਧ ਤੇ ਨਾਮਵਰ ਸਖਸ਼ੀਅਤਾਂ ਹਨ ਜਿਵੇਂ ਡਾ. ਕਰਨੈਲ ਸਿੰਘ ਥਿੰਦ, ਡਾ. ਤੇਜਵੰਤ ਮਾਨ, ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ

Sri Satguru Jagjit Singh Ji Elibrary NamdhariElibrary@gmail.com

ਗਿੱਲ, ਡਾ. ਧੰਨਵੰਤ ਕੌਰ, ਡਾ. ਐਸ. ਤਰਸੇਮ, ਡਾ. ਮਹੀਪ ਸਿੰਘ, ਡਾ. ਜੋਗਾ ਸਿੰਘ, ਡਾ. ਪਰਮਜੀਤ ਸਿੰਘ ਸਿਧੂ, ਡਾ. ਗੁਰਚਰਨ ਕੌਰ ਥਿੰਦ, ਪ੍ਰੋ. ਬ੍ਰਹਮਜਗਦੀਸ਼ ਸਿੰਘ, ਡਾ. ਰਣਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ ਲਹਿਲ, ਡਾ. ਕਵਲਜੀਤ ਕੌਰ ਜੱਸਲ, ਡਾ. ਸ.ਨ. ਸੇਵਕ, ਡਾ. ਭੁਪਿੰਦਰ ਕੌਰ, ਬੀ.ਐਸ. ਬੀਰ, ਨਿਰਮਲ ਨਿੰਮਾ-ਲੰਗਾਹ, ਡਾ. ਅੰਤਰਧਿਆਨ ਕੌਰ ਸਿਡਾਨਾ, ਡਾ. ਕਰਮਜੀਤ ਸਿੰਘ ਔਜਲਾ, ਸੁਖਵਿੰਦਰ ਅੰਮ੍ਰਿਤ, ਪ੍ਰੋ. ਨਵ ਸੰਗੀਤ ਸਿੰਘ, ਡਾ. ਗੁਲਜ਼ਾਰ ਸਿੰਘ ਕੰਗ, ਪ੍ਰੋ. ਸ਼ੇਰੀ ਸਿੰਘ, ਬੀਬੀ ਬਲਬੀਰ ਕੌਰ (ਭਾਸ਼ਾ ਵਿਭਾਗ), ਹਰਬੀਰ ਸਿੰਘ ਭੰਵਰ, ਸੀ.ਪੀ. ਕੰਬੋਜ, ਡਾ. ਬਲਵਿੰਦਰ ਸਿੰਘ ਕਾਲੀਆ ਅਤੇ ਪ੍ਰੋ. ਬਲਵਿੰਦਰਪਾਲ ਸਿੰਘ, ਦਾਸ ਇਨ੍ਹਾਂ ਸਮੂਹ ਲੇਖਕਾਂ/ਕਵੀਆਂ ਤੇ ਮਾਣ 'ਤੇ ਫ਼ਖ਼ਰ ਮਹਿਸੂਸ ਕਰਦਾ ਹੈ।

ਹਥਲੀ ਪੁਸਤਕ ਨੂੰ ਇਸ ਸੁੰਦਰ ਰੂਪ ਵਿਚ ਪਾਠਕਾਂ ਤੱਕ ਪਹੁੰਚਾਉਣ ਲਈ ਅਨੇਕਾਂ ਸਖਸ਼ੀਅਤਾਂ ਨੇ ਯੋਗਦਾਨ ਪਾਇਆ ਹੈ, ਸਭ ਦਾ ਬਹੁਤ-ਬਹੁਤ ਧੰਨਵਾਦ ਹੈ। ਕੁਝ ਵਿਸ਼ੇਸ਼ ਸਖਸ਼ੀਅਤਾਂ ਜਿਵੇਂ ਡਾ. ਕਰਮਜੀਤ ਸਿੰਘ ਔਜਲਾ (ਸੰਪਾਦਕ ਸੇਵਾ ਲਹਿਰ), ਬੁੱਧ ਸਿੰਘ ਨੀਲੋਂ (ਲਾਇਬ੍ਰੇਰੀ, ਪੰਜਾਬੀ ਭਵਨ) ਅਤੇ 'ਗੁਰੂ ਹਰਗੋਬਿੰਦ ਸਾਹਿਬ ਲਾਇਬ੍ਰੇਰੀ' ਜਵੱਦੀ ਟਕਸਾਲ ਲੁਧਿਆਣਾ ਦੇ ਪ੍ਰਬੰਧਕ ਬਾਬਾ ਸੋਹਨ ਸਿੰਘ ਜੀ ਵਲੋਂ ਨਿਭਾਈ ਭੂਮਿਕਾ ਲਈ ਦਾਸ ਰਿਣੀ ਹੈ। ਪੁਸਤਕ ਦੀ ਰੂਪ-ਰੇਖਾ ਤੇ ਸੁਧਾਈ ਲਈ ਦਾਸ ਪ੍ਰੋ. ਬਲਵਿੰਦਰਪਾਲ ਸਿੰਘ (ਸੰਪਾਦਕ - ਸਾਡਾ ਵਿਰਸਾ ਸਾਡਾ ਗੌਰਵ) ਦਾ ਬਹੁਤ ਧੰਨਵਾਦੀ ਹੈ।

ਇਸ ਪੁਸਤਕ ਦੀ ਛਪਾਈ ਲਈ ਦਾਰ ਜੀ ਦੇ ਸਪੁੱਤਰ ਸ. ਸਤਬੀਰ ਸਿੰਘ ਭਾਟੀਆ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਮਾਨਯੋਗ ਸ. ਸੁਰਿੰਦਰਪਾਲ ਸਿੰਘ (ਅਲਵਰ-ਲੁਧਿਆਣਾ ਰੋਡਵੇਜ/ ਕੈਰੀਅਰਜ), ਪਲਾਟ ਨੰ. 8-ਬੀ, ਇੰਡਸਟ੍ਰੀਅਲ ਏਰੀਆ - ਏ, ਲੁਧਿਆਣਾ ਅਤੇ ਮੇਰੇ ਬਹੁਤ ਪਿਆਰੇ ਦੋਸਤ ਸ. ਰਫ਼ਪਾਲ ਸਿੰਘ, ਸੀਨੀਅਰ ਮੈਨੇਜਰ (ਬਿਜ਼ਨੈੱਸ ਡਵੈਲਪਮੈਂਟ) ਰਿਲਾਇੰਸ ਲਾਈਫ ਇੰਨਸ਼ੋਰੈਂਸ, ਲੁਧਿਆਣਾ ਵਲੋਂ ਯੋਗਦਾਨ ਪਾਉਣ ਲਈ ਦਾਸ ਇਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਾ ਹੈ।

- ਮੇਜ਼ਰ ਸਿੰਘ (ਡਾ.)

Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ ਦੀ ਸਭਿਆਚਾਰਕ ਪਹਿਚਾਣ ਦਾ ਮਹੱਤਵ

***ਡਾ: ਤੇਜਵੰਤ ਮਾਨ**

ਪੰਜਾਬ ਜਿੱਥੇ ਅੱਜ ਆਪਣੀ ਰਾਜਸੀ, ਆਰਥਕ ਅਤੇ ਦਾਰਸ਼ਨਿਕ ਪਹਿਚਾਣ ਦੇ ਸੰਕਟ ਨਾਲ ਜੂਝ ਰਿਹਾ ਹੈ ਓਥੇ ਇਕ ਬੜੇ ਹੀ ਮਹੱਤਵਪੂਰਨ ਸਵਾਲ ਆਪਣੀ ਸਭਿਆਚਾਰਕ ਪਹਿਚਾਣ ਖੋ ਲੈਣ ਦੇ ਸੰਭਾਵੀ ਖਤਰੇ ਨਾਲ ਵੀ ਦੋ-ਚਾਰ ਹੋ ਰਿਹਾ ਹੈ। ਪਿਛਲੇ ਸਮੇਂ ਤੋਂ ਕੇਂਦਰੀ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਇਕ ਮਜ਼ਬੂਤ ਰਾਸ਼ਟਰ ਦੇ ਨਾਂ ਉਤੇ ਰਾਜਸੱਤਾ ਪ੍ਰਾਪਤ ਸ਼ਕਤੀਆਂ ਕਿਸੇ ਨਾ ਕਿਸੇ ਬਹਾਨੇ ਭਾਰਤ ਦੇ ਬਹੁ-ਬਚਨੀ ਸਭਿਆਚਾਰਾਂ ਨੂੰ ਖਤਮ ਕਰਨ ਜਾਂ ਇਨ੍ਹਾਂ ਨੂੰ ਬੇਪਛਾਣ ਕਰਨ ਦੇ ਯਤਨ ਕਰ ਰਹੀਆਂ ਹਨ। ਇਸ ਬਾਰੇ ਦੱਖਣੀ ਭਾਰਤ ਦੀਆਂ ਭਾਸ਼ਾਈ ਅਤੇ ਸਭਿਆਚਾਰਕ ਇਕਾਈਆਂ ਤਾਂ ਕਾਫੀ ਹੱਦ ਤੱਕ ਸੁਰੱਖਿਅਤ ਅਤੇ ਚੇਤੰਨ ਹਨ। ਪਰ ਉੱਤਰੀ ਭਾਰਤ ਦੀ ਹਿੰਦੀ-ਬੈਲਟ ਵਿਚ ਪੰਜਾਬੀ ਭਾਸ਼ਾਈ ਅਤੇ ਸਭਿਆਚਾਰਕ ਇਕਾਈ ਵਧੇਰੇ ਅਸੁਰੱਖਿਅਤ ਅਤੇ ਅਵੇਸਲੀ ਹੈ।

ਇਸ ਸਭਿਆਚਾਰਕ ਪਹਿਲੂ ਤੋਂ ਅਸੀਂ ਸਭ ਤੋਂ ਪਹਿਲਾਂ ਬੋਲੀ ਦੇ ਆਧਾਰ ਉੱਤੇ ਬਣੇ ਪੰਜਾਬੀ ਸੂਬੇ ਦੀ ਪੰਜਾਬੀ ਬੋਲੀ ਦੀ ਸਥਿਤੀ ਨੂੰ ਵੇਖਦੇ ਹਾਂ। ਸਾਡੀ ਇਹ ਤਰਾਸਦੀ ਹੈ ਕਿ ਮੌਜੂਦਾ ਪੰਜਾਬ ਦੇ ਗਠਨ ਤੋਂ ਪਹਿਲਾਂ ਅਤੇ ਬਾਅਦ ਵਿਚ ਅੱਜ ਤੱਕ ਪੰਜਾਬੀ ਭਾਸ਼ਾ ਨੂੰ ਸਭਿਆਚਾਰਕ ਨੁਕਤੇ ਤੋਂ ਸੋਚਣ ਸਮਝਣ ਦੀ ਥਾਂ ਇਸ ਨੂੰ ਰਾਜਨੀਤਕ ਅਤੇ ਧਾਰਮਕ ਕੱਟੜਤਾ ਦੀ ਸੰਕੀਰਨ ਦ੍ਰਿਸ਼ਟੀ ਤੋਂ ਦੇਖਿਆ ਜਾ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਇਕ ਭੂਗੋਲਕ ਖਿਤੇ ਦੀ ਭਾਈਚਾਰਕ ਸਾਂਝ ਦੀ ਕੜੀ ਸਵੀਕਾਰ ਕਰਨ ਦੀ ਥਾਂ ਇਸ ਨੂੰ ਵਖਰੇਵੇਂ ਲਈ ਸੌੜੀ ਰਾਜਨੀਤੀ ਦੇ ਹਿੱਤਾਂ ਦੀ ਪੂਰਤੀ ਲਈ ਵਰਤਿਆ ਜਾ ਰਿਹਾ ਹੈ। ਮੁਗਲਾਂ ਦੇ ਸਮੇਂ ਤੋਂ ਲੈ ਕੇ ਹੁਣ ਤੀਕ ਪੰਜਾਬ ਦੀ ਰਾਜ-ਸੱਤਾ ਇਥੋਂ ਦੀ ਮਾਂ-ਬੋਲੀ ਪੰਜਾਬੀ ਦੀ ਬਲੀ ਲੈਂਦੀ ਆ ਰਹੀ ਹੈ। ਇਹ ਲੋਕ ਆਪਣੀ ਮਾਂ-ਬੋਲੀ ਨੂੰ ਸਿਆਸਤ ਦੇ ਨਾਂ ਉਤੇ ਨਿਲਾਮ ਕਰਦੇ ਆ ਰਹੇ ਹਨ ਅਤੇ ਕੁਝ ਤਜਾਰਤੀ ਲੋਕ ਆਪਣੀ ਮਾਂ-ਬੋਲੀ ਨੂੰ ਘੱਟ ਕਮਾਊ ਗਰਦਾਨਕੇ ਹੋਰ ਬੋਲੀਆਂ ਨੂੰ ਅਪਣਾਉਂਦੇ ਆ ਰਹੇ ਹਨ। ਇਹ ਸਿਆਸਤ ਅਤੇ ਅਰਥਚਾਰਾ ਹੀ ਸਾਡੀ ਸਭਿਆਚਾਰਕ ਗੁਲਾਮੀ ਦਾ ਬੀਜ ਹੈ। ਪੰਜਾਬ ਦੇ ਲੋਕਾਂ ਦੀ ਸਭਿਆਚਾਰਕ ਗੁਲਾਮੀ ਦਾ ਹੈਰਾਨ ਕਰਨ ਵਾਲਾ ਵਰਤਾਰਾ ਹੈ। ਲੋਕਾਂ ਨੂੰ ਸਭਿਆਚਾਰਕ ਤੌਰ 'ਤੇ ਗੁਲਾਮ ਰੱਖ ਕੇ ਉਨ੍ਹਾਂ ਦੀ ਬੋਲੀ ਨੂੰ ਗੰਵਾਰ, ਘੱਟ-ਕਮਾਊ, ਕਮ-ਅਕਲੀ ਪ੍ਰਚਾਰਕੇ ਇਹ ਰਾਜਸੱਤਾ ਦੇ ਮਾਲਕ ਆਪਣਾ ਉੱਲੂ ਸਿੱਧਾ ਕਰਦੇ ਆ ਰਹੇ ਹਨ।

ਮਹਾਰਾਜਾ ਰਣਜੀਤ ਸਿੰਘ ਇਕ ਸ਼ਕਤੀਸ਼ਾਲੀ ਪੰਜਾਬ ਰਾਜ ਦਾ ਮਾਲਕ ਆਪਣੀ ਰਾਜ ਸੱਤਾ ਲਈ ਮਾਂ-ਬੋਲੀ ਪੰਜਾਬੀ ਨੂੰ ਆਪਣੀ ਸਿਆਸਤ ਤੋਂ ਕੁਰਬਾਨ ਕਰਕੇ ਫਾਰਸੀ ਨੂੰ ਸਰਕਾਰੀ ਜ਼ਬਾਨ ਰਖਦਾ ਹੈ। ਕਮਾਲ ਦੀ ਗੁਲਾਮ ਜ਼ਹਿਨੀਅਤ ਇਹ ਕਿ ਅਸੀਂ ਉਸ ਵਲੋਂ ਰਾਜਨੀਤਕ ਲੋੜ ਲਈ ਕੀਤੀ ਗਈ ਪੰਜਾਬੀ ਬੋਲੀ ਦੀ ਬੇਕਦਰੀ ਨੂੰ ਅਖੌਤੀ ਧਰਮ-ਨਿਰਪੱਖਤਾ ਅਤੇ ਉਦਾਰਤਾ ਦੇ ਨਾਂ ਉੱਤੇ ਵਡਿਆਈ ਜਾ ਰਹੇ ਹਾਂ। ਰਾਜ ਸੱਤਾ ਪ੍ਰਾਪਤ ਸਟੇਟ ਉਤੇ ਕਾਬਜ



Sri Satguru Jagjit Singh Ji Elibrary NamdhariElibrary@gmail.com

ਰਾਜਨੀਤੀਵਾਨ ਤਾਂ ਇਹ ਵਡਿਆਈ ਕਰ ਹੀ ਰਹੇ ਹਨ ਪਰ ਤ੍ਰਾਸਦੀ ਇਹ ਹੈ ਕਿ ਸਿੱਖ ਰਾਜ ਦੇ ਨਾਂ ਉੱਤੇ ਪੰਜਾਬੀਆਂ ਦੀ ਆਮ ਲੋਕਾਈ ਵੀ ਇਸ ਭੁਲੇਖੇ ਦਾ ਸ਼ਿਕਾਰ ਹੈ।

ਅੰਗਰੇਜ਼ਾਂ ਨੇ ਤਾਂ ਪੰਜਾਬੀ ਭਾਸ਼ਾ ਨੂੰ ਮਾਨਤਾ ਦੇਣੀ ਹੀ ਕੀ ਸੀ ਹਾਲਾਂਕਿ ਉਨ੍ਹਾਂ ਨੇ ਆਪਣੀ ਰਾਜਸੱਤਾ ਦੀ ਮਜ਼ਬੂਤੀ ਅਤੇ ਵਪਾਰਕ ਵਿਵਹਾਰ ਲਈ ਆਪਣੇ ਅਫਸਰਾਂ ਨੂੰ ਪੰਜਾਬੀ, ਉਰਦੂ ਸਿਖਣ ਦੇ ਆਦੇਸ਼ ਦਿੱਤੇ। ਆਜ਼ਾਦੀ ਤੋਂ ਬਾਅਦ ਵੀ ਪੰਜਾਬ ਦੀ ਰਾਜਨੀਤੀ ਇਥੋਂ ਦੀ ਮਾਂ-ਬੋਲੀ ਪੰਜਾਬੀ ਨੂੰ ਹਰ ਹੀਲੇ ਛੁਟਿਆਉਣ ਲਈ ਯਤਨਸ਼ੀਲ ਹੈ। ਅਸੀਂ ਸਮਝਦੇ ਹਾਂ ਕਿ ਕੁਝ ਕੁ ਸੰਕੀਰਨ ਸੋਚ ਵਾਲੇ ਸੁਆਰਥੀ ਹਿੱਤਾਂ ਦੇ ਮਾਲਕ ਪ੍ਰਚਾਰਕਾਂ ਵਲੋਂ ਉਕਸਾਹਟ ਭਰਿਆ ਮਾਹੌਲ ਪੈਦਾ ਕਰਣ ਦੀ ਜਾਣ ਬੁੱਝ ਕੇ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਵੋਟ ਬੈਂਕ ਦੀ ਵੰਡ ਵਧ ਤੋਂ ਵੱਧ ਹੋ ਜਾਵੇ। ਇਹੀ ਕਾਰਨ ਹੈ ਕਿ 1951, 1961, 1971, 1981, 1991 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਦੀ ਇਕ ਵੱਡੀ ਵਸੋਂ ਨੇ ਆਪਣੀ ਮਾਂ-ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ। ਇਸ ਦਾ ਭਾਵ ਇਹ ਨਹੀਂ ਕਿ ਉਹ ਲੋਕ ਹਿੰਦੀ-ਭਾਸ਼ੀ ਹਨ। ਸੱਚ ਤਾਂ ਇਹ ਹੈ ਕਿ ਉਹ ਲੋਕ ਵਧੇਰੇ ਪੰਜਾਬੀ-ਭਾਸ਼ੀ ਹਨ ਪਰ ਇਥੋਂ ਦੇ ਭਰਿਸ਼ਟ ਫਿਰਕੂ ਰਾਜਨੀਤੀਵਾਨਾਂ ਨੇ ਕੇਂਦਰ ਦੇ ਇਸ਼ਾਰੇ ਉਤੇ ਮਜ਼ਬੂਤ ਹਿੰਦੂ-ਰਾਸ਼ਟਰ ਦੇ ਨਾਂ ਉੱਤੇ ਪੰਜਾਬ ਦੀ ਸਭਿਆਚਾਰਕ ਇਕਾਈ ਨੂੰ ਹਿੰਦੂ-ਹਿੰਦੀ, ਸਿੱਖ-ਪੰਜਾਬੀ ਦੇ ਭਾਸ਼ਾਈ ਵਖਰੇਵੇਂ ਨਾਲ ਤਹਿਸ-ਨਹਿਸ਼ ਕਰ ਦਿੱਤਾ। ਇਸ ਗੱਲ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੰਜਾਬ ਇਕ-ਭਾਸ਼ੀ ਸੂਬਾ ਹੈ। ਭਾਰਤੀ ਸੰਵਿਧਾਨ ਅਨੁਸਾਰ ਇਸ ਦੀ ਭੂਗੋਲਕ ਹੱਦਬੰਦੀ ਪੰਜਾਬੀ ਭਾਸ਼ਾ ਆਧਾਰਤ ਸੂਬੇ ਵਜੋਂ ਹੋ ਚੁੱਕੀ ਹੈ। ਪਰ ਹੁਣ ਵੀ ਇਕ ਪਾਸੇ ਕੇਂਦਰ ਦੀਆਂ ਹੁਕਮਰਾਨ ਪਾਰਟੀਆਂ ਹਾਲਾਂ ਤੀਕ ਪੰਜਾਬ ਦੀ ਇਸ ਸਥਿਤੀ ਨੂੰ ਸਵੀਕਾਰ ਕਰਨ ਨੂੰ ਮਾਨਸਿਕ ਤੌਰ 'ਤੇ ਤਿਆਰ ਨਹੀਂ। ਹਾਲੇ ਵੀ ਇਹ ਪਾਰਟੀਆਂ ਆਪਣੇ ਸੌੜੇ ਰਾਜਨੀਤਕ ਹਿੱਤਾਂ ਲਈ 'ਮਹਾਂ ਪੰਜਾਬ' ਭਾਵ ਦੋ-ਭਾਸ਼ੀ ਪੰਜਾਬ ਦੇ ਰਾਜਨੀਤਕ ਮੰਤਵ ਨਾਲ ਬੱਝੀਆਂ ਹੋਈਆਂ ਹਨ। ਦੂਜੇ ਪਾਸੇ ਫਿਰਕਾਪ੍ਰਸਤ ਤਾਕਤਾਂ ਪੰਜਾਬ ਅੰਦਰ ਪੰਜਾਬੀ ਬੋਲੀ ਪ੍ਰਤੀ ਫਿਰਕੂ ਹਵਾ ਫੈਲਾਅ ਰਹੀਆਂ ਹਨ। ਪੰਜਾਬੀ ਨੂੰ ਕੇਵਲ ਸਿੱਖਾਂ ਦੀ ਬੋਲੀ ਕਹਿਕੇ ਲੋਕਾਂ ਅੰਦਰ ਹਿੰਦੂ-ਸਿੱਖ ਦਾ ਸਵਾਲ ਖੜ੍ਹਾ ਕਰਕੇ ਹਿੰਦੂਆਂ ਦੀ ਅਖੌਤੀ ਰਾਖੀ ਲਈ ਹਿੰਦੀ ਪ੍ਰੀਸ਼ਦਾਂ, ਸੰਮਤੀਆਂ, ਸਭਾਵਾਂ ਆਦਿ ਦਾ ਗਠਨ ਕਰਕੇ ਪੰਜਾਬ ਨੂੰ ਦੋ-ਭਾਸ਼ੀ ਸੂਬਾ ਕਰਾਰ ਦਵਾਉਣ ਲਈ ਯਤਨਸ਼ੀਲ ਹਨ। ਅਸੀਂ ਵੀਰ ਸਾਰਵਰਕ ਦੇ ਦੋ ਕੌਮਾਂ ਦੇ ਸਿਧਾਂਤ ਦਾ ਖਮਿਆਜਾ ਪਹਿਲਾਂ ਹੀ 1947 ਵਿਚ ਭੁਗਤ ਚੁੱਕੇ ਹਾਂ। ਅਜਿਹੀ ਜ਼ਹਿਰਲੀ ਅੱਗ ਨੂੰ ਹੋਰ ਹਵਾ ਦੇਣਾ ਇਕ ਖ਼ਤਰਨਾਕ ਰੁਝਾਨ ਹੈ। ਸਾਡਾ ਇਹ ਮੁੱਢ ਤੋਂ ਦੁਖਾਂਤ ਰਿਹਾ ਹੈ ਕਿ ਅਸੀਂ ਸਿਖ-ਚੇਤਨਾ, ਹਿੰਦੂ-ਚੇਤਨਾ, ਮੁਸਲਿਮ ਚੇਤਨਾ ਵਲ ਵਧੇਰੇ ਰੁਚਿਤ ਹੁੰਦੇ ਆ ਰਹੇ ਹਾਂ ਪਰ 'ਪੰਜਾਬੀ ਚੇਤਨਾ' ਨਾਂ ਦੀ ਉਕਤੀ ਨੂੰ ਅਸੀਂ ਸਵੀਕਾਰ ਨਹੀਂ ਕੀਤਾ।

ਪੰਜਾਬੀ ਭਾਸ਼ਾ ਨੂੰ ਖੇਤਰੀ ਭਾਸ਼ਾ ਦੇ ਨਾਂ ਉਤੇ 'ਖੇਤਰੀਵਾਦ' ਦਾ ਇਕ ਨਵਾਂ ਹਊਆ ਖੜ੍ਹਾ ਕਰਕੇ ਇਸ ਨੂੰ ਦਬਾਉਣ ਦੀ ਰਾਜਨੀਤਕ ਮਨਸ਼ਾ ਨੇ ਪੰਜਾਬੀ ਭਾਸ਼ਾ ਦੇ ਸਭਿਆਚਾਰਕ ਵਰਤਾਰੇ ਨੂੰ ਹੋਰ ਵੀ ਸੰਕਟ ਵਿਚ ਪਾ ਦਿੱਤਾ ਹੈ। ਪ੍ਰਸਾਰ ਸਾਧਨਾਂ ਰਾਹੀਂ ਪੰਜਾਬੀ ਭਾਸ਼ਾ ਦੀ ਚੇਤਨਾ ਨੂੰ 'ਭਾਸ਼ਾਈ ਸ਼ਾਵਨਵਾਦ' ਕਹਿਕੇ ਪ੍ਰਚਾਰਿਆ, ਪ੍ਰਸਾਰਿਆ ਜਾ ਰਿਹਾ ਹੈ। ਇਸ ਚੇਤਨਾ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਦੇ ਰੂਪ ਵਿਚ ਇਕ ਨਾਹਰੇ ਦੇ ਤੌਰ 'ਤੇ ਨਕਾਰਿਆ ਜਾ ਰਿਹਾ ਹੈ ਜਿਵੇਂ ਖੇਤਰੀ ਭਾਸ਼ਾ ਦੀ ਉਨਤੀ ਜਾਂ ਇਸ ਦੀ ਸਭਿਆਚਾਰਕ ਪਹਿਚਾਣ ਸਚਮੁੱਚ ਹੀ ਦੇਸ਼ ਦੀ ਏਕਤਾ ਨੂੰ ਕੋਈ ਖਤਰਾ ਪੈਦਾ ਕਰ ਦੇਵੇਗੀ। ਪਾਕਿਸਤਾਨੀ ਪੰਜਾਬ ਵਿਚ ਇਸਲਾਮੀ ਨੁਕਤਾ ਨਿਗਾਹ ਤੋਂ ਪੰਜਾਬੀ ਬੋਲੀ ਦੀ ਪਹਿਚਾਣ ਨੂੰ ਖਤਮ ਕਰਨ ਦੇ ਯਤਨ ਹੋ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਮੁਕਾਬਲੇ ਉਤੇ ਭਾਰਤੀ ਪੰਜਾਬ ਵਿਚ ਭਾਰਤੀ ਮਹਾਂ-ਸੰਘ (ਹਿੰਦੂ-ਰਾਸ਼ਟਰ) ਦੇ ਨੁਕਤਾ ਨਿਗਾਹ ਤੋਂ ਪੰਜਾਬੀ ਭਾਸ਼ਾ ਨੂੰ ਵਿਗਾੜਨ, ਇਸਦੀ ਸਭਿਆਚਾਰਕ ਪਹਿਚਾਣ ਨੂੰ ਖਤਮ ਕਰਨ ਦੇ ਪੂਰੇ ਯਤਨ ਹੋ ਰਹੇ ਹਨ। ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ ਦੀ ਮਾਰ ਹੇਠ ਆ ਰਹੀ ਪੰਜਾਬੀ ਭਾਸ਼ਾ ਦੀ ਆਪਣੀ ਹੋਂਦ ਨੂੰ ਵੱਡਾ ਖਤਰਾ ਹੈ। ਪੰਜਾਬੀ ਭਾਸ਼ਾ ਨੂੰ ਹਿੰਦੀ ਭਾਸ਼ਾ ਦੀ ਉਪ-ਭਾਸ਼ਾ ਵਜੋਂ ਮੰਨਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਵਿਦਿਅਕ ਅਤੇ ਭਾਸ਼ਾਈ ਵਿਕਾਸ ਦੇ ਅਦਾਰਿਆਂ ਦੇ ਵਿਦਵਾਨ ਇਸ ਯਤਨ ਵਿਚ ਕਾਫੀ ਸਮੇਂ ਤੋਂ ਸਰਗਰਮ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਉਪ-ਕੁਲਪਤੀ ਭਾਈ ਜੋਧ ਸਿੰਘ ਹੁਰਾਂ ਪੰਜਾਬੀ ਸ਼ਬਦ-ਜੋੜਾਂ ਦਾ ਹਿੰਦੀਕਰਨ ਕਰਨ ਦੀ ਪੂਰੀ ਕੋਸ਼ਿਸ ਕੀਤੀ। ਜਦੋਂ ਕੁਝ ਚੇਤੰਨ ਲੋਕ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਆਵਾਜ਼ ਉਠਾਉਂਦੇ ਹਨ ਤਾਂ ਇਹ ਅਦਾਰੇ ਖੇਤਰੀਵਾਦ ਦੇ ਹਊਏ ਦੇ ਨਾਂ ਉਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਡੌਰੂ ਨੁਮਾ ਸ਼ੋਰ ਵਿਚ ਉਸ ਆਵਾਜ਼ ਨੂੰ ਦਬਾਅ ਦੇਣ ਦੇ ਯਤਨ ਕਰਦੇ ਹਨ।

ਇਹ ਸੋਚ ਬਿਲਕੁਲ ਹੀ ਗਲਤ ਹੈ ਕਿ ਪੰਜਾਬੀ ਭਾਸ਼ਾ ਭਾਵ ਖੇਤਰੀ ਭਾਸ਼ਾ ਦੀ ਉਨਤੀ ਨਾਲ ਖੇਤਰੀਵਾਦ ਜਨਮ ਲੈਂਦਾ ਹੈ ਸਗੋਂ ਗੱਲ ਇਸਦੇ ਉਲਟ ਹੈ। ਖੇਤਰੀ ਭਾਸ਼ਾ ਨੂੰ ਦਬਾਉਣ ਨਾਲ ਸੰਕਿਆਂ ਵਸ ਖੇਤਰੀਵਾਦ ਉਭਰਦਾ ਹੈ। ਕੇਂਦਰ ਦੀ ਰਾਜਨੀਤਕ ਲੀਡਰਸ਼ਿਪ ਸੂਬਾਈ ਭਾਸ਼ਾਵਾਂ ਬਾਰੇ ਆਪਣੀ ਨੀਤੀ ਖੇਤਰੀ ਸਭਿਆਚਾਰ ਦੇ ਉਭਾਰ ਨੂੰ ਦਬਾਉਣ ਹਿੱਤ ਇਕ-ਭਾਸ਼ੀ ਸੱਤਾ ਦੇ ਸਿਧਾਂਤ ਨੂੰ ਮੁੱਖ ਰੱਖਕੇ ਬਣਾਉਂਦੀ ਹੈ। ਏਹੀ ਕਾਰਨ ਹੈ ਕਿ ਨਵੀਂ ਵਿਦਿਅਕ ਨੀਤੀ ਜੋ ਸਮੁੱਚੇ ਭਾਰਤ ਵਿਚ ਕੇਂਦਰੀ ਸਰਕਾਰ ਵਲੋਂ ਲਾਗੂ ਕੀਤੀ ਗਈ ਹੈ ਵਿਚ ਮਾਂ-ਬੋਲੀ ਦੇ ਵਿਕਾਸ ਲਈ ਕੋਈ ਯੋਜਨਾ ਨਹੀਂ ਹੈ ਕਿਉਂਕਿ ਖੇਤਰੀ ਭਾਸ਼ਾ ਨੂੰ ਨਕਾਰਨ ਦਾ ਸਿਧਾਂਤ ਇਹੀ ਮੰਗ ਕਰਦਾ ਹੈ। ਭਾਸ਼ਾਵਾਂ ਦੀ ਸਿਖਿਆ ਸੰਬੰਧੀ ਇਸ ਨੀਤੀ ਵਿਚ ਹਿੰਦੀ ਬੈਲਟ ਅਤੇ ਨਾਨ-ਹਿੰਦੀ ਬੈਲਟ ਦੇ ਨੁਕਤੇ ਤੋਂ ਸੋਚਿਆ ਗਿਆ ਹੈ। ਇਸ ਨੀਤੀ ਅਨੁਸਾਰ ਭਾਵੇਂ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹੋਰ ਭਾਸ਼ਾਵਾਂ ਨੂੰ ਵੀ ਧੱਕਾ ਲਗਿਆ ਹੈ ਪਰ ਪੰਜਾਬੀ ਭਾਸ਼ਾ ਨੂੰ ਵਧੇਰੇ ਨੁਕਸਾਨ ਹੋਇਆ ਹੈ ਕਿਉਂਕਿ ਇਹ ਹਿੰਦੀ ਬੈਲਟ ਦੀ ਭਾਸ਼ਾ ਦੀ ਨੀਤੀ ਦੀ ਮਾਰ ਹੇਠ ਆ ਗਈ ਹੈ। ਹਿਮਾਚਲੀ, ਹਰਿਆਣਵੀ, ਰਾਜਸਥਾਨੀ, ਕਸ਼ਮੀਰ, ਡੋਗਰੀ, ਪਹਾੜੀ ਆਦਿ ਭਾਸ਼ਾਵਾਂ ਤਾਂ ਹਿੰਦੀ ਬੈਲਟ ਵਿਚ ਆਪਣੀ ਪਹਿਚਾਣ ਗਵਾ ਹੀ ਚੁੱਕੀਆਂ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਕੋਈ ਲਿਪੀ ਨਹੀਂ ਪਰ ਪੰਜਾਬੀ ਜੱਦੋ-ਜਹਿਦ ਕਰ ਰਹੀ ਹੈ ਕਿਉਂਕਿ ਇਸ ਪਾਸ ਆਪਣੀ ਲਿਪੀ ਗੁਰਮਖੀ ਹੈ। ਪੰਜਾਬੀ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣਾ ਇਸ ਲਈ ਵੀ ਜਰੂਰੀ ਹੈ ਕਿਉਂਕਿ ਪੰਜਾਬੀ ਭਾਸ਼ਾਈ ਅਤੇ ਸਭਿਆਚਾਰਕ ਸੂਬੇ ਦੀ ਬਰਕਰਾਰੀ ਵੀ ਇਸ ਨਾਲ ਜੁੜੀ ਹੋਈ ਹੈ। ਭਾਵੇਂ ਕਹਿਣ ਨੂੰ ਤਾਂ ਪੰਜਾਬ ਪੰਜਾਬੀ ਭਾਸ਼ਾ ਉਤੇ ਆਧਾਰਤ ਸੂਬਾ ਹੈ ਅਤੇ ਪੰਜਾਬੀ ਇਸਦੇ ਵਾਸੀਆਂ ਦੀ ਭਾਸ਼ਾ ਹੈ. ਅਤੇ ਇਹ ਸੰਵਿਧਾਨਕ ਤੌਰ 'ਤੇ ਮੰਨਿਆ ਵੀ ਜਾ ਚੁੱਕਾ ਹੈ। ਪੰਜਾਬ ਭਾਸ਼ਾ ਐਕਟ 2008 ਵੀ ਕਾਇਮ ਹੈ ਪਰ ਹਾਲਾਂ ਵੀ ਇਸ ਸੂਬੇ ਦੇ ਵਿਮਚਣ ਲਈ 'ਮਹਾਂ ਪੰਜਾਬ' ਦੀ ਸੋਚ ਰੱਖਣ ਵਾਲਿਆਂ, ਇਥੋਂ ਦੇ ਮਕਾਰ ਰਾਜਨੀਤੀਵਾਨਾਂ ਅਤੇ ਕੇਂਦਰ ਦੇ ਇਸ਼ਾਰੇ ਉੱਤੇ ਕੰਮ ਕਰਨ ਵਾਲੀ ਤਾਨਾਸ਼ਾਹ ਅਫਸਰਸ਼ਾਹੀ ਵਲੋਂ ਆਪਣੇ ਕੋਝੇ ਯਤਨ ਨਿਰੰਤਰ ਜਾਰੀ ਹਨ।

ਇਨ੍ਹਾਂ ਯਤਨਾਂ ਦੀਆਂ ਕਈ ਉਦਾਹਰਨਾਂ ਸਾਡੇ ਅੱਗੇ ਹਨ। ਨਵੀਂ ਵਿਦਿਅਕ ਨੀਤੀ ਦੇ ਨਾਂ ਉੱਤੇ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਉਤੇ ਵਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਲੋਂ ਹਮੇਸ਼ਾਂ ਇਹ ਯਤਨ ਹੁੰਦੇ ਹਨ ਕਿ ਪੰਜਾਬੀ ਭਾਸ਼ਾ ਨੂੰ ਇਸਦੇ ਦਾਰਸ਼ਨਿਕ, ਸਭਿਆਚਾਰਕ, ਇਤਿਹਾਸਕ ਅਤੇ ਸਮਾਜਕ ਕੜੀ ਦੇ ਪਹਿਲੂ ਨੂੰ ਨਜ਼ਰਅੰਦਾਜ਼ ਕਰਕੇ ਇਸਦੇ



Sri Satguru Jagjit Singh Ji Elibrary NamdhariElibrary@gmail.com

ਸੰਚਾਰ-ਯੋਗਤਾ ਪਹਿਲੂ ਨੂੰ ਅੱਗੇ ਕੀਤਾ ਜਾਏ। ਜਦਕਿ ਅਸੀਂ ਸਾਰੇ ਜਾਣਦੇ ਹਾਂ ਕਿ ਸੰਚਾਰ-ਨਿਪੁੰਨਤਾ ਦਾ ਮਸਲਾ ਸਿਰਫ ਵਿਦੇਸ਼ੀ ਅਤੇ ਅਣਜਾਣ ਭਾਸ਼ਾ ਨਾਲ ਸੰਬੰਧਤ ਹੁੰਦਾ ਹੈ। ਪੰਜਾਬ ਦੇ ਲੋਕਾਂ ਦੀ ਮਾਂ-ਭਾਸ਼ਾ ਨਾਲ ਇਸਦਾ ਕੋਈ ਸੰਬੰਧ ਨਹੀਂ। ਸਪਸ਼ਟ ਹੈ ਕਿ ਇਹ ਯੂਨੀਵਰਸਿਟੀਆਂ ਪੂਰੀ ਕੋਸ਼ਿਸ਼ ਵਿਚ ਹਨ ਕਿ ਇਹ ਮਾਨਸਿਕਤਾ ਬਣਾਈ ਜਾਏ ਕਿ ਪੰਜਾਬ ਵਿਚ ਬਹੁ-ਗਿਣਤੀ ਲੋਕ ਉਹ ਵਸਦੇ ਹਨ ਜਿਨ੍ਹਾਂ ਨੂੰ ਪੰਜਾਬੀ ਇਕ ਸੰਚਾਰ ਕਰਨਾ ਨਹੀਂ ਆਉਂਦਾ ਅਤੇ ਉਹ ਪੰਜਾਬੀ ਨਹੀਂ ਜਾਣਦੇ। ਉਨ੍ਹਾਂ ਨੂੰ ਪੰਜਾਬੀ ਭਾਸ਼ਾ ਵਿਚ ਅਜਨਬੀ ਤੇ ਹੋਰ ਭਾਸ਼ਾ ਦੀ ਤਰ੍ਹਾਂ ਸਿਖਾਉਣੀ ਜ਼ਰੂਰੀ ਹੈ। ਇਹ ਸਿਰੇ ਦੀ ਸਾਜਿਸ਼ ਹੈ। ਦੁਨੀਆ ਦਾ ਕੋਈ ਵੀ ਭਾਸ਼ਾ ਵਿਗਿਆਨੀ ਇਹ ਨਹੀਂ ਮੰਨ ਸਕਦਾ ਕਿ ਕਿਸੇ ਖਿਤੇ ਦੇ ਲੋਕਾਂ ਦੀ ਮਾਂ-ਭਾਸ਼ਾ ਉਨ੍ਹਾ ਲੋਕਾਂ ਲਈ ਕੋਈ ਸੰਚਾਰ-ਨਿਪੁੰਨਤਾ ਮਸਲਾ ਬਣ ਸਕਦੀ ਹੈ। ਪੰਜਾਬੀ ਭਾਸ਼ਾ ਕਿਉਂਕਿ ਪੰਜਾਬੀਆਂ ਦੀ 'ਮਾਂ-ਭਾਸ਼ਾ' ਹੈ ਇਸ ਲਈ ਪੰਜਾਬੀਆਂ ਲਈ ਇਹ ਕੋਈ ਸੰਚਾਰ-ਨਿਪੁੰਨਤਾ ਦਾ ਮਸਲਾ ਨਹੀਂ। ਅੱਜ ਲੋੜ ਤਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਰਾਹੀਂ ਆਪਣੇ ਦਰਸ਼ਨ, ਅਰਥ, ਰਾਜਨੀਤੀ, ਸਮਾਜ ਅਤੇ ਸਭਿਆਚਾਰ ਨੂੰ ਸਮਝਣ, ਸੰਭਾਲਣ ਅਤੇ ਸਮਝਾਉਣ ਦੀ ਹੈ। ਅੱਜ ਯੂਨੀਵਰਸਿਟੀਆਂ ਦੇ ਮਹਾਂਪੰਡਤਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਵਾਲ 'ਮਾਂ ਮੈਨੂੰ ਰੋਟੀ ਦੇ ਦੇ' ਕਹਿਣ ਦਾ ਨਹੀਂ ਇਸ ਮੰਗ ਦਾ ਸੰਚਾਰ ਤਾਂ ਅਸੀਂ ਕਰ ਹੀ ਲਵਾਂਗੇ ਮਾਂ-ਭਾਸ਼ਾ ਵਿਚ ਵੀ ਅਤੇ 'O Mother give me bread' ਰੱਟਾ-ਨੁਮਾ ਅਵਰ ਭਾਸ਼ਾ ਵਿਚ ਵੀ। ਪਰ ਵੱਡਾ ਸਵਾਲ ਤਾਂ ਮਾਂ ਦੀ ਰੋਟੀ ਦੇਣ ਦੀ ਸਮਰਥਾ, ਵਿਵਸਥਾ ਅਤੇ ਰੋਟੀ ਦਾ ਜ਼ਿੰਦਗੀ ਨਾਲ ਜੁੜੇ ਹੋਣ ਦੇ ਦਾਰਸ਼ਨਿਕ, ਸਮਾਜਕ ਅਤੇ ਸਭਿਆਚਾਰਕ ਪਹਿਲੂ ਨੂੰ ਸਮਝਣ ਦਾ ਹੈ। ਇਹ ਪਹਿਲੂ ਸਾਡਾ ਦਾਅਵਾ ਹੈ 'ਮਾਂ-ਬੋਲੀ' ਵਿਚ ਹੀ ਸਮਝਾਇਆ ਜਾ ਸਕਦਾ ਹੈ ਕਿਸੇ ਰੱਟਾ ਚਾੜ੍ਹੀ ਵਿਦੇਸ਼ੀ ਭਾਸ਼ਾ ਵਿਚ ਨਹੀਂ। ਬੱਚੇ ਦੀ ਮਾਨਸਿਕਤਾ ਦਾ ਵਿਕਾਸ 'ਟਵਿੰਕਲ-ਟਵਿੰਕਲ ਲਿਟਲ ਸਟਾਰ' ਨਾਲ ਨਹੀਂ ਹੋਣਾ ਸਗੋਂ 'ਰੱਬਾ ਰੱਬਾ ਮੀਂਹ ਵਸਾ ਸਾਡੀ ਕੋਠੀ ਦਾਣੇ ਪਾ' ਨਾਲ ਹੀ ਹੋਣਾ ਹੈ। ਇਸ ਲਈ ਜ਼ਰੂਰੀ ਹੈ ਕਿ ਸਾਡੀ ਵਿਦਿਅਕ ਨੀਤੀ ਬਣਾਉਣ ਸਮੇਂ 'ਮਾਂ-ਭਾਸ਼ਾ' ਦੇ ਮਹੱਤਵ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ। ਪਰ ਸਾਡੇ ਵਿਦਿਅਕ-ਮਹਾਂਰਥੀ, ਸਤਾਧਾਰੀ ਰਾਜਨੀਤੀਵਾਨ ਮਜ਼ਬੂਤ ਕੇਂਦਰ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਨਾਂ ਉੱਤੇ ਲੋਕ-ਭਾਸ਼ਾਵਾਂ, ਲੋਕ-ਸਭਿਆਚਾਰਾਂ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਕਰ ਰਹੇ ਹਨ। ਦਰਅਸਲ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਗਿਆਨ, ਸਿਆਣਪ ਨੂੰ ਕੁਲੀਨ ਵਰਗ ਲਈ ਪੇਟੈਂਟ ਕਰਨ ਦੇ ਰਾਹ ਤੁਰੀਆਂ ਹੋਈਆਂ ਹਨ।

ਉਤਰੀ ਸਭਿਆਚਾਰਕ ਕੇਂਦਰ ਦੇ ਨਾਂ ਉਤੇ ਪੰਜਾਬੀ ਸਭਿਆਚਾਰ ਦੀ ਪਹਿਚਾਣ ਨੂੰ ਖ਼ਤਮ ਕਰਨ ਦੇ ਅਤੇ ਵਿਗਾੜਨ ਦੇ ਯਤਨ ਹੋ ਰਹੇ ਹਨ। ਮਜ਼ਬੂਤ ਕੇਂਦਰ ਦੀਆਂ ਮੁਦਈ ਸ਼ਕਤੀਆਂ ਦੀ ਸੋਚ ਵਿਚ ਸਮੁੱਚੇ ਭਾਰਤ ਨੂੰ ਚਾਰ ਮਜ਼ਬੂਤ ਪ੍ਰਬੰਧਕੀ ਜੋਨਾਂ ਵਿਚ ਵੰਡ ਦੇਣ ਦੀ ਮਨਸ਼ਾ ਵੀ ਕੰਮ ਕਰਦੀ ਹੈ। ਇਸ ਬਾਰੇ ਕਈ ਵਾਰ ਆਵਾਜ਼ਾਂ ਉਠ ਚੁੱਕੀਆਂ ਹਨ। ਇਸੇ ਮਾਨਸਿਕਤਾ ਅਧੀਨ ਹੀ ਸਮੁੱਚੇ ਭਾਰਤ ਨੂੰ ਪੰਜ ਸਭਿਆਚਾਰਕ ਕੇਂਦਰਾਂ ਵਿਚ ਵੰਡਿਆ ਗਿਆ ਹੈ। 'ਉਤਰੀ ਸਭਿਆਚਾਰਕ ਕੇਂਦਰ' ਉਨ੍ਹਾਂ ਵਿਚੋਂ ਇਕ ਹੈ। ਇਸ ਸਕੀਮ ਨਾਲ ਵੀ 'ਲੋਕ-ਸਭਿਆਚਾਰ' ਨੂੰ 'ਰਾਜ ਸਭਿਆਚਾਰ' ਅਧੀਨ ਕਰਨ ਦੀ ਮਾਨਸਿਕਤਾ ਹੀ ਕੰਮ ਕਰਦੀ ਹੈ। 'ਉਤਰੀ ਸਭਿਆਚਾਰਕ ਕੇਂਦਰ' ਲੋਕ ਸਭਿਆਚਾਰ ਕੇਂਦਰ ਨਾਂ ਹੋ ਕੇ 'ਸਭਿਅਤਾ ਕੇਂਦਰ' ਵਜੋਂ ਹੀ ਕੰਮ ਕਰਦਾ ਹੈ। ਸਭਿਅਤਾ ਅਤੇ ਸਭਿਆਚਾਰ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ। ਸਭਿਅਤਾ ਰਾਜ ਦੇ ਆਸਰੇ ਫੈਲਾਈ, ਪ੍ਰਸਾਰੀ ਅਤੇ ਸੰਭਾਲੀ ਜਾਂਦੀ ਹੈ। ਸਭਿਆਚਾਰ ਲੋਕ-ਮੁਹਾਰੀਂ ਉਗਮਦਾ, ਵਿਗਸਦਾ ਅਤੇ ਪਸਰਦਾ ਹੈ। ਪੰਜਾਬੀ ਬੋਲੀ ਦੀ ਸਭਿਆਚਾਰਕ ਪਹਿਚਾਣ ਦੇ ਮਸਲੇ ਦੇ ਸੰਬੰਧ



Sri Satguru Jagjit Singh Ji Elibrary NamdhariElibrary@gmail.com

ਵਿਚ ਜੇ ਅਸੀਂ ਕਹੀਏ ਇਕ-ਭਾਸ਼ੀ ਨਿਰੰਕੁਸਤਾ ਸਭਿਅਤਾ ਹੈ ਅਤੇ ਮਾਂ-ਭਾਸ਼ਾਵਾਂ ਦੀ ਬਹੁ-ਬਚਨਤਾ ਸਭਿਆਚਾਰ ਤਾਂ ਕੋਈ ਅਤਿ-ਕਥਨੀ ਨਹੀਂ। ਸਾਨੂੰ ਇਸ ਗੱਲ ਵਿਚ ਕੋਈ ਇਤਰਾਜ਼ ਨਹੀਂ ਕਿ ਵੱਖ-ਵੱਖ ਖੇਤਰਾਂ, ਸੂਬਿਆਂ ਦੇ ਸਭਿਆਚਾਰਾਂ, ਭਾਸ਼ਾਵਾਂ ਦੀ ਸਾਂਝ ਜਾਂ ਜਾਣਕਾਰੀ ਵਧਾਈ ਜਾਵੇ। ਇਹ ਅਦਾਨ-ਪ੍ਰਦਾਨ, ਬਹੁ-ਪੱਖੀ ਗਿਆਨ ਸਭਿਆਚਾਰਾਂ ਦੇ ਵਿਗਸਣ ਵਿਚ ਸਹਾਈ ਹੁੰਦਾ ਹੈ ਪਰ ਇਨ੍ਹਾਂ ਸਭਿਆਚਾਰਾਂ, ਮਾਂ-ਭਾਸ਼ਾਵਾਂ ਦੀ ਪਹਿਚਾਣ ਨੂੰ ਰਾਜ ਸਭਿਅਤਾ ਦੀ ਨਿਰੰਕੁਸ਼ਤਾ ਅਧੀਨ ਬੇਪਛਾਣ ਅਤੇ ਖਤਮ ਕਰਨ ਦੀ ਮਾਨਸਿਕਤਾ ਦਾ ਅਸੀਂ ਵਿਰੋਧ ਕਰਦੇ ਹਾਂ।

ਹਰ ਖਿਤੇ ਦੀ ਆਪਣੀ ਸਭਿਆਚਾਰਕ ਪਹਿਚਾਣ ਅਤੇ ਮਹੱਤਤਾ ਹੁੰਦੀ ਹੈ। ਉਹ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ, ਪ੍ਰਭਾਵ ਕਬੂਲਦੇ ਹਨ, ਪ੍ਰਭਾਵਤ ਕਰਦੇ ਹਨ ਪਰ ਕਦੇ ਮਿੱਸੇ ਨਹੀਂ ਹੁੰਦੇ। ਮਿੱਸੀ ਸਭਿਅਤਾ ਹੁੰਦੀ ਹੈ ਜੋ ਰਾਜ ਆਪਣੀ ਨਿਰੰਕੁਸ ਸ਼ਕਤੀ ਦੇ ਆਸਰੇ ਕਰਦਾ ਹੈ। ਸਾਡੇ ਸਭਿਆਚਾਰ ਵਿਚ ਬੇਰਤਾ (illegitimate) ਸ਼ਬਦ ਦੇ ਅਰਥ ਨੂੰ ਕੌਣ ਨਹੀਂ ਜਾਣਦਾ। ਪੰਜਾਬੀ ਸਭਿਆਚਾਰ ਵਿਚ ਕੋਈ ਕਿਸੇ ਨੂੰ ਬੇਰੜਾ ਕਹਿ ਨਹੀਂ ਸਕਦਾ। ਇਕ ਕਿਸਮ ਦੀ ਗਾਲ ਮੰਨੀ ਜਾਂਦੀ ਹੈ। ਉੱਤਰੀ ਸਭਿਆਚਾਰ ਕੇਂਦਰ ਬੇਰਤਾ ਸਭਿਆਚਾਰ ਪੈਦਾ ਕਰ ਰਿਹਾ ਹੈ ਜੋ ਬਾਅਦ ਵਿਚ ਮਿਸੀ ਸਭਿਅਤਾ ਵਿਚ ਰੁਪਾਂਤਰਤ ਹੋ ਜਾਵੇਗਾ।

ਗੁਰਮੁਖੀ ਲਿੱਪੀ ਦਾ ਮਸਲਾ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦੇ ਆਧਾਰਾਂ ਨੂੰ ਖਤਮ ਕਰਨ ਲਈ ਇਸ ਦੀ ਲਿੱਪੀ ਗੁਰਮੁਖੀ ਉੱਤੇ ਵੀ ਇਕ ਯੋਜਨਾਬੱਧ ਤਰੀਕੇ ਨਾਲ ਵਾਰ ਕੀਤਾ ਜਾ ਰਿਹਾ ਹੈ। ਪਹਿਲਾਂ ਤਾਂ ਹਿੰਦੋਸਤਾਨ, ਪਾਕਿਸਤਾਨ ਦੀ ਵੰਡ ਨੇ ਪੰਜਾਬੀ ਭਾਸ਼ਾ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਇਆ। ਜਿਸ ਕਾਰਨ ਪੱਛਮੀ ਪੰਜਾਬ ਦੀਆਂ ਬਹੁਤ ਸਾਰੀਆਂ ਉਪ-ਭਾਸ਼ਾਵਾਂ ਪੰਜਾਬੀ ਦੀ ਮੁੱਖ-ਧਾਰਾ ਤੋਂ ਵੱਖ ਕਰ ਦਿੱਤੀਆਂ ਗਈਆਂ। ਪੱਛਮੀ ਪੰਜਾਬ ਵਿਚ ਇਸਲਾਮੀ ਨੁਕਤਾ ਨਿਗਾਹ ਤੋਂ ਪੰਜਾਬੀ ਭਾਸ਼ਾ ਨੂੰ ਰਾਜਨੀਤਕ ਤੌਰ 'ਤੇ ਖਤਮ ਹੀ ਕਰ ਦਿੱਤਾ। ਪੂਰਬੀ ਪੰਜਾਬ ਵਿਚ ਹਿੰਦੂਤਵ ਦੇ ਨਾਂ ਉੱਤੇ ਪੰਜਾਬੀ ਲੋਕ-ਬੋਲੀ ਦੇ ਆਧਾਰਾਂ ਨੂੰ ਖੋਰਾ ਲਾਉਣਾ ਸ਼ੁਰੂ ਕੀਤਾ। ਪੰਜਾਬੀ ਤੋਂ ਇਸਦੀਆਂ ਉਪ-ਭਾਸ਼ਾਵਾਂ ਡੋਗਰੀ, ਮੋਜਰੀ, ਪਹਾੜੀ ਨੂੰ ਇਕ ਯੋਜਨਾ ਅਧੀਨ ਦੂਰ ਕੀਤਾ ਗਿਆ। ਹੌਲੀ ਹੌਲੀ ਪੰਜਾਬੀ ਨੂੰ ਹਿੰਦੀ ਦੀ ਉਪ-ਭਾਸ਼ਾ ਬਣਾਉਣ ਦੇ ਯਤਨ ਆਰੰਭ ਕੀਤੇ। ਇਸ ਕਾਰਜ ਲਈ ਗੁਰਮੁਖੀ ਲਿੱਪੀ ਨੂੰ ਨਿਸ਼ਾਨਾ ਬਣਾਇਆ ਗਿਆ। ਪੰਜਾਬੀ ਨੂੰ ਦੇਵਨਾਗਰੀ ਵਿਚ ਲਿਖਣ ਦੀ ਆਗਿਆ ਦੇਣ ਦਾ ਮਸਲਾ ਪੰਜਾਬ ਦੀਆਂ ਯੂਨੀਵਰਸਿਟੀਆਂ, ਖਾਸ ਕਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕ ਆਈ.ਏ.ਐਸ. ਉਪ-ਕੁਲਪਤੀ ਸ. ਸਵਰਨ ਸਿੰਘ ਬੋਪਾਰਾਏ ਵਲੋਂ ਉਠਾਇਆ ਗਿਆ। 25 ਮਾਰਚ 1992 ਦੇ ਜਲੰਧਰੋਂ ਛਪਦੇ ਅਖਬਾਰ ਜੱਗਬਾਣੀ ਵਿਚ 'ਪੰਜਾਬੀ ਭਾਸ਼ਾ ਅਤੇ ਗਿਆਨੀ ਜੀ ਦੇ ਸੁਝਾਅ' ਲੇਖ ਵਿਚ ਸ੍ਰੀ ਯਸ਼ ਮੈਂਬਰ ਪਾਰਲੀਮੈਂਟ ਨੇ ਗਿਆਨੀ ਜ਼ੈਲ ਸਿੰਘ ਜੀ ਦੇ ਵਿਚਾਰਾਂ ਦਾ ਹਵਾਲਾ ਦਿੰਦਿਆਂ ਲਿਖਿਆ:

ੳ) ਪੰਜਾਬੀ ਨੂੰ ਗੁਰਮੁਖੀ ਤੋਂ ਇਲਾਵਾ ਦੇਵਨਾਗਰੀ ਵਿਚ ਲਿਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

ਅ) ਪੰਜਾਬੀਆਂ ਦੇ ਇਕ ਤੱਪਕੇ ਵਲੋਂ ਪੰਜਾਬੀ ਦਾ ਵਿਰੋਧ ਨਹੀਂ, ਵਿਰੋਧ ਗੁਰਮੁਖੀ ਲਿੱਪੀ ਦਾ ਹੈ।



Sri Satguru Jagjit Singh Ji Elibrary NamdhariElibrary@gmail.com

ੲ) ਜੇ ਪਾਕਿਸਤਾਨ ਵਿਚ ਪੰਜਾਬੀ ਲਈ ਫਾਰਸੀ ਲਿਪੀ ਹੈ ਫੇਰ ਭਾਰਤ ਵਿਚ ਪੰਜਾਬੀ ਲਈ ਦੇਵਨਾਗਰੀ ਲਿਪੀ ਕਿਉਂ ਨਹੀਂ?

ਸ) ਗੁਰਮੁਖੀ ਲਿਪੀ ਕੇਵਲ ਸਿੱਖ ਧਰਮ ਨਾਲ ਜੁੜੀ ਹੋਈ ਹੈ। ਸਿੱਖ ਧਰਮ ਦੇ ਸਾਰੇ ਗ੍ਰੰਥ ਗੁਰਮੁਖੀ ਵਿਚ ਹਨ। ਹਿੰਦੂਆਂ ਦੇ ਧਰਮ ਗ੍ਰੰਥ ਦੇਵਨਾਗਰੀ ਵਿਚ ਹਨ। ਇਸ ਫਰਕ ਨੂੰ ਮਿਟਾਉਣ ਲਈ ਪੰਜਾਬੀ ਨੂੰ ਦੇਵਨਾਗਰੀ ਵਿਚ ਲਿਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਅਖੀਰ ਆਪਣਾ ਰਾਜਨੀਤਕ ਏਜੰਡਾ ਸਪਸ਼ਟ ਕਰਦਿਆਂ ਸ੍ਰੀ ਯਸ ਨੇ ਲਿਖਿਆ ਕਿ ਭਾਰਤੀ ਰਾਸ਼ਟਰ ਦੀ ਭਾਵਨਾਤਮਕ ਏਕਤਾ ਲਈ ਜਰੂਰੀ ਹੈ ਕਿ ਭਾਸ਼ਾ ਆਧਾਰਤ ਸੂਬੇ ਖਤਮ ਕਰ ਦਿੱਤੇ ਜਾਣ।

ਉਪਰੋਕਤ ਸ੍ਰੀ ਯਸ ਜੀ ਦਾ ਸਾਰਾ ਏਜੰਡਾ ਕੀ ਹੈ? ਬੜੀ ਮਿੱਠੀ ਚਲਾਕੀ ਨਾਲ ਪੰਜਾਬੀ ਦੇ ਵਿਰੋਧ ਨੂੰ ਗੁਰਮੁਖੀ ਲਿਪੀ ਦੇ ਵਿਰੋਧ ਦੇ ਨਾਂ ਉੱਤੇ ਹੋਰ ਤਿਖਾ ਕਰਨਾ। ਦਰਅਸਲ ਜਦੋਂ ਪਾਕਿਸਤਾਨ ਵਿਚ ਫ਼ਖਰ ਜ਼ਮਾਨ ਜਾਂ ਡਾ. ਸ਼ਾਹਿਬਾਜ਼ ਮਲਕ ਪੰਜਾਬੀ ਲਈ ਫਾਰਸੀ ਲਿੱਪੀ ਦੀ ਵਕਾਲਤ ਕਰਦੇ ਹਨ ਤਾਂ ਉਹ ਪਾਕਿਸਤਾਨੀ ਇਸਲਾਮਿਕ ਨੁਕਤਾ ਨਿਗਾਹ ਤੋਂ ਕਰਦੇ ਹਨ। ਇਧਰ ਭਾਰਤੀ ਪੰਜਾਬ ਵਿਚ ਜਦੋਂ ਸ੍ਰੀ ਯਸ ਜਾਂ ਮਹਾਸ਼ਾ ਗਰੁੱਪ ਦੇ ਹੋਰ ਬੁਲਾਰੇ ਪੰਜਾਬੀ ਲਈ ਦੇਵਨਾਗਰੀ ਅਤੇ ਸੰਸਕ੍ਰਿਤ ਦੀ ਵਕਾਲਤ ਕਰਦੇ ਹਨ ਤਾਂ ਭਾਰਤੀ ਹਿੰਦੂ ਨੁਕਤਾ ਨਿਗਾਹ ਤੋਂ ਕਰਦੇ ਹਨ। ਇਹ ਦੋਵੇਂ ਧਿਰਾਂ ਪੰਜਾਬੀ ਨੁਕਤਾ ਨਿਗਾਹ ਨੂੰ ਵਿਚੋਂ ਖਾਰਜ ਕਰ ਦੇਣਾ ਚਾਹੁੰਦੇ ਹਨ।

ਕਿਸੇ ਭਾਸ਼ਾ ਦੇ ਪਹਿਚਾਣ ਦੀ ਸਮੱਸਿਆ ਦਾ ਇਹ ਇਕ ਅਹਿਮ ਪਹਿਲੂ ਹੈ ਕਿ ਕੀ ਉਸਦੀ ਆਪਣੀ ਕੋਈ ਸੁਤੰਤਰ ਮੂਰਤ-ਸ਼ੈਲੀ ਭਾਵ ਲਿਪੀ ਹੈ! ਜਿਨ੍ਹਾਂ ਲੋਕ-ਭਾਸ਼ਾਵਾਂ ਦੀਆਂ ਆਪਣੀਆਂ ਲਿਪੀਆਂ ਨਹੀਂ ਉਹ ਅੱਜ ਵੀ ਮਰੀਆਂ ਤੇ ਕਲ੍ਹ ਵੀ। ਪਹਾੜੀ, ਹਰਿਆਣਵੀ, ਰਾਜਸਥਾਨੀ, ਭੋਜਪੁਰੀ, ਡੋਗਰੀ, ਮੁਲਤਾਨੀ, ਕਾਂਗੜੀ, ਹਿਮਾਚਲੀ, ਬਹਾਵਲਪੁਰੀ, ਸਿੰਧੀ, ਬਿਹਾਰੀ, ਗੜ੍ਹਵਾਲੀ ਵਖੋਂ ਵੱਖਰੀਆਂ ਲੋਕ-ਭਾਸ਼ਾਵਾਂ ਹਨ ਪਰ ਇਨ੍ਹਾਂ ਦੀ ਆਪਣੀ ਕੋਈ ਲਿਪੀ ਨਾ ਹੋਣ ਕਾਰਨ ਇਨ੍ਹਾਂ ਦੀ ਕੋਈ ਸੁਤੰਤਰ ਪਹਿਚਾਣ ਨਹੀਂ। ਪੰਜਾਬੀ ਦੀ ਸੁਤੰਤਰ ਸਭਿਆਚਾਰਕ ਪਹਿਚਾਣ ਲਈ ਜ਼ਰੂਰੀ ਹੈ ਕਿ ਇਸ ਦੀ ਸੁਤੰਤਰ ਗੁਰਮੁਖੀ ਲਿਪੀ ਦੀ ਪਹਿਚਾਣ ਲਈ ਅਸੀਂ ਚੇਤੰਨ ਹੋਈਏ।

ਅੱਜ ਵਿਸ਼ਵੀਕਰਨ ਅਤੇ ਸੰਸਾਰ ਮੰਡੀ ਦੇ ਉਤਪਾਦਕੀ ਵਿਕਾਸ ਮਾਡਲ ਨੇ ਵੀ ਇਤਿਹਾਸ, ਦਰਸ਼ਨ, ਸਮਾਜ, ਕਿਰਤ ਅਤੇ ਸ਼ਬਦ ਉੱਤੇ ਵੱਡਾ ਹਮਲਾ ਬੋਲਿਆ ਹੋਇਆ ਹੈ। ਪੂੰਜੀ ਵਿਕਾਸ ਦੇ ਮੁਦਈ ਚਿੰਤਕਾਂ ਨੇ ਇਤਿਹਾਸ, ਦਰਸ਼ਨ, ਸਮਾਜ ਅਤੇ ਸ਼ਬਦ ਨੂੰ ਮਰਿਆ ਘੋਸ਼ਤ ਕਰ ਦਿੱਤਾ ਹੈ। ਉਹ ਇਨ੍ਹਾਂ ਸੰਕਲਪਾਂ ਨੂੰ ਉਤਪਾਦਕੀ ਵਿਕਾਸ ਲਈ ਅਪ੍ਰਸੰਗਕ ਦਸਕੇ ਲੋਕ-ਸਭਿਆਚਾਰਾਂ ਨੂੰ ਮਾਰਨ ਲਈ ਯੋਜਨਾਵਾਂ ਤਿਆਰ ਕਰ ਰਹੇ ਹਨ। ਸਭ ਤੋਂ ਪਹਿਲਾਂ ਵਾਰ ਉਨ੍ਹਾਂ ਨੇ ਲੋਕ-ਭਾਸ਼ਾਵਾਂ ਉੱਤੇ ਕੀਤਾ ਹੋਇਆ ਹੈ। ਉਹ ਸ਼ਬਦ ਨੂੰ ਚਿੰਨ੍ਹ ਵਿਚ ਤਬਦੀਲ ਕਰਨ ਦੇ ਤਕਨੀਕੀ ਯੰਤਰ ਤਿਆਰ ਕਰ ਰਹੇ ਹਨ। ਸਾਨੂੰ ਇਸ ਸਥਿਤੀ ਬਾਰੇ ਵੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

*ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ:
ਹਰਗੋਬਿੰਦਰਪੁਰਾ ਬਸਤੀ, ਕਾਲਜ ਰੋਡ, ਸੰਗਰੂਰ
ਮੋਬਾਇਲ : 98767-83736



Sri Satguru Jagjit Singh Ji Elibrary NamdhariElibrary@gmail.com

# ਆਪੇ ਫਾਥੜੀਏ ਤੈਨੂੰ ਕੌਣ ਛਡਾਏ

## (ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਦੇ ਪ੍ਰਸੰਗ ਵਿਚ)

*ਡਾ: ਕਰਨੈਲ ਸਿੰਘ ਥਿੰਦ

ਹੁਣ ਜਦ ਕਿ ਪੰਜਾਬ ਐਸੰਬਲੀ ਪੰਜਾਬੀ ਭਾਸ਼ਾ ਐਕਟ ਉਪਰ ਮੁਹਰ ਲਾ ਚੁੱਕੀ ਹੈ ਅਤੇ ਜੋ ਪੰਜਾਬ ਦੀ ਅਜੋਕੀ ਸਰਕਾਰ ਵਿਸ਼ੇਸ਼ ਕਰਕੇ ਭਾਸ਼ਾ ਤੇ ਸਿੱਖਿਆ ਮੰਤਰੀ ਇਸ ਨੂੰ ਸੰਜੀਦਗੀ ਨਾਲ ਲਾਗੂ ਕਰਨ ਵਿਚ ਯਤਨਸ਼ੀਲ ਹੈ, ਪੰਜਾਬੀ ਭਾਸ਼ਾ ਨਾਲ ਜੁੜੀਆਂ ਸਮੱਸਿਆਵਾਂ ਤੇ ਇਸ ਦੇ ਪਿਛੋਕੜ ਬਾਰੇ ਇਕ ਪੰਛੀ-ਝਾਤ ਬੇਲੋੜੀ ਨਹੀਂ ਹੋਵੇਗੀ।

ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਬਹੁਤ ਕੁਝ ਲਿੱਖਿਆ ਜਾ ਚੁੱਕਾ ਹੈ। ਇਸ ਨੂੰ ਦਰਪੇਸ਼ ਔਕੜਾਂ ਸੰਬੰਧੀ ਵੀ ਕਾਫੀ ਚਰਚਾ ਹੋਈ ਹੈ। ਪੰਜਾਬੀ ਵਿਦਵਾਨਾਂ ਅਤੇ ਹਿਤੈਸ਼ੀਆਂ ਨੇ ਆਪਣੀ ਮਾਤ-ਭਾਸ਼ਾ ਸੰਬੰਧੀ ਜਾਗਰੂਪਤਾ ਪੈਦਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਕੁਝ ਸਮਾਂ ਪਹਿਲਾਂ ਪੰਜਾਬੀ ਟ੍ਰਿਬਿਊਨ ਦੁਆਰਾ "ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ" ਦਾ ਜਾਇਜ਼ਾ ਲੈਣ ਲਈ ਚਰਚਾ ਦੀ ਲੜੀ ਸ਼ੁਰੂ ਕੀਤੀ ਗਈ ਸੀ, ਜਿਸ ਵਿਚ ਕੁਝ ਚੋਣਵੇਂ ਲੇਖਕਾਂ ਨੇ ਆਪਣੇ ਵਿਚਾਰਾਂ ਰਾਹੀਂ ਯੋਗਦਾਨ ਪਾਇਆ ਸੀ। ਅਖਬਾਰਾਂ ਤੇ ਰਸਾਲਿਆਂ ਵਿਚ ਅੱਜ ਵੀ ਇਹ ਸਿਲਸਿਲਾ ਜਾਰੀ ਹੈ। ਨਿਰਸੰਦੇਹ ਪੰਜਾਬੀ ਪ੍ਰੈੱਸ ਅਤੇ ਪੱਤਰਕਾਰਾਂ ਨੇ ਇਸ ਸੰਬੰਧੀ ਵੇਰਵੇ ਸਹਿਤ ਲਿੱਖਿਆ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੀਆਂ ਲੇਖਕ ਸਭਾਵਾਂ, ਪੰਜਾਬੀ ਅਕਾਦਮੀਆਂ ਅਤੇ ਪੰਜਾਬੀ ਸੱਥਾਂ ਨੇ ਪੰਜਾਬੀ ਨੂੰ ਪੰਜਾਬ ਵਿਚ ਯੋਗ ਸਥਾਨ ਦਿੱਤਾ ਜਾਣ ਲਈ ਧਰਨਿਆਂ ਤੇ ਮੁਜ਼ਾਹਰਿਆਂ ਤੋਂ ਲੈ ਕੇ ਸੈਮੀਨਾਰਾਂ, ਗੋਸ਼ਟੀਆਂ ਅਤੇ ਕਾਨਫਰੰਸਾਂ ਰਾਹੀਂ ਪੂਰੀ ਕੋਸ਼ਿਸ ਕੀਤੀ ਹੈ। "ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ" (ਪ੍ਰੋ: ਪ੍ਰੀਤਮ ਸਿੰਘ) ਅਤੇ "ਆਓ ਪੰਜਾਬੀ ਨੂੰ ਕਤਲ ਕਰੀਏ" (ਨਜ਼ੀਰ ਕਹੂਦ) ਵਰਗੀਆਂ ਪੁਸਤਕਾਂ ਵੀ ਹੋਂਦ ਵਿਚ ਆਈਆਂ। ਇਸ ਪਿਛੋਕੜ ਤੋਂ ਇੰਝ ਲੱਗਦਾ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਹੱਕ ਵਿਚ ਪੰਜਾਬੀ ਲਹਿਰ ਨੇ ਜਨਮ ਲੈ ਲਿਆ ਹੈ। ਪਰ ਪੰਜਾਬੀ ਭਾਸ਼ਾ ਦੀ ਸਥਿਤੀ ਦਾ ਪੂਰੀ ਤਰ੍ਹਾਂ ਜਾਇਜ਼ਾ ਲੈਂਦਿਆਂ ਇਸ ਸਿੱਟੇ ਉਪਰ ਪੁਜੀਦਾ ਹੈ ਕਿ ਫਿਲਹਾਲ ਤਾਂ ਗੋਹਲੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਬਹੁਤ ਕੁਝ ਕਰਨ ਵਾਲਾ ਹੈ।

ਕੁਝ ਇਕ ਸੁਹਿਰਦ ਵਿਅਕਤੀਆਂ ਨੂੰ ਛੱਡਕੇ ਸਿਆਸਤਦਾਨਾਂ ਅਤੇ ਰਾਜਨੀਤੀ ਦੇ ਖੇਤਰ ਦੇ ਪਹਿਲਵਾਨਾਂ ਨੇ ਪੰਜਾਬ, ਪੰਜਾਬੀ (ਭਾਸ਼ਾ), ਪੰਜਾਬੀਅਤ ਅਤੇ ਪੰਜਾਬੀ ਵਿਰਸੇ ਦੀ ਸੰਭਾਲ ਨੂੰ ਸਿਆਸਤ ਦਾ ਅਖਾੜਾ ਬਣਾਇਆ ਹੋਇਆ ਹੈ। ਵਾਸਤਵ ਵਿਚ ਹੁਣ ਤੱਕ ਸਰਕਾਰ ਦੀ ਨਾ ਤਾਂ ਨਿਗੱਰ ਭਾਸ਼ਾ ਨੀਤੀ ਰਹੀ ਹੈ ਨਾ ਹੀ ਠੋਸ ਸਿਖਿਆ ਨੀਤੀ ਅਤੇ ਨਾ ਹੀ ਸਭਿਆਚਾਰ ਨੀਤੀ। ਕੇਵਲ ਰਾਜਨੀਤੀ ਦੀ ਪ੍ਰਧਾਨਤਾ ਹੈ, ਜਾਂ ਵੋਟ ਦੀ ਨੀਤੀ ਦਾ ਬੋਲਬਾਲਾ ਹੈ। ਇਸ ਦੀ ਢੁੱਕਵੀਂ ਮਿਸਾਲ ਇਹ ਹੈ ਕਿ ਪੰਜਾਬ ਸਰਕਾਰ ਨੇ ਅੰਗਰੇਜ਼ੀ ਦੀ ਪੜ੍ਹਾਈ ਪਹਿਲੀ ਕਲਾਸ ਤੋਂ ਸ਼ੁਰੂ ਕੀਤੀ ਹੋਈ ਹੈ। ਜਦਕਿ ਸਿੱਖਿਆ ਸ਼ਾਸ਼ਤਰੀਆਂ, ਭਾਸ਼ਾ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਅਨੁਸਾਰ ਸਿੱਖਿਆ ਦੇਣ ਦਾ ਸੁਨਹਿਰੀ ਅਸੂਲ ਇਹ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਉਸਦੀ ਮਾਂ-ਬੋਲੀ ਵਿਚ ਹੋਣੀ ਚਾਹੀਦੀ ਹੈ। ਅੰਗਰੇਜ਼ਾਂ ਨੂੰ ਭਾਰਤ ਛੱਡਿਆਂ ਛੇ



Sri Satguru Jagjit Singh Ji Elibrary NamdhariElibrary@gmail.com

ਦਹਾਕਿਆਂ ਤੋਂ ਉਪਰ ਸਮਾਂ ਬੀਤ ਚੁੱਕਾ ਹੈ ਪਰ ਸਾਡੀ ਮਾਨਸਿਕਤਾ ਅੱਜ ਵੀ ਇੰਗਲਿਸ਼ ਨਾਲ ਇਸ ਤਰ੍ਹਾਂ ਜੁੜੀ ਹੋਈ ਹੈ ਕਿ ਅੰਗਰੇਜ਼ੀ ਬਗੈਰ ਸਾਡਾ ਗੁਜ਼ਾਰਾ ਨਹੀਂ। ਸ਼ਹਿਰਾਂ ਵਿਚ ਚਲ ਰਹੇ ਮਾਡਲ, ਮਾਡਰਨ, ਪਬਲਿਕ ਸਕੂਲ ਤਾਂ ਇਕ ਪਾਸੇ, ਪਿੰਡਾਂ ਵਿਚ ਅੰਗਰੇਜ਼ੀ ਮਾਧਿਅਮ ਸਕੂਲਾਂ ਦੀਆਂ ਦੁਕਾਨਾਂ ਖੁਲ੍ਹ ਗਈਆਂ ਹਨ। ਕੋਰੇ ਅਨਪੜ੍ਹ ਮਾਪੇ ਵੀ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਉਨ੍ਹਾਂ ਨੂੰ ਇਨ੍ਹਾਂ ਸਕੂਲਾਂ ਵਿਚ ਪੜ੍ਹਾ ਕੇ ਖੁਸ਼ ਹਨ। ਕਈ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਤਾਂ ਇਕ ਪਾਸੇ ਜਿਹੜਾ ਬੱਚਾ ਪੰਜਾਬੀ ਵਿਚ ਗੱਲ ਕਰਦਾ ਹੈ, ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਅਜਿਹਾ ਇਸ ਲਈ ਵਾਪਰਦਾ ਦੱਸਿਆ ਜਾਂਦਾ ਹੈ ਕਿਉਂਜੋ ਉਚੇਰੀ ਸਿੱਖਿਆ, ਕਿੱਤਾ ਕੋਰਸਾਂ ਅਤੇ ਮੁਕਾਬਲੇ ਦੇ ਇਮਤਿਹਾਨਾਂ ਵਿਚ ਮਾਧਿਅਮ ਅੰਗਰੇਜ਼ੀ ਹੈ। ਤਿੰਨ ਭਾਸ਼ਾਈ ਫਾਰਮੂਲਾ ਜੇ ਸੰਜੀਦਗੀ ਨਾਲ ਲਾਗੂ ਕਰ ਦਿੱਤਾ ਜਾਂਦਾ ਤਾਂ ਇਸ ਮਾਮਲੇ ਦਾ ਹੱਲ ਸਹਿਜੇ ਹੀ ਨਿਕਲ ਆਉਣਾ ਸੀ।

ਭਾਰਤ ਸਰਕਾਰ ਦੀ ਮਾਧਿਅਮ ਪਰਿਵਰਤਨ ਸਕੀਮ ਅਧੀਨ ਮਾਇਕ ਸਹਾਇਤਾ ਪ੍ਰਾਪਤ ਕਰਕੇ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੀ ਸਥਾਪਨਾ ਕੀਤੀ ਸੀ। ਕਈ ਕਾਰਨਾਂ ਕਰਕੇ ਇਹ ਬੋਰਡ ਆਪਣੇ ਉਦੇਸ਼ ਵਿਚ ਸਫਲ ਨਹੀਂ ਹੋ ਸਕਿਆ। ਸਾਰੇ ਅਧਿਕਾਰੀ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਟੈਕਸਟ ਬੁੱਕ ਬੋਰਡ ਦਾ ਚਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਸੌਂਪ ਦਿੱਤਾ ਗਿਆ ਹੈ। ਬੋਰਡ ਦੁਆਰਾ ਛਾਪੀਆਂ ਗਈਆਂ ਕੁਝ ਪੁਸਤਕਾਂ ਸਿਉਂਕ ਦੀ ਭੇਟ ਚੜ੍ਹ ਗਈਆਂ ਹਨ।

ਹਕੀਕਤ ਵਿਚ ਕੋਈ ਵੀ ਪੰਜਾਬੀ-ਹਿਤੈਸ਼ੀ ਅੰਗਰੇਜ਼ੀ ਦੀ ਪੜ੍ਹਾਈ ਦੇ ਉਲਟ ਨਹੀਂ ਹੈ ਪਰ ਵੇਖਣਾ ਇਹ ਹੈ ਕਿ ਉਹ ਬੱਚੇ ਜਿਨ੍ਹਾਂ ਦੀ ਮਾਂ-ਬੋਲੀ ਪੰਜਾਬੀ ਹੈ, ਉਨ੍ਹਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਦੀ ਪੜ੍ਹਾਈ ਕਿਸ ਸ਼੍ਰੇਣੀ ਤੋਂ ਸ਼ੁਰੂ ਕਰਾਈ ਜਾਏ। ਇਸੇ ਪ੍ਰਕਾਰ ਮੈਟ੍ਰਿਕ ਤਕ ਦੂਜੇ ਵਿਸ਼ਿਆਂ ਨੂੰ ਪੜ੍ਹਾਉਣ ਦਾ ਮਾਧਿਅਮ ਵੀ ਪੰਜਾਬੀ ਹੋਵੇ। ਉਚੇਰੀ ਸਿੱਖਿਆ ਲਈ ਕਾਲਜ ਜਾਂ ਯੂਨੀਵਰਸਿਟੀ ਦੀ ਪੱਧਰ 'ਤੇ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਮਾਧਿਅਮ ਦੀ ਚੋਣ ਕਰ ਸਕਦਾ ਹੈ। ਸਰਕਾਰਾਂ ਦੀ ਜ਼ਿੰਮੇਦਾਰੀ ਬਣਦੀ ਹੈ ਕਿ ਪੰਜਾਬ ਦੇ ਸਾਰੇ ਸਕੂਲਾਂ ਵਿਚ ਸਿੱਖਿਆ ਦੀ ਨੀਤੀ ਇਕਸਾਰ ਹੋਵੇ ਅਤੇ ਉਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਏ।

ਪੰਜਾਬੀ ਬਾਰੇ ਸਭ ਤੋਂ ਵੱਡੀ ਸਮੱਸਿਆ ਪੰਜਾਬੀ ਨੂੰ ਧਰਮ ਨਾਲ ਜੋੜਨ ਦੀ ਰਹੀ ਹੈ। ਸੁਤੰਤਰਤਾ ਤੋਂ ਪਿਛੋਂ ਜਦ ਭਾਰਤ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੇ ਪੁਨਰ-ਗਠਿਨ ਲਈ ਕਮਿਸ਼ਨ ਦੀ ਸਥਾਪਨਾ ਕੀਤੀ ਤਾਂ ਹੱਦਬੰਦੀ ਕਮਿਸ਼ਨ ਨੇ ਮਹਾਂ-ਪੰਜਾਬ ਦੀ ਸਿਫਾਰਿਸ਼ ਕੀਤੀ। ਸਿੱਖਾਂ ਵਲੋਂ ਇਸ ਦਾ ਵਿਰੋਧ ਕਰਕੇ ਨਿਰੋਲ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਕੀਤੀ, ਜੋ ਜਾਇਜ਼ ਵੀ ਸੀ। ਸੱਚਰ ਫਾਰਮੂਲਾ, ਰਿਜਨਲ ਫਾਰਮੂਲਾ ਅਤੇ ਫਿਰ ਰਾਜੀਵ-ਲੌਂਗੋਵਾਲ ਸੰਧੀ ਵੀ ਕੋਈ ਤਸੱਲੀ ਬਖਸ਼ ਹੱਲ ਪੇਸ਼ ਨਾ ਕਰ ਸਕੇ। ਚਾਹੀਦਾ ਤਾਂ ਇਹ ਸੀ ਕਿ ਮਹਾਂ ਪੰਜਾਬ ਵਿਚੋਂ ਹਿੰਦੀ ਬੋਲੀ ਦੇ ਕੁੱਝ ਇਲਾਕੇ ਦਿੱਲੀ ਜਾਂ ਯੂ.ਪੀ. ਨਾਲ ਮਿਲਾ ਕੇ ਬਾਕੀ ਸਾਰਾ ਖਿੱਤਾ ਪੰਜਾਬ ਰਾਜ ਰਹਿ ਜਾਂਦਾ। ਪਰੰਤੂ ਭਾਰਤ ਸਰਕਾਰ, ਜਿਸ ਵਿਚ ਗੁਲਜ਼ਾਰੀ ਲਾਲ ਨੰਦਾ ਦਾ ਅਹਿਮ ਰੋਲ ਸੀ, ਜਨ-ਸੰਖਿਆ ਵਿਚ ਦਰਸਾਈ ਗਈ ਬੋਲੀ ਨੂੰ ਆਧਾਰ ਬਣਾ ਕੇ ਪੰਜਾਬ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਹਰਿਆਣਾ ਪ੍ਰਾਂਤ, ਹਿਮਾਚਲ ਪ੍ਰਦੇਸ਼ ਅਤੇ ਅਜੋਕਾ ਪੰਜਾਬ (ਪੰਜਾਬੀ ਸੂਬਾ) ਦੀ ਸਥਾਪਨਾ ਕੀਤੀ ਗਈ। ਚੰਡੀਗੜ੍ਹ ਨੂੰ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾ ਕੇ ਕਈ ਨਵੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ। ਚਾਹੀਦਾ ਤਾਂ ਇਹ ਸੀ



Sri Satguru Jagjit Singh Ji Elibrary NamdhariElibrary@gmail.com

ਕਿ ਇਸ ਗ਼ਲਤ ਫੈਸਲੇ ਦਾ ਡੱਟ ਕੇ ਵਿਰੋਧ ਕੀਤਾ ਜਾਂਦਾ ਪਰ ਅਸਾਂ ਖੁਸ਼ੀ ਵਿਚ ਘਿਓ ਦੇ ਦੀਵੇ ਬਾਲੇ। ਹੁਣ ਸਥਿਤੀ ਇਹ ਹੈ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਕੇਂਦਰ ਦੇ ਅਧੀਨ ਹੈ ਅਤੇ ਹਰਿਆਣਾ ਤੇ ਹਿਮਾਚਲ ਇਸ ਉਪਰ ਹੱਕ ਜਤਾਉਂਦੇ ਹਨ। ਚੰਡੀਗੜ੍ਹ ਵਿਚੋਂ ਪੰਜਾਬੀ ਨੂੰ ਦੇਸ਼-ਨਿਕਾਲਾ ਮਿਲ ਚੁੱਕਾ ਹੈ। "ਆਪੇ ਫਾਰਥਤੀਏ ਤੈਨੂੰ ਕੌਣ ਛਡਾਇ" ਦੀ ਕਹਾਵਤ ਇਸ ਉਪਰ ਪੂਰੀ ਤਰ੍ਹਾਂ ਢੁੱਕਦੀ ਹੈ।

ਜੇ ਭਾਸ਼ਾ ਮਾਹਿਰਾਂ ਦੀ ਰਾਏ ਲਈ ਜਾਂਦੀ ਤਾਂ ਇਕ ਸਮੇਂ ਦਿੱਲੀ ਵਿਚ ਪੰਜਾਬੀਆਂ ਦੀ ਗਿਣਤੀ ਸੱਠ ਤੋਂ ਸੱਤਰ ਪ੍ਰਤੀਸ਼ਤ ਦੇ ਲਗਪਗ ਸੀ। ਹਰਿਆਣਾ ਅਤੇ ਹਿਮਾਚਲ ਦਾ ਕਾਫੀ ਹਿੱਸਾ ਅੱਜ ਵੀ ਪੰਜਾਬੀ ਬੋਲਣ ਵਾਲਿਆਂ ਦਾ ਹੈ। ਹੁਣ ਅਸੀਂ ਇਨ੍ਹਾਂ ਰਾਜਾਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਠੀਕ ਢੰਗ ਨਾਲ ਲਾਗੂ ਕਰਨ 'ਤੇ ਜ਼ੋਰ ਦੇ ਰਹੇ ਹਾਂ। ਦਿੱਲੀ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਤਾਂ ਪੰਜਾਬੀ ਨੂੰ ਆਪਣੇ ਆਪਣੇ ਰਾਜ ਵਿਚ ਦੂਜੀ ਭਾਸ਼ਾ ਦਾ ਦਰਜਾ ਦੇਣਾ ਮੰਨ ਲਿਆ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਦੇਣਾ ਬਾਕੀ ਹੈ। ਇਹ ਉਥੋਂ ਦੇ ਪੰਜਾਬੀਆਂ ਨੇ ਵੇਖਣਾ ਹੈ ਕਿ ਆਪਣੀ ਮਾਂ-ਬੋਲੀ ਨਾਲ ਕਿਥੋਂ ਤੱਕ ਪ੍ਰਤਿਬੱਧ ਹਨ। ਹਿਮਾਚਲ ਪ੍ਰਦੇਸ਼ ਵਿਚ ਕਾਂਗੜੀ ਤੇ ਕੁਝ ਇਕ ਹੋਰ ਪਹਾੜੀ ਬੋਲੀਆਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਜੋਂ ਜਾਣੀਆਂ ਜਾਂਦੀਆਂ ਰਹੀਆਂ ਹਨ, ਪ੍ਰੰਤੂ ਹੁਣ ਉਹ ਹਿੰਦੀ ਦੀਆਂ ਉਪ-ਬੋਲੀਆਂ ਬਣ ਗਈਆਂ ਹਨ। ਹਿਮਾਚਲ ਪ੍ਰਦੇਸ਼ ਵਿਚ ਪੰਜਾਬੀ ਦਾ ਕੋਈ ਸਥਾਨ ਨਹੀਂ ਹੈ।

ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਯੂਨੈਸਕੋ ਦੀ ਜਿਸ ਟਿਪਣੀ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ ਕਿ ਇਹ ਟਿੱਪਣੀ ਸਰਾਸਰ ਗਲਤ ਹੈ। ਟਿੱਪਣੀ ਦੇ ਵਿਰੋਧ ਵਿਚ ਕਿਹਾ ਜਾਂਦਾ ਹੈ ਕਿ "ਪੰਜਾਬੀ ਕਦੀ ਵੀ ਮਰ ਨਹੀਂ ਸਕਦੀ। ਤੇਰ੍ਹਾਂ ਚੌਦਾਂ ਕਰੋੜ ਪੰਜਾਬੀ ਬੋਲਣ ਵਾਲਿਆਂ ਦੀ ਜ਼ਬਾਨ ਕਿਵੇਂ ਲੋਪ ਹੋ ਸਕਦੀ ਹੈ?" ਗੁਰੂ ਨਾਨਕ, ਬਾਬਾ ਫਰੀਦ, ਵਾਰਿਸ਼ ਸ਼ਾਹ, ਸ਼ਾਹ ਹੁਸੈਨ ਦੀ ਜ਼ਬਾਨ ਕਿਵੇਂ ਖਤਮ ਹੋ ਸਕਦੀ ਹੈ? ਇਹ ਧਾਰਨਾਵਾਂ ਆਪਣੇ ਆਪ ਵਿਚ ਠੀਕ ਹਨ ਪਰ ਜਿਸ ਰਸਤੇ ਪੰਜਾਬੀ ਚਲ ਰਹੇ ਹਨ, ਉਸ ਰਾਹ 'ਤੇ ਖਤਰੇ ਹੀ ਖਤਰੇ ਹਨ। ਪੰਜਾਬੀ ਬੋਲਣ ਵਾਲਿਆਂ ਦੀ ਬਹੁਤ ਵੱਡੀ ਗਿਣਤੀ (ਨੌ ਦਸ ਕਰੋੜ) ਪਾਕਿਸਤਾਨ ਵਿਚ ਹੈ। ਉਥੇ ਪੰਜਾਬੀ ਦੀ ਹਾਲਤ ਬਹੁਤ ਹੀ ਤਰਸਯੋਗ ਹੈ। ਸਰਕਾਰੇ ਦਰਬਾਰੇ ਪੰਜਾਬੀ ਦੀ ਕੋਈ ਪੁੱਛ-ਗਿੱਛ ਨਹੀਂ। ਪੰਜਾਬ ਐਸੰਬਲੀ ਵਿਚ ਪੰਜਾਬੀ ਵਿਚ ਬੋਲਣ ਲਈ ਸਪੀਕਰ ਦੀ ਆਗਿਆ ਜ਼ਰੂਰੀ ਹੈ। ਸਿੱਖਿਆ ਦੇ ਖੇਤਰ ਵਿਚ ਪਹਿਲੀ ਜਮਾਤ ਤੋਂ ਦਸਵੀਂ ਤੱਕ ਪੰਜਾਬੀ ਮੂਲੋਂ ਹੀ ਪੜ੍ਹਾਈ ਨਹੀਂ ਜਾਂਦੀ। ਬੀ.ਏ. ਤੱਕ ਵਿਦਿਆਰਥੀ ਆਪਸ਼ਨਲ ਵਿਸ਼ੇ ਵਜੋਂ ਲੈ ਸਕਦੇ ਹਨ। ਕੁਝ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਐਮ.ਏ. ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ। ਪੜ੍ਹਿਆਂ ਲਿਖਿਆਂ ਪੰਜਾਬੀ ਵਿਦਵਾਨਾਂ ਵਿਚ ਜਾਂ ਸਰਕਾਰੀ ਤੇ ਗੈਰ ਸਰਕਾਰੀ ਕਾਲਜਾਂ ਵਿਚ ਕਿਸੇ ਪੰਜਾਬੀ ਪ੍ਰੇਮੀ ਨੂੰ ਕਿਸ ਪ੍ਰਕਾਰ ਮਾਨਸਿਕ ਕਸ਼ਟ ਵਿਚੋਂ ਗੁਜ਼ਰਨਾ ਪੈਂਦਾ ਹੈ, ਉਸ ਦੀ ਇਕ ਮਿਸਾਲ ਨਜ਼ੀਰ ਕਹੂਟ ਦੀ ਕਿਤਾਬ - "ਆਓ ਪੰਜਾਬੀ ਨੂੰ ਕਤਲ ਕਰੀਏ" ਵਿਚੋਂ ਹਾਜ਼ਰ ਹੈ:

> ਜਦ ਪਾਕਿਸਤਾਨ ਦੇ ਦੀਵਾਨੇ ਸਨਅਤ ਤੇ ਤਜ਼ਾਰਤ ਦੇ ਸਦਰ ਰਿਆਜ਼ ਟਾਟਾ ਨੇ ਕਿਹਾ ਕਿ "ਪੰਜਾਬੀ ਜਦੋਂ ਉਰਦੂ ਬੋਲਦਾ ਹੈ ਤਾਂ ਇੰਝ ਲਗਦਾ ਹੈ ਕਿ ਜਿਵੇਂ ਉਹ ਝੂਠ ਬੋਲਦਾ ਹੈ।... ਪੰਜਾਬੀਓ! ਰੱਬ ਦੇ ਵਾਸਤੇ ਉਰਦੂ ਬੋਲਣਾ ਛੱਡ ਦਿਓ ਤਾਂ ਜੋ ਸੱਚ ਬੋਲ ਸਕੋ।" ਉਰਦੂ ਪ੍ਰੈਸ ਕੱਟੜਪੰਥੀਆਂ ਤੇ ਮਜ਼ਬੀ ਜਨੂਨੀਆਂ ਦੁਆਰਾ ਟਾਟਾ ਵਿਰੁੱਧ ਇਸਲਾਮੀ ਜਹਾਦ ਦਾ ਇਕ ਤੂਫਾਨ ਉੱਠ ਖੜ੍ਹਾ ਹੋਇਆ। ਉਸ ਵਿਰੁੱਧ ਗ਼ਦਾਰੀ



Sri Satguru Jagjit Singh Ji Elibrary NamdhariElibrary@gmail.com

ਦਾ ਮੁਕੱਦਮਾ ਚਲਾਉਣ ਦੀ ਚਿਤਾਵਨੀ ਦਿੱਤੀ ਗਈ। ਆਖਿਰ ਉਸ ਨੂੰ ਮੁਆਫ਼ੀ ਮੰਗ ਕੇ ਖਹਿੜਾ ਛਡਾਉਣਾ ਪਿਆ।

ਡਾ. ਵਹੀਦ ਕੁਰੈਸ਼ੀ (ਸਾਬਕਾ ਡੀਨ ਤੇ ਪ੍ਰੋਫੈਸਰ) ਪਾਕਿਸਤਾਨੀ ਪੰਜਾਬੀ ਨੂੰ ਮੁਸਲਿਮ ਪੰਜਾਬੀ ਅਤੇ ਭਾਰਤੀ ਪੰਜਾਬੀ ਨੂੰ ਸਿੱਖ ਪੰਜਾਬੀ ਦਾ ਨਾਂ ਦੇਂਦੇ ਹਨ। ਡਾ. ਸਹਿਬਾਜ਼ ਮਲਿਕ (ਸਾਬਕਾ ਪ੍ਰੋਫੈਸਰ ਤੇ ਮੁਖੀ ਪੰਜਾਬੀ ਵਿਭਾਗ) ਭਵਿੱਖ ਬਾਣੀ ਕਰਦੇ ਹਨ ਕਿ ਸਿੱਖ ਪੰਜਾਬੀ ਜਲਦੀ ਹੀ ਖਤਮ ਹੋ ਜਾਏਗੀ।

ਭਾਰਤੀ ਪੰਜਾਬ ਵਿਚ ਵੀ ਪੰਜਾਬੀ ਦੀ ਹਾਲਤ ਬਹੁਤੀ ਤਸੱਲੀ-ਬਖਸ਼ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਪੰਜਾਬੀ ਮਾਨਸਿਕਤਾ ਨੂੰ ਪੰਜਾਬੀ ਬੋਲੀ ਨਾਲ ਕਿਵੇਂ ਜੋੜਿਆ ਜਾਏ? ਤਾਂ ਜੋ ਹਰ ਪੰਜਾਬੀ ਆਪਣੀ ਮਾਂ-ਬੋਲੀ 'ਤੇ ਫਖ਼ਰ ਕਰ ਸਕੇ। ਬੱਚੇ ਦੇ ਜੰਮਣ ਤੋਂ ਹੀ ਉਸ ਨੂੰ ਆਪਣੀ ਬੋਲੀ ਨਾਲ ਜੋੜਿਆ ਜਾਵੇ। ਉਸ ਨੂੰ ਅਹਿਸਾਸ ਕਰਾਇਆ ਜਾਏ ਕਿ ਬੋਲੀ ਵੀ ਮਾਂ ਦੀ ਨਿਆਈ ਹੈ। ਘਰ ਦੇ ਨੌਕਰਾਂ ਨਾਲ, ਗਲ ਕਰਦਿਆਂ ਵੀ ਆਪਨੀ ਬੋਲੀ ਨੂੰ ਵਰਤਿਆ ਜਾਏ। ਆਪਣੀ ਸਿਆਣਪ ਤੇ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਆਪਣੀ ਬੋਲੀ ਦਾ ਤਿਆਗ ਕਰ ਦੇਣਾ ਸ਼ੋਭਾ ਨਹੀਂ ਦੇਂਦਾ। ਬੋਲੀ ਸਾਡੇ ਸਭਿਆਚਾਰ, ਸਾਡੀ ਪਹਿਚਾਣ ਅਤੇ ਸਾਡੀ ਅਣਖ਼ ਦਾ ਅਹਿਮ ਅੰਗ ਹੈ। ਮਾਂ-ਬੋਲੀ ਦੇ ਮਹੱਤਵ ਤੋਂ ਜਾਣੂ ਹੋਣਾ ਜ਼ਰੂਰੀ ਹੈ। ਹਰ ਬੋਲੀ ਵਧੀਆ ਹੈ ਪਰ ਮਾਂ-ਬੋਲੀ ਦੀ ਥਾਂ ਹੋਰ ਕੋਈ ਭਾਸ਼ਾ ਨਹੀਂ ਲੈ ਸਕਦੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ 1947 ਤੋਂ ਪਿਛੋਂ ਪੰਜਾਬੀ ਨੇ ਕਾਫੀ ਉੱਨਤੀ ਕੀਤੀ ਹੈ ਪਰ ਸੰਸਾਰ ਦੀਆਂ ਭਾਸ਼ਾਵਾਂ ਤਾਂ ਇਕ ਪਾਸੇ ਫਿਲਹਾਲ ਪੰਜਾਬੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਬੰਗਲਾ, ਗੁਜਰਾਤੀ, ਮਰਾਠੀ, ਤੇਲਗੂ, ਕੰਨੜ, ਤਾਮਿਲ ਆਦਿ ਤੋਂ ਵੀ ਬਹੁਤ ਪਿੱਛੇ ਹੈ। ਪੰਜਾਬੀਆਂ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੈ ਕਿ ਮਾਂ-ਬੋਲੀ ਨਾਲ ਜੁੜੇ ਰਹਿਣਾ ਕਿਉਂ ਤੇ ਕਿੰਨਾ ਜ਼ਰੂਰੀ ਹੈ। ਮਾਤ ਭਾਸ਼ਾ ਕਿਸੇ ਵੀ ਸਭਿਆਚਾਰ ਦਾ ਧੁਰਾ ਹੁੰਦੀ ਹੈ। ਪੰਜਾਬੀ ਸਭਿਆਚਾਰ ਕੇਵਲ ਗਾਉਣ ਵਜਾਉਣ ਤੇ ਨੱਚਣ-ਟੱਪਣ ਤੱਕ ਹੀ ਸੀਮਤ ਨਹੀਂ। ਇਹ ਜੀਵਨ ਮੁੱਲਾਂ ਦਾ ਨਾਂ ਹੈ। ਇਸ ਰਾਹੀਂ ਸਾਡੀ ਸਖਸ਼ੀਅਤ, ਸਾਡਾ ਬੋਲਚਾਲ ਦਾ ਢੰਗ, ਸਾਡਾ ਵਰਤਾਰਾ, ਸਭ ਕੁਝ ਸ਼ਾਮਲ ਹੈ। ਅੱਜਕਲ੍ਹ ਪੰਜਾਬੀਆਂ ਦੀ ਪਹਿਚਾਣ ਨਸ਼ਿਆਂ ਵਿਚ ਡੁਬਕੀਆਂ ਮਾਰ ਰਹੀ ਹੈ। ਦੂਜੀ ਸਾਡੀ ਸ਼ਨਾਖਤ ਕੁੜੀਮਾਰਾਂ ਦੀ ਹੈ। ਪਹਿਲਾਂ ਅਸੀਂ ਕੁੜੀ ਦੇ ਜੰਮਣ ਤੋਂ ਪਿਛੋਂ ਮਾਰ ਮਕਾਉਂਦੇ ਸੀ, ਅਜੋਕੇ ਸਮੇਂ ਅੰਦਰ ਜਨਮ ਲੈਣ ਤੋਂ ਪਹਿਲਾਂ ਘਾਤ ਕਰ ਦਿੱਤਾ ਜਾਂਦਾ ਹੈ। ਫਿਲਹਾਲ ਪੰਜਾਬੀ ਨੇ ਗਿਆਨ, ਵਿਗਿਆਨ, ਦਰਸ਼ਨ, ਕਲਾ ਅਤੇ ਸੰਕ੍ਰਿਤੀ ਦੀ ਭਾਸ਼ਾ ਬਣਨਾ ਹੈ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਲੋੜ ਮਹਿਜ਼ ਹਕੀਕਤ ਨੂੰ ਸਮਝਣ, ਸੱਚਾਈ ਦਾ ਜਾਇਜ਼ਾ ਲੈਣ ਅਤੇ ਇਸ ਨੂੰ ਅਮਲੀ ਰੂਪ ਦੇਣ ਦੀ ਹੈ ਅਤੇ ਸੱਚਾਈ ਇਹ ਹੈ ਕਿ ਪੰਜਾਬੀ ਭਾਸ਼ਾ ਇਕੋ ਇਕ ਅਜਿਹਾ ਵਸੀਲਾ ਹੈ ਜਿਸ ਰਾਹੀਂ ਅਸੀਂ ਦੁਨੀਆ ਭਰਦੇ ਪੰਜਾਬੀਆਂ ਨੂੰ ਪ੍ਰੀਤ ਦੇ ਧਾਗੇ ਦੀ ਮਾਲਾ ਵਿਚ ਪਰੋ ਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਆਪਣੀ ਮਾਂ ਬੋਲੀ, ਆਪਣੇ ਸਭਿਆਚਾਰ, ਆਪਣੇ ਧਾਰਮਕ ਤੇ ਸਾਹਿਤਕ ਵਿਰਸੇ ਦੀ ਪਹਿਚਾਣ ਕਰਾ ਸਕਦੇ ਹਾਂ। ਜਿਹੜੀਆਂ ਭੁਲਾਂ/ਗਲਤੀਆਂ ਪਹਿਲਾਂ ਹੋ ਚੁੱਕੀਆਂ ਹਨ, ਉਨ੍ਹਾਂ ਨੂੰ ਠੀਕ ਵੀ ਅਸਾਂ ਹੀ ਕਰਨਾ ਹੈ। ਜੇ ਅਸੀਂ ਪੰਜਾਬੀਆਂ ਅੰਦਰ ਪੰਜਾਬੀ ਭਾਸ਼ਾ ਪ੍ਰਤੀ ਪਏ ਹੋਏ ਭੁਲੇਖਿਆਂ ਨੂੰ ਦੂਰ



Sri Satguru Jagjit Singh Ji Elibrary NamdhariElibrary@gmail.com

ਕਰਕੇ ਉਨ੍ਹਾਂ ਦੇ ਮਨਾਂ ਅੰਦਰ ਆਪਣੀ ਮਾਂ-ਬੋਲੀ ਸੰਬੰਧੀ ਅਪਣਤ ਦੀ ਭਾਵਨਾ ਉਜਾਗਰ ਕਰ ਸਕੀਏ ਤਾਂ ਇਹ ਭਵਿੱਖ ਵਿਚ ਆਉਣ ਵਾਲੀ ਪੀੜ੍ਹੀ ਲਈ ਰਾਹ ਦਸੇਰਾ ਹੋਵੇਗਾ। ਹੁਣ ਤੱਕ ਸਾਡੀ ਮਾਨਸਿਕਤਾ ਇੰਗਲਿਸ਼ ਨਾਲ ਜੁੜੀ ਰਹੀ ਹੈ। ਇਸ ਨੂੰ ਮਾਤ-ਭਾਸ਼ਾ ਨਾਲ ਜੋੜ ਕੇ ਚੰਗੇ ਨਤੀਜੇ ਨਿਕਲਣਗੇ। ਹੁਣ ਜਦ ਕਿ ਸਾਡੀ ਸਰਕਾਰ ਹਰ ਪੱਧਰ ਉੱਪਰ ਪੰਜਾਬੀ ਲਾਗੂ ਕਰਨ ਬਾਰੇ ਵਚਨਬੱਧ ਹੈ ਸਾਨੂੰ ਪੰਜਾਬੀਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜਲਦੀ ਹੀ ਜਨਗਣਨਾ ਆਰੰਭ ਹੋਣ ਵਾਲੀ ਹੈ। ਹਰ ਪੰਜਾਬੀ ਨੂੰ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਵੇ, ਭਾਰਤ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਿਹਾ ਹੋਵੇ ਆਪਣੀ ਮਾਂ-ਬੋਲੀ ਪੰਜਾਬੀ ਦਰਜ ਕਰਾਉਣੀ ਚਾਹੀਦੀ ਹੈ। ਆਪਣੀ ਮਾਂ-ਬੋਲੀ ਪ੍ਰਤੀ ਕਰਜ਼ਾ ਉਤਾਰਨ ਲਈ ਇਹ ਪਹਿਲਾ ਕਦਮ ਹੋਵੇਗਾ।

*ਸਾਬਕਾ ਪ੍ਰੋਫੈਸਰ/ਰਜਿਸਟਰਾਰ
ਗੁਰੂ ਨਾਨਕ ਦੇਵ ਯੂਨੀਵਰਸਿਟੀ ਪਟਿਆਲਾ।
#2447, ਸੈਕਟਰ 64, ਮੁਹਾਲੀ-160062
ਮੋਬਾਇਲ: 98724 72447

□□□

### ਕਾਵਿ ਵਿਅੰਗ

ਬੇ-ਰੋਜ਼ਗਾਰ ਹੈਂ ਪਿਆਰੇ ਤਾਂ ਕੀ ਹੋਇਆ, ਕਿਸੇ ਗੱਲੋਂ ਨਾ ਰਤਾ ਘਬਰਾ ਯਾਰਾ।
ਕਮਰੇ ਤਿੰਨ-ਕੁ ਤੇ ਚਾਰ-ਕੁ ਬੈਂਚ ਪਹਿਲਾਂ, ਕਰ ਕੇ ਕਿਤੋਂ ਜੁਗਾੜ ਬਣਵਾ ਯਾਰਾ।
ਦਸਵੀਂ ਫੇਲ੍ਹ ਜਾਂ ਪਾਸ ਕੁਝ ਮੁੰਡੇ-ਕੁੜੀਆਂ, 'ਸਰ' ਤੇ 'ਮੈਡਮਾਂ' ਲਵੀਂ ਲਗਾ ਯਾਰਾ।
ਡਾਇਰੈਕਟਰ ਆਪ ਤੇ ਪ੍ਰਿੰਸੀਪਲ ਘਰਵਾਲੀ, ਸਾਲੀ ਤਾਈਂ ਸੁਪਰਿੰਟੈਂਡੈਂਟ ਬਣਾ ਯਾਰਾ।
ਪੁਸਤਕਾਂ, ਕਾਪੀਆਂ, ਵਰਦੀਆਂ ਖੂਬ ਵੇਚੀਂ, ਇੰਗਲਿਸ਼ ਮੀਡੀਅਮ ਸਕੂਲ ਚਲਾ ਯਾਰਾ।

- ਮਲਕੀਤ ਮੀਤ, ਮੰਡੀ ਕਲਾਂ



Sri Satguru Jagjit Singh Ji Elibrary NamdhariElibrary@gmail.com

# ਸਰਵਪੱਖੀ ਵਿਕਾਸ ਦਾ ਆਧਾਰ ਮਾਤ ਭਾਸ਼ਾ ਤੇ ਦੇਸੀ ਸੋਚ

*ਡਾ: ਰਣਜੀਤ ਸਿੰਘ

ਪੰਜਾਬੀ ਭਾਸ਼ਾ ਨੂੰ ਜੇਕਰ ਅਸੀਂ ਸਚਮੁੱਚ ਪੰਜਾਬੀਆਂ ਦੀ ਭਾਸ਼ਾ ਬਣਾਉਣੀ ਚਾਹੁੰਦੇ ਹਾਂ ਜਿਸ ਉੱਤੇ ਉਹ ਮਾਣ ਕਰਨ ਅਤੇ ਆਪਣੀਆਂ ਰਚਨਾਤਮਿਕ ਯੋਗਤਾਵਾਂ ਦਾ ਪ੍ਰਗਟਾਵਾ ਕਰਨ ਤਾਂ ਉਨ੍ਹਾਂ ਨੂੰ ਮਾਂ-ਬੋਲੀ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਪਵੇਗਾ, ਹੀਣ ਭਾਵਨਾ ਨੂੰ ਦੂਰ ਕਰਨਾ ਪਵੇਗਾ ਅਤੇ ਸਰਕਾਰ ਨੂੰ ਸਰਕਾਰੀ ਸਕੂਲਾਂ ਨੂੰ ਅਖੌਤੀ ਅੰਗਰੇਜ਼ੀ ਸਕੂਲਾਂ ਦੇ ਹਾਣ ਦਾ ਬਣਾਉਣਾ ਪਵੇਗਾ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਹੜੀ ਕੌਮ ਆਪਣੀ ਬੋਲੀ, ਵਿਰਸੇ ਅਤੇ ਸਭਿਆਚਾਰ ਉੱਤੇ ਮਾਣ ਨਹੀਂ ਕਰਦੀ ਉਹ ਕਦੇ ਵੀ ਇਕ ਆਦਰਸ਼ ਅਤੇ ਵਿਕਸਤ ਕੌਮ ਨਹੀਂ ਬਣ ਸਕਦੀ। ਮਨੁੱਖੀ ਸਖ਼ਸ਼ੀਅਤ ਦੇ ਸਮੁੱਚੇ ਵਿਕਾਸ ਲਈ ਆਪਣੇ ਆਪ ਉੱਤੇ ਮਾਣ ਅਤੇ ਭਰੋਸਾ ਕਰਨਾ ਜ਼ਰੂਰੀ ਹੈ। ਇਹ ਹਉਮੈ ਨਹੀਂ ਹੈ ਸਗੋਂ ਆਤਮ-ਵਿਸ਼ਵਾਸ਼ ਦਾ ਪ੍ਰਗਟਾਵਾ ਹੈ। ਆਤਮ-ਵਿਸ਼ਵਾਸ਼ ਹੀ ਪ੍ਰਾਪਤੀਆਂ ਦਾ ਆਧਾਰ ਬਣਦਾ ਹੈ, ਮਾਣ ਅਤੇ ਸਨਮਾਨ ਪ੍ਰਾਪਤ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਨਿੱਜ ਦੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਜਦੋਂ ਅਸੀਂ ਬੱਚੇ ਦੇ ਮੂੰਹ ਵਿਚ ਉਹ ਸ਼ਬਦ ਪਾਵਾਂਗੇ ਜਿਹੜੇ ਉਸ ਦੇ ਚੌਗਿਰਦੇ ਵਿਚ ਮੌਜੂਦ ਨਹੀਂ ਹਨ ਤਾਂ ਉਸ ਦੀ ਸਾਰੀ ਤਾਕਤ ਰੱਟਾ ਲਗਾਉਣ ਉਤੇ ਹੀ ਕੇਂਦਰਿਤ ਹੋ ਜਾਂਦੀ ਹੈ। ਉਸ ਨੂੰ ਆਪਣੇ ਢੰਗ ਨਾਲ ਸੋਚਣ ਅਤੇ ਬੋਲਣ ਦਾ ਮੌਕਾ ਹੀ ਪ੍ਰਾਪਤ ਨਹੀਂ ਹੁੰਦਾ। ਮੁਢਲੇ ਵਰ੍ਹਿਆਂ ਵਿਚ ਜੇਕਰ ਬੱਚਾ ਆਪਣੀ ਮਾਂ-ਬੋਲੀ ਸਿਖਦਾ ਹੈ ਤਾਂ ਉਹ ਸਹਿਜ ਅਨੁਭਵ ਕਰਦਾ ਹੈ। ਆਪਣੀਆਂ ਗੱਲਾਂ ਕਰਕੇ ਉਹ ਖੁਸ਼ ਹੁੰਦਾ ਹੈ। ਜਦੋਂ ਉਸ ਨੂੰ ਆਪਣੀ ਮਾਂ-ਬੋਲੀ ਦੀ ਸੋਝੀ ਹੋ ਜਾਵੇ ਤਾਂ ਦੂਜੀ ਭਾਸ਼ਾ ਸਿਖਣੀ ਸੌਖੀ ਹੋ ਜਾਂਦੀ ਹੈ। ਉਦੋਂ ਉਹ ਆਪਣੀ ਸੂਝ ਨਾਲ ਸਮਝ ਕੇ ਨਵੀਂ ਬੋਲੀ ਸਿਖਦਾ ਹੈ ਨਾ ਕਿ ਕੇਵਲ ਰੱਟਾ ਹੀ ਮਾਰਦਾ ਹੈ। ਮਾਂ-ਬੋਲੀ ਦੀ ਪੜ੍ਹਾਈ ਕਰਦੇ ਸਮੇਂ ਬੱਚੇ ਨੂੰ ਆਪਣੇ ਵਿਰਸੇ ਅਤੇ ਸਭਿਆਚਾਰ ਦਾ ਗਿਆਨ ਦਿੱਤਾ ਜਾਵੇ ਤਾਂ ਜੋ ਉਹ ਇਸ ਨਾਲ ਜੁੜ ਸਕੇ ਅਤੇ ਇਸ ਉੱਤੇ ਮਾਣ ਕਰਨਾ ਸ਼ੁਰੂ ਕਰੇ। ਜਿਸ ਬੱਚੇ ਨੂੰ ਆਪਣੀ ਮਾਂ-ਬੋਲੀ ਨਹੀਂ ਆਉਂਦੀ ਉਹ ਅੰਗਰੇਜ਼ੀ ਵਿਚ ਕਦੇ ਮੁਹਾਰਤ ਹਾਸਲ ਨਹੀਂ ਕਰ ਸਕਦਾ। ਪਿਛਲੀ ਪੀੜ੍ਹੀ ਨੇ ਆਪਣੀ ਪੜ੍ਹਾਈ ਸਰਕਾਰੀ ਸਕੂਲਾਂ ਵਿਚ ਹੀ ਕੀਤੀ ਸੀ ਉਦੋਂ ਅੰਗਰੇਜ਼ੀ ਪੰਜਵੀਂ ਤੋਂ ਸ਼ੁਰੂ ਹੁੰਦੀ ਸੀ ਪਰ ਉਦੋਂ ਦੇ ਦਸਵੀਂ ਪਾਸ ਦੀ ਅੰਗਰੇਜ਼ੀ ਦਾ ਮੁਕਾਬਲਾ ਅੱਜ ਦੇ ਬੀ.ਏ. ਪਾਸ ਵੀ ਨਹੀਂ ਕਰ ਸਕਦੇ। ਆਪਣੀ ਬੋਲੀ ਵਿਚ ਬੋਲਣ, ਲਿਖਣ, ਤੇ ਪੜ੍ਹਨ ਵਿਚ ਸ਼ਰਮ ਮਹਿਸੂਸ ਕਰਨੀ ਘਟੀਆਪਣ ਦੇ ਅਹਿਸਾਸ ਦੀ ਨਿਸ਼ਾਨੀ ਹੈ।

ਮੁਢਲੀ ਪੜ੍ਹਾਈ ਸਮੇਂ ਅਮਲੀ ਕਾਰਜ ਅਤੇ ਮਾਂ-ਬੋਲੀ ਵਿਚ ਗੱਲਾਂ ਕਰਨ ਉੱਤੇ ਵਧੇਰੇ ਜ਼ੋਰ ਦੇਣ ਦੀ ਲੋੜ ਹੈ। ਬੱਚਿਆਂ ਨੂੰ ਲਾਗਲੇ ਖੇਤਾਂ ਅਤੇ ਇਤਿਹਾਸਕ ਥਾਵਾਂ ਨੂੰ ਵਿਖਾਉਣ ਜਰੂਰ ਲੈ ਕੇ ਜਾਣਾ ਚਾਹੀਦਾ ਹੈ। ਬਸਤੇ ਦਾ ਬੋਝ ਘੱਟ ਤੋਂ ਘੱਟ ਰਖਿਆ ਜਾਵੇ। ਸਕੂਲ ਦਾ ਮਾਹੌਲ ਅਜਿਹਾ ਬਣੇ ਕਿ ਬੱਚਾ ਉਥੇ ਜਾਣ ਲਈ ਜਿੱਦ ਕਰੇ। ਹੁਣ ਬੱਚਾ ਸਕੂਲ ਨੂੰ ਹਊਆ ਸਮਝਦਾ ਹੈ ਅਤੇ ਇਸੇ ਡਰ ਨਾਲ ਸਹਿਮਿਆ ਰਹਿੰਦਾ ਹੈ। ਸਰਕਾਰ ਨੂੰ ਪ੍ਰਾਇਮਰੀ ਪੜ੍ਹਾਈ ਵਲ ਵਿਸ਼ੇਸ਼



Sri Satguru Jagjit Singh Ji Elibrary NamdhariElibrary@gmail.com

ਧਿਆਨ ਦੇਣ ਦੀ ਲੋੜ ਹੈ। ਇਸ ਨੂੰ ਨਿੱਜੀ ਅਦਾਰਿਆਂ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ। ਪੱਕੀ ਨੀਂਹ ਉੱਤੇ ਹੀ ਮਜ਼ਬੂਤ ਭਵਨ ਉਸਾਰੇ ਜਾ ਸਕਦੇ ਹਨ। ਪਿੰਡਾਂ ਦੇ ਸਰਕਾਰੀ ਸਕੂਲਾਂ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਕਾਰਜ ਵਿਚ ਪਿੰਡ ਵਾਸੀਆਂ ਅਤੇ ਮਾਪਿਆਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕੀਤਾ ਜਾਵੇ। ਅਜਿਹਾ ਕੀਤਿਆਂ ਵਸੀਲਿਆਂ ਦੀ ਵੀ ਘਾਟ ਨਹੀਂ ਰਹੇਗੀ।

ਸਾਰਾ ਸਰਕਾਰੀ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇ। ਨੌਕਰੀਆਂ ਅਤੇ ਦਾਖਲੇ ਲਈ ਹੋਣ ਵਾਲੇ ਟੈਸਟਾਂ ਸਮੇਂ ਪੰਜਾਬੀ ਭਾਸ਼ਾ ਵਿਚ ਉਤਰ ਲਿਖਣ ਦੀ ਖੁਲ੍ਹ ਹੋਵੇ। ਅੰਗਰੇਜ਼ੀ ਵਾਂਗ ਹੀ ਪੰਜਾਬੀ ਭਾਸ਼ਾ ਦਾ ਵੀ ਪਰਚਾ ਪਾਇਆ ਜਾਵੇ। ਸਾਨੂੰ ਸਾਰਿਆਂ ਵਿਸ਼ੇਸ਼ ਕਰਕੇ ਪੰਜਾਬੀ ਹਿਤੈਸ਼ੀਆਂ ਨੂੰ ਆਪਣਾ ਨਿੱਜੀ ਕੰਮਕਾਜ ਸਾਰਾ ਪੰਜਾਬੀ ਵਿਚ ਕਰਨ ਦਾ ਅਹਿਦ ਕਰਨਾ ਜ਼ਰੂਰੀ ਹੈ। ਜੇਕਰ ਅਸੀਂ ਆਪਣੀ ਦੁਕਾਨ, ਦਫਤਰ, ਘਰ, ਸੜਕਾਂ ਦੇ ਨਾਮ ਆਦਿ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦੇਈਏ ਤਾਂ ਬਾਕੀ ਵੀ ਸਾਰੇ ਰੀਸੋ-ਰੀਸ ਅਜਿਹਾ ਕਰਨਾ ਸ਼ੁਰੂ ਕਰ ਦੇਣਗੇ। ਰੋਜ਼ ਦਾ ਲਿਖਣ ਪੜ੍ਹਨ ਵੀ ਪੰਜਾਬੀ ਵਿਚ ਕੀਤਾ ਜਾਵੇ। ਆਪਣੇ ਕਾਰਡ, ਚਿੱਠੀ ਪੱਤਰ ਪੈਡ, ਪਹਿਚਾਣ ਪੱਤਰ ਆਦਿ ਪੰਜਾਬੀ ਵਿਚ ਬਣਾਏ ਜਾਣ। ਚਿੱਠੀ ਪੱਤਰ ਵੀ ਪੰਜਾਬੀ ਵਿਚ ਕੀਤਾ ਜਾਵੇ। ਸਾਰੇ ਸੱਦਾ ਪੱਤਰ ਪੰਜਾਬੀ ਵਿਚ ਛਪਾਏ ਜਾਣ। ਇਹ ਵੇਖਣ ਵਿਚ ਆਇਆ ਹੈ ਕਿ ਆਮ ਕਰਕੇ ਖੁਸ਼ੀ ਦੇ ਸੱਦਾ ਪੱਤਰ ਅੰਗਰੇਜ਼ੀ ਵਿਚ ਛਪਾਏ ਜਾਂਦੇ ਹਨ ਜਦੋਂ ਕਿ ਗਮੀ ਦੇ ਕਾਰਡ ਪੰਜਾਬੀ ਵਿਚ ਹੁੰਦੇ ਹਨ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਦੁੱਖ ਵਿਚ ਹਮੇਸ਼ਾ ਮਾਂ ਹੀ ਯਾਦ ਆਉਂਦੀ ਹੈ। ਪਿਛਲੇ ਦਿਨੀਂ ਵਿਆਹ ਦੇ ਕੁਝ ਖੂਬਸੂਰਤ ਕਾਰਡ ਪੰਜਾਬੀ ਵਿਚ ਛਪੇ ਵੇਖੇ ਗਏ ਹਨ। ਇਨ੍ਹਾਂ ਦੀ ਹਰ ਪਾਸਿਉਂ ਸ਼ਲਾਘਾ ਹੋਈ ਹੈ। ਰੋਜ਼ਾਨਾ ਦੀ ਗੱਲਬਾਤ ਪੰਜਾਬੀ ਵਿਚ ਕੀਤੀ ਜਾਵੇ। ਅਸੀਂ ਪਰਵਾਸੀ ਕਾਮਿਆਂ ਨਾਲ ਗਲਤ ਹਿੰਦੀ ਵਿਚ ਗੱਲਬਾਤ ਕਰਨ ਦਾ ਯਤਨ ਕਰਦੇ ਹਾਂ ਜਦੋਂ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਪੜ੍ਹ ਰਹੇ ਹਨ ਤੇ ਉਹ ਪੰਜਾਬੀ ਵਿਚ ਗੱਲਬਾਤ ਕਰਨ ਦਾ ਯਤਨ ਕਰਦੇ ਹਨ। ਸਾਨੂੰ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ। ਜਦੋਂ ਸਮਾਜਕ ਪ੍ਰਭਾਵ ਵਾਲੇ ਪਰਿਵਾਰਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖਲ ਹੋਣਗੇ ਤਾਂ ਅਧਿਆਪਕ ਆਪਣੇ ਆਪ ਪੜ੍ਹਾਉਣ ਵਿਚ ਪੂਰੀ ਦਿਲਚਸਪੀ ਲੈਣ ਲਗ ਪੈਣਗੇ। ਜਦੋਂ ਤੀਕ ਅਸੀਂ ਭਾਸ਼ਣ ਹੀ ਦਿੰਦੇ ਰਹਾਂਗੇ ਉਦੋਂ ਤੀਕ ਕੋਈ ਬਹੁਤਾ ਲਾਭ ਨਹੀਂ ਹੋਣ ਵਾਲਾ। ਪ੍ਰਚਾਰ ਨਾਲੋਂ ਅਮਲਾਂ ਦੀ ਵਧੇਰੇ ਲੋੜ ਹੈ। ਇਸ ਦੇ ਨਾਲ ਹੀ ਇਹ ਵੀ ਸਮਝਣਾ ਚਾਹੀਦਾ ਹੈ ਕਿ ਵਿਕਾਸ, ਮੌਲਿਕ ਖੋਜ ਅਤੇ ਤਰੱਕੀ ਲਈ ਮਾਤ-ਭਾਸ਼ਾ ਦਾ ਗਿਆਨ, ਰੁਝਾਨ ਅਤੇ ਉਸੇ ਵਿਚ ਸੋਚਣਾ ਜ਼ਰੂਰੀ ਹੈ। ਆਜ਼ਾਦੀ ਪਿਛੋਂ ਪੰਜਾਬ ਨੇ ਸਾਰੇ ਸੂਬਿਆਂ ਦੇ ਮੁਕਾਬਲੇ ਵਧੇਰੇ ਤੇਜ਼ੀ ਨਾਲ ਵਿਕਾਸ ਦੀਆਂ ਪੁਲਾਂਘਾਂ ਪੁੱਟੀਆਂ ਸਨ ਪਰ ਇਨ੍ਹਾਂ ਨੂੰ ਉਦੋਂ ਬਰੇਕਾਂ ਲਗ ਗਈਆਂ ਜਦੋਂ ਅਸੀਂ ਮਾਤ-ਭਾਸ਼ਾ ਵਲੋਂ ਮੂੰਹ ਮੋੜ ਲਿਆ। ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਪੜ੍ਹੇ ਬੱਚਿਆਂ ਨੇ ਹਰੇਕ ਖੇਤਰ ਵਿਚ ਜ਼ੁੰਮੇਵਾਰੀਆਂ ਨੂੰ ਸੰਭਾਲ ਲਿਆ। ਉਨ੍ਹਾਂ ਦੀ ਸੋਚ ਮੰਗਵੀਂ ਹੈ। ਸਾਡੇ ਵਿਗਿਆਨੀ, ਮਾਹਿਰ, ਬੁੱਧੀਜੀਵੀ, ਸਾਰੇ ਅੰਗਰੇਜ਼ੀ ਸਾਹਿਤ ਪੜ੍ਹਦੇ ਹਨ। ਬਹੁਤੀ ਖੋਜ ਵਿਦੇਸ਼ੀ ਖੋਜ ਪੱਤਰਾਂ ਵਿਚ ਖੋਜ ਛਪਣ ਤੀਕ ਹੀ ਸੀਮਤ ਹੋ ਗਈ ਹੈ। ਕਿਸੇ ਵਿਦੇਸ਼ੀ ਅੰਗਰੇਜ਼ੀ ਮੈਗਜ਼ੀਨ ਵਿਚ ਖੋਜ ਪੱਤਰ ਦਾ ਪ੍ਰਕਾਸ਼ਤ ਹੋਣਾ ਵੱਡੀ ਪ੍ਰਾਪਤੀ ਸਮਝੀ ਜਾਂਦੀ ਹੈ। ਸਾਰੇ ਖੇਤਰਾਂ ਵਿਚ ਸਾਡੀ ਖੋਜ ਵਿਦੇਸ਼ੀ ਪ੍ਰਭਾਵ ਹੇਠ ਹੋ ਰਹੀ ਹੈ। ਜੇਕਰ ਇਹ ਵੀ ਆਖ ਦਿੱਤਾ ਜਾਵੇ ਕਿ ਉਸੇ ਖੋਜ ਨੂੰ ਦੁਹਰਾਇਆ ਜਾ ਰਿਹਾ ਹੈ ਤਾਂ ਗਲਤ ਨਹੀਂ ਹੋਵੇਗਾ। ਸਾਡੀ ਖੇਤੀ ਅਤੇ ਸਨੱਅਤ



Sri Satguru Jagjit Singh Ji Elibrary NamdhariElibrary@gmail.com

ਵਿਚ ਆਈ ਖੜੋਤ ਦਾ ਇਹ ਇਕ ਮੁੱਖ ਕਾਰਨ ਹੈ। ਅਸੀਂ ਆਪਣਾ ਵਿਕਾਸ ਮਾਡਲ ਆਪਣੀਆਂ ਲੋੜਾਂ ਅਨੁਸਾਰ ਵਿਕਸਤ ਨਹੀਂ ਕਰ ਸਕੇ ਹਾਂ। ਦੇਸ਼ ਦੀ ਦੌਲਤ ਦਾ ਲਗਭਗ 75 ਫ਼ੀਸਦੀ ਹਿੱਸਾ ਕੇਵਲ 25 ਫ਼ੀਸਦੀ ਵਸੋਂ ਦੇ ਕਬਜ਼ੇ ਵਿਚ ਆ ਗਿਆ ਹੈ। ਇਸੇ ਕਰਕੇ ਦੇਸ਼ ਵਿਚ ਅਮੀਰੀ ਵਧਣ ਦੇ ਨਾਲੋਂ ਨਾਲ ਗਰੀਬਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ। ਦੇਸ਼ ਦੀ ਲਗਭਗ ਅੱਧੀ ਆਬਾਦੀ ਨੂੰ ਜੀਵਨ ਦੀਆਂ ਮੁੱਢਲੀਆਂ ਲੋੜਾਂ ਪ੍ਰਾਪਤ ਨਹੀਂ ਹਨ। ਇਥੇ ਇਨਸਾਨ ਦੀ ਨਹੀਂ ਸਗੋਂ ਉਸ ਦੀ ਕੁਰਸੀ ਜਾਂ ਦੌਲਤ ਦੀ ਕਦਰ ਕੀਤੀ ਜਾਂਦੀ ਹੈ। ਅੰਗਰੇਜ਼ੀ ਦਾ ਗਿਆਨ ਜਰੂਰੀ ਹੈ ਕਿਉਂਕਿ ਇਹ ਵਿਸ਼ਵ ਵਿਆਪੀ ਭਾਸ਼ਾ ਬਣ ਗਈ ਹੈ ਪਰ ਇਹ ਗਿਆਨ ਮੌਲਿਕ ਸੋਚ ਦੇ ਰਾਹ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ। ਸੋਚ ਸਾਡੀ ਆਪਣੀ ਹੋਣੀ ਚਾਹੀਦੀ ਹੈ। ਜੇਕਰ ਕਿਸੇ ਸਮੱਸਿਆ ਦਾ ਹੱਲ ਨਾ ਮਿਲ ਰਿਹਾ ਹੋਵੇ ਤਾਂ ਉਸ ਬਾਰੇ ਵਿਦੇਸ਼ੀ ਗਿਆਨ ਦੀ ਵੀ ਘੋਖ ਕੀਤੀ ਜਾ ਸਕਦੀ ਹੈ। ਦੇਸ਼ ਦੀ ਵਸੋਂ ਦਾ ਮਸਾਂ 10 ਫ਼ੀਸਦੀ ਹਿੱਸਾ ਹੀ ਅੰਗਰੇਜ਼ੀ ਵਿਚ ਮੁਹਾਰਤ ਰਖਦਾ ਹੈ। ਹੁਣ ਇਹ ਲੋਕ ਹੀ ਦੇਸ਼ ਦੇ ਸਾਰੇ ਕਾਰਜਾਂ ਨੂੰ ਉਲੀਕਦੇ ਤੇ ਨੇਪਰੇ ਚਾੜ੍ਹਦੇ ਹਨ। ਜਦੋਂ ਤੀਕ ਦੇਸ਼ ਦੀ ਬਹੁ-ਗਿਣਤੀ ਇਸ ਵਿਚ ਭਾਗੀਦਾਰ ਨਹੀਂ ਬਣਦੀ ਉਦੋਂ ਤੀਕ ਸਰਬ-ਪੱਖੀ ਵਿਕਾਸ ਨਹੀਂ ਹੋ ਸਕਦਾ ਜਿਸ ਦਾ ਲਾਭ ਗਰੀਬ ਲੋਕਾਂ ਨੂੰ ਪ੍ਰਾਪਤ ਹੋ ਸਕੇ। ਦੇਸ਼ ਦੀ ਬਹੁ-ਗਿਣਤੀ ਖੋਜ, ਵਿਕਾਸ, ਉਚੇਰੀ ਪੜ੍ਹਾਈ ਤੇ ਸੋਚ ਕਾਰਜਾਂ ਵਿਚ ਉਦੋਂ ਹੀ ਸ਼ਾਮਲ ਹੋ ਸਕਦੀ ਹੈ ਜੇਕਰ ਇਹ ਮਾਤ-ਭਾਸ਼ਾ ਵਿਚ ਕੀਤੇ ਜਾਣ। ਲੋਕ-ਰਾਜ ਵਿਚ ਲੋਕਾਂ ਦੀ ਸ਼ਮੂਲੀਅਤ ਜਰੂਰੀ ਹੈ। ਇਹ ਕੇਵਲ ਵੋਟ ਪਾਉਣ ਤੀਕ ਸੀਮਤ ਨਹੀਂ ਹੋਣੀ ਚਾਹੀਦੀ ਸਗੋਂ ਹਰ ਖੇਤਰ ਅਤੇ ਹਰ ਪੱਧਰ ਉੱਤੇ ਹੋਣੀ ਚਾਹੀਦੀ ਹੈ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਲੋਕਾਂ ਦੀ ਭਾਸ਼ਾ ਵਿਚ ਸੋਚੀਏ, ਵਿਚਾਰੀਏ, ਲਿਖੀਏ ਤੇ ਵਿਕਾਸ ਨੀਤੀਆਂ ਘੜੀਏ। ਜਿਤਨੀ ਜਲਦੀ ਇਸ ਸੱਚ ਨੂੰ ਸਵੀਕਾਰਿਆ ਜਾਵੇਗਾ ਉਤਨਾ ਹੀ ਦੇਸ਼ ਦੇ ਹਿੱਤ ਵਿਚ ਹੋਵੇਗਾ।

*ਸਾਬਕਾ ਪ੍ਰੋਫੈਸਰ ਤੇ ਡੀਨ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
#3317, ਅਰਬਨ ਅਸਟੇਟ,
ਫੇਜ਼-2, ਦੁਗਰੀ ਰੋਡ, ਲੁਧਿਆਣਾ-141013

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ ਅਤੇ ਅਜੋਕੀਆਂ ਭਾਸ਼ਾਈ ਲੋੜਾਂ

*ਡਾ: ਜੋਗਾ ਸਿੰਘ

## 1. ਸਫ਼ਲ ਸਿੱਖਿਆ ਦੀ ਭਾਸ਼ਾ

ਪੰਜਾਬ ਦੀ ਭਾਸ਼ਾ ਨੀਤੀ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੀ ਥਾਂ ਦੇ ਸਵਾਲ 'ਤੇ ਬਹਿਸ ਕੋਈ ਪਿਛਲੇ ਪੰਜਾਹ ਸਾਲਾਂ ਤੋਂ ਲਗਾਤਾਰ ਚਲਦੀ ਆ ਰਹੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੌਜੂਦਾ ਵਾਈਸ-ਚਾਂਸਲਰ ਵਲੋਂ ਉਚੇਰੀ ਸਿੱਖਿਆ ਵਿਚ ਪੰਜਾਬੀ ਦੇ ਘੰਟੇ ਘਟਾਉਣ ਦੇ ਜ਼ਿਕਰ ਨੇ ਪੰਜਾਬੀ ਬੌਧਿਕ ਹਲਕਿਆਂ ਵਿਚ ਤਿੱਖੀ ਸਰਗਰਮੀ ਪੈਦਾ ਕੀਤੀ ਹੈ। ਇਸ ਮੁੱਦੇ 'ਤੇ ਲਗਭਗ ਇਕ ਮਤ ਪ੍ਰਤੀਕਰਮ ਇਹ ਆ ਰਹੇ ਹਨ ਕਿ ਮੌਜੂਦਾ ਹਾਲਾਤ ਵਿਚ ਉਚੇਰੀ ਸਿੱਖਿਆ ਵਿਚ ਪੰਜਾਬੀ ਪੜ੍ਹਾਈ ਜਾਣੀ ਜ਼ਰੂਰੀ ਹੈ ਪਰ ਇਨ੍ਹਾਂ ਪ੍ਰਤੀਕਰਮਾਂ ਵਿਚ ਅਜਿਹੀਆਂ ਟਿੱਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ ਕਿ ਕਿਉਂਕਿ ਸਾਰੀ ਦੁਨੀਆ ਦਾ ਗਿਆਨ ਅੰਗਰੇਜ਼ੀ ਵਿਚ ਹੈ, ਦੁਨੀਆ ਨਾਲ ਕਾਰੋਬਾਰ ਅੰਗਰੇਜ਼ੀ ਵਿਚ ਹੀ ਹੋ ਸਕਦਾ ਹੈ, ਵਿਗਿਆਨ ਅਤੇ ਤਕਨਾਲੋਜੀ ਦੇ ਵਿਸ਼ਿਆਂ ਨੂੰ ਪੰਜਾਬੀ ਵਿਚ ਪੜ੍ਹਾਉਣ ਲਈ ਸਮੱਗਰੀ ਨਹੀਂ ਹੈ, ਇਸ ਲਈ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਾਈ ਜ਼ਰੂਰੀ ਹੈ।

ਅੰਗਰੇਜ਼ੀ ਪ੍ਰਤੀ ਇਹ ਦ੍ਰਿਸ਼ਟੀਕੋਣ ਪੰਜਾਬੀ ਨੂੰ, ਪੰਜਾਬ ਦੀ ਸਿੱਖਿਆ ਨੂੰ ਅਤੇ ਅੰਗਰੇਜ਼ੀ ਦੀ ਸਿਖਲਾਈ ਨੂੰ ਗੰਭੀਰ ਤੌਰ 'ਤੇ ਪ੍ਰਭਾਵਤ ਕਰਨ ਵਾਲਾ ਹੈ। ਇਹ ਦ੍ਰਿਸ਼ਟੀਕੋਣ ਸਿੱਖਿਆ ਅਤੇ ਭਾਸ਼ਾ ਦੇ ਗੈਰ-ਪੇਸ਼ੇਵਰ ਹਲਕਿਆਂ ਵਿਚ ਪਿਛਲੇ ਕੋਈ 30 ਸਾਲਾਂ ਤੋਂ ਲਗਾਤਾਰ ਭਾਰੂ ਹੁੰਦਾ ਆ ਰਿਹਾ ਹੈ ਅਤੇ ਇਸ ਨਾਲ ਪੰਜਾਬੀ ਨੂੰ, ਪੰਜਾਬ ਦੀ ਸਿੱਖਿਆ ਨੂੰ ਅਤੇ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਨੂੰ ਨਾ ਪੂਰਾ ਕੀਤਾ ਜਾ ਸਕਣ ਵਾਲਾ ਘਾਟਾ ਪੈ ਚੁੱਕਾ ਹੈ।

ਪੰਜਾਬ ਵਿਚ ਅੰਗਰੇਜ਼ੀ ਭਾਸ਼ਾ ਪ੍ਰਤੀ ਇਸ ਦ੍ਰਿਸ਼ਟੀਕੋਣ ਨੂੰ ਵਿਚਾਰਨ ਲਈ ਹੇਠਲੇ ਮੂਲ ਸਵਾਲਾਂ ਦਾ ਨਬੇੜਾ ਜ਼ਰੂਰੀ ਹੈ:

1. ਅੱਜ ਦੇ ਸਮੇਂ ਵਿਚ ਗਿਆਨ-ਵਿਗਿਆਨ ਅਤੇ ਤਕਨਾਲੋਜੀ ਦੀ ਸਫ਼ਲ ਸਿੱਖਿਆ ਕਿਸ ਭਾਸ਼ਾ ਵਿਚ ਦਿੱਤੀ ਜਾ ਸਕਦੀ ਹੈ।
2. ਦੁਨੀਆ ਵਿਚ ਅੰਗਰੇਜ਼ੀ ਦੀ ਕੀ ਸਥਿਤੀ ਹੈ, ਕੀ ਸਥਿਤੀ ਰਹੇਗੀ ਅਤੇ ਦੁਨੀਆ ਨਾਲ ਕਾਰੋਬਾਰ ਕਰਨ ਲਈ ਅੰਗਰੇਜ਼ੀ ਕਿੰਨੀ ਜ਼ਰੂਰੀ ਹੈ।
3. ਜੇ ਵਿਗਿਆਨ ਅਤੇ ਤਕਨਾਲੋਜੀ ਆਦਿ ਦੀ ਸਿੱਖਿਆ ਪੰਜਾਬੀ ਵਿਚ ਦੇਣੀ ਹੋਵੇ ਤਾਂ ਕੀ ਪੰਜਾਬੀ ਭਾਸ਼ਾ ਵਿਚ ਅਜਿਹੀ ਸਮਰੱਥਾ ਅਤੇ ਸਮੱਗਰੀ ਹੈ। ਅਤੇ,
4. ਜੇ ਅੰਗਰੇਜ਼ੀ ਵੱਖ-ਵੱਖ ਖੇਤਰਾਂ ਲਈ ਜ਼ਰੂਰੀ ਸਾਬਤ ਹੋ ਵੀ ਜਾਵੇ ਤਾਂ ਫਿਰ ਅੰਗਰੇਜ਼ੀ ਭਾਸ਼ਾ ਦੀ ਚੰਗੀ ਮੁਹਾਰਤ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ।

ਇਹ ਅਜਿਹੇ ਸਵਾਲ ਹਨ ਜਿਨ੍ਹਾਂ 'ਤੇ ਦੁਨੀਆ ਭਰ ਦੇ ਸਿੱਖਿਆ ਅਤੇ ਭਾਸ਼ਾ ਮਾਹਿਰਾਂ ਵਲੋਂ ਪਿਛਲੇ 50 ਸਾਲਾਂ ਵਿਚ ਭਰਪੂਰ ਖੋਜ ਅਤੇ ਬਹਿਸਾਂ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਦੇ ਨਿਰਣੇ



Sri Satguru Jagjit Singh Ji Elibrary NamdhariElibrary@gmail.com

ਲਈ ਭਰਪੂਰ ਅਕਾਦਮਿਕ ਅਤੇ ਵਿਹਾਰਕ ਸਬੂਤ ਹਾਸਲ ਹਨ। ਇਸ ਲੇਖ ਵਿਚ ਇਨ੍ਹਾਂ ਦਾ ਸਾਰ ਹੀ ਪੇਸ਼ ਕੀਤਾ ਜਾ ਰਿਹਾ ਹੈ।

ਦੁਨੀਆ ਭਰ ਦੇ ਮਾਹਿਰ ਇਸ ਵਿਸ਼ੇ 'ਤੇ ਇਕ ਮਤ ਹਨ ਅਤੇ ਦੁਨੀਆ ਭਰ ਦਾ ਤਜਰਬਾ ਇਹੀ ਦਰਸਾਉਂਦਾ ਹੈ ਕਿ ਸਫ਼ਲ ਸਿੱਖਿਆ ਕੇਵਲ ਅਤੇ ਕੇਵਲ ਮਾਤ-ਭਾਸ਼ਾ ਰਾਹੀਂ ਹੀ ਦਿੱਤੀ ਜਾ ਸਕਦੀ ਹੈ। ਜੇ ਬੱਚੇ ਨੂੰ ਭਾਸ਼ਾ ਹੀ ਸਮਝ ਨਹੀਂ ਆਉਂਦੀ ਤਾਂ ਉਸ ਦੇ ਦਿਮਾਗ ਵਿਚ ਵਿਚਾਰ ਕਿਵੇਂ ਦਾਖਲ ਕੀਤੇ ਜਾ ਸਕਦੇ ਹਨ? ਮਸ਼ੀਨ ਨਾਲ ਛੇਕ ਮਾਰ ਕੇ ਸੰਕਲਪ ਬੱਚੇ ਦੇ ਦਿਮਾਗ ਵਿਚ ਪਾਉਣ ਦਾ ਹਾਲੇ ਕੋਈ ਤਰੀਕਾ ਇਜ਼ਾਦ ਨਹੀਂ ਹੋਇਆ। ਜੇ ਹੋ ਵੀ ਜਾਵੇ ਤਾਂ ਵੀ ਛੇਕ ਵਿਚ ਭਾਸ਼ਾ ਹੀ ਪਾਉਣੀ ਪਵੇਗੀ ਕਿਉਂਕਿ ਵਿਚਾਰ ਦੀ ਹੋਂਦ ਭਾਸ਼ਾ ਦੇ ਰੂਪ ਵਿਚ ਹੀ ਹੈ। ਇਸ ਲਈ ਬੱਚੇ ਨੂੰ ਉਸ ਭਾਸ਼ਾ ਦਾ ਅਵੱਸ਼ ਹੀ ਚੰਗਾ ਗਿਆਨ ਹੋਣਾ ਚਾਹੀਦਾ ਹੈ ਜਿਸ ਵਿਚ ਗਿਆਨ-ਵਿਗਿਆਨ ਅਤੇ ਤਕਨਾਲੋਜੀ ਪੜ੍ਹਾਈ ਜਾਣੀ ਹੈ। ਦੁਨੀਆ ਭਰ ਦੇ ਸਿੱਖਿਆ ਅਤੇ ਭਾਸ਼ਾ ਮਾਹਿਰਾਂ ਦੀ ਰਾਇ ਹੈ ਕਿ 5-7 ਸਾਲ ਲਾ ਕੇ ਹੀ ਕਿਸੇ ਭਾਸ਼ਾ ਦਾ ਇੰਨਾ ਕੁ ਗਿਆਨ ਹੁੰਦਾ ਹੈ ਕਿ ਉਸ ਵਿਚ ਮੁਢਲੀ ਸਿੱਖਿਆ ਵੀ ਦਿੱਤੀ ਜਾ ਸਕੇ। ਇਸ ਲਈ ਜੇ ਪੰਜਾਬੀ ਬੱਚਿਆਂ ਨੂੰ ਗਿਆਨ-ਵਿਗਿਆਨ ਦੀ ਚੰਗੇਰੀ ਸਮਝ ਦੇਣੀ ਹੈ ਤਾਂ ਸਭ ਤੋਂ ਪਹਿਲੀ ਲੋੜ ਹੈ ਕਿ ਪੰਜਾਬੀ ਵਿਚ ਘੱਟੋ-ਘੱਟ ਸਕੂਲ ਪੱਧਰ ਦੀ ਅੰਗਰੇਜ਼ੀ ਮਾਧਿਅਮ ਦੀ ਸਿੱਖਿਆ ਦਾ ਤੁਰੰਤ ਭੋਗ ਪਾਇਆ ਜਾਵੇ।

ਤਜਰਬਾ ਇਹ ਵੀ ਦਸਦਾ ਹੈ ਕਿ ਅੰਗਰੇਜ਼ੀ ਮਾਧਿਅਮ ਦੀ ਸਿਖਿਆ ਪ੍ਰਣਾਲੀ ਨੇ ਸਿੱਖਿਆ ਦੇ ਮਿਆਰ ਨੂੰ ਅਤੇ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਦੇ ਮਿਆਰ ਨੂੰ ਵੱਡੀ ਢਾਹ ਲਾਈ ਹੈ। ਕੋਈ ਅਜਿਹਾ ਸਬੂਤ ਸਾਹਮਣੇ ਨਹੀਂ ਹੈ ਕਿ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਾਈ ਹੋਣ ਨਾਲ ਕੋਈ ਅਜਿਹੇ ਵੱਡੇ ਵਿਗਿਆਨੀ ਅਤੇ ਵਿਦਿਵਾਨ ਪੈਦਾ ਹੋ ਗਏ ਹਨ ਜੋ ਪੰਜਾਬੀ ਮਾਧਿਅਮ ਦੀ ਪੜ੍ਹਾਈ ਨਾਲ ਪੈਦਾ ਨਹੀਂ ਸਨ ਹੋ ਰਹੇ। ਬਲਕਿ ਇਸ 'ਤੇ ਪੂਰਨ ਸਹਿਮਤੀ ਲਗਦੀ ਹੈ ਕਿ ਕੇਵਲ ਸਿੱਖਿਆ ਦਾ ਮਿਆਰ ਹੀ ਪਹਿਲਾਂ ਨਾਲੋਂ ਨਹੀਂ ਡਿੱਗਾ, ਅੰਗਰੇਜ਼ੀ ਦੀ ਮੁਹਾਰਤ ਦਾ ਮਿਆਰ ਵੀ ਪਹਿਲਾਂ ਨਾਲੋਂ ਡਿੱਗ ਗਿਆ ਹੈ।

ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਨੇ ਇਕ ਹੋਰ ਤਰ੍ਹਾਂ ਨਾਲ ਪੰਜਾਬ ਦੀ ਸਿੱਖਿਆ ਦੀ ਤਬਾਹੀ ਕੀਤੀ ਹੈ। ਇਸ ਨੇ ਲਗਭਗ 80 ਫੀਸਦੀ ਅਬਾਦੀ ਨੂੰ ਸਿੱਖਿਆ ਦੀ ਧਾਰਾ ਚੋਂ ਹੀ ਬਾਹਰ ਕੱਢ ਦਿੱਤਾ ਹੈ। ਭਾਰੂ ਵਰਗ ਦੇ ਸਾਰੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਚਲੇ ਜਾਣ ਕਰਕੇ ਸਰਕਾਰੀ ਸਿੱਖਿਆ ਪ੍ਰਣਾਲੀ ਤਬਾਹ ਹੋ ਗਈ ਹੈ। ਪੰਜਾਬ ਦੇ ਲਗਭਗ 80 ਫੀਸਦੀ ਬੱਚੇ ਇਸ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਹਨ। ਇਸ 'ਤੇ ਤਾਂ ਕੋਈ ਅਸਹਿਮਤੀ ਨਹੀਂ ਹੋਣੀ ਚਾਹੀਦੀ ਕਿ ਅਸਿੱਖਿਅਤ ਬੰਦਾ ਵਿਗਿਆਨ ਅਤੇ ਤਕਨਾਲੋਜੀ ਵਿਚ ਕੋਈ ਵੱਡਾ ਯੋਗਦਾਨ ਨਹੀਂ ਪਾ ਸਕਦਾ। ਸਭ ਜਾਣਦੇ ਹਨ ਕਿ ਤੀਜੀ ਦੁਨੀਆ ਦੇ ਬਹੁਤੇ ਦੇਸ਼ਾਂ ਦੇ ਮੁਕਾਬਲੇ ਵਿਚ ਵੀ ਭਾਰਤ ਵਿਚ ਸਿੱਖਿਆ ਸੁੰਗੜ ਰਹੀ ਹੈ, ਫੈਲ ਨਹੀਂ ਰਹੀ ਅਤੇ ਇਹ ਗਿਆਨ-ਵਿਗਿਆਨ ਦੀ ਸਦੀ ਵਿਚ ਹੋ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸਿੱਖਿਆ ਨੂੰ ਅੰਗਰੇਜ਼ੀ ਮਾਧਿਅਮ ਦਾ ਤਪਦਿਕ ਰੋਗ ਲੱਗ ਜਾਣਾ ਹੈ। ਗਿਆਨ-ਵਿਗਿਆਨ ਦਾ ਪ੍ਰਸਾਰ ਕਾਮਯਾਬ ਸਿੱਖਿਆ ਦੇ ਪ੍ਰਸਾਰ ਨਾਲ ਹੀ ਹੋ ਸਕਦਾ ਹੈ।

ਇਸ ਪ੍ਰਸੰਗ ਵਿਚ ਅੰਤਰਰਾਸ਼ਟਰੀ ਸਥਿਤੀ 'ਤੇ ਝਾਤ ਮਾਰਨੀ ਵੀ ਜ਼ਰੂਰੀ ਹੈ। ਸਿੱਖਿਆ ਅਤੇ ਗਿਆਨ-ਵਿਗਿਆਨ ਦੇ ਖੇਤਰ ਵਿਚ ਉਹੀ ਦੇਸ਼ ਮੱਲਾਂ ਮਾਰ ਰਹੇ ਹਨ ਜਿਨ੍ਹਾਂ ਦੀ ਸਿੱਖਿਆ



Sri Satguru Jagjit Singh Ji Elibrary NamdhariElibrary@gmail.com

ਮਾਤ-ਭਾਸ਼ਾ ਵਿਚ ਹੈ। ਚੀਨ, ਜਾਪਾਨ, ਕੋਰੀਆ ਵਰਗੇ ਦੇਸ਼ ਬਿਨਾਂ ਅੰਗਰੇਜ਼ੀ ਮਾਧਿਅਮ ਦੀ ਸਿੱਖਿਆ ਤੋਂ ਸਾਥੋਂ ਕਿਧਰੇ ਅੱਗੇ ਹਨ। ਉਹ ਇਸੇ ਲਈ ਅੱਗੇ ਹਨ ਕਿ ਉਨ੍ਹਾਂ ਆਪਣੀ ਸਿੱਖਿਆ ਨੂੰ ਵਿਦੇਸ਼ੀ ਭਾਸ਼ਾ ਦਾ ਤਪਦਿਕ ਰੋਗ ਨਹੀਂ ਲੱਗਣ ਦਿੱਤਾ। ਇਥੋਂ ਤੱਕ ਕਿ ਅਮਰੀਕਾ ਅਤੇ ਕੈਨੇਡਾ ਆਦਿ ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿਚ ਵੀ ਸਕੂਲੀ ਸਿੱਖਿਆ ਬੱਚੇ ਦੀ ਮਾਤ ਭਾਸ਼ਾ ਵਿਚ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੇਸ਼ਾਂ ਵਿਚ ਵੀ ਹਜ਼ਾਰਾਂ ਸਕੂਲ ਹਨ ਜਿੱਥੇ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਨਹੀਂ।

ਕੈਨੇਡਾ ਦੀ ਗੱਲ ਤਾਂ ਇਕ ਪਾਸੇ, ਅਮਰੀਕਾ ਦੇ ਦੋ ਸੂਬਿਆਂ, ਨਿਊ ਮੈਕਸੀਕੋ ਅਤੇ ਹਵਾਈ, ਵਿਚ ਸਰਕਾਰੀ ਕੰਮ-ਕਾਜ ਦੀਆਂ ਭਾਸ਼ਾਵਾਂ ਵੀ ਕ੍ਰਮਵਾਰ ਸਪੇਨੀ ਅਤੇ ਹਵਾਈਅਨ ਹਨ। ਅਮਰੀਕਾ ਦੇ ਸ਼ਹਿਰ ਡੈਨਵਰ ਦੀ ਇਕ ਮਿਸਾਲ ਅੱਖਾਂ ਖੋਲ੍ਹਣ ਵਾਲੀ ਹੈ। ਉਥੇ ਇਕ ਸਕੂਲ ਵਿਚ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਨਾ ਹੋ ਕੇ ਉਸ ਇਲਾਕੇ ਦੇ ਅਫਰੀਕੀ ਮੂਲ ਦੇ ਨਿਵਾਸੀਆਂ ਦੀ ਸਥਾਨਕ ਭਾਸ਼ਾ ਸੀ ਪਰ ਸਾਡੇ ਵਾਂਗ ਅੰਗਰੇਜ਼ੀ ਅੰਧ-ਵਿਸ਼ਵਾਸ਼ ਕਾਰਨ ਸਕੂਲ ਦੀ ਪੜ੍ਹਾਈ ਅੰਗਰੇਜ਼ੀ ਵਿਚ ਕਰ ਦਿੱਤੀ ਗਈ। ਦੋ-ਤਿੰਨ ਸਾਲਾਂ ਵਿਚ ਹੀ ਇੰਨੇ ਤਬਾਹਕੁੰਨ ਸਿੱਟੇ ਸਾਹਮਣੇ ਆਏ ਕਿ ਸਕੂਲ ਦੀ ਪੜ੍ਹਾਈ ਮੁੜ ਸਥਾਨਕ ਭਾਸ਼ਾ ਵਿਚ ਕਰ ਦਿੱਤੀ ਗਈ।

ਇਸ ਗੱਲ 'ਤੇ ਯਕੀਨ ਕਰਨਾ ਔਖਾ ਹੈ ਪਰ ਸੱਚਾਈ ਇਹ ਹੈ ਕਿ ਦੱਖਣੀ ਏਸ਼ੀਆ ਦੇ ਖਿੱਤੇ ਨੂੰ ਛੱਡ ਕੇ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿਚ ਅੰਗਰੇਜ਼ੀ ਸਿੱਖਿਆ ਦੇ ਮਾਧਿਅਮ ਵਜੋਂ ਖਤਮ ਹੁੰਦੀ ਜਾ ਰਹੀ ਹੈ। ਇਸ ਸੰਬੰਧ ਵਿਚ ਨਾਈਜੀਰੀਆ, ਮਲੇਸ਼ੀਆ ਅਤੇ ਫਿਲੀਪੀਨ ਵਰਗੇ ਬੜੇ ਦੇਸ਼ਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਯੂਨੈਸਕੋ ਪਿਛਲੇ 50 ਸਾਲਾਂ ਤੋਂ ਬਾਰ-ਬਾਰ ਅਧਿਐਨ ਕਰਕੇ ਕੂਕ-ਕੂਕ ਕੇ ਕਹਿ ਰਹੀ ਹੈ ਕਿ ਸਫਲ ਸਿੱਖਿਆ ਮਾਤ-ਭਾਸ਼ਾ ਰਾਹੀਂ ਹੀ ਸੰਭਵ ਹੈ। ਛੇਵੀਂ ਦੇ ਇਕ ਪਾਠ ਵਿਚ ਸਾਨੂੰ ਸੜਕ ਦੇ ਨਿਯਮ ਪੜ੍ਹਾਏ ਜਾਂਦੇ ਸਨ। ਉਸ ਪਾਠ ਦੀਆਂ ਦੋ ਤੁਕਾਂ ਹਾਲੇ ਵੀ ਮੈਨੂੰ ਯਾਦ ਹਨ - 'ਕੁਝ ਲੋਕਾਂ ਦੀਆਂ ਅੱਖਾਂ ਹੁੰਦੀਆਂ ਹਨ ਪਰ ਵੇਖਦੇ ਨਹੀਂ ਅਤੇ ਕੁਝ ਲੋਕਾਂ ਦੇ ਕੰਨ ਹੁੰਦੇ ਹਨ ਪਰ ਸੁਣਦੇ ਨਹੀਂ।' ਭਾਰਤ ਵਿਚ ਡਾ. ਮਨਮੋਹਨ ਸਿੰਘ ਅਤੇ ਮੋਂਟੇਕ ਸਿੰਘ ਆਹਲੂਵਾਲੀਆ ਜਿਹੇ ਗੈਰ-ਸਿੱਖਿਆ ਸ਼ਾਸ਼ਤਰੀਆਂ ਦੀਆਂ ਸਿੱਖਿਆ ਨੀਤੀਆਂ ਭਾਰੂ ਹੋਣ ਤੋਂ ਪਹਿਲਾਂ ਹਰ ਭਾਰਤੀ ਸਿੱਖਿਆ ਕਮਿਸ਼ਨ ਕਮੇਟੀ ਨੇ ਵੀ ਇਹੀ ਨਿਰਦੇਸ਼ ਦਿੱਤੇ ਹਨ ਕਿ ਸਿੱਖਿਆ ਮਾਤ ਭਾਸ਼ਾ ਵਿਚ ਦਿੱਤੀ ਜਾਵੇ। ਸੋ, ਸਪਸ਼ਟ ਹੈ ਕਿ ਸਫ਼ਲ ਸਿੱਖਿਆ ਲਈ ਸਿੱਖਿਆ ਦਾ ਮਾਧਿਅਮ ਮਾਤ-ਭਾਸ਼ਾ ਵਿਚ ਹੋਣਾ ਅਵਸ਼ੱਕ ਹੈ।

## 2. ਦੁਨੀਆ ਵਿਚ ਅੰਗਰੇਜ਼ੀ ਦੀ ਸਥਿਤੀ

ਇਹ ਆਮ ਖਿਆਲ ਹੈ ਕਿ ਅੰਗਰੇਜ਼ੀ ਇਕੋ ਇਕ ਵਿਸ਼ਵ ਭਾਸ਼ਾ ਹੈ ਅਤੇ ਇਹ ਸਾਰੀਆਂ ਅੰਤਰਰਾਸ਼ਟਰੀ ਸੰਚਾਰ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੈ। ਇਹ ਵੀ ਆਮ ਧਾਰਨਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਥਾਂ ਬਣਾਉਣ ਲਈ ਅਤੇ ਵਿਗਿਆਨ ਅਤੇ ਤਕਨਾਲੋਜੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਅੰਗਰੇਜ਼ੀ ਭਾਸ਼ਾ 'ਤੇ ਮੁਹਾਰਤ ਅਵੱਸ਼ਕ ਹੈ। ਇਨ੍ਹਾਂ ਧਾਰਨਾਵਾਂ ਨੇ ਭਾਰਤ ਵਿਚ ਭਾਸ਼ਾ ਨੀਤੀ ਵਿਚ ਬਹੁਤ ਨੁਕਸਾਨਦੇਹ ਵਿਗਾੜ ਲਿਆਂਦੇ ਹਨ। ਇਸ ਲਈ ਭਾਸ਼ਾ ਨੀਤੀ ਪ੍ਰਤੀ ਠੀਕ ਸਮਝ ਬਣਾਉਣ ਲਈ ਦੁਨੀਆ ਵਿਚ ਅੰਗਰੇਜ਼ੀ ਦੀ ਸਥਿਤੀ ਦਾ ਮੁਲਾਂਕਣ ਜ਼ਰੂਰੀ ਹੈ।

ਗਿਣਤੀ ਦੇ ਹਿਸਾਬ ਨਾਲ ਦੁਨੀਆ ਵਿਚ ਅੰਗਰੇਜ਼ੀ ਲਗਭਗ 35 ਕਰੋੜ ਦੀ ਮਾਤ-ਭਾਸ਼ਾ



Sri Satguru Jagjit Singh Ji Elibrary NamdhariElibrary@gmail.com

ਹੈ। ਜੇ ਇਸ ਵਿਚ ਉਨ੍ਹਾਂ ਵਿਅਕਤੀਆਂ ਨੂੰ ਵੀ ਸ਼ਾਮਲ ਕਰ ਲਈਏ ਜੋ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ ਜਾਣਦੇ ਹਨ ਤਾਂ ਦੁਨੀਆ ਵਿਚ ਅੰਗਰੇਜ਼ੀ ਜਾਨਣ ਵਾਲੇ 60 ਕਰੋੜ ਦੇ ਆਸ-ਪਾਸ ਹਨ। ਇਹ ਦੁਨੀਆ ਦੀ ਆਬਾਦੀ ਦਾ ਲਗਭਗ 12ਵਾਂ ਹਿੱਸਾ ਹੈ। ਇਸ ਦਾ ਮਤਲਬ ਹੈ ਕਿ ਅੰਗਰੇਜ਼ੀ ਭਾਸ਼ਾ ਰਾਹੀਂ ਦੁਨੀਆ ਦੇ 8-9 ਫ਼ੀਸਦੀ ਵਿਅਕਤੀਆਂ ਨਾਲ ਹੀ ਸੰਵਾਦ ਰਚਾਇਆ ਜਾ ਸਕਦਾ ਹੈ ਜਾਂ ਹੋਰ ਕਾਰੋਬਾਰ ਕੀਤਾ ਜਾ ਸਕਦਾ ਹੈ। ਬਾਕੀ 90 ਫ਼ੀਸਦੀ ਤੋਂ ਵੱਧ ਨਾਲ ਗੱਲਬਾਤ ਵਿਚ ਅੰਗਰੇਜ਼ੀ ਕੋਈ ਮਦਦ ਨਹੀਂ ਕਰਦੀ। ਸਾਨੂੰ ਅੰਗਰੇਜ਼ੀ ਦੀ ਵਪਾਰਕ ਲੋੜ ਇਸ ਲਈ ਜ਼ਿਆਦਾ ਜਾਪਦੀ ਹੈ ਕਿ ਭਾਰਤ ਦਾ ਪਹਿਲਾਂ ਅੰਗਰੇਜ਼ਾਂ ਦੀ ਗੁਲਾਮੀ ਦਾ ਇਤਿਹਾਸ ਹੋਣ ਕਰਕੇ ਸਾਡਾ ਵਾਹ ਅੰਗਰੇਜ਼ੀ ਭਾਸ਼ੀ ਵਿਦੇਸ਼ੀਆਂ ਨਾਲ ਵਧੇਰੇ ਰਿਹਾ ਹੈ। ਦੂਜੇ, 1980 ਤੋਂ ਬਾਅਦ ਅਮਰੀਕਾ ਦਾ ਸਾਰੀ ਦੁਨੀਆ 'ਤੇ ਗਲਬਾ ਹੋ ਜਾਣ ਕਰਕੇ ਅਮਰੀਕੀ ਆਰਥਿਕਤਾ ਅਤੇ ਜੀਵਨ ਸ਼ੈਲੀ ਦੇ ਭਾਰੂ ਹੋ ਜਾਣ ਦੇ ਸਿੱਟੇ ਵਜੋਂ ਅੰਗਰੇਜ਼ੀ ਭਾਸ਼ਾ ਦਾ ਗਲਬਾ ਵੀ ਵਧ ਗਿਆ ਹੈ। ਤੀਜੇ, ਇੰਟਰਨੈੱਟ ਜਿਹੇ ਸੂਚਨਾ ਮਾਧਿਅਮ ਮੂਲ ਰੂਪ ਵਿਚ ਅੰਗਰੇਜ਼ੀ 'ਤੇ ਆਧਾਰਤ ਹੋਣ ਕਰਕੇ ਵੀ ਅੰਗਰੇਜ਼ੀ ਭਾਰੂ ਹੋ ਗਈ। ਚੌਥੇ, ਭਾਰਤ ਵਿਚ ਸਿੱਖਿਆ ਦੇ ਨਿਜੀਕਰਣ ਅਤੇ ਵਪਾਰੀਕਰਣ ਨਾਲ ਮਾਤ-ਭਾਸ਼ਾ ਅਧਾਰਤ ਸਰਕਾਰੀ ਸਿੱਖਿਆ ਤਬਾਹ ਕਰ ਦਿੱਤੀ ਗਈ ਅਤੇ ਵਪਾਰਕ ਸਿੱਖਿਆ ਸੰਸਥਾਵਾਂ ਨੇ ਮੁੱਖ ਰੂਪ ਵਿਚ ਅੰਗਰੇਜ਼ੀ ਮਾਧਿਅਮ ਨੂੰ ਹੀ ਅਪਨਾਇਆ। ਇਸ ਦਾ ਕਾਰਣ ਇਹ ਵੀ ਹੈ ਕਿ ਭਾਰਤ ਦੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਨੇ ਭਾਰਤੀ ਭਾਸ਼ਾਵਾਂ ਨੂੰ ਸਿੱਖਿਆ ਦਾ ਮਾਧਿਅਮ (ਵਿਸ਼ੇਸ਼ ਤੌਰ 'ਤੇ ਉਚੇਰੀ ਸਿੱਖਿਆ ਦਾ ਮਾਧਿਅਮ) ਬਣਾਉਣ ਲਈ 70ਵਿਆਂ ਤੋਂ ਬਾਅਦ ਉਪਰਾਲੇ ਬਿਲਕੁਲ ਹੀ ਛੱਡ ਦਿੱਤੇ। ਇਸ ਵਿਚ ਅਮੀਰ ਵਰਗ ਦਾ ਗਰੀਬ ਵਰਗ ਨੂੰ ਸਿੱਖਿਆ ਅਤੇ ਲਾਭ ਵਾਲੀਆਂ ਥਾਵਾਂ ਤੋਂ ਬਾਹਰ ਰੱਖਣ ਦਾ ਸਵਾਰਥ ਵੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਵਿਚ ਵੱਡਾ ਕਾਰਣ ਇਹ ਵੀ ਹੈ ਕਿ ਉਪਰਲਾ ਭਾਰਤੀ ਵਰਗ ਸਦੀਆਂ ਤੱਕ ਵਿਦੇਸ਼ੀ ਹਾਕਮਾਂ ਦੀ ਸੇਵਾਦਾਰੀ ਕਰਦਾ ਆਪਣਾ ਕੌਮੀ ਸਵੈ-ਮਾਣ ਗੁਆ ਚੁੱਕਾ ਹੈ ਅਤੇ ਨਾਂਹ ਕੌਮੀ ਵਿਕਾਸ ਦੇ ਟੀਚੇ ਵੱਲ ਪੂਰੀ ਤਰ੍ਹਾਂ ਪਿੱਠ ਕਰ ਚੁੱਕਿਆ ਹੈ। ਇਨ੍ਹਾਂ ਸਾਰੇ ਕਾਰਣਾਂ ਕਰਕੇ ਅੰਗਰੇਜ਼ੀ ਭਾਸ਼ਾ ਦਾ ਗਲਬਾ ਇੰਨਾ ਵਧ ਗਿਆ ਹੈ ਕਿ ਸਕੂਲੀ ਸਿੱਖਿਆ ਦੇ ਮਾਧਿਅਮ ਵਜੋਂ ਇਹ ਮਾਤ-ਭਾਸ਼ਾਵਾਂ ਨੂੰ ਬਾਹਰ ਕੱਢੀ ਜਾ ਰਹੀ ਹੈ। ਜੇ ਇਸ ਰੁਝਾਨ ਨੂੰ ਛੇਤੀ ਮੋੜਾ ਨਾ ਦਿੱਤਾ ਗਿਆ ਤਾਂ ਭਾਰਤੀ ਮਾਤ-ਭਾਸ਼ਾਵਾਂ ਦੇ ਸਿੱਖਿਆ ਅਤੇ ਪ੍ਰਸ਼ਾਸ਼ਨ ਆਦਿ ਖੇਤਰਾਂ ਵਿਚੋਂ ਬਾਹਰ ਹੋ ਜਾਣ ਦਾ ਖਤਰਾ ਵਾਸਤਵਿਕ ਹੈ। ਕਿਸੇ ਵੀ ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਇਹ ਮੂਲ ਆਧਾਰ ਹਨ।

ਪਰ ਜਿਵੇਂ ਇਤਿਹਾਸ ਵਿਚ ਪਹਿਲਾਂ ਵੀ ਵਾਪਰਦਾ ਰਿਹਾ ਹੈ, ਅੰਗਰੇਜ਼ੀ ਭਾਸ਼ਾ ਦਾ ਗਲਬਾ ਵਧਾਉਣ ਵਾਲੇ ਕਾਰਨ ਕੋਈ ਸਦੀਵੀਂ ਕਾਰਨ ਨਹੀਂ ਹਨ। ਦੁਨੀਆ ਦੇ ਕਿਸੇ ਵੀ ਸਾਮਰਾਜ ਦੇ ਢਹਿ-ਢੇਰੀ ਹੋਣ ਨਾਲ ਸਾਮਰਾਜੀ ਭਾਸ਼ਾ ਦਾ ਗਲਬਾ ਵੀ ਖਤਮ ਹੋ ਜਾਂਦਾ ਹੈ। ਕਿਉਂਕਿ ਹਰ ਸਾਮਰਾਜ ਦੇ ਢਹਿ-ਢੇਰੀ ਹੋਣ ਦੇ ਕਾਰਣ ਉਸ ਦੇ ਅੰਦਰ ਹੀ ਹੁੰਦੇ ਹਨ ਇਸ ਲਈ ਅਮਰੀਕੀ ਸਾਮਰਾਜ ਦਾ ਗਲਬਾ ਵੀ ਸਦੀਵੀਂ ਨਹੀਂ। ਚੀਨ-ਦੁਨੀਆ ਦੇ ਨਕਸ਼ੇ 'ਤੇ ਵੱਡੀ ਆਰਥਕ ਸ਼ਕਤੀ ਬਣ ਕੇ ਸਾਹਮਣੇ ਆ ਚੁੱਕਾ ਹੈ। ਇਸ ਨਾਲ ਚੀਨੀ ਭਾਸ਼ਾ ਦਾ ਵੀ ਅੰਤਰਰਾਸ਼ਟਰੀ ਕਾਰੋਬਾਰ ਦੀ ਭਾਸ਼ਾ ਬਣ ਜਾਣ ਵਾਲਾ ਹੈ। ਕੱਲ੍ਹ ਹੀ ਅਖਬਾਰ ਵਿਚ ਖਬਰ ਆਈ ਹੈ ਕਿ ਕੇਂਦਰੀ ਸਕੂਲ ਵਿਦਿਆਲਾ ਸੰਗਠਨ ਆਪਣੇ ਸਕੂਲਾਂ ਵਿਚ ਚੀਨੀ ਭਾਸ਼ਾ ਪੜ੍ਹਾਉਣ ਦੇ ਪ੍ਰਬੰਧ ਕਰੇਗਾ। ਅਮਰੀਕਾ ਦੇ ਇਕ ਉੱਚ-ਪੱਧਰੀ ਨੀਤੀ ਘਾੜੇ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਹੋ ਸਕਦਾ ਹੈ ਕਿ ਕੁਝ ਸਾਲਾਂ ਨੂੰ ਅਸੀਂ ਆਪਣੇ ਆਪ ਨੂੰ ਇੰਜ ਕਹੀਏ ਕਿ ਅਸੀਂ ਕਿੰਨੇ ਮੂਰਖ ਸਾਂ ਕਿ ਅੰਗਰੇਜ਼ੀ ਪਿੱਛੇ



Sri Satguru Jagjit Singh Ji Elibrary NamdhariElibrary@gmail.com

ਪਏ ਸਾਂ। ਲੋੜ ਤਾਂ ਚੀਨੀ ਸਿੱਖਣ ਦੀ ਸੀ। ਅਮਰੀਕੀ ਯੂਨੀਵਰਸਿਟੀਆਂ ਵਿਚ ਵੀ ਗੈਰ-ਅੰਗਰੇਜ਼ੀ ਭਾਸ਼ਾਵਾਂ ਸਿੱਖਣ ਵਾਲਿਆਂ ਦੀ ਗਿਣਤੀ ਵਿਚ ਲਗਾਤਾਰ ਵੱਡਾ ਵਾਧਾ ਹੋ ਰਿਹਾ ਹੈ। ਬਹੁ-ਕੌਮੀ ਕੰਪਨੀਆਂ ਉਨ੍ਹਾਂ ਵਿਅਕਤੀਆਂ ਨੂੰ ਨੌਕਰੀ ਵਿਚ ਤਰਜੀਹ ਦੇਣ ਲੱਗ ਪਈਆਂ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਵੀ ਆਉਂਦੀ ਹੋਵੇ। ਦੁਨੀਆ ਦੀ ਮੰਡੀ ਦੇ ਏਕੀਕਰਣ ਨਾਲ ਜਿੱਥੇ ਪਹਿਲਾਂ ਅੰਗਰੇਜ਼ੀ ਭਾਸ਼ਾ ਨੂੰ ਬਲ ਮਿਲਿਆ ਸੀ ਹੁਣ ਇਸੇ ਦੇ ਨਤੀਜੇ ਵਜੋਂ ਵਪਾਰਕ ਅਦਾਨ-ਪ੍ਰਦਾਨ ਵਿਚ ਸਥਾਨਕ ਭਾਸ਼ਾਵਾਂ ਦੀ ਲੋੜ ਅਤੇ ਮਹੱਤਤਾ ਵੀ ਵਧ ਗਈ ਹੈ। ਬਹੁਤ ਸਾਰੇ ਉਪਰਕਣ (ਕੰਪਿਊਟਰ ਆਦਿ) ਭਾਸ਼ਾ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਵਿਕਰੀ ਲਈ ਇਨ੍ਹਾਂ ਨੂੰ ਸਥਾਨਕ ਭਾਸ਼ਾਵਾਂ 'ਤੇ ਅਧਾਰਤ ਕਰਨਾ ਜ਼ਰੂਰੀ ਹੋ ਗਿਆ ਹੈ। ਇੰਟਰਨੈੱਟ 'ਤੇ ਵੀ ਅੰਗਰੇਜ਼ੀ ਦੀ ਇੰਜ਼ਾਏਦਾਰੀ ਖਤਮ ਹੋ ਰਹੀ ਹੈ ਅਤੇ ਗੈਰ-ਅੰਗਰੇਜ਼ੀ ਭਾਸ਼ਾਵਾਂ ਦਾ ਹਿੱਸਾ ਵਧੀ ਜਾ ਰਿਹਾ ਹੈ। ਅੰਗਰੇਜ਼ੀ ਦੇ ਪਸਾਰ ਨਾਲ ਮਾਤ-ਭਾਸ਼ਾਵਾਂ ਅਤੇ ਸਭਿਆਚਾਰ ਦੇ ਭਾਰੀ ਨੁਕਸਾਨ ਹੋਣ ਕਰਕੇ ਮਾਤ-ਭਾਸ਼ਾਵਾਂ ਅਤੇ ਸਭਿਆਚਾਰਾਂ ਪ੍ਰਤੀ ਚੇਤਨਤਾ ਅਤੇ ਅੰਗਰੇਜ਼ੀ ਦਾ ਵਿਰੋਧ ਵੀ ਵਧ ਰਿਹਾ ਹੈ। ਅੰਗਰੇਜ਼ੀ ਦੇ ਪਸਾਰ ਨਾਲ ਸਿੱਖਿਆ, ਸਭਿਆਚਾਰ, ਸਮਾਜਕ ਅਤੇ ਪ੍ਰਸ਼ਾਸ਼ਨਿਕ ਆਦਿ ਖੇਤਰਾਂ ਵਿਚ ਹੋਣ ਵਾਲੇ ਵੱਡੇ ਨੁਕਸਾਨ ਵੀ ਸਾਹਮਣੇ ਆਉਣ ਲੱਗੇ ਹਨ ਅਤੇ ਇਨ੍ਹਾਂ ਖੇਤਰਾਂ ਵਿਚ ਮਾਤ-ਭਾਸ਼ਾਵਾਂ ਦੇ ਰੋਲ ਦੀ ਮਹੱਤਤਾ ਦੇ ਹੱਕ ਵਿਚ ਦਲੀਲਾਂ ਵਧੇਰੇ ਸਵੀਕਾਰ ਹੋਣ ਲੱਗੀਆਂ ਹਨ। ਮਨੁੱਖੀ ਨਸਲ ਦੇ ਵਿਕਾਸ ਦੇ ਇਸ ਪੜਾਅ 'ਤੇ ਦੁਨੀਆ ਵਿਚ ਜਮਹੂਰੀ ਪ੍ਰਕਿਰਿਆ ਨੂੰ ਪੁੱਠਾ ਮੋੜਨਾ ਕਿਉਂਕਿ ਹੁਣ ਆਸਾਨ ਨਹੀਂ ਹੈ, ਇਸ ਲਈ ਸਥਾਨਕ ਭਾਸ਼ਾਵਾਂ ਦੀ ਸਮਾਜਕ ਸ਼ਕਤੀ ਵਿਚ ਵਾਧੇ ਦਾ ਰੁਝਾਨ ਵੀ ਜਾਰੀ ਰਹਿਣਾ ਸੁਭਾਵਕ ਹੈ। ਭਾਸ਼ਾ ਨਾਲ ਕਿਉਂਕਿ ਤਾਕਤ ਦੀ ਵੰਡ ਵੀ ਜੁੜੀ ਹੋਈ ਹੈ, ਇਸ ਲਈ ਤਾਕਤ ਦੀ ਵੰਡ ਦੀ ਲੜਾਈ ਵਿਚ ਮਾਤ-ਭਾਸ਼ਾਵਾਂ ਦੀ ਥਾਂ ਦੀ ਲੜਾਈ ਵੀ ਲੜੀ ਜਾ ਰਹੀ ਹੈ। ਉਪਰਲੇ ਵਰਗ ਦੀ ਪਛਾਣ ਅੰਗਰੇਜ਼ੀ ਭਾਸ਼ਾ ਨਾਲ ਜੁੜਦੀ ਜਾਣ ਕਰਕੇ ਵਰਗਾਂ ਦੀ ਲੜਾਈ ਨਾਲ ਭਾਸ਼ਾਵਾਂ ਦੀ ਲੜਾਈ ਵੀ ਜੁੜੀ ਹੋਈ ਹੈ। ਵੰਚਿਤ ਵਰਗ ਨੂੰ ਅਹਿਸਾਸ ਹੋਣ ਲੱਗ ਗਿਆ ਹੈ ਕਿ ਅੰਗਰੇਜ਼ੀ ਭਾਸ਼ਾ ਨੂੰ ਸੰਦ ਬਣਾ ਕੇ ਕਿਵੇਂ ਉਨ੍ਹਾਂ ਨੂੰ ਸਿੱਖਿਆ, ਤਾਕਤ ਅਤੇ ਲਾਭ ਵਾਲੀਆਂ ਥਾਵਾਂ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਯੂਰਪੀ ਯੂਨੀਅਨ ਇਕ ਰਾਜਨੀਤਕ ਇਕਾਈ ਵਜੋਂ ਉਭਰ ਕੇ ਸਾਹਮਣੇ ਆ ਰਹੀ ਹੈ ਅਤੇ ਯੂਰਪੀ ਯੂਨੀਅਨ ਨੇ ਅੰਗਰੇਜ਼ੀ ਦੇ ਨਾਲ ਨਾਲ ਫਰਾਂਸੀਸੀ ਭਾਸ਼ਾ ਨੂੰ ਵੀ ਯੂਰਪੀ ਯੂਨੀਅਨ ਦੇ ਕੰਮ-ਕਾਜ ਦੀ ਭਾਸ਼ਾ ਮੰਨਿਆ ਹੈ। ਜਰਮਨੀ, ਫਰਾਂਸ ਅਤੇ ਸਪੇਨ ਯੂਰਪੀ ਯੂਨੀਅਨ ਦੀ ਅਗਵਾਈ ਕਰਨ ਵਾਲੇ ਦੇਸ਼ ਹਨ ਅਤੇ ਇਨ੍ਹਾਂ ਚੋਂ ਇੱਕ ਦੀ ਵੀ ਭਾਸ਼ਾ ਅੰਗਰੇਜ਼ੀ ਨਹੀਂ ਹੈ। ਦੱਖਣੀ ਏਸ਼ੀਆ ਅਤੇ ਇੱਕਾ-ਦੁੱਕਾ ਹੋਰ ਦੇਸ਼ਾਂ ਨੂੰ ਛੱਡ ਕੇ ਦੁਨੀਆ ਦੇ ਸਾਰੇ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ਾਂ ਵਿਚ ਹਰ ਪੱਧਰ ਦੀ ਸਿੱਖਿਆ ਉਥੋਂ ਦੀ ਸਥਾਨਕ ਭਾਸ਼ਾ ਵਿਚ ਦਿੱਤੀ ਜਾ ਰਹੀ ਹੈ। ਜਿਸ ਗੈਰ-ਅੰਗਰੇਜ਼ੀ ਭਾਸ਼ੀ ਦੇਸ਼ ਨੇ ਸਿੱਖਿਆ ਨੂੰ ਅੰਗਰੇਜ਼ੀ ਅਧਾਰਤ ਬਣਾਇਆ ਹੈ ਉਸਨੇ ਕੋਈ ਵਿਸ਼ੇਸ਼ ਸਮਾਜਕ ਵਿਕਾਸ ਵੀ ਹਾਸਲ ਨਹੀਂ ਕੀਤਾ ਅਤੇ ਗੁਰਬਤ ਅਤੇ ਸਮਾਜਕ ਖਿੰਡਰਾਅ ਦੀਆਂ ਗੰਭੀਰ ਸਮੱਸਿਆਵਾਂ ਚੋਂ ਉਭਰ ਵੀ ਨਹੀਂ ਸਕਿਆ। ਇਥੇ ਜ਼ਿਕਰਯੋਗ ਹੈ ਕਿ ਭਾਰਤ ਗਰੀਬੀ ਘਟਾਉਣ ਦੀ ਦਰ ਅਤੇ ਸਕੂਲੀ ਸਿੱਖਿਆ ਵਧਾਉਣ ਦੀ ਦਰ ਵਿਚ ਬੰਗਲਾਦੇਸ਼ ਤੋਂ ਵੀ ਫਾਡੀ ਹੈ।

ਇਹ ਠੀਕ ਹੈ ਕਿ ਦੁਨੀਆ ਦੀ ਪੱਧਰ 'ਤੇ ਆਦਾਨ-ਪ੍ਰਦਾਨ ਲਈ ਅੰਗਰੇਜ਼ੀ ਕਿਸੇ ਵੀ ਹੋਰ ਭਾਸ਼ਾ ਨਾਲੋਂ ਵਧੇਰੇ ਵਰਤੀ ਜਾ ਰਹੀ ਹੈ। ਇਹ ਕੋਈ ਮਾੜੀ ਗੱਲ ਵੀ ਨਹੀਂ ਹੈ ਕਿ ਦੁਨੀਆ ਦੇ ਲੋਕ ਕਿਸੇ ਨਾ ਕਿਸੇ ਭਾਸ਼ਾ ਵਿਚ ਆਪਸ ਵਿਚ ਗੱਲ ਕਰ ਸਕਣ। ਪਰ ਦੁਨੀਆ ਦੇ ਪੱਧਰ 'ਤੇ



Sri Satguru Jagjit Singh Ji Elibrary NamdhariElibrary@gmail.com

ਆਦਾਨ-ਪ੍ਰਦਾਨ ਦੀ ਭਾਸ਼ਾ ਹੋਣਾ ਹੋਰ ਗੱਲ ਹੈ ਅਤੇ ਅੰਗਰੇਜ਼ੀ ਦਾ ਮਾਤ-ਭਾਸ਼ਾਵਾਂ ਦਾ ਵਿਹੜਾ ਮੱਲ ਲੈਣਾ ਹੋਰ। ਇਸ ਲਈ ਬਹੁਤ ਜ਼ਰੂਰੀ ਹੈ ਕਿ ਮਾਤ-ਭਾਸ਼ਾਵਾਂ ਦੇ ਬਣਦੇ ਖੇਤਰਾਂ ਵਿਚ ਮਾਤ-ਭਾਸ਼ਾਵਾਂ ਨੂੰ ਉਚਿਤ ਥਾਂ ਮਿਲੇ। ਇਸ ਵਿਚ ਸਭ ਤੋਂ ਵੱਡਾ ਖੇਤਰ ਸਿੱਖਿਆ ਦਾ ਮਾਧਿਅਮ ਹੋਣਾ ਹੈ। ਮਾਤ-ਭਾਸ਼ਾਵਾਂ ਅਤੇ ਸਥਾਨਕ ਸਭਿਆਚਾਰਾਂ ਦੇ ਵਿਕਾਸ ਤੋਂ ਬਿਨਾਂ ਅਜ਼ਾਦੀ ਹੀ ਅਧੂਰੀ ਨਹੀਂ, ਚੰਗਾ ਮਨੁੱਖੀ ਵਿਕਾਸ ਵੀ ਸੰਭਵ ਨਹੀਂ ਹੈ।

## 3. ਵਿਗਿਆਨ ਦੀ ਪੜ੍ਹਾਈ, ਪੰਜਾਬੀ ਅਤੇ ਅੰਗਰੇਜ਼ੀ

ਅੰਗਰੇਜ਼ੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦੇ ਹੱਕ ਵਿਚ ਇਕ ਆਮ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸ਼ਬਦਾਵਲੀ ਦੀ ਘਾਟ ਕਰਕੇ ਪੰਜਾਬੀ ਵਿਚ ਵਿਗਿਆਨ ਦੀ ਪੜ੍ਹਾਈ ਲਈ ਸਮਰੱਥਾ ਨਹੀਂ ਹੈ ਅਤੇ ਨਾ ਹੀ ਪੰਜਾਬੀ ਵਿਚ ਵਿਗਿਆਨ ਦੀ ਪੜ੍ਹਾਈ ਲਈ ਸਮੱਗਰੀ ਹੈ। ਇਸ ਲੇਖ ਵਿਚ ਇਨ੍ਹਾਂ ਦੋ ਸਵਾਲਾਂ ਨੂੰ ਵਾਚਿਆ ਗਿਆ ਹੈ।

3.1 ਸਮਰੱਥਾ ਦਾ ਸਵਾਲ: ਜਿਥੋਂ ਤੱਕ ਸਮਰੱਥਾ ਦਾ ਸਵਾਲ ਹੈ, ਭਾਸ਼ਾ ਮਾਹਿਰ ਬਾਰ-ਬਾਰ ਇਹ ਸਥਾਪਤ ਕਰ ਚੁੱਕੇ ਹਨ ਕਿ ਹਰ ਭਾਸ਼ਾ ਵਿਚ ਉਚੇਰੇ ਤੋਂ ਉਚੇਰੇ ਭਾਸ਼ਾਈ ਕਾਰਜ ਦੀ ਸਮਰੱਥਾ ਹੁੰਦੀ ਹੈ ਬੱਸ ਲੋੜ ਭਾਸ਼ਾ ਦੀ ਵਰਤੋਂ ਦੀ ਹੁੰਦੀ ਹੈ। ਨਵੇਂ ਸੰਕਲਪਾਂ ਅਤੇ ਵਸਤੂਆਂ ਦੇ ਆਉਣ ਨਾਲ ਨਵੀਂ ਸ਼ਬਦਾਵਲੀ ਦੀ ਲੋੜ ਜ਼ਰੂਰ ਹੁੰਦੀ ਹੈ ਪਰ ਕਿਸੇ ਵੀ ਭਾਸ਼ਾ ਦੀ ਨਵੀਂ ਤੋਂ ਨਵੀਂ ਸ਼ਬਦਾਵਲੀ ਵੀ ਮੂਲ ਸ਼ਬਦਾਵਲੀ ਦਾ ਪਸਾਰ ਹੀ ਹੁੰਦੀ ਹੈ ਅਤੇ ਸਭ ਭਾਸ਼ਾਵਾਂ ਦੀ ਮੂਲ ਸ਼ਬਦਾਵਲੀ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ। ਕਿਸੇ ਵੀ ਭਾਸ਼ਾ ਦੀ ਮੂਲ ਸ਼ਬਦਾਵਲੀ ਦਾ ਅਜਿਹਾ ਪਸਾਰ ਬੜੇ ਮਾਮੂਲੀ ਯਤਨ ਨਾਲ ਕੀਤਾ ਜਾ ਸਕਦਾ ਹੈ। ਦੁਨੀਆ ਭਰ ਦੀਆਂ ਭਾਸ਼ਾਵਾਂ ਦੇ ਬੁਲਾਰਿਆਂ ਨੇ ਸ਼ਬਦਾਵਲੀ ਦਾ ਅਜਿਹਾ ਬਹੁਤ ਪਸਾਰ ਕਿਸੇ ਤਰ੍ਹਾਂ ਦੀ ਪੜ੍ਹਾਈ ਕੀਤੇ ਬਿਨਾਂ ਹੀ ਕੀਤਾ ਹੈ। ਇਹ ਕੰਮ ਲੋਕ ਸਹਿਜ ਸੁਭਾਵਕ ਬਿਨਾਂ ਕਿਸੇ ਸੰਸਥਾਈ ਸਿੱਖਿਆ ਦੇ ਵੀ ਕਰੀ ਜਾ ਰਹੇ ਹਨ। ਦੁਨੀਆ ਦੀ ਕਿਸੇ ਭਾਸ਼ਾ ਦੀ ਵੀ ਮੂਲ ਸ਼ਬਦਾਵਲੀ ਕਿਸੇ ਪੜ੍ਹੇ ਲਿਖੇ ਨੇ ਨਹੀਂ ਬਣਾਈ। ਇਹ ਅਨਪੜ੍ਹ ਮਨੁੱਖਾਂ ਨੇ ਸਹਿਜ ਸੁਭਾਵਕ ਪੈਦਾ ਕੀਤੀ ਹੈ। ਪੜ੍ਹੇ ਲਿਖੇ ਵਰਗ ਨੇ ਇਨ੍ਹਾਂ ਮੂਲ ਸ਼ਬਦਾਂ ਤੋਂ ਹੀ ਅੱਗੋਂ ਨਵੇਂ ਸ਼ਬਦ ਘੜੇ ਹਨ। ਅੰਗਰੇਜ਼ੀ ਭਾਸ਼ਾਈ ਵਿਦਵਾਨਾਂ ਦਾ ਵੀ ਅੰਗਰੇਜ਼ੀ ਦੀ ਅਮੀਰੀ ਬਣਾਉਣ ਵਿਚ ਬਸ ਇੰਨਾ ਕੁ ਯੋਗਦਾਨ ਹੈ। ਪਿੰਡ ਦੇ ਕਿਸੇ ਖੁੰਢ 'ਤੇ ਸਿਰਫ ਇਕ ਦਿਹਾੜੀ ਲਾਉਣ ਨਾਲ ਹੀ ਪਤਾ ਲੱਗ ਜਾਵੇਗਾ ਕਿ ਕਿਵੇਂ ਲੋਕ ਸ਼ਬਦ ਘੜ ਘੜ ਸੁੱਟੀ ਜਾ ਰਹੇ ਹਨ। ਕਿਸੇ ਭਾਸ਼ਾ ਦੀ ਸਮਰੱਥਾ ਬਾਰੇ ਅਤੇ ਇਸ ਸਮਰੱਥਾ 'ਤੇ ਕਿੰਤੂ ਕਰਨ ਵਾਲੇ ਨੂੰ ਇਹ ਟਿੱਪਣੀ ਬੜੀ ਹਲਕੀ ਜਿਹੀ ਲੱਗ ਸਕਦੀ ਹੈ ਪਰ ਥੋੜ੍ਹੀ ਦਿਮਾਗੀ ਖੇਚਲ ਨਾਲ ਹੀ ਇਸ ਦੀ ਗੰਭੀਰਤਾ ਦਾ ਅਹਿਸਾਸ ਹੋ ਜਾਵੇਗਾ। ਸ਼ਬਦਾਵਲੀ ਦੀ ਜਿਸ ਅਮੀਰੀ ਲਈ ਅੰਗਰੇਜ਼ੀ ਦੇ ਸਿਰ 'ਤੇ ਤਾਜ ਰੱਖਿਆ ਜਾਂਦਾ ਹੈ ਇਹ ਅੰਗਰੇਜ਼ੀ ਵਲੋਂ ਮਾਰੀ ਡਕੈਤੀ ਦਾ ਨਤੀਜਾ ਹੈ। ਅੰਗਰੇਜ਼ੀ ਵਿਚਲੀ ਗਿਆਨ-ਵਿਗਿਆਨ ਦੀ ਲਗਭਗ ਸਾਰੀ ਸ਼ਬਦਾਵਲੀ ਲਾਤੀਨੀ ਅਤੇ ਫਰਾਂਸੀਸੀ ਮੂਲ ਦੀ ਹੈ। ਇਹ ਕੋਈ ਐਸੀ ਅਲੋਕਾਰ ਚੀਜ਼ ਵੀ ਨਹੀਂ ਹੈ ਜਿਹੜੀ ਹੋਰ ਭਾਸ਼ਾ ਵਿਚ ਨਾ ਮਿਲਦੀ ਹੋਵੇ। ਮਿਸਾਲ ਲਈ ਵਧੇਰੇ ਔਖਿਆਂ ਕਰਨ ਵਾਲੇ ਖੇਤਰ ਵੈਦਗੀ ਦੀ ਕੁਝ ਸ਼ਬਦਾਵਲੀ ਨੂੰ ਲਿਆ ਜਾ ਸਕਦਾ ਹੈ। ਮੈਂ ਵੈਦਗੀ ਦੀ ਇੱਕ ਕਿਤਾਬ ਅੱਖਾਂ ਬੰਦ ਕਰਕੇ ਖੋਲ੍ਹੀ ਹੈ। ਮੇਰੇ ਸਾਹਮਣੇ ਇਹ ਸ਼ਬਦ ਆਏ ਹਨ : Lipaemia, Liparia, Lipase, Lipamia, Lipid, Lipide, Lipodystrophia, Lipodystrophy, Lipoid, Lipolysis, Li-



Sri Satguru Jagjit Singh Ji Elibrary NamdhariElibrary@gmail.com

poma, Lipometosis. ਇਹ ਸ਼ਬਦ ਪੜ੍ਹਕੇ ਇੱਕ ਵਾਰ ਤਾਂ ਬੇਹੋਸ਼ੀ ਜਿਹੀ ਆਉਣ ਲੱਗਦੀ ਹੈ ਕਿ ਪੰਜਾਬੀ ਵਿਚ ਵੈਦਗੀ (ਸੱਭਿਆ ਪੁਰਖ ਇਸ ਨੂੰ ਮੈਡੀਕਲ ਸਾਇੰਸ ਆਖਦੇ ਨੇ) ਪੜ੍ਹਾਉਣੀ ਪੈ ਗਈ ਤਾਂ ਸ਼ਬਦ ਕਿਥੋਂ ਲੱਭਣਗੇ।

ਪਿਆਰੇ ਪੰਜਾਬੀ ਵੀਰੋ! ਨਾ ਘਬਰਾਓ। ਇਨ੍ਹਾਂ ਲਈ ਪੰਜਾਬੀ ਸ਼ਬਦ ਹੁਣੇ ਲਵੋ। ਇਹ ਸਾਰੇ ਲਿਪੀਏ-ਸ਼ਿਪੀਏ ਕੁਝ ਨਹੀਂ ਬੱਸ ਚਰਬੀ ਨਾਲ ਸੰਬੰਧਤ ਕੁਝ ਬਲਾਈਂ ਹਨ। ਇਨ੍ਹਾਂ ਲਈ ਪੰਜਾਬੀ ਸ਼ਬਦ ਤਰਤੀਬਵਾਰ ਇਹ ਹੋ ਸਕਦੇ ਹਨ : ਚਰਬੀ-ਰੱਤੀਆ (ਰੱਤ ਵਿਚ ਚਰਬੀ ਦਾ ਵਧ ਜਾਣਾ), ਚਰਬੀਬਹੁਲਤਾ (ਮੋਟੇ ਹੋ ਜਾਣਾ), ਚਰਬੀ-ਰਸ (ਚਰਬੀ ਪਚਾਉਣ ਵਾਲਾ ਇਕ ਰਸ), ਚਰਬੀ-ਰੱਤ (ਰੱਤ ਵਿਚ ਚਰਬੀ ਹੋਣਾ), ਚਰਬੀਲਾ (ਚਰਬੀ ਵਰਗਾ), ਚਰਬੀਲਾ (ਹੀ), ਚਰਬੀ-ਪਚਨ-ਦੋਸ਼ (ਚਰਬੀ ਦੇ ਪਚਣ ਵਿਚ ਮੁਸ਼ਕਲ), ਚਰਬੀ-ਪਚਨ-ਦੋਸ਼ (ਹੀ), ਚਰਬੀਲਾ (ਹੀ), ਚਰਬੀ-ਖੰਡਣ (ਚਰਬੀ ਦਾ ਰਸਾਇਣੀ ਵਿਘਟਨ), ਚਰਬੀ-ਗੰਢ (ਚਰਬੀ ਦੀ ਰਸੌਲੀ) ਅਤੇ ਚਰਬੀ-ਗੰਢੀਆ (ਚਰਬੀ ਦੀ ਗੰਢ ਬਣਨਾ)। ਇਨ੍ਹਾਂ ਪੰਜਾਬੀ ਸ਼ਬਦਾਂ ਵਿਚ ਬੱਸ ਦੋ ਨੁਕਸ ਜ਼ਰੂਰ ਹਨ - ਇਕ ਤਾਂ ਇਹ ਝੱਟ ਸਮਝ ਆ ਜਾਂਦੇ ਹਨ ਤੇ ਦੂਜੇ ਇਹ ਸੁਣਕੇ ਕੰਨਾਂ ਵਿਚ ਗੁਲਾਮਦਾਰੀ ਘੰਟੀਆਂ ਨਹੀਂ ਵੱਜਦੀਆਂ 'ਜੋ Lipaemia Liparia ਆਦਿ ਨਾਲ ਵੱਜਦੀਆਂ ਹਨ। ਸੋ ਪੰਜਾਬੀ ਭਰਾਵੋ, ਦਾਸ ਦੀ ਸਨਿਮਰ ਬੇਨਤੀ ਹੈ ਕਿ ਅੰਗਰੇਜ਼ੀ ਨੂੰ ਜਿੰਨੀਆਂ ਚਾਹੋ ਜੱਫੀਆਂ ਪਾਓ ਪਰ ਰੱਬ ਵਾਸਤੇ ਪੰਜਾਬੀ ਮਾਂ-ਬੋਲੀ ਨੂੰ ਸਮਰੱਥਾ-ਗਾਲ੍ਹਾਂ ਨਾ ਕੱਢੋ। (ਨਾਚ ਨਾ ਜਾਣੇ ਵਿਹੜਾ ਵਿੰਗਾ, ਬਾਕੀ ਆਦਤਾਂ ਵਾਂਗ ਗੁਲਾਮ ਰਹਿਣ ਦੀ ਵੀ ਆਦਤ ਪੈ ਜਾਂਦੀ ਹੈ)

3.2 ਸਮੱਗਰੀ ਦਾ ਸਵਾਲ: ਅੰਗਰੇਜ਼ੀਵਾਦ ਦੇ ਹੱਕ ਵਿਚ ਇਕ ਹੋਰ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਅੰਗਰੇਜ਼ੀ ਮਾਧਿਅਮ ਵਿਚ ਇਸ ਲਈ ਪੜ੍ਹਾਇਆ ਜਾ ਰਿਹਾ ਹੈ ਕਿਉਂਕਿ ਪੰਜਾਬੀ ਵਿਚ ਵਿਗਿਆਨ ਦੀ ਪੜ੍ਹਾਈ ਲਈ ਪੁਸਤਕਾਂ ਆਦਿ ਨਹੀਂ ਹਨ। ਦਸਵੀਂ ਪੱਧਰ ਤੱਕ ਦੀ ਪੜ੍ਹਾਈ ਤੱਕ ਦੀ ਪੜ੍ਹਾਈ ਬਾਰੇ ਤਾਂ ਇਹ ਦਲੀਲ ਸਰਾਸਰ ਗਲਤ ਹੈ। 1980 ਤੱਕ ਦੋ-ਤਿੰਨ ਸਕੂਲਾਂ ਨੂੰ ਛੱਡ ਕੇ ਸਾਰੇ ਪੰਜਾਬ ਵਿਚ ਦਸਵੀਂ ਤੱਕ ਦੀ ਵਿਗਿਆਨ ਦੀ ਪੜ੍ਹਾਈ ਪੰਜਾਬੀ ਵਿਚ ਕਰਾਈ ਜਾਂਦੀ ਸੀ। ਸਰਕਾਰੀ ਸਕੂਲਾਂ ਵਿਚ ਹੁਣ ਵੀ ਇਸ ਪੱਧਰ ਦੀ ਵਿਗਿਆਨ ਦੀ ਪੜ੍ਹਾਈ ਪੰਜਾਬੀ ਵਿਚ ਹੀ ਕਰਾਈ ਜਾਂਦੀ ਹੈ। ਸੋ, ਇਸ ਪੱਧਰ ਦੀ ਸਮੱਗਰੀ ਦੀ ਅਣਹੋਂਦ ਨਹੀਂ ਕਹੀ ਜਾ ਸਕਦੀ। ਜੇ ਕਿਧਰੇ ਪੰਜਾਬੀ ਮਾਧਿਅਮ ਵਾਲੇ ਸਰਕਾਰੀ ਸਕੂਲਾਂ ਵਿਚ ਵੀ ਅੰਗਰੇਜ਼ੀ ਮਾਧਿਅਮ ਵਾਲੇ ਨਿੱਜੀ ਸਕੂਲਾਂ ਜਿੰਨੀ ਪੜ੍ਹਾਈ ਕਰਵਾਈ ਜਾਵੇ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਵਰਗੇ ਸਕੂਲੀ ਤੇ ਘਰੇਲੂ ਹਾਲਾਤ ਪ੍ਰਾਪਤ ਹੋ ਜਾਣ ਤਾਂ ਹੀ ਪਤਾ ਲੱਗੇਗਾ ਕਿ ਵਿਗਿਆਨ ਅੰਗਰੇਜ਼ੀ ਵਿਚ ਪੜ੍ਹਿਆਂ ਜ਼ਿਆਦਾ ਆਉਂਦਾ ਹੈ ਜਾਂ ਪੰਜਾਬੀ ਵਿਚ। ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਮਾਨਵ ਵਿਗਿਆਨਾਂ ਅਤੇ ਸਮਾਜ ਵਿਗਿਆਨਾਂ ਦੀ ਹਰ ਪੱਧਰ ਦੀ ਪੜ੍ਹਾਈ ਪੰਜਾਬੀ ਵਿਚ ਹੋ ਰਹੀ ਹੈ। ਕੀ ਇਨ੍ਹਾਂ ਵਿਗਿਆਨਾਂ ਦੇ ਸੰਕਲਪ ਦੂਜੇ ਵਿਗਿਆਨਾਂ ਨਾਲੋਂ ਸੌਖੇ ਹਨ? ਬਲਕਿ ਗੱਲ ਇਸ ਦੇ ਉਲਟ ਹੈ। ਮਾਨਵ ਵਿਗਿਆਨਾਂ ਅਤੇ ਸਮਾਜ ਵਿਗਿਆਨਾਂ ਦੇ ਸੰਕਲਪ ਵਧੇਰੇ ਅਮੂਰਤ ਹੁੰਦੇ ਹਨ। ਜਿਸ ਭਾਸ਼ਾ ਕੋਲ ਅਮੂਰਤ ਸੰਕਲਪਾਂ ਲਈ ਸਮੱਗਰੀ ਅਤੇ ਸਮਰੱਥਾ ਹੈ ਉਸ ਲਈ ਬਾਕੀ ਵਿਗਿਆਨਾਂ ਦੇ ਮੂਰਤ ਸੰਕਲਪਾਂ ਲਈ ਤਾਂ ਰੱਤੀ ਭਰ ਵੀ ਮੁਸ਼ਕਲ ਨਹੀਂ ਹੋਣੀ ਚਾਹੀਦੀ। ਕਿਸੇ ਵੀ ਭਾਸ਼ਾ ਦੀ ਵਿਕਾਸ ਦੀ ਅਵਸਥਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾਂਦਾ ਹੈ ਕਿ ਉਸ ਵਿਚ ਅਮੂਰਤ ਸੰਕਲਪਾਂ ਦੇ ਪ੍ਰਗਟਾਵੇ ਲਈ ਸਮੱਗਰੀ ਪ੍ਰਾਪਤ ਹੈ ਜਾਂ ਨਹੀਂ। ਸੋ, ਜੇ ਸ਼ੁੱਧ ਵਿਗਿਆਨਾਂ



Sri Satguru Jagjit Singh Ji Elibrary NamdhariElibrary@gmail.com

ਅਤੇ ਤਕਨਾਲੋਜੀ ਜਿਹੇ ਵਿਸ਼ਿਆਂ ਲਈ ਪੰਜਾਬੀ ਵਿਚ ਉਚੇਰੀ ਸਿੱਖਿਆ ਲਈ ਸਮੱਗਰੀ ਦੀ ਘਾਟ ਹੈ ਤਾਂ ਇਹ ਵਿਗਿਆਨਾਂ ਦੇ ਮਾਹਿਰ ਪੰਜਾਬੀਆਂ ਦੀ ਮਾਂ-ਬੋਲੀ ਪ੍ਰਤੀ ਸੁਹਿਰਦਤਾ ਦੀ ਘਾਟ ਕਰਕੇ ਹੈ ਨਾ ਕਿ ਪੰਜਾਬੀ ਭਾਸ਼ਾ ਦੀ ਸਮਰੱਥਾ ਕਰਕੇ। ਇਹ ਸਮੱਗਰੀ ਪੈਦਾ ਕਰਨੀ ਕੋਈ ਔਖਾ ਕੰਮ ਵੀ ਨਹੀਂ ਹੈ। ਸਿਰਫ਼ ਪੰਜਾਬ ਸਰਕਾਰ ਦੇ ਇਕ ਐਲਾਨ ਦੀ ਜ਼ਰੂਰਤ ਹੈ ਕਿ ਦੋ-ਤਿੰਨ ਸਾਲਾਂ ਬਾਅਦ ਪੰਜਾਬ ਵਿਚ ਹਰ ਪੱਧਰ ਦੀ ਸਿੱਖਿਆ ਪੰਜਾਬੀ ਵਿਚ ਹੋਵਗੀ। ਉਚੇਰੀ ਸਿੱਖਿਆ ਦੇ ਸਭ ਵਿਸ਼ਿਆਂ ਦੀ ਸਮੱਗਰੀ ਕਿਤਾਬਾਂ ਛਾਪਣ ਵਾਲੇ ਵੀਰ ਸਮੇਂ ਤੋਂ ਪਹਿਲਾਂ ਹੀ ਤਿਆਰ ਕਰਵਾ ਦੇਣਗੇ। ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਦੋ ਦਰਜਨ ਤੋਂ ਵੱਧ ਵਿਸ਼ਿਆਂ ਦੀਆਂ ਤਕਨੀਕੀ ਸ਼ਬਦਾਵਲੀਆਂ ਪਹਿਲਾਂ ਹੀ ਤਿਆਰ ਕਰਵਾ ਚੁੱਕੇ ਹਨ। ਸੋ, ਸਮੱਗਰੀ ਦੀ ਸਮੱਸਿਆ ਏਨੀ ਵੱਡੀ ਨਹੀਂ ਜਿੰਨੀ ਨੀਤੀ ਅਤੇ ਨੀਤ ਦੀ ਹੈ। ਇਹ ਸਮੱਗਰੀ ਪੰਜਾਬੀਆਂ ਲਈ ਅਮਰੀਕਾ ਤੋਂ ਨਹੀਂ ਆਉਣੀ, ਇਹ ਪੰਜਾਬੀਆਂ ਨੇ ਆਪ ਤਿਆਰ ਕਰਨੀ ਹੈ ਅਤੇ ਇਸ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਪੰਜਾਬ ਸਰਕਾਰ, ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਹੈ। ਸੋ, ਪੰਜਾਬ ਦੀਆਂ ਦੂਜੀਆਂ ਯੂਨੀਵਰਸਿਟੀਆਂ ਨੂੰ ਵੀ ਪੰਜਾਬੀ ਯੂਨੀਵਰਸਿਟੀ ਵਾਂਗ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਾਹਿਬਾਨ ਦੇ ਪਿਛਲੇ ਕੁਝ ਸਮੇਂ ਤੋਂ ਦਿੱਤੇ ਜਾ ਰਹੇ ਬਿਆਨ ਆਸ ਦੀ ਕਿਰਨ ਜਗਾਉਂਦੇ ਹਨ।

3.3 ਚੰਗੀ ਅੰਗਰੇਜ਼ੀ ਕਿਵੇਂ ਆਵੇ: ਮੈਂ ਇਸ ਵਿਚਾਰ ਦਾ ਬਿਲਕੁਲ ਕਾਇਲ ਨਹੀਂ ਹਾਂ ਕਿ ਅੰਗਰੇਜ਼ੀ ਦੀ ਜਾਣਕਾਰੀ ਸਵਰਗਦੁਆਰ ਦੀ ਕੁੰਜੀ ਹੈ। ਅੰਗਰੇਜ਼ੀ ਨਾਲ ਜੁੜੇ ਲਾਭ ਭਾਰਤ ਦੀਆਂ ਸਰਕਾਰਾਂ ਦੀਆਂ ਮਾਤ-ਭਾਸ਼ਾ ਮਾਰੂ ਅਤੇ ਸਿੱਖਿਆ ਮਾਰੂ ਨੀਤੀਆਂ ਕਰਕੇ ਹਨ। ਇਨ੍ਹਾਂ ਲਾਭਾਂ ਦੇ ਲਾਲਚਵੱਸ ਸਾਡੀ ਸਿੱਖਿਆ ਅਤੇ ਭਾਸ਼ਾਵਾਂ 'ਤੇ ਅੰਗਰੇਜ਼ੀ ਭਾਸ਼ਾ ਦਾ ਗਲਬਾ ਪੈ ਚੁੱਕਾ ਹੈ। ਇਹ ਗਲਬਾ ਸਾਡੀ ਸਿੱਖਿਆ ਅਤੇ ਭਾਸ਼ਾਵਾਂ ਦੀ ਤਬਾਹੀ ਕਰੀ ਜਾ ਰਿਹਾ ਹੈ। ਇਸ ਦੇ ਭਿਆਨਕ ਸਿਖਿਆਵੀ, ਭਾਸ਼ਾਈ ਅਤੇ ਸਮਾਜਕ ਸਿੱਟੇ ਨੇੜ ਭਵਿੱਖ ਵਿਚ ਹੀ ਹਰੇਕ ਨੂੰ ਦਿੱਸ ਜਾਣ ਵਾਲੇ ਹਨ। ਇਹ ਹੋਰ ਵੀ ਮੰਦ-ਭਾਗੀ ਗੱਲ ਹੈ ਕਿ ਅੰਗਰੇਜ਼ੀ ਮਾਧਿਅਮ ਸਿੱਖਿਆ ਪ੍ਰਣਾਲੀ ਅੰਗਰੇਜ਼ੀ ਦੀ ਮੁਹਾਰਤ ਲਈ ਵੀ ਉਚਿਤ ਨਹੀਂ ਹੈ ਪਰ ਫਿਰ ਵੀ ਵਧਦੀ ਜਾ ਰਹੀ ਹੈ। ਮੈਂ ਪਿਛਲੇ ਦਸ ਸਾਲਾਂ ਤੋਂ ਆਪਣੇ ਬਹੁਤ ਸਾਰੇ ਲੇਖਾਂ ਵਿਚ ਦੂਜੀ ਭਾਸ਼ਾ ਸਿੱਖਣ ਸੰਬੰਧੀ ਦੁਨੀਆ ਭਰ ਵਿਚ ਹੋਈ ਖੋਜ ਦੇ ਨਤੀਜੇ ਪੰਜਾਬੀ ਪਾਠਕਾਂ ਦੇ ਸਾਹਮਣੇ ਲਿਆ ਚੁੱਕਾ ਹਾਂ। ਇਸ ਲਈ ਬਹੁਤੇ ਵਿਸਤਾਰ ਵਿਚ ਨਾ ਜਾਂਦਾ ਹੋਇਆ ਵਿਦੇਸ਼ੀ ਭਾਸ਼ਾ ਸਿੱਖਣ ਦੀ ਉਚਿਤ ਵਿਧੀ ਸੰਬੰਧੀ ਯੂਨੈਸਕੋ ਦੀ 2008 ਵਿਚ ਛਪੀ ਕਿਤਾਬ "ਇੰਪਰੂਵਮੈਂਟ ਇਨ ਦਾ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ' ਵਿਚੋਂ ਹੇਠਲੀ ਟੂਕ ਦੇਣੀ ਕਾਫੀ ਸਮਝਦਾ ਹਾਂ:

> "ਸਾਡੇ ਰਾਹ ਵਿਚ ਵੱਡੀ ਰੁਕਾਵਟ ਭਾਸ਼ਾ ਅਤੇ ਸਿੱਖਿਆ ਬਾਰੇ ਕੁਝ ਅੰਧ-ਵਿਸ਼ਵਾਸ਼ ਹਨ ਅਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਨ੍ਹਾਂ ਅੰਧ-ਵਿਧਵਾਸ਼ਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇਕ ਅੰਧ-ਵਿਸ਼ਵਾਸ਼ ਇਹ ਹੈ ਕਿ ਦੂਜੀ (ਵਿਦੇਸ਼ੀ) ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੋਂ ਹੈ। (ਅਸਲ ਵਿਚ, ਹੋਰ ਭਾਸ਼ਾ ਨੂੰ ਇਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਅੰਧ-ਵਿਸ਼ਵਾਸ਼ ਇਹ ਹੈ ਕਿ ਦੂਜੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਹੈ ਪਰ ਲਾਭ ਦੀ ਸਥਿਤੀ ਵਿਚ ਉਹ



Sri Satguru Jagjit Singh Ji Elibrary NamdhariElibrary@gmail.com

ਸਿੱਖਣ ਵਾਲਾ ਹੁੰਦਾ ਹੈ ਜੋ ਪਹਿਲੀ ਭਾਸ਼ਾ ਤੇ ਚੰਗੀ ਮੁਹਾਰਤ ਹਾਸਲ ਕਰ ਚੁੱਕਿਆ ਹੋਵੇ)। ਤੀਜਾ ਅੰਧ-ਵਿਸ਼ਵਾਸ਼ ਇਹ ਹੈ ਕਿ ਮਾਤ-ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿਚ ਰੁਕਾਵਟ ਹੈ। (ਮਾਤ-ਭਾਸ਼ਾ ਵਿਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਪਸ਼ਟ ਹੈ ਕਿ ਇਹ ਅੰਧ-ਵਿਸ਼ਵਾਸ਼ ਹਨ ਤੇ ਅਸਲੀਅਤ ਨਹੀਂ ਪਰ ਫਿਰ ਵੀ ਇਹ ਨੀਤੀਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਹਨ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।" (ਪੰਨਾ 12)

ਉਪਰੋਕਤ ਟਿੱਪਣੀ ਖੁੱਲ੍ਹੀ ਮੰਡੀ ਅਤੇ ਅੰਗਰੇਜ਼ੀਵਾਦ ਦੇ ਵੱਡੇ ਮੁਦੱਈ ਵਿਸ਼ਵ ਬੈਂਕ ਵਲੋਂ ਦਿੱਤੀ ਵਿੱਤੀ ਸਹਾਇਤਾ ਨਾਲ 12 ਮੁਲਕਾਂ ਵਿਚ ਕੀਤੇ ਅਧਿਐਨ ਦੇ ਨਤੀਜੇ ਵਿਚੋਂ ਹੈ। ਇਨ੍ਹਾਂ ਮੁਲਕਾਂ ਵਿਚ ਭਾਰਤ ਵੀ ਸ਼ਾਮਲ ਹੈ।

ਸੋ, ਪੰਜਾਬ ਦੀ ਸਿੱਖਿਆ ਦੀ ਸਫਲਤਾ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਿਚਾਰ ਦਾ ਇਹ ਮੁੱਦਾ ਨਹੀਂ ਹੋਣਾ ਚਾਹੀਦਾ ਕਿ ਉਚੇਰੀ ਸਿੱਖਿਆ ਵਿਚ ਪੰਜਾਬੀ ਪੜ੍ਹਾਈ ਜਾਵੇ ਜਾਂ ਨਾ। ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਸਾਰੀ ਸਿੱਖਿਆ ਪੰਜਾਬੀ ਮਾਧਿਅਮ ਵਿਚ ਛੇਤੀ ਤੋਂ ਛੇਤੀ ਕਿਵੇਂ ਕੀਤੀ ਜਾਵੇ। ਜੇ ਕੋਈ ਵਿਦਵਾਨ ਇਹ ਕਹਿੰਦਾ ਹੈ ਕਿ ਉਹ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਾਉਣ ਦਾ ਵਿਰੋਧ ਨਹੀਂ ਕਰਦਾ ਪਰ ਪੰਜਾਬੀ ਦੇ ਵਿਕਾਸ ਦੀ ਗੱਲ ਕਰਦਾ ਹੈ ਤਾਂ ਅਸਲ ਵਿਚ ਉਹ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਅਤੇ ਪੰਜਾਬ ਦੀ ਸਿੱਖਿਆ ਦੀ ਕੋਈ ਵਕਾਲਤ ਨਹੀਂ ਕਰ ਰਿਹਾ ਹੁੰਦਾ। ਉਹ ਉਸ ਸਾਰੇ ਰੁਝਾਨ ਦੀ ਵਕਾਲਤ ਹੀ ਕਰ ਰਿਹਾ ਹੁੰਦਾ ਹੈ ਜੋ ਪੰਜਾਬੀ ਭਾਸ਼ਾ ਨੂੰ, ਪੰਜਾਬ ਦੀ ਸਿੱਖਿਆ ਨੂੰ, ਅੰਗਰੇਜ਼ੀ ਭਾਸ਼ਾ ਤੇ ਮੁਹਾਰਤ ਪ੍ਰਾਪਤ ਕਰਨ ਦੇ ਸਹੀ ਅਮਲ ਨੂੰ ਅਤੇ ਪੰਜਾਬ ਦੇ ਸਭਿਆਚਾਰ ਅਤੇ ਸਮਾਜਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰ ਰਿਹਾ ਹੈ।

*ਪ੍ਰੋਫੈਸਰ ਅਤੇ ਮੁਖੀ
ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ : 99157-09582

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਗੁਰੂ ਸਾਹਿਬਾਨ ਦਾ ਯੋਗਦਾਨ

*ਡਾ: ਗੁਲਜ਼ਾਰ ਸਿੰਘ ਕੰਗ

ਪੰਜਾਬੀ ਪੰਜਾਬ ਵਾਸੀਆਂ ਦੀ ਭਾਸ਼ਾ ਹੈ। ਇਥੇ ਵਗਦੇ ਪੰਜ ਦਰਿਆਵਾਂ ਤੋਂ ਪੰਜ+ਆਬ = ਪੰਜਾਬ ਸ਼ਬਦ ਬਣਿਆ ਤੇ ਪੰਜਾਬੀ, ਪੰਜਾਬੀਆਂ ਦੀ ਸਾਂਝੀ ਵਿਰਾਸਤ ਦੇ ਰੂਪ ਵਿਚ ਇਥੋਂ ਦੇ ਲੋਕਾਂ ਦੀ ਬੋਲੀ ਹੈ। ਇਸ ਭਾਸ਼ਾ ਦੀ ਪ੍ਰਾਚੀਨਤਾ ਨੂੰ ਜੇਕਰ ਸਿੱਧ ਕਰਨਾ ਹੋਵੇ ਤਾਂ ਇਹ ਨਾਥ ਜੋਗੀਆਂ ਤੋਂ ਵੀ ਪਹਿਲਾਂ ਅਪਭ੍ਰੰਸ਼ਾਂ, ਪ੍ਰਾਕ੍ਰਿਤਾਂ ਦੇ ਰੂਪ ਵਿਚ ਵੈਦਿਕ ਭਾਸ਼ਾ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦੀ ਹੈ। ਇਹ ਗੱਲ ਸੰਕੀਰਨ ਸੋਚ ਦੀ ਹੈ ਕਿ ਪੰਜਾਬੀ ਸੰਸਕ੍ਰਿਤ ਜਾਂ ਹਿੰਦੀ ਵਿਚੋਂ ਨਿਕਲੀ ਹੈ। ਸੱਚਾਈ ਇਹ ਹੈ ਕਿ ਇਹ ਭਾਰਤ ਦੀਆਂ ਹੋਰ ਆਧੁਨਿਕ ਭਾਸ਼ਾਵਾਂ ਵਾਂਗ ਵੈਦਿਕ ਭਾਸ਼ਾ ਵਿਚੋਂ ਵਿਕਸਤ ਹੋਈ ਹੈ। ਹਰ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਲਿਪੀ ਦੀ ਲੋੜ ਹੁੰਦੀ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰੂ ਸਾਹਿਬਾਨ ਤੋਂ ਪਹਿਲਾਂ ਭਾਵੇਂ ਜੀ ਸਦਕੇ ਸ਼ਾਰਦਾ, ਟਾਕਰੀ, ਲੰਡੇ, ਭੱਟ-ਅੱਛਰੀ ਜਾਂ ਸਿੱਧ-ਮਾਤ੍ਰਿਕਾ ਲਿਪੀਆਂ ਦੀ ਵਰਤੋਂ ਹੁੰਦੀ ਰਹੀ ਹੋਵੇ ਪਰ ਇਹ ਸਾਰੀਆਂ ਲਿਪੀਆਂ ਅਧੂਰੀਆਂ ਸਨ। ਗੁਰੂ ਨਾਨਕ ਦੇਵ ਜੀ ਇਹ ਸਮਝਦੇ ਸਨ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸੁਤੰਤਰ ਲਿਪੀ ਦੀ ਲੋੜ ਹੁੰਦੀ ਹੈ। ਇਸ ਲਈ ਆਪ ਨੇ 'ਧੁਰ ਕੀ ਬਾਣੀ' ਨੂੰ ਲਿਖਣ ਲਈ ਗੁਰਮੁਖੀ ਅੱਖਰਾਂ ਦੀ ਵਰਤੋਂ ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਕੇਵਲ ਆਪਣੀ ਉਚਾਰੀ ਹੋਈ ਬਾਣੀ ਹੀ ਗੁਰਮੁਖੀ ਅੱਖਰਾਂ ਵਿਚ ਨਹੀਂ ਲਿਖੀ ਸਗੋਂ ਆਪਣੀਆਂ ਯਾਤਰਾਵਾਂ ਦੌਰਾਨ ਵੱਖ-ਵੱਖ ਭਗਤਾਂ ਦੇ ਗੱਦੀਦਾਰਾਂ ਤੋਂ ਉਨ੍ਹਾਂ ਦੀ ਬਾਣੀ ਵੀ ਗੁਰਮੁਖੀ ਅੱਖਰਾਂ ਵਿਚ ਇਕੱਤਰ ਕੀਤੀ ਜੋ ਇਕ ਗੁਰੂ ਤੋਂ ਅਗਲੇ ਗੁਰੂ ਸਾਹਿਬ ਤੱਕ ਪਹੁੰਚਦੀ ਹੋਈ ਗੁਰੂ ਅਰਜਨ ਦੇਵ ਜੀ ਦੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣੀ ਹੈ।

ਸਭ ਤੋਂ ਪਹਿਲਾਂ ਇਹ ਗੱਲ ਸਾਫ਼ ਕਰਨੀ ਜਰੂਰੀ ਹੈ ਕਿ ਨਾ ਤਾਂ ਪੰਜਾਬੀ ਭਾਸ਼ਾ ਤੇ ਨਾ ਹੀ ਗੁਰਮੁਖੀ ਲਿਪੀ ਗੁਰੂ ਸਾਹਿਬਾਨ ਨੇ ਬਣਾਈ ਹੈ। ਗੁਰੂ ਸਾਹਿਬਾਨ ਦੀ ਦੇਣ ਇਹ ਹੈ ਕਿ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਬਾਣੀ ਰਚਨਾ ਅਤੇ ਗੁਰਮੁਖੀ ਲਿਪੀ ਨੂੰ ਪੰਜਾਬੀ ਵਿਚ ਰਚੇ ਜਾਂਦੇ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਪ੍ਰਚਲਤ ਕੀਤਾ। ਸਿੱਖ ਸ਼ਰਧਾਵਾਨਾਂ ਦਾ ਖਿਆਲ ਹੈ ਕਿ ਗੁਰਮੁਖੀ ਗੁਰੂ ਦੇ ਮੁਖ ਵਿਚੋਂ ਨਿਕਲੀ ਹੋਣ ਕਰਕੇ ਇਸ ਨੂੰ ਗੁਰੂ ਅੰਗਦ ਦੇਵ ਜੀ ਨੇ ਬਣਾਇਆ ਹੈ। ਮੁਖ ਤੋਂ ਭਾਸ਼ਾ ਜਾਂ ਬਾਣੀ ਨਿਕਲਦੀ ਹੈ, ਲਿਪੀ ਘੜੀ ਜਾਂ ਵਿਕਸਤ ਕੀਤੀ ਜਾਂਦੀ ਹੈ। ਗੁਰਮੁਖੀ ਲਿਪੀ ਗੁਰੂ ਨਾਨਕ ਦੇਵ ਜੀ ਤੋਂ ਢੇਰ ਚਿਰ ਪਹਿਲਾਂ ਵਿਕੋਲਿਤੇ ਰੂਪ ਵਿਚ ਖਿਲਰੀ ਪਈ ਸੀ ਤੇ ਇਸ ਨੂੰ ਉਚੇਰੀਆਂ ਸਾਹਿਤਕ ਰਚਨਾਵਾਂ ਲਈ ਵਰਤਿਆ ਨਹੀਂ ਜਾਂਦਾ ਸੀ। ਦੂਜਾ ਇਸ ਦਾ ਨਾਮ ਵੀ 'ਗੁਰਮੁਖੀ' ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਦੇ 35 ਦੇ 35 ਅੱਖਰ ਵਿਵਿਧ ਸੋਮਿਆਂ ਤੋਂ ਲੈ ਕੇ ਪੂਰੇ ਕੀਤੇ ਤੇ ਇਸ ਨੂੰ ਆਪਣੀ ਬਾਣੀ ਲਿਖਣ ਲਈ ਵਰਤੋਂ ਵਿਚ ਲਿਆਂਦਾ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਹ ਲਿਪੀ ਗੁਰਸਿੱਖ ਗੁਰਮੁਖਾਂ ਵਲੋਂ ਵਰਤੀ ਜਾਣ ਕਰਕੇ 'ਗੁਰਮੁਖੀ' ਅਖਵਾਈ।



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਗੁਰੂ ਸਾਹਿਬਾਨ ਦਾ ਯੋਗਦਾਨ ਬਹੁਤ ਹੀ ਮਹੱਤਵਪੂਰਨ ਹੈ। ਸਹਿਜ ਰੂਪ ਵਿਚ ਇਸੇ ਕਰਕੇ ਇਕ ਜਨ-ਸਾਧਾਰਨ ਵਿਅਕਤੀ ਇਸ ਨੂੰ ਸਿੱਖਾਂ ਦੀ ਜ਼ੁਬਾਨ ਕਹਿਣ ਦੀ ਭੁੱਲ ਕਰ ਲੈਂਦਾ ਹੈ। ਇਹ ਵੀ ਸੱਚ ਹੈ ਕਿ ਪੰਜਾਬ ਦੇ ਹਰ ਬਾਸ਼ਿੰਦੇ ਉਪਰ ਗੁਰੂ ਸਾਹਿਬਾਨ ਦੇ ਵਿਅਕਤਿਤਵ ਤੇ ਵਿਚਾਰਧਾਰਾ ਦੀ ਡੂੰਘੀ ਛਾਪ ਹੈ ਤੇ ਪ੍ਰੋ. ਪੂਰਨ ਸਿੰਘ ਇਸ ਸੱਚ ਦੀ ਤਸਦੀਕ ਕਰਦਾ ਕਹਿੰਦਾ ਹੈ - 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਮ ਤੇ।' ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦੇ ਪ੍ਰਚਾਰ ਲਈ ਪੰਜਾਬੀ ਭਾਸ਼ਾ ਨੂੰ ਜਿਥੇ ਅਪਣਾਇਆ, ਉਥੇ ਦੂਰ-ਦਰਾਜ ਦੇ ਦੇਸਾਂ ਪ੍ਰਦੇਸਾਂ ਵਿਚ ਪਹੁੰਚ ਕੇ ਅਨੇਕਾਂ ਬੋਲੀਆਂ ਦੇ ਢੇਰ ਸਾਰੇ ਸ਼ਬਦ ਇਸ ਵਿਚ ਸਹਿਜ ਰੂਪ ਵਿਚ ਸਮਿਲਤ ਕਰ ਦਿੱਤੇ ਜੋ ਬਾਅਦ ਵਿਚ ਪੰਜਾਬੀ ਦਾ ਅੰਗ ਬਣ ਗਏ। 'ਧੁਰ ਕੀ ਬਾਣੀ' ਨੂੰ ਲਿਖਤੀ ਰੂਪ ਦੇਣ ਲਈ ਗੁਰਮੁਖੀ ਦੇ ਅੱਖਰਾਂ ਨੂੰ ਸੁਨਿਸਚਿਤ ਕੀਤਾ। ਇਥੇ ਇਹ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਆਪ ਨੇ ਗੁਰਮੁਖੀ ਦੇ 35 ਅੱਖਰ ਪੂਰੇ ਕਰ ਲਏ ਸਨ ਤੇ ਬਾਅਦ ਵਿਚ ਇਸ ਗਿਣਤੀ ਕਰਕੇ ਹੀ ਗੁਰਮੁਖੀ 'ਪੈਂਤੀ ਅੱਖਰੀ' ਅਖਵਾਈ। ਭਾਸ਼ਾ ਵਿਗਿਆਨੀਆਂ ਦਾ ਵਿਚਾਰ ਹੈ ਕਿ 'ੜ' ਤੇ 'ਵ' ਅੱਖਰ ਖ਼ੁਦ ਗੁਰੂ ਨਾਨਕ ਜੀ ਨੇ ਬਣਾਏ ਸਨ। ਅੱਖਰਾਂ ਨੂੰ ਨਿਸ਼ਚਿਤ ਆਕਾਰ, ਰੂਪ ਤੇ ਸ਼ਕਲਾਂ ਦੇਣਾ ਆਪ ਦਾ ਇਸ ਪਾਸੇ ਦੂਜਾ ਵੱਡਾ ਯੋਗਦਾਨ ਸੀ। ਆਪ ਨੇ ਰਾਗ ਆਸਾ ਵਿਚ ਜੋ ਪੱਟੀ ਨਾਮ ਦੀ ਬਾਣੀ ਉਚਾਰੀ ਹੈ, ਉਹ ਜਿਥੇ ਇਹ ਦਰਸਾਉਂਦੀ ਹੈ ਫੱਟੀ (ਤਖਤੀ) 'ਤੇ ਅੱਖਰ ਲਿਖਣੇ ਪਾਠਸ਼ਾਲਾ ਦੀ ਮੁੱਢਲੀ ਪ੍ਰਕਿਰਿਆ ਸੀ, ਉਥੇ ਗੁਰੂ ਜੀ ਨੇ ਇਨ੍ਹਾਂ ਅੱਖਰਾਂ ਰਾਹੀਂ ਅਧਿਆਤਮਕ ਉਪਦੇਸ਼ ਦੇ ਕੇ ਪਾਂਧੇ ਨੂੰ ਅਸਲੀ ਗਿਆਨ ਜਾਂ ਵਿੱਦਿਆ ਤੋਂ ਜਾਣੂ ਕਰਵਾਇਆ। ਇਹ ਪੱਟੀ ਪੜ੍ਹਕੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਗੁਰਮੁਖੀ ਦੇ ਇਨ੍ਹਾਂ ਅੱਖਰਾਂ ਦਾ ਉਚਾਰਣ ਉਹੀ ਹੈ ਜੋ ਅੱਜ ਤੱਕ ਚਲਿਆ ਆ ਰਿਹਾ ਹੈ। ਇਹ ਜ਼ਰੂਰ ਹੈ ਕਿ ਇਨ੍ਹਾਂ ਅੱਖਰਾਂ ਦੀ ਤਰਤੀਬ ਅਜੋਕੇ ਰੂਪ ਵਾਲੀ ਨਹੀਂ ਅਤੇ ਇਨ੍ਹਾਂ ਵਿਚੋਂ ਸੁਰ ਤੇ ਵਿਅੰਜਨ ਧੁਨੀਆ ਵੱਖ ਨਹੀਂ ਕੀਤੀਆਂ ਗਈਆਂ ਸਨ। ਗੁਰਮੁਖੀ ਲਿਪੀ ਪ੍ਰਤੀ ਗੁਰੂ ਨਾਨਕ ਦੇਵ ਜੀ ਦੇ ਯੋਗਦਾਨ ਨੂੰ ਅੰਕਿਤ ਕਰਨ ਲਈ ਇਥੇ ਪੱਟੀ ਬਾਣੀ ਵਿਚ ਵਰਤੇ ਗਏ ਪੈਂਤੀ ਅੱਖਰਾਂ ਨੂੰ ਦਿੰਦੇ ਹਾਂ ਤਾਂ ਕਿ ਆਮ ਪਾਠਕ ਇਨ੍ਹਾਂ ਅੱਖਰਾਂ ਦਾ ਉਚਾਰਣ ਅਤੇ ਤਰਤੀਬ ਸਮਝ ਸਕੇ:

1. ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ....
2. ਈਵੜੀ ਆਦਿ ਪੁਰਖੁ ਹੈ ....
3. ਊੜੈ ਉਪਮਾ ਤਾ ਕੀ ਕੀਜੈ ....
4. ਙੰਙੈ ਙਿਆਨੁ ਬੂਝੈ ....
5. ਕਕੈ ਕੇਸ ਪੁੰਡਰ ਜਬ ਹੂਏ ....
6. ਖਖੈ ਖੁੰਦਕਾਰ ਸਾਹ ਆਲਮੁ ....
7. ਗਗੈ ਗੋਇ ਗਾਇ ਜਿਨਿ ਛੋਡੀ ....
8. ਘਘੈ ਘਾਲ ਸੇਵਕੁ ਜੇ ਘਾਲੇ ....
9. ਚਚੈ ਚਾਰਿ ਵੇਦ ਜਿਨਿ ਸਾਜੇ ....
10. ਛਛੈ ਛਾਇਆ ਵਰਤੀ ਸਭ ਅੰਤਰਿ ....
11. ਜਜੈ ਜਾਨੁ ਮੰਗਤ ਜਨੁ ਜਾਚੈ ....
12. ਝਝੈ ਝੂਰਿ ਮਰਹੁ ਕਿਆ ਪ੍ਰਾਣੀ ....



Sri Satguru Jagjit Singh Ji Elibrary NamdhariElibrary@gmail.com

13. ਞੰਞੈ ਨਦਰਿ ਕਰੇ ਜਾ ਦੇਖਾ ....
14. ਟਟੈ ਟੰਚ ਕਰਹ ਕਿਆ ਪ੍ਰਾਣੀ ....
15. ਠਠੈ ਠਾਢਿ ਵਰਤੀ ਤਿਨ ਅੰਤਰਿ ....
16. ਡਡੈ ਡੰਫੁ ਕਰਹੁ ਕਿਆ ਪ੍ਰਾਣੀ ....
17. ਢਢੈ ਢਾਹਿ ਉਸਾਰੈ ਆਪੇ ....
18. ਣਾਣੈ ਰਵਤੁ ਰਹੈ ਘਟ ਅੰਤਰਿ ....
19. ਤਤੈ ਤਾਰੂ ਭਵਜਲ ਹੋਆ ....
20. ਥਥੈ ਥਾਨਿ ਥਾਨੰਤਰਿ ਸੋਈ ....
21. ਦਦੈ ਦੋਸੁ ਨ ਦੇਊ ਕਿਸੈ ....
22. ਧਧੈ ਧਾਰਿ ਕਲਾ ਜਿਨਿ ਛੋਡੀ ....
23. ਨੰਨੈ ਨਾਹ ਭੋਗ ਨਿਤ ਭੋਗੈ ....
24. ਪਪੈ ਪਾਤਿਸਾਹੁ ਪਰਮੇਸਰ ....
25. ਫਫੈ ਫਾਹੀ ਸਭੁ ਜਗੁ ਫਾਸਾ ....
26. ਬਬੈ ਬਾਜੀ ਖੇਲਣ ਲਾਗਾ ....
27. ਭਭੈ ਭਾਲਹਿ ਸੇ ਫਲੁ ਪਾਵਹਿ ....
28. ਮੰਮੈ ਮੋਹੁ ਮਰਣੁ ਮਧੁਸੂਦਨ ....
29. ਯਯੈ ਜਨਮ ਨ ਹੋਵੀ ਕਦ ਹੀ ....
30. ਰਾਰੈ ਰਵਿ ਰਹਿਆ ਸਭ ਅੰਤਰਿ ....
31. ਲਲੈ ਲਾਇ ਧੰਧੈ ਜਿਨਿ ਛੋਡੀ ....
32. ਵਵੈ ਵਾਸੁਦੇਉ ਪਰਮੇਸਰੁ ....
33. ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ....
34. ਹਾਹੈ ਹੋਰੁ ਨ ਕੋਈ ਦਾਤਾ ....
35. ਆਇੜੈ ਆਪਿ ਕਰੇ ਜਿਨਿ ਛੋਡੀ ....

ਇਵੇਂ ਗੁਰੂ ਨਾਨਕ ਦੇਵ ਜੀ ਪੰਜਾਬੀ ਦੇ ਪਹਿਲੇ ਭਾਸ਼ਾ-ਵਿਗਿਆਨੀ ਸਨ ਜਿਨ੍ਹਾਂ ਨੇ ਇਸ ਨੂੰ ਸਦਾ ਸੁਰਜੀਤ ਰੱਖਣ ਲਈ ਲਿਪੀਬਧ ਕੀਤਾ।

ਗੁਰੂ ਨਾਨਕ ਦੇਵ ਜੀ ਤੋਂ ਅੱਗੇ ਗੁਰੂ ਅੰਗਦ ਦੇਵ ਜੀ ਨੇ ਇਸ ਦੇ ਵਿਕਾਸ ਵਿਚ ਇਕ ਹੋਰ ਕਦਮ ਅਗੇਰੇ ਪੁੱਟਿਆ। ਆਪ ਨੇ ਗੁਰਬਾਣੀ (ਜੋ ਪੰਜਾਬੀ ਦਾ ਸਰਵੋਤਮ ਸਾਹਿਤ ਹੈ) ਦਾ ਪਠਨ-ਪਾਠਨ ਕਰਨ ਲਈ ਗੁਰਸਿੱਖਾਂ ਲਈ ਗੁਰਮੁਖੀ ਦੇ ਬਾਲ-ਬੋਧ (ਕਾਇਦੇ) ਤਿਆਰ ਕਰਵਾਏ। ਆਪ ਜੀ ਦੇ ਸਮੇਂ ਹੀ ਪੰਜਾਬੀ ਦੀ ਇਸ ਲਿਪੀ ਦਾ ਨਾਮ 'ਗੁਰਮੁਖੀ' ਪਿਆ ਜਿਸ ਦੇ ਪ੍ਰਮਾਣ ਸਾਨੂੰ 'ਜਨਮ ਪੱਤਰੀ ਬਾਬੇ ਨਾਨਕ ਕੀ', 'ਬਾਬੇ ਮੋਹਨ ਵਾਲੀਆਂ ਪੋਥੀਆਂ' ਤੇ ਹੋਰ ਸਿੱਖ ਸਾਹਿਤ ਤੋਂ ਮਿਲਦੇ ਹਨ। ਖਡੂਰ ਸਾਹਿਬ ਵਿਖੇ ਜਿੱਥੇ ਨੌਜੁਆਨਾਂ ਦੇ ਸਰੀਰਕ ਵਿਕਾਸ ਲਈ ਘੋਲ ਘੁਲਣ ਲਈ ਮਲਸ਼ਾਲਾ (ਅਖਾੜਾ) ਕਾਇਮ ਕੀਤੀ, ਉਥੇ ਮਾਨਸਿਕ ਵਿਕਾਸ ਲਈ ਪਾਠਸ਼ਾਲਾ ਸਥਾਪਤ ਕੀਤੀ। ਗੁਰੂ ਅੰਗਦ ਦੇਵ ਜੀ ਨੇ ਇਹ ਸਮਝ ਲਿਆ ਸੀ ਕਿ ਗੁਰਮਤਿ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਗੁਰਸਿੱਖ ਨੂੰ ਗੁਰਬਾਣੀ ਪੜ੍ਹਨੀ ਤੇ ਉਚਾਰਨੀ ਆਉਣੀ ਚਾਹੀਦੀ ਹੈ। ਇਸ ਲਈ ਪਹਿਲੀ ਲੋੜ ਅਖਰੀ ਗਿਆਨ ਦੀ ਸੀ।



Sri Satguru Jagjit Singh Ji Elibrary NamdhariElibrary@gmail.com

ਗੁਰੂ ਅਮਰਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਹਰ ਸਿੱਖ ਸੰਗਤ ਅਤੇ ਧਰਮਸ਼ਾਲਾ ਤੱਕ ਪਹੁੰਚ ਗਈ ਸੀ। ਗੁਰਬਾਣੀ ਦੇ ਗੁਟਕੇ, ਪੋਥੀਆਂ (ਖਾਸ ਕਰਕੇ ਨਿਤਨੇਮ ਦੀਆਂ ਬਾਣੀਆਂ) ਹੱਥੀਂ ਲਿਖ-ਲਿਖ ਕੇ ਦੂਰ-ਦੁਰਾਡੇ ਦੀਆਂ ਸੰਗਤਾਂ ਤੱਕ ਪਹੁੰਚਣ ਲੱਗੀਆਂ। ਜਦ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਗਈ ਤਾਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਸ਼ਵ ਦੀਆਂ ਪ੍ਰਮਾਣਿਕ ਭਾਸ਼ਾਵਾਂ ਵਿਚ ਆਪਣਾ ਗੌਰਵਮਈ ਸਥਾਨ ਸਥਾਪਤ ਕਰ ਗਈਆਂ। ਜਨਮ-ਸਾਖੀਆਂ ਲਿਖੀਆਂ ਜਾਣ ਲੱਗੀਆਂ ਤੇ ਘਰ-ਘਰ ਪੜ੍ਹੀਆਂ ਜਾਣ ਲੱਗੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਹੋਰਨਾਂ ਭਾਸ਼ਾਵਾਂ ਦੀਆਂ ਕਲਾਸੀਕਲ ਰਚਨਾਵਾਂ ਗੁਰਮੁਖੀ ਲਿਪੀ ਰਾਹੀਂ ਪੰਜਾਬੀ ਵਿਚ ਪੜ੍ਹੀਆਂ ਜਾਣ ਲੱਗੀਆਂ। ਇਵੇਂ ਪੰਜਾਬੀ ਭਾਸ਼ਾ ਦਾ ਦਾਇਰਾ ਹੋਰ ਵਿਸ਼ਾਲ ਹੋਇਆ। ਗੁਰਮੁਖੀ ਲਿਪੀ ਵਿਚ ਹੋਰ ਭਾਸ਼ਾਵਾਂ ਦਾ ਸਾਹਿਤ ਲਿਖਿਆ ਜਾਣ ਲੱਗਾ। ਗੁਰੂ ਸਾਹਿਬ ਜੀ ਦੀ ਆਪਣੀ ਬਾਣੀ ਜੋ ਬ੍ਰਜ-ਭਾਸ਼ਾ ਹੈ ਗੁਰਮੁਖੀ ਵਿਚ ਅੰਕਿਤ ਹੋਈ ਹੈ। ਇਵੇਂ ਭਾਸ਼ਾਈ ਸਮਰਥਾ ਹੋਰ ਵਧੀ। ਗੁਰੂ ਸਾਹਿਬਾਨ ਤੋਂ ਪਿਛੋਂ ਜਿੱਥੇ ਜਿੱਥੇ ਵੀ ਸਿੱਖ ਸੰਗਤਾਂ ਸਥਾਪਤ ਹੋਈਆਂ ਜਾਂ ਗੁਰਸਿੱਖ ਪਹੁੰਚੇ, ਉਥੇ ਉਥੇ ਹੀ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਪਹੁੰਚ ਗਈ। ਇਹ ਇਸੇ ਪ੍ਰਚਾਰ ਤੇ ਪਾਸਾਰ ਦਾ ਫ਼ਲ ਹੈ ਕਿ ਅੱਜ ਵਿਸ਼ਵ ਦੇ ਜਿਸ ਖਿੱਤੇ ਵਿਚ ਵੀ ਸਿੱਖ ਪਹੁੰਚੇ ਹਨ, ਉਥੇ ਹੀ ਪੰਜਾਬੀ ਭਾਸ਼ਾ ਪਹੁੰਚ ਚੁੱਕੀ ਹੈ। ਇਸ ਸਾਰੇ ਵਿਕਾਸ ਵਿਚ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੀ ਵੱਡੀ ਭੂਮਿਕਾ ਰਹੀ ਹੈ ਕਿਉਂਕਿ ਗੁਰਬਾਣੀ ਦਾ ਸਹੀ ਪਠਨ-ਪਾਠਨ ਗੁਰਮੁਖੀ ਲਿਪੀ ਵਿਚ ਹੀ ਹੋ ਸਕਦਾ ਹੈ। ਜੇਕਰ ਗੁਰੂ ਸਾਹਿਬਾਨ ਨੇ ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਦਾ ਵਿਕਾਸ ਨਾ ਕੀਤਾ ਹੁੰਦਾ ਤਾਂ ਅੱਜ ਤੋਂ ਕਈ ਚਿਰ ਪਹਿਲਾਂ ਦੁਨੀਆ ਦੀਆਂ ਬਾਕੀ ਖੇਤਰੀ ਭਾਸ਼ਾਵਾਂ ਵਾਂਗ ਪੰਜਾਬੀ ਵੀ ਕਦੋ ਦੀ ਮਰ-ਮੁਕ ਚੁੱਕੀ ਹੁੰਦੀ।

ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਗੁਰੂ ਨਾਨਕ ਦੇ ਬੋਹੜਾਂ ਹੇਠ ਪਨਪੀ ਤੇ ਪ੍ਰਵਾਨ ਚੜ੍ਹੀ ਹੈ। ਇਸ ਦਾ ਮੁੱਢ ਬੰਨਣ ਵਿਚ ਗੁਰੂ ਸਾਹਿਬਾਨ ਦਾ ਬਹੁਤ ਵੱਡਾ ਯੋਗਦਾਨ ਹੈ। ਅਜੋਕੇ ਸੰਦਰਭ ਵਿਚ ਇਹ ਗੱਲ ਸਮਝਣ ਵਾਲੀ ਹੈ ਕਿ ਕਿਸੇ ਕੌਮ ਦੀ ਵੇਲ ਬੋਲੀ ਤੇ ਬੇਟੀ ਹੀ ਵਧਾਉਂਦੀ ਹੈ। ਇਨ੍ਹਾਂ ਦੋਹਾਂ ਤੋਂ ਮੁਖ ਨਹੀਂ ਮੋੜਨਾ ਚਾਹੀਦਾ।

*ਔਸਟੀ ਕਲੋਨੀ (ਨਜ਼ਦੀਕ ਐਮ.ਪੀ. ਦੀ ਕੋਠੀ)
ਭਾਕਖਰ ਪ੍ਰਤਾਪ ਨਗਰ (ਨੰਗਲ ਡੈਮ)
ਜਿਲ੍ਹਾ ਰੋਪੜ-140125
ਮੋਬਾਇਲ : 98722-91292

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੰਜਾਬੀ ਦੇ ਸਰਬਪੱਖੀ ਵਿਕਾਸ ਵਿਚ ਯੋਗਦਾਨ

*ਡਾ: ਧਨਵੰਤ ਕੌਰ

ਪੰਜਾਬੀ ਯੂਨੀਵਰਸਿਟੀ ਪੰਜਾਬੀ ਦਾਨਿਸ਼ਵਰਾਂ ਦਾ ਇਕ ਆਹਲਾ ਸੁਪਨਾ ਸੀ ਅਤੇ ਅੱਜ ਵੀ ਪੰਜਾਬੀ ਹਿਤੈਸ਼ੀਆਂ ਦਾ ਸਭ ਤੋਂ ਵੱਡਾ ਆਸ ਭਰੋਸਾ ਹੈ। ਪੰਜਾਬੀਆਂ ਦੀ ਸਭਿਆਚਾਰਕ ਚੇਤਨਾ ਦੇ ਇਤਿਹਾਸ ਵਿਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਇਕ ਮੀਲ ਪੱਥਰ ਸੀ। ਸ਼ਾਨਦਾਰ ਰਵਾਇਤਾਂ ਨੂੰ ਪ੍ਰਣਾਏ ਪੰਜਾਬੀ ਇਕ ਵਾਰ ਫੇਰ ਆਪਣੀਆਂ ਪਹਿਲਕਦਮੀਆਂ ਤੇ ਦੂਰਅੰਦੇਸ਼ੀਆਂ ਦਾ ਪ੍ਰਮਾਣ ਸਿਰਜਣ ਵਿਚ ਸਫਲ ਰਹੇ ਸਨ। ਆਪਣੀ ਮਾਂ ਬੋਲੀ ਦੇ ਨਾਂ 'ਤੇ ਯੂਨੀਵਰਸਿਟੀ ਚਿਤਵ ਕੇ ਪੰਜਾਬੀਆਂ ਨੇ ਆਪਣੇ ਮੋਹਮਾਣ ਨੂੰ ਹੀ ਜੱਗ ਜਾਹਰ ਨਹੀਂ ਸੀ ਕੀਤਾ, ਆਪਣੇ ਭਵਿਖਾਰਥੀ ਸਰੋਕਾਰਾਂ ਨੂੰ ਸੇਧਿਤ ਕਰਨ ਵਿਚ ਵੀ ਮੋਹਰੀ ਹੋ ਨਿਬੜੇ ਸਨ। ਹਿੰਦੁਸਤਾਨ ਦੀ ਇਹ ਪਹਿਲੀ ਤੇ ਸੰਸਾਰ ਦੀ ਇਹ ਦੂਜੀ ਯੂਨੀਵਰਸਿਟੀ ਸੀ ਜਿਸਨੇ ਆਪਣਾ ਨਾਂ ਕਿਸੇ ਸਥਾਨਕ ਬੋਲੀ ਤੋਂ ਗ੍ਰਹਿਣ ਕੀਤਾ। ਇਹ ਨਾਮਕਰਣ ਨਿਰੋਲ ਸ਼ਰਧਾ ਜਾਂ ਸਤਿਕਾਰ ਦੀ ਰਸਮ ਨਹੀਂ ਸੀ ਸਗੋਂ ਪੰਜਾਬੀ ਭਾਸ਼ਾ ਨੂੰ ਇਕ ਗੌਰਵਮਈ ਮੁਕਾਮ, ਪ੍ਰਤਿਬੱਧ ਅਦਾਰਾ ਅਤੇ ਸੰਸਥਾਗਤ ਸਰਪ੍ਰਸਤੀ ਦੇਣ ਦੇ ਇਕ ਵਡੇਰੇ ਕਾਰਜ ਨੂੰ ਸਮਰਪਿਤ ਹੋਣ ਦਾ ਪ੍ਰਣ ਸੀ।

ਪੰਜਾਬੀ ਯੂਨੀਵਰਸਿਟੀ ਐਕਟ ਵਿਚ ਇਸ ਯੂਨੀਵਰਸਿਟੀ ਦੇ ਮਨੋਰਥਾਂ ਤੇ ਮੰਤਵਾਂ ਦੀ ਬਕਾਇਦਾ ਨਿਸ਼ਾਨਦੇਹੀ ਕੀਤੀ ਗਈ ਹੈ। ਯੂਨੀਵਰਸਿਟੀ ਐਕਟ ਅਨੁਸਾਰ ਇਹ ਯੂਨੀਵਰਸਿਟੀ ਪੰਜਾਬੀ ਅਧਿਐਨ ਦੀ ਉਨਤੀ ਲਈ ਅਤੇ ਸਿੱਖਿਆ ਦੀਖਿਆ ਦੇ ਮਾਧਿਅਮ ਦੇ ਤੌਰ 'ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਿਸ਼ੇਸ਼ ਤੌਰ 'ਤੇ ਸਥਾਪਤ ਕੀਤੀ ਗਈ ਹੈ। ਇਸਦਾ ਮਨੋਰਥ ਹੋਰਾਂ ਯੂਨੀਵਰਸਿਟੀਆਂ ਵਾਂਗ ਸਿਰਫ ਉਚ ਵਿਦਿਆ ਦੇ ਇਕ ਅਕਾਦਮਿਕ ਪ੍ਰਸ਼ਾਸਨਿਕ ਕੇਂਦਰ ਵਜੋਂ ਕੰਮ ਕਰਨਾ ਹੀ ਨਹੀਂ, ਬਲਕਿ ਪੰਜਾਬੀ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕਰਨ ਤੇ ਪੰਜਾਬੀ ਦੀ ਪ੍ਰਫੁਲਤਾ ਤੇ ਪਾਸਾਰ ਲਈ ਮੋਹਰੀ ਦਾ ਰੋਲ ਨਿਭਾਉਣਾ ਇਸਦੀ ਪ੍ਰਾਵਿਧਾਨਕ ਤੇ ਨੈਤਿਕ ਜ਼ੁੰਮੇਵਾਰੀ ਹੈ।

ਆਪਣੀਆਂ ਪ੍ਰਤਿਬੱਧਤਾਵਾਂ ਨੂੰ ਚੇਤੇ ਵਿਚ ਰਖਦੀ ਪੰਜਾਬੀ ਯੂਨੀਵਰਸਿਟੀ, ਨਿਰਸੰਦੇਹ, ਪੰਜਾਬੀ ਲੋਕਾਈ ਨੂੰ ਜਵਾਬਦੇਹ ਹੈ। ਪੰਜਾਬੀ ਯੂਨੀਵਰਸਿਟੀ ਨੇ ਆਪਣੇ ਮਨੋਰਥਾਂ ਅਤੇ ਮੰਤਵਾਂ ਦੀ ਪੂਰਤੀ ਲਈ ਕੀ ਕੀਤਾ ਹੈ? ਅਤੇ ਕੀ ਕਰ ਰਹੀ ਹੈ? ਇਨ੍ਹਾਂ ਪੁੱਛਾਂ ਦਾ ਜੁਆਬ ਦਿੰਦੇ ਅਸੀਂ ਉਤਸ਼ਾਹਿਤ ਅਤੇ ਮਾਣ ਮੱਤੇ ਮਹਿਸੂਸ ਕਰਦੇ ਹਾਂ, ਕਿਉਂਕਿ ਆਪਣੀ ਲਗਭਗ ਅੱਧੀ ਸਦੀ ਦੇ ਇਤਿਹਾਸ ਵਿਚ ਇਸ ਯੂਨੀਵਰਸਿਟੀ ਨੇ ਪੰਜਾਬੀ ਦੇ ਵਿਕਾਸ ਨੂੰ ਪਹਿਲ ਦੇ ਕੇ ਇਕ ਪਛਾਣ ਬਣਾਈ ਹੈ। ਇਸ ਪਛਾਣ ਨੂੰ ਪੰਜਾਬੀ ਹਿਤੈਸ਼ੀਆਂ ਨੇ ਹੀ ਨਹੀਂ, ਯੂ.ਜੀ.ਸੀ. ਪੱਧਰ 'ਤੇ ਯੂਨੀਵਰਸਿਟੀਆਂ ਦੀ ਗ੍ਰੇਡੇਸ਼ਨ ਕਰਨ ਵਾਲੀਆਂ ਨੈਕ ਟੀਮਾਂ ਨੇ ਵੀ ਤਸਦੀਕ ਕੀਤਾ ਹੈ। ਪਾਕਿਸਤਾਨ ਤੋਂ ਆਉਣ ਵਾਲੀ ਅਫਜ਼ਲ ਤੌਸੀਫ਼ ਜੇ ਇਸ ਯੂਨੀਵਰਸਿਟੀ ਨੂੰ ਪੰਜਾਬੀ ਦੇ ਭਵਿੱਖ ਸਬੰਧੀ ਇਕੋ ਇਕ ਆਸ ਕਹਿੰਦੀ ਹੈ ਤਾਂ ਯੂ.ਜੀ.ਸੀ. ਦੇ ਵਿਸ਼ੇਸ਼ਗ ਇਹ ਕਹਿਣੋਂ ਗੁਰੇਜ਼ ਨਹੀਂ ਕਰਦੇ ਕਿ ਇਹ ਯੂਨੀਵਰਸਿਟੀ ਆਪਣੀਆਂ ਪ੍ਰਤਿਬੱਧਤਾਵਾਂ ਤੋਂ ਇਕ ਇੰਚ ਵੀ ਪਰ੍ਹੇ ਨਹੀਂ ਹੋਈ।



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਇਸ ਯੂਨੀਵਰਸਿਟੀ ਵਲੋਂ ਸਿਰਫ ਪੰਜਾਬੀ ਵਿਕਾਸ ਲਈ ਕੀਤੇ ਕਾਰਜਾਂ ਨੂੰ ਹੀ ਧਿਆਨ ਵਿਚ ਰੱਖ ਲਿਆ ਜਾਵੇ ਤਾਂ ਵੀ ਇਹ ਯੂਨੀਵਰਸਿਟੀ ਪੰਜ ਸਿਤਾਰਿਆਂ ਦੀ ਹੱਕਦਾਰ ਹੈ।

ਪੰਜਾਬੀ ਯੂਨੀਵਰਸਿਟੀ ਨੇ ਯੂਨੀਵਰਸਿਟੀ ਪ੍ਰਸਤਾਵ ਦੀ ਆਤਮਾ ਨਾਲ ਤਦਰੂਪ ਹੋ ਕੇ ਆਪਣੇ ਅਕਾਦਮਿਕ ਪ੍ਰੋਗਰਾਮਾਂ, ਆਪਣੀਆਂ ਖੋਜ ਗਤੀਵਿਧੀਆਂ ਤੇ ਹੋਰ ਸਰਗਰਮੀਆਂ ਨੂੰ ਇੰਜ ਵਿਉਂਤਿਆ ਹੈ ਕਿ ਪੰਜਾਬੀ ਵਿਕਾਸ ਇਸ ਯੂਨੀਵਰਸਿਟੀ ਦਾ ਮਨੋਰਥ ਹੀ ਨਹੀਂ ਮਾਣ ਹੋ ਨਿਬੜਿਆ ਹੈ। ਇਸਦੀ ਹੋਂਦ ਦੀ ਅਸਲ ਦਲੀਲ ਹੋ ਨਿਬੜਿਆ ਹੈ। ਇਸ ਯੂਨੀਵਰਸਿਟੀ ਵਿਚ ਪੰਜਾਬੀ ਦੇ ਸਰਬਪੱਖੀ ਵਿਕਾਸ ਹਿੱਤ ਵਿਸ਼ੇਸ਼ ਰੂਪ ਵਿਚ ਵਿਉਂਤੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੱਤਰਕਾਰੀ ਵਿਭਾਗ, ਥੀਏਟਰ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਆਦਿ ਹੀ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਸਰਬਪੱਖੀ ਵਿਕਾਸ ਲਈ ਕੰਮ ਨਹੀਂ ਕਰ ਰਹੇ ਸਗੋਂ ਇਸ ਯੂਨੀਵਰਸਿਟੀ ਦੀ ਸਾਰੀ ਫੈਕਲਟੀ ਹੀ ਆਪਣੇ-ਆਪਣੇ ਢੰਗ ਨਾਲ ਪੰਜਾਬੀ ਸਿਰਜਣਾਤਮਿਕਤਾ ਦਾ ਨਵਾਂ ਤੇ ਮੌਲਿਕ ਪੈਰਾਡਾਈਮ ਸਿਰਜਣ ਲਈ ਯਤਨਸ਼ੀਲ ਹੈ।

ਪੰਜਾਬੀ ਯੂਨੀਵਰਸਿਟੀ ਲਈ ਪੰਜਾਬੀ ਵਿਕਾਸ ਦਾ ਥੀਮ ਬਹੁਪੱਖੀ, ਬਹੁਪਰਤੀ ਤੇ ਬਹੁਦਿਸ਼ਾਵੀ ਹੈ। ਪੰਜਾਬੀ ਯੂਨੀਵਰਸਿਟੀ ਨੇ ਇਸ ਥੀਮ ਨੂੰ ਪੰਜਾਬ ਦੇ ਇਤਿਹਾਸ, ਧਰਮ, ਦਰਸ਼ਨ, ਕਲਾ, ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਚੋਂ ਖੋਜਿਆ ਅਤੇ ਲੱਭਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ ਦੇ ਵਿਦਵਾਨਾਂ/ਚਿੰਤਕਾਂ/ਸਾਹਿਤਕਾਰਾਂ, ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਅਤੇ ਪੰਜਾਬੀ ਦੇ ਉਸਰਈਆਂ ਦੀ ਇਕ ਸਾਂਝੀ ਕਰਮਭੂਮੀ ਹੈ। ਪੰਜਾਬੀ ਚਿੰਤਨ ਤੇ ਚੇਤਨਾ ਵਿਚ ਦਿਲਚਸਪੀ ਰੱਖਣ ਵਾਲਾ ਹਰ ਵਿਅਕਤੀ ਇਸ ਯੂਨੀਵਰਸਿਟੀ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਹੋਇਆ ਹੈ। ਇਸ ਅਦਾਰੇ ਦੇ ਮੁੱਖ ਮੁੱਖ ਉਦੇਸ਼ ਇਸ ਪ੍ਰਕਾਰ ਹਨ:

1. ਪੰਜਾਬੀ ਭਾਸ਼ਾ ਵਿਚ ਗਿਆਨ ਵਿਗਿਆਨ ਦੇ ਹਰ ਖੇਤਰ ਸੰਬੰਧੀ ਸ੍ਰੋਤ ਸਮਗਰੀ ਦਾ ਉਤਪਾਦਨ ਕਰਨਾ।
2. ਪੰਜਾਬੀ ਭਾਸ਼ਾ ਨੂੰ ਗਿਆਨ ਦੇ ਵਿਭਿੰਨ ਵਿਸ਼ਿਆਂ ਵਿਚ ਸਿੱਖਿਆ ਅਤੇ ਪ੍ਰੀਖਿਆ ਦੇ ਇਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਵਿਕਸਤ ਕਰਨਾ।
3. ਵਿਸ਼ਵ ਵਿਖਿਆਤ ਸ਼ਾਹਕਾਰਾਂ ਨੂੰ ਪੰਜਾਬੀ ਵਿਚ ਉਪਲਬਧ ਕਰਵਾਉਣਾ ਅਤੇ ਪੰਜਾਬੀ ਸ਼ਾਹਕਾਰਾਂ ਨੂੰ ਵਿਦੇਸ਼ੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ, ਲਿੱਪੀਅੰਤਰ ਕਰਵਾਉਣਾ।
4. ਹਰ ਕਿਸਮ ਦੀ ਭਾਸ਼ਾਈ ਲੋਕਧਾਰਾਈ ਵਿਰਾਸਤ ਦੀ ਸੁਰੱਖਿਆ ਅਤੇ ਸੰਭਾਲ ਕਰਨਾ।
5. ਪੰਜਾਬੀ ਜਨ ਮਾਨਸ ਵਿਚ ਵਿਗਿਆਨਕ ਚੇਤਨਾ ਦੇ ਪ੍ਰਸਾਰ ਲਈ ਗਿਆਨ ਵਿਗਿਆਨ ਦੇ ਖੇਤਰ ਵਿਚ ਹੋ ਰਹੀ ਨਵੀਨਤਮ ਖੋਜ ਨੂੰ ਪੰਜਾਬੀ ਪਾਠਕਾਂ ਤਕ ਪਹੁੰਚਾਉਣਾ।
6. ਕਾਨਫਰੰਸਾਂ, ਸੈਮੀਨਾਰਾਂ, ਵਿਸ਼ੇਸ਼ ਭਾਸ਼ਣਾਂ, ਵਰਕਸ਼ਾਪਾਂ ਰਾਹੀਂ ਸਮੇਂ ਦੇ ਹਾਣ ਦੇ ਮੌਲਿਕ ਵਿਚਾਰ ਪ੍ਰਵਾਹ ਨੂੰ ਅੰਦੋਲਤ ਕਰਨਾ।



Sri Satguru Jagjit Singh Ji Elibrary NamdhariElibrary@gmail.com

7. ਪੰਜਾਬੀ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਵਿਦਵਾਨਾਂ ਨੂੰ ਮਾਨਤਾ ਦੇਣੀ।

ਪੰਜਾਬੀ ਯੂਨੀਵਰਸਿਟੀ ਨੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਜਿਹੜੇ ਪ੍ਰੋਗਰਾਮਾਂ/ਸਕੀਮਾਂ/ ਪ੍ਰੋਜੈਕਟਾਂ ਤਹਿਤ ਕੰਮ ਕੀਤਾ ਹੈ, ਉਸਦੀ ਇਕ ਸੰਖਿਪਤ ਰਿਪੋਰਟ ਇਸ ਪ੍ਰਕਾਰ ਹੈ:

ਮਾਧਿਅਮ ਪਰਿਵਰਤਨ ਪ੍ਰੋਗਰਾਮ: ਯੂਨੀਵਰਸਿਟੀ ਐਕਟ ਵਿਚ ਪੰਜਾਬੀ ਵਿਕਾਸ ਦੀ ਇਕ ਕਸੌਟੀ ਇਹ ਮੰਨੀ ਗਈ ਕਿ ਪੰਜਾਬੀ ਭਾਸ਼ਾ ਮਾਨਵਿਕੀ ਅਤੇ ਵਿਗਿਆਨਕ ਵਿਸ਼ਿਆਂ ਦੀ ਸਿੱਖਿਆ ਪ੍ਰੀਖਿਆ ਦੇ ਯੋਗ ਹੋ ਜਾਵੇ। ਇਸ ਯੋਗਤਾ ਦਾ ਪ੍ਰਮਾਣ ਅਧਿਐਨ-ਅਧਿਆਪਨ, ਪਠਨ-ਪਾਠਨ, ਸਿੱਖਿਆ-ਦੀਖਿਆ ਲਈ ਪੰਜਾਬੀ ਭਾਸ਼ਾ ਨੂੰ ਇਕ ਮਾਧਿਅਮ ਵਜੋਂ ਸਮਰੱਥ ਬਣਾਉਣਾ ਮਿੱਥਿਆ ਗਿਆ ਅਤੇ ਇਸ ਸਮਰੱਥਾ ਵਿਸਤਾਰ ਲਈ ਯੋਜਨਾਬੱਧ ਢੰਗ ਨਾਲ ਯਤਨ ਕਰਨੇ ਯੂਨੀਵਰਸਿਟੀ ਦਾ ਪ੍ਰਮੁੱਖ ਕਰਤੱਵ ਮੰਨ ਲਿਆ ਗਿਆ।

ਯੂਨੀਵਰਸਿਟੀ ਦੀ ਸੈਨੇਟ ਨੇ ਸਤੰਬਰ 1967 ਦੀ ਮੀਟਿੰਗ ਵਿਚ ਭਰਪੂਰ ਵਿਚਾਰ ਵਟਾਂਦਰੇ ਉਪਰੰਤ ਅੰਡਰ-ਗ੍ਰੈਜੂਏਟ ਪੱਧਰ ਉਤੇ ਪੜਾਅ ਵਾਰ ਮਾਧਿਅਮ ਪਰਿਵਰਤਨ ਸਕੀਮ ਲਾਗੂ ਕਰਨ ਦਾ ਫੈਸਲਾ ਲਿਆ। ਮਈ 1971 ਵਿਚ ਸੁਪਰੀਮ ਕੋਰਟ ਵਲੋਂ ਆਏ ਫੈਸਲੇ ਦੀ ਲੋਅ ਵਿਚ ਆਪਣੀਆਂ ਸਿਫਾਰਸ਼ਾਂ ਵਿਚ ਥੋੜ੍ਹੀ ਸੋਧ ਕਰਦਿਆਂ ਸੈਨੇਟ ਨੇ ਪੰਜਾਬੀ ਮਾਧਿਅਮ ਨੂੰ ਲਾਜ਼ਮੀ ਦੀ ਥਾਂ ਆਪਸ਼ਨਲ ਬਣਾ ਦਿੱਤਾ। 21 ਮਈ, 1980 ਨੂੰ ਹੋਈ ਸਿੰਡੀਕੇਟ ਨੇ ਪੋਸਟ-ਗ੍ਰੈਜੂਏਟ ਪੱਧਰ ਤੇ ਸਮਾਜਕ ਵਿਗਿਆਨਾਂ ਦੇ ਵਿਸ਼ਿਆਂ ਵਿਚ ਪੰਜਾਬੀ ਮਾਧਿਅਮ ਅਪਣਾਉਣ ਲਈ ਇਕ ਸਿਲਸਿਲੇਵਾਰ ਪ੍ਰੋਗਰਾਮ ਪਾਸ ਕਰਦਿਆਂ ਪਹਿਲੇ ਪੜਾਅ ਤੇ (1981-82 ਦੇ ਅਕਾਦਮਿਕ ਸੈਸ਼ਨ ਤੋਂ) ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜ ਵਿਗਿਆਨ, ਅਰਥ ਵਿਗਿਆਨ, ਲੋਕ ਪ੍ਰਬੰਧ, ਸਿੱਖਿਆ (ਐਮ.ਏ., ਐਮ.ਐਡ.) ਅਤੇ ਦੂਜੇ ਪੜਾਅ 'ਤੇ (1982-83 ਦੇ ਅਕਾਦਮਿਕ ਸੈਸ਼ਨ ਤੋਂ) ਲਾਇਬ੍ਰੇਰੀ ਸਾਇੰਸ, ਡਿਫੈਂਸ ਸਟਡੀਜ਼, ਕਾਨੂੰਨ, ਫਿਲਾਸਫੀ ਅਤੇ ਭਾਸ਼ਾ ਵਿਗਿਆਨ ਵਿਚ ਇਹ ਖੁੱਲ੍ਹ ਪ੍ਰਦਾਨ ਕਰ ਦਿਤੀ। 2 ਅਪ੍ਰੈਲ, 1981 ਨੂੰ ਹੋਈ ਸਿੰਡੀਕੇਟ ਨੇ ਵਿਗਿਆਨ ਦੇ ਵਿਸ਼ਿਆਂ ਵਿਚ ਵੀ ਪੰਜਾਬੀ ਯੂਨੀਵਰਸਿਟੀ ਨੂੰ ਪ੍ਰੀਖਿਆ ਦੇ ਮਾਧਿਅਮ ਵਜੋਂ ਅਪਨਾਉਣ ਦੀ ਖੁੱਲ੍ਹ ਦਿੱਤੀ ਅਤੇ ਇਸੇ ਪ੍ਰੋਗਰਾਮ ਨੂੰ ਵਿਸਥਾਰ ਦਿੰਦਿਆਂ 1987 ਵਿੱਚ ਐਮ.ਫਿਲ, ਪੀ.ਐਚ.ਡੀ. ਦੇ ਖੋਜ ਪ੍ਰਬੰਧ ਲਿਖਣ ਤੱਕ ਲਈ ਵੀ ਇਸ ਆਪਸ਼ਨ ਨੂੰ ਪ੍ਰਵਾਨ ਕਰ ਲਿਆ ਗਿਆ। ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀ ਹੁਣ ਤੱਕ ਇਸੇ ਨੀਤੀ ਫੈਸਲੇ ਤਹਿਤ ਮਾਧਿਅਮ ਦੀ ਛੋਟ ਅਪਣਾਉਂਦੇ ਹਨ। ਪ੍ਰੀਖਿਆ ਸ਼ਾਖਾ ਤੋਂ ਪ੍ਰਾਪਤ ਅੰਕੜੇ ਇਹ ਦੱਸਦੇ ਹਨ ਕਿ ਆਰਟਸ ਅਤੇ ਕਾਮਰਸ ਦੇ ਵਿਦਿਆਰਥੀ ਵੱਡੀ ਗਿਣਤੀ ਵਿਚ ਲਗਭਗ 90% ਪੰਜਾਬੀ ਮਾਧਿਅਮ ਨੂੰ ਤਰਜੀਹ ਦਿੰਦੇ ਹਨ ਪਰ ਸਾਇੰਸ ਦੇ ਵਿਸ਼ਿਆਂ ਵਿਚ ਅੰਗਰੇਜ਼ੀ ਮਾਧਿਅਮ ਨੂੰ ਹੀ ਅਪਣਾਇਆ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪਣੀਆਂ ਸੰਵਿਧਾਨਕ ਜ਼ੁੰਮੇਵਾਰੀਆਂ ਨੂੰ ਨਿਭਾਉਂਦਿਆਂ ਅਤੇ ਮਾਧਿਅਮ ਪਰਿਵਰਤਨ ਦੀ ਆਪਸ਼ਨ ਦਿੰਦਿਆਂ ਇਸ ਗੱਲ ਪ੍ਰਤੀ ਪੂਰਨ ਰੂਪ ਵਿਚ ਸੁਚੇਤ ਹੈ ਕਿ ਪੰਜਾਬੀ ਮਾਧਿਅਮ ਰਾਹੀਂ ਸਿੱਖਿਆ-ਦੀਖਿਆ ਲੈਣ ਵਾਲੇ ਵਿਦਿਆਰਥੀ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਗੈਰ-ਪੰਜਾਬੀ ਮਾਧਿਅਮ ਰਾਹੀਂ ਪੜ੍ਹੇ ਵਿਦਿਆਰਥੀਆਂ ਨਾਲੋਂ ਵਧੇਰੇ ਰੌਸ਼ਨ ਦਿਮਾਗ ਹੋਣੇ ਚਾਹੀਦੇ ਹਨ। ਪੰਜਾਬੀ ਭਾਸ਼ਾ ਨੂੰ ਗਿਆਨ-ਵਿਗਿਆਨ ਦੇ ਬਹੁਵਿਧ



Sri Satguru Jagjit Singh Ji Elibrary NamdhariElibrary@gmail.com

ਖੇਤਰਾਂ ਦਾ ਹਾਣੀ ਬਣਾਉਣਾ ਅਤੇ ਇਸ ਵਿਚ ਅੰਗਰੇਜ਼ੀ ਵਰਗੀ ਨਿਤ ਵਿਕਸਤ ਹੋ ਰਹੀ ਭਾਸ਼ਾ ਵਾਲੀ ਪ੍ਰਗਟਾਅ ਸ਼ਕਤੀ ਭਰਨਾ ਏਨਾ ਸੌਖਾ ਨਹੀਂ। ਇਸ ਨੀਤੀ ਨਿਰਣੈ ਨੂੰ ਅਮਲੀ ਰੂਪ ਦੇਣ ਲਈ ਪੰਜਾਬੀ ਵਿਚ ਪਾਠ-ਪੁਸਤਕਾਂ, ਤਕਨੀਕੀ ਸ਼ਬਦਾਵਲੀਆਂ, ਜਰਨਲ ਪੁਸਤਕਾਂ ਤਿਆਰ ਕਰਵਾਈਆਂ ਜਾਂਦੀਆਂ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਤਿਹਾਸ, ਸੰਗੀਤ, ਅਰਥ ਸ਼ਾਸਤਰ, ਰਾਜਨੀਤੀ ਵਿਗਿਆਨ, ਲੋਕ ਪ੍ਰਬੰਧ, ਮਨੋਵਿਗਿਆਨ, ਸਿੱਖਿਆ, ਕਾਮਰਸ, ਕਾਨੂੰਨ ਅਤੇ ਕੋਮਲ ਕਲਾਵਾਂ ਦੇ ਖੇਤਰਾਂ ਨਾਲ ਸੰਬੰਧਤ 1000 ਤੋਂ ਵੱਧ ਟੈਕਸਟ ਅਤੇ ਜਨਰਲ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ ਹਨ ਅਤੇ ਲਗਭਗ 50 ਪੁਸਤਕਾਂ ਛਪਾਈ ਅਧੀਨ ਹਨ। ਇਹ ਪੁਸਤਕਾਂ ਬੋਰਡ ਆਫ ਸਟਡੀਜ਼ ਵਲੋਂ ਅਪ-ਟੂ-ਡੇਟ ਕੀਤੇ ਸਿਲੇਬਸਾਂ ਦੀ ਲੋੜ ਅਨੁਸਾਰ ਸੰਬੰਧਤ ਵਿਸ਼ੇ ਦੇ ਵਿਸ਼ੇਸ਼ਗਾਂ ਪਾਸੋਂ ਲਿਖਵਾਈਆਂ ਜਾਂਦੀਆਂ ਹਨ ਅਤੇ ਉਚ ਕੋਟੀ ਦੇ ਵਿਸ਼ੇਸ਼ਗਾਂ ਦੀ ਹਾਂ ਪੱਖੀ ਰਾਏ ਆਉਣ 'ਤੇ ਹੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ।

ਹਵਾਲਾ ਸਮੱਗਰੀ ਦਾ ਉਤਪਾਦਨ: ਯੂਨੀਵਰਸਿਟੀ ਲਈ ਮਾਧਿਅਮ ਪਰਿਵਰਤਨ ਨਿਰੋਲ ਰਸਮ ਜਾਂ ਨਾਅਰਾ ਨਹੀਂ ਸਗੋਂ ਪੰਜਾਬੀ ਭਾਸ਼ਾ ਨੂੰ ਨਵੀਆਂ ਚੁਣੌਤੀਆਂ ਤੇ ਵੰਗਾਰਾਂ ਦੇ ਹਾਣ ਦਾ ਬਣਾਉਣ ਲਈ ਇਕ ਸੁਚੇਤ ਉਪਰਾਲਾ ਹੈ। ਗਿਆਨ ਦੇ ਕਿਸੇ ਵੀ ਖੇਤਰ ਵਿਚ ਨਿਤ ਵਾਪਰਦੀਆਂ ਤਬਦੀਲੀਆਂ ਨਾਲ ਸ਼ਾਮਲ ਹੁੰਦੇ ਨਵੇਂ ਸੰਕਲਪਾਂ ਨੂੰ ਪੰਜਾਬੀ ਵਿਕਾਸ ਗ੍ਰਹਿਣਯੋਗ ਬਣਾਉਣਾ ਲਾਜ਼ਮੀ ਹੈ।

ਇਸ ਪ੍ਰੋਗਰਾਮ ਤਹਿਤ ਪੰਜਾਬੀ ਮਾਧਿਅਮ ਵਿਚ ਕੰਮ ਕਰਨ ਵਾਲੇ ਲੇਖਕਾਂ/ਖੋਜਾਰਥੀਆਂ ਨੂੰ ਉੱਚ-ਪੱਧਰੀ ਖੋਜ ਦੇ ਸੰਦ ਮੁਹਈਆ ਕਰਨ ਲਈ ਅਤੇ ਆਮ ਪਾਠਕਾਂ ਦੀ ਸੁਵਿਧਾ ਅਤੇ ਸਹੂਲਤ ਲਈ ਵਿਭਿੰਨ ਕਿਸਮ ਦੀ ਹਵਾਲਾ ਸਮੱਗਰੀ ਜਿਵੇਂ ਇਕ ਭਾਸ਼ਾਈ ਕੋਸ਼, ਬਹੁ ਭਾਸ਼ਾਈ ਕੋਸ਼, ਵਿਸ਼ਾ ਕੋਸ਼, ਸੰਦਰਭ ਕੋਸ਼, ਵਿਸ਼ਵ ਕੋਸ਼, ਸ੍ਰੋਤ ਮੂਲਕ ਇਤਿਹਾਸ, ਐਟਲਸਾਂ, ਤਕਨੀਕੀ ਸ਼ਬਦਾਵਲੀ ਅਤੇ ਸਰਵੇ ਆਦਿ ਤਿਆਰ ਕੀਤੀ ਜਾਂਦੀ ਹੈ। ਕੋਸ਼ਕਾਰੀ ਦੇ ਖੇਤਰ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਕੀਤਾ ਗਿਆ ਸ਼ਬਦ-ਜੋੜ ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬੀ-ਅੰਗਰੇਜ਼ੀ ਕੋਸ਼, ਫਾਰਸੀ-ਪੰਜਾਬੀ ਕੋਸ਼, ਸੰਸਕ੍ਰਿਤ-ਪੰਜਾਬੀ ਕੋਸ਼, ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, ਅਰਬੀ ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ ਆਦਿ ਪੰਜਾਬੀ ਭਾਸ਼ਾ ਦੇ ਪ੍ਰਮਾਣਿਕ ਅਧਿਐਨ ਤੇ ਅਧਿਆਪਨ ਲਈ ਅਤਿਅੰਤ ਲੋੜੀਂਦੀ ਹਵਾਲਾ ਸਮੱਗਰੀ ਦੀ ਪੂਰਤੀ ਕਰਦੇ ਹਨ। ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ ਇਨਸਾਈਕਲੋਪੀਡੀਆ ਆਫ ਸਿਖਇਜ਼ਮ, (ਮੁੱਖ ਸੰਪਾਦਕ ਡਾ. ਹਰਬੰਸ ਸਿੰਘ), ਇਨਸਾਈਕਲੋਪੀਡੀਆ ਆਫ਼ ਸਿੱਖ ਲਿਟਰੇਚਰ (ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦਾ ਅੰਗਰੇਜ਼ੀ ਅਨੁਵਾਦ), ਬਾਲ ਵਿਸ਼ਵ ਕੋਸ਼ (ਮੁੱਖ ਸੰਪਾਦਕ ਡਾ. ਧਨਵੰਤ ਕੌਰ) ਵਰਗੀਆਂ ਕਿਰਤਾਂ ਪੰਜਾਬੀ ਯੂਨੀਵਰਸਿਟੀ ਦੀਆਂ ਪੰਜਾਬੀ ਵਿਕਾਸ ਨਾਲ ਸੰਬੰਧਤ ਗਤੀਵਿਧੀਆਂ ਦਾ ਮਿਆਰ ਅਤੇ ਪ੍ਰਮਾਣ ਸਿਰਜਣ ਲਈ ਕਾਫੀ ਹਨ। ਹਿੰਦੀ-ਪੰਜਾਬੀ-ਅੰਗਰੇਜ਼ੀ ਤ੍ਰੈਭਾਸ਼ੀ ਕੋਸ਼ (ਤਿੰਨ ਭਾਗ), ਵਣਜ ਤੇ ਪ੍ਰਬੰਧਕੀ ਵਿਸ਼ਾ ਕੋਸ਼ (ਦੋ ਭਾਗ), ਅਰਥ-ਸ਼ਾਸਤਰ ਵਿਸ਼ਾ ਕੋਸ਼, ਜ਼ੁਆਲੋਜੀ ਵਿਸ਼ਾ ਕੋਸ਼, ਗਣਿਤ ਵਿਸ਼ਾ ਕੋਸ਼ (ਦੋ ਭਾਗ), ਪੰਜਾਬੀ ਸਾਹਿਤ ਦਾ ਸ੍ਰੋਤ ਮੂਲਕ ਇਤਿਹਾਸ (ਪੰਜ ਭਾਗ), ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਜਾਬੀ ਨਾਵਲਕਾਰ ਸੰਦਰਭ ਕੋਸ਼, ਪੰਜਾਬ ਦੀ ਖੇਤੀਬਾੜੀ ਦੀ ਯੋਜਨਾ ਐਟਲਸ, ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ, ਪੰਜਾਬੀ ਦਾ ਪ੍ਰਸਿੱਧ ਕਿੱਸਾ ਕਾਵਿ ਕੋਸ਼ ਆਦਿ



Sri Satguru Jagjit Singh Ji Elibrary NamdhariElibrary@gmail.com

ਪ੍ਰਾਜੈਕਟ ਇਸ ਪ੍ਰੋਗਰਾਮ ਦੀਆਂ ਕੁਝ ਹੋਰ ਜ਼ਿਕਰਯੋਗ ਪ੍ਰਾਪਤੀਆਂ ਹਨ।

ਇਸ ਸਮੇਂ ਜਿਨ੍ਹਾਂ ਪ੍ਰਮੁੱਖ ਪ੍ਰਾਜੈਕਟਾਂ 'ਤੇ ਕੰਮ ਚੱਲ ਰਿਹਾ ਹੈ ਉਨ੍ਹਾਂ ਵਿਚੋਂ ਹਾਲ ਹੀ ਵਿਚ ਮੁਕੰਮਲ ਹੋਏ Encyclopaedia of Sikh Literature (ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼) ਦਾ ਅੰਗੇਰਜ਼ੀ ਅਨੁਵਾਦ (ਦੋ ਭਾਗ ਪ੍ਰਕਾਸ਼ਿਤ, ਤੀਜਾ ਛਪਾਈ ਅਧੀਨ ਅਤੇ ਚੌਥਾ ਤਿਆਰੀ ਅਧੀਨ), ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦਾ ਸੋਧਾਂ ਤੇ ਵਾਧਿਆਂ ਸਮੇਤ ਪੁਨਰ ਪ੍ਰਕਾਸ਼ਨ (ਦੋ ਭਾਗ ਪ੍ਰਕਾਸ਼ਤ, ਤੀਜਾ ਛਪਾਈ ਅਧੀਨ ਅਤੇ ਚੌਥਾ ਤਿਆਰੀ ਅਧੀਨ), ਬਾਲ ਵਿਸ਼ਵ ਕੋਸ਼ (ਦੋ ਭਾਗ ਪ੍ਰਕਾਸ਼ਤ ਅਤੇ ਛੇ ਭਾਗ ਤਿਆਰੀ ਅਧੀਨ) ਕੁਝ ਵਰਨਣਯੋਗ ਕੰਮ ਹਨ।

ਵਿਸ਼ਵ ਦੀਆਂ ਸ਼ਾਹਕਾਰ ਰਚਨਾਵਾਂ ਦਾ ਅਨੁਵਾਦ: ਵਿਸ਼ਵ ਦੇ ਪ੍ਰਸਿੱਧ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਵਿਚ ਉਪਲਬਧ ਕਰਵਾਉਣ ਲਈ ਪੰਜਾਬੀ ਯੂਨੀਵਰਸਿਟੀ ਵਲੋਂ ਅਨੁਵਾਦ ਕਰਵਾਏ ਜਾਂਦੇ ਹਨ। ਹੁਣ ਤੱਕ ਲਗਭਗ ਮੁਕੰਮਲ ਸ਼ੈਕਸਪੀਅਰ ਪੰਜਾਬੀ ਵਿਚ ਅਨੁਵਾਦ ਹੋ ਚੁੱਕਾ ਹੈ। ਮੈਕਾਲਿਫ, ਹਰਮਨ ਫਾਈਨਰ, ਗੋਇਟੇ, ਡਨਿੰਗ, ਵਰਗੇ ਪ੍ਰਸਿੱਧ ਚਿੰਤਕਾਂ ਦੀਆਂ 200 ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ ਹਨ। ਇਸੇ ਅਨੁਵਾਦ ਸਕੀਮ ਨੂੰ ਵਿਸਤਾਰ ਦਿੰਦਿਆਂ ਨੋਬਲ ਪ੍ਰਾਈਜ਼ ਵਿਜੇਤਾ ਸਾਹਿਤਕਾਰਾਂ ਦੀਆਂ ਪ੍ਰਮੁੱਖ ਰਚਨਾਵਾਂ ਨੂੰ ਅਨੁਵਾਦ ਕਰਵਾਇਆ ਜਾ ਰਿਹਾ ਹੈ। ਹੈਮਿੰਗਵੇ, ਹਰਮਨ ਹੈਸ, ਪਰਲ ਐਸ. ਬੱਕ, ਮਾਰਕੁਏਜ਼, ਸਟੇਨਬੈਕ, ਨਟ ਪੌਂਡਰਸਨ, ਸੈਮੂਅਲ ਬੈਕੱਟ ਆਦਿ ਵਰਗੇ ਨੋਬਲ ਪ੍ਰਾਈਜ਼ ਵਿਜੇਤਾ ਸਾਹਿਤਕਾਰ ਪਹਿਲਾਂ ਹੀ ਪ੍ਰਕਾਸ਼ਤ ਕੀਤੇ ਜਾ ਚੁੱਕੇ ਹਨ ਅਤੇ ਓਕਟੇਵੀਓ ਪਾਜ਼, ਨਾਇਪਾਲ, ਮਰੇਸ਼ੀਆ ਮਾਰਕੁਇਜ਼, ਬੂਨਿਨ, ਟੌਨੀ ਮੌਰੀਸਨ, ਵਿਲੀਅਤ ਗੋਲਡਿੰਗ ਰੋਮਾਂ, ਰੋਮਾਂ ਰੋਲ ਵਰਗੇ ਸਾਹਿਤਕਾਰ ਪੰਜਾਬੀ ਵਿਚ ਅਨੁਵਾਦ ਕਰਕੇ ਨਿਕਟ ਭਵਿੱਖ ਵਿਚ ਪੰਜਾਬੀ ਪਾਠਕਾਂ ਲਈ ਉਪਲਬਧ ਕਰਵਾਏ ਜਾ ਰਹੇ ਹਨ।

ਸਾਹਿਤਕ ਰਚਨਾਵਾਂ ਤੋਂ ਇਲਾਵਾ ਇਤਿਹਾਸ, ਰਾਜਨੀਤੀ, ਕਲਾ, ਮਨੋਵਿਗਿਆਨ ਤੇ ਹੋਰ ਸਮਾਜਕ ਵਿਗਿਆਨਾਂ ਨਾਲ ਸਬੰਧਤ ਮਹੱਤਵਪੂਰਨ ਪੁਸਤਕਾਂ ਵੀ ਅਨੁਵਾਦ ਕਰਵਾਈਆਂ ਜਾਂਦੀਆਂ ਹਨ। ਪੰਜਾਬੀ ਦੀਆਂ ਕਲਾਸਿਕ ਰਚਨਾਵਾਂ ਨੂੰ ਵੀ ਅੰਗਰੇਜ਼ੀ, ਹਿੰਦੀ, ਉਰਦੂ ਵਿਚ ਅਨੁਵਾਦ ਕਰਵਾਇਆ ਗਿਆ ਹੈ ਤੇ ਇਸ ਸਕੀਮ ਨੂੰ ਹੋਰ ਵਿਸਤ੍ਰਿਤ ਕੀਤਾ ਗਿਆ ਹੈ। ਇਸੇ ਤਰ੍ਹਾਂ ਫਾਰਸੀ ਦੇ ਵਿਸ਼ਵ ਵਿਖਿਆਤ ਸ਼ਾਇਰਾਂ ਇਕਬਾਲ ਅਤੇ ਫੈਜ਼ ਦਾ ਕਲਾਮ ਪੰਜਾਬੀ ਪਾਠਕਾਂ ਲਈ ਲਿਪੀਅੰਤਰ ਕੀਤਾ ਜਾ ਰਿਹਾ ਹੈ।

ਵਿਗਿਆਨਕ ਚੇਤਨਾ ਦਾ ਪਸਾਰ: ਇਸ ਸਕੀਮ ਅਧੀਨ ਆਮ ਵਿਅਕਤੀ ਨੂੰ ਨਿਰੋਗ ਜੀਵਨ, ਵਾਤਾਵਰਨ, ਤਕਨਾਲੋਜੀ ਆਦਿ ਸੰਬੰਧੀ ਵਿਗਿਆਨਕ ਸੂਝ-ਬੂਝ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਤਿਆਰ ਕਰਵਾਈਆਂ ਜਾਂਦੀਆਂ ਹਨ। ਵਿਗਿਆਨ ਦੀਆਂ ਲੱਭਤਾਂ ਨੂੰ ਹਰਮਨ ਪਿਆਰਾ ਬਣਾਉਣ, ਸਿਹਤ ਦੀਆਂ ਆਮ ਸਮੱਸਿਆਵਾਂ ਤੋਂ ਵਾਕਫ ਕਰਾਉਣ ਅਤੇ ਆਲੇ -ਦੁਆਲੇ ਪ੍ਰਤੀ ਵਿਗਿਆਨਕ ਨਜ਼ਰੀਆ ਉਸਾਰਨ ਵਿਚ ਇਹ ਪੁਸਤਕਾਂ ਖ਼ੂਬਸੂਰਤ ਰੋਲ ਅਦਾ ਕਰ ਰਹੀਆਂ ਹਨ। ਇਸ ਪ੍ਰੋਗਰਾਮ ਅਧੀਨ 100 ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ।

ਸਾਹਿਤਕਾਰਾਂ, ਚਿੰਤਕਾਂ, ਇਤਿਹਾਸਕਾਰਾਂ, ਕਲਾਕਾਰਾਂ ਦੇ ਮੋਨੋਗਰਾਫ: ਪੰਜਾਬ ਦੇ ਦਾਨਿਸ਼ਵਰਾਂ ਅਤੇ ਕਲਾਕਾਰਾਂ ਦੇ ਮੋਨੋਗਰਾਫ ਵਿਭਾਗ ਵਲੋਂ ਲਿਖਵਾਏ ਜਾਂਦੇ ਹਨ। ਪਿਛਲੇ



Sri Satguru Jagjit Singh Ji Elibrary NamdhariElibrary@gmail.com

ਸਮੇਂ ਵਿਚ ਸੋਹਨ ਸਿੰਘ ਭਕਨਾ, ਅੰਮ੍ਰਿਤਾ ਸ਼ੇਰਗਿੱਲ ਦੇ ਮੋਨੋਗਰਾਫ਼ ਪ੍ਰਕਾਸ਼ਤ ਹੋਏ ਹਨ। ਇਸਦੇ ਨਾਲ ਹੀ ਵਿਭਾਗ ਨੇ ਪੱਛਮੀ ਚਿੰਤਕਾਂ ਸਬੰਧੀ ਪੰਜਾਬੀ ਵਿਦਿਆਰਥੀਆਂ ਤੇ ਖੋਜਾਰਥੀਆਂ ਨੂੰ ਪ੍ਰਮਾਣਿਕ ਜਾਣਕਾਰੀ ਦੇਣ ਲਈ ਪਲੈਟੋ ਤੋਂ ਲੈ ਕੇ ਜੂਡਿਥ ਬਟਲਰ ਤੱਕ 32 ਵਿਦਵਾਨਾਂ ਦੇ ਮੋਨੋਗਰਾਫ਼ ਲਿਖਵਾਉਣ ਦਾ ਕੰਮ ਵੱਖੋ-ਵੱਖ ਵਿਦਵਾਨਾਂ ਨੂੰ ਸੌਂਪਿਆ ਹੈ।

ਭਾਈ ਵੀਰ ਸਿੰਘ, ਆਈ.ਸੀ. ਨੰਦਾ, ਮੋਹਨ ਸਿੰਘ ਵੈਦ, ਧਨੀ ਰਾਮ ਚਾਤ੍ਰਿਕ, ਪ੍ਰੋਫੈਸਰ ਮੋਹਨ ਸਿੰਘ, ਪ੍ਰੋ. ਗੁਲਵੰਤ ਸਿੰਘ, ਬਾਵਾ ਬਲਵੰਤ ਵਰਗੇ ਪ੍ਰਤਿਸ਼ਠਿਤ ਸਾਹਿਤਕਾਰਾਂ ਦੀਆਂ ਸੰਪੂਰਨ ਰਚਨਾਵਾਂ ਦੀ ਸੰਪਾਦਨਾ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ ਹਨ।

ਖੋਜ-ਪੱਤ੍ਰਿਕਾਵਾਂ : ਕਿਸੇ ਵੀ ਯੂਨੀਵਰਸਿਟੀ ਵਲੋਂ ਕੱਢੇ ਜਾਂਦੇ ਜਰਨਲ ਉਸ ਯੂਨੀਵਰਸਿਟੀ ਦੀ ਬੌਧਿਕ ਚੇਤਨਾ ਦਾ ਪ੍ਰਮਾਣ ਹੁੰਦੇ ਹਨ। ਅਜੋਕੇ ਗਲੋਬਲੀ ਪ੍ਰਸੰਗ ਵਿਚ ਕਿਸੇ ਵੀ ਖੇਤਰ ਦੇ ਭਖਦੇ ਮਸਲਿਆਂ ਅਤੇ ਨਵੀਨਤਮ ਖੋਜਾਂ ਦੀ ਪ੍ਰਮਾਣਿਕ ਜਾਣਕਾਰੀ ਬਿਨਾਂ ਕਿਸੇ ਵੀ ਕੌਮ ਦੀ ਚਿੰਤਨ ਤੇ ਚੇਤਨਾ ਸਮਰੱਥਾ ਨੂੰ ਉਤੇਜਤ ਨਹੀਂ ਕੀਤਾ ਜਾ ਸਕਦਾ। ਪੰਜਾਬੀ ਯੂਨੀਵਰਸਿਟੀ ਆਪਣੀ ਇਸ ਜ਼ੁੰਮੇਵਾਰੀ ਪ੍ਰਤੀ ਪੂਰਨ ਰੂਪ ਵਿਚ ਸੁਚੇਤ ਹੈ। ਵਿਗਿਆਨ, ਵਾਤਾਵਰਣ, ਸਿਹਤ, ਕੰਪਿਊਟਰ ਸਾਇੰਸ, ਫੌਰੈਂਸਿਕ ਸਾਇੰਸ ਆਦਿ ਦੀ ਆਮ ਜਾਣਕਾਰੀ ਪਾਠਕਾਂ ਨੂੰ ਉਪਲਬਧ ਕਰਾਉਣ ਲਈ ਪੰਜਾਬੀ ਵਿਚ ਪੁਸਤਕਾਂ ਹੀ ਪ੍ਰਕਾਸ਼ਤ ਨਹੀਂ ਕੀਤੀਆਂ ਜਾ ਰਹੀਆਂ, ਵਿਗਿਆਨ ਦੇ ਨਕਸ਼ ਨਾਮੀ ਪਤ੍ਰਿਕਾ ਵੀ ਨਿਰੰਤਰ ਤੌਰ 'ਤੇ ਪ੍ਰਕਾਸ਼ਤ ਕੀਤੀ ਜਾ ਰਹੀ ਹੈ।

ਸਮਾਜਕ ਵਿਗਿਆਨ ਦੇ ਖੇਤਰ ਵਿਚ ਉਭਰ ਰਹੇ ਨਵੇਂ ਅਧਿਐਨ ਖੇਤਰਾਂ ਨੂੰ ਸਮਾਜਕ ਵਿਗਿਆਨ ਪੱਤਰ ਨਾਮੀ ਪੱਤ੍ਰਿਕਾ ਰਾਹੀਂ ਪੰਜਾਬੀ ਪਾਠਕਾਂ ਤਕ ਪੁਚਾਇਆ ਜਾਂਦਾ ਹੈ। ਪੰਜਾਬ ਦੀ ਆਰਥਿਕਤਾ, ਪੰਜਾਬ ਵਿਚ ਜਨ ਸੰਚਾਰ, ਗੁਰਮਤਿ ਸੰਗੀਤ ਵਰਗੇ ਇਸਦੇ ਵਿਸ਼ੇਸ਼ ਅੰਕ ਪਾਠਕਾਂ/ਖੋਜਾਰਥੀਆਂ ਵਲੋਂ ਵਿਸ਼ੇਸ਼ ਤੌਰ 'ਤੇ ਸਲਾਹੇ ਗਏ ਹਨ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਹੋ ਰਹੀ ਖੋਜ ਤੇ ਆਲੋਚਨਾ ਪ੍ਰਤੀ ਨਿਰੰਤਰ ਜਾਗਰੂਪ ਰਹਿੰਦਿਆਂ ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬੀ ਖੋਜ ਨੂੰ ਸਮਰਪਿਤ ਖੋਜ ਪੱਤ੍ਰਿਕਾ ਲਗਾਤਾਰ ਪ੍ਰਕਾਸ਼ਤ ਕੀਤੀ ਜਾ ਰਹੀ ਹੈ।

ਪੰਜਾਬੀ ਯੂਨੀਵਰਸਿਟੀ ਸਭਿਆਚਾਰ ਪੱਤ੍ਰਿਕਾ ਪੰਜਾਬ ਦੇ ਸਭਿਆਚਾਰ ਵਿਗਿਆਨੀਆਂ ਵਲੋਂ ਚਿਰਾਂ ਤੋਂ ਧਿਆਨ ਵਿਚ ਲਿਆਂਦੀ ਲੋੜ ਦੀ ਪੂਰਤੀ ਹਿਤ ਵਿਉਂਤੀ ਗਈ ਹੈ। ਇਹ ਪੱਤ੍ਰਿਕਾ ਪੰਜਾਬੀ ਸਭਿਆਚਾਰ ਦੇ ਸੁਨਿਸ਼ਚਿਤ ਵਿਧੀਬੱਧ ਅਤੇ ਵਿਗਿਆਨ ਅਧਿਐਨ ਨੂੰ ਵਿਸ਼ੇਸ਼ ਤੌਰ 'ਤੇ ਫੋਕਸ ਵਿਚ ਲਿਆਉਂਦੀ ਹੈ। ਪੰਜਾਬੀ ਦੇ ਵਧੀਆ ਸਾਹਿਤ ਨੂੰ ਹਿੰਦੀ ਪਾਠਕਾਂ ਤੱਕ ਪੁਚਾਉਣ ਲਈ ਹਿੰਦੀ ਵਿਚ ਸਾਹਿਤਯ ਮਾਰਗ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਖੋਜ-ਪੱਤ੍ਰਿਕਾ, ਗੁਰੂ ਨਾਨਕ ਪ੍ਰਕਾਸ਼ ਪੱਤ੍ਰਿਕਾ ਵੀ ਪ੍ਰਕਾਸ਼ਤ ਕੀਤੀ ਜਾਂਦੀ ਹੈ।

ਅੰਤਰਰਾਸ਼ਟਰੀ ਕਾਨਫਰੰਸ/ਸੈਮੀਨਾਰ/ਭਾਸ਼ਣ/ਵਰਕਸ਼ਾਪ ਆਦਿ: ਪੰਜਾਬੀ ਅਕਾਦਮਿਕਤਾ ਨੂੰ ਚਿੰਤਨ ਤੇ ਚੇਤਨਾ ਦੇ ਖੇਤਰ ਵਿਚ ਉਭਰ ਰਹੀਆਂ ਨਵੀਆਂ ਚੁਣੌਤੀਆਂ ਦੇ ਸਨਮੁਖ ਕਰਨ ਲਈ ਵਿਭਾਗ ਵੱਲੋਂ ਅਕਾਦਮਿਕ ਮੰਚ ਮੁਹੱਈਆ ਕੀਤਾ ਜਾਂਦਾ ਹੈ। ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ, ਮਾਤ-ਭਾਸ਼ਾ ਦਿਵਸ ਵਰਗੀਆਂ ਸਥਾਈ ਸਲਾਨਾ ਸਰਗਰਮੀਆਂ ਤੋਂ ਇਲਾਵਾ ਯੂਨੀਵਰਸਿਟੀ ਦੇ ਪੰਜਾਬੀ ਖੋਜ ਨਾਲ ਜੁੜੇ ਵੱਖ-ਵੱਖ ਵਿਭਾਗ ਨਿਰੰਤਰ ਰੂਪ ਵਿਚ ਸੈਮੀਨਾਰ/ ਵਿਸ਼ੇਸ਼ ਭਾਸ਼ਣ/ ਵਰਕਸ਼ਾਪਾਂ ਆਯੋਜਤ ਕੀਤੀਆਂ ਜਾਂਦੀਆਂ ਹਨ।



Sri Satguru Jagjit Singh Ji Elibrary NamdhariElibrary@gmail.com

**ਪੰਜਾਬੀ ਅਕਾਦਮਿਕਤਾ ਨੂੰ ਮਾਨਤਾ:** ਪੰਜਾਬੀ ਯੂਨੀਵਰਸਿਟੀ ਪੰਜਾਬੀ ਚਿੰਤਨ ਤੇ ਚੇਤਨਾ ਦੇ ਖੇਤਰ ਵਿਚ ਯੋਗਦਾਨ ਪਾਉਣ ਵਾਲਿਆਂ ਚਿੰਤਕਾਂ/ ਸਾਹਿਤਕਾਰਾਂ/ ਇਤਿਹਾਸਕਾਰਾਂ/ ਕਲਾਕਾਰਾਂ/ ਦਾਨਿਸ਼ਮੰਦਾਂ ਅਤੇ ਪੰਜਾਬੀ ਹਿਤੈਸ਼ੀਆਂ ਪ੍ਰਤੀ ਆਪਣੀ ਕ੍ਰਿਤੱਗਤਾ ਦਾ ਇਜ਼ਹਾਰ ਬੜੇ ਮਾਣ ਨਾਲ ਕਰਦੀ ਹੈ। ਪੰਜਾਬੀ ਵਿਕਾਸ ਵਿਚ ਲਾਸਾਨੀ ਭੂਮਿਕਾ ਨਿਭਾਉਣ ਵਾਲੀਆਂ ਇਨ੍ਹਾਂ ਸ਼ਖਸੀਅਤਾਂ ਨੂੰ ਪੰਜਾਬੀ ਯੂਨੀਵਰਸਿਟੀ ਨਾਲ ਜੋੜੀ ਰੱਖਣ ਲਈ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿਚ ਪ੍ਰੋਫੈਸਰ ਆਫ ਐਮੀਨੈਂਸ, ਆਜੀਵਨ ਫੈਲੋ, ਸੀਨੀਅਰ ਫੈਲੋ ਅਤੇ ਫੈਲੋ ਦੀ ਵਿਵਸਥਾ ਕੀਤੀ ਗਈ ਹੈ।

**ਰੈਫਰੈਂਸ ਲਾਇਬ੍ਰੇਰੀ:** ਪੰਜਾਬੀ ਯੂਨੀਵਰਸਿਟੀ ਦੀ ਰੈਫਰੈਂਸ ਲਾਇਬ੍ਰੇਰੀ ਆਪਣੇ ਆਪ ਵਿਚ ਇਕ ਵਿਲੱਖਣ ਪ੍ਰਾਪਤੀ ਹੈ ਜਿਸ ਵਿਚ ਪੰਜਾਬੀ ਦੀਆਂ ਇਕ ਲੱਖ ਤੋਂ ਵੱਧ ਕਿਤਾਬਾਂ/ ਖਰੜੇ / ਰਸਾਲੇ/ ਥੀਸਿਸ ਸੰਗ੍ਰਹਿਤ ਰੂਪ ਵਿਚ ਪ੍ਰਾਪਤ ਹਨ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸਬੰਧੀ ਪੁਸਤਕ ਲਿਖਣ ਵਾਲੇ/ਪ੍ਰਕਾਸ਼ਤ ਕਰਨ ਵਾਲੇ ਹਰ ਵਿਅਕਤੀ ਲਈ ਇਹ ਖੁਲ੍ਹਾ ਸੱਦਾ ਹੈ ਕਿ ਉਹ ਅਜਿਹੀ ਕਿਤਾਬ ਦੀਆਂ ਦੋ ਕਾਪੀਆਂ ਬਿਲ ਸਮੇਤ ਇਸ ਲਾਇਬ੍ਰੇਰੀ ਲਈ ਭੇਜ ਸਕਦਾ ਹੈ। ਪੰਜਾਬੀ ਲੇਖਕਾਂ/ ਚਿੰਤਕਾਂ/ ਖੋਜਾਰਥੀਆਂ ਨੂੰ ਰਿਹਾਇਸ਼ੀ ਸਹੂਲਤਾਂ ਦੇਣ ਲਈ ਇਕ ਵਿਸ਼ੇਸ਼ ਗੈਸਟ ਹਾਊਸ, ਵਾਰਿਸ ਭਵਨ ਦੀ ਵਿਵਸਥਾ ਹੈ।

ਪਿਛਲੇ ਸਮੇਂ ਵਿਚ ਪੰਜਾਬੀ ਯੂਨੀਵਰਸਿਟੀ ਨੇ ਅਕਾਦਮਿਕਤਾ ਦੇ ਉਨ੍ਹਾਂ ਖੇਤਰਾਂ ਨੂੰ ਪਛਾਣਿਆ ਤੇ ਅਪਣਾਇਆ ਹੈ ਜਿਹੜੇ ਪੰਜਾਬੀ ਵਿਕਾਸ ਨੂੰ ਗਲੋਬਲ ਅਧਾਰ 'ਤੇ ਪਰਿਪੇਖ ਪ੍ਰਦਾਨ ਕਰਦੇ ਹਨ। ਇਕ ਪਾਸੇ ਯੂਨੀਵਰਸਿਟੀ ਨੇ ਆਪਣੀਆਂ ਸਥਾਪਤ ਤੇ ਪ੍ਰਚਲਤ ਨੀਤੀਆਂ ਨੂੰ ਬਰਕਰਾਰ ਰੱਖਿਆ ਹੈ ਦੂਜੇ ਪਾਸੇ ਨਵੀਆਂ ਵੰਗਾਰਾਂ ਨੂੰ ਮੁਖਾਤਬ ਹੁੰਦੇ ਹੋਏ ਕਈ ਪ੍ਰੋਗਰਾਮ ਉਲੀਕੇ ਹਨ।

ਡਾ. ਜਸਪਾਲ ਸਿੰਘ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪੰਜਾਬੀ ਪ੍ਰਤੀ ਪ੍ਰਤਿਬੱਧਤਾ ਨੇ ਆਪਣੀ ਦੂਰਅੰਦੇਸ਼ੀ ਤੇ ਸੁਹਿਰਦ ਦਿਲਚਸਪੀ ਨਾਲ ਪੰਜਾਬੀ ਵਿਕਾਸ ਕਾਰਜਾਂ ਨੂੰ ਇਕ ਨਵੀਂ ਸੇਧ ਤੇ ਉਤਸ਼ਾਹ ਪ੍ਰਦਾਨ ਕੀਤਾ ਹੈ। ਪੰਜਾਬ ਦੇ ਲੋਕ ਨਾਚਾਂ ਦੀ ਸੁਰੱਖਿਆ-ਸੰਭਾਲ ਦਾ ਪ੍ਰਾਜੈਕਟ ਉਨ੍ਹਾਂ ਦੀ ਦੂਰਅੰਦੇਸ਼ੀ ਦਾ ਪਹਿਲਾ ਪ੍ਰਮਾਣ ਹੈ। ਪੰਜਾਬੀ ਭੰਗੜੇ ਦੀ ਤਾਲ ਉਤੇ ਹਰ ਰੰਗ, ਨਸਲ, ਧਰਮ, ਕੌਮ ਦੇ ਬੰਦੇ ਦੇ ਥਿਰਕਦੇ ਕਦਮ ਪੰਜਾਬੀ ਲੋਕ-ਨਾਚਾਂ ਦੀ ਅਮੀਰੀ ਅਤੇ ਸੁਹਜ ਦੀ ਪ੍ਰਤੱਖ ਗਵਾਹੀ ਭਰਦੇ ਹਨ। ਪਰ ਇਸਦੇ ਅਸਲ ਅਤੇ ਟਕਸਾਲੀ ਰੂਪ ਵਿਚ ਆ ਰਹੇ ਪਰਿਵਰਤਨ ਚਿੰਤਾ ਦਾ ਵਿਸ਼ਾ ਹਨ। ਪੰਜਾਬੀ ਸਭਿਆਚਾਰ ਦੇ ਸਹੀ ਸਰੂਪ ਦੇ ਪ੍ਰਚਾਰ ਪ੍ਰਸਾਰ ਲਈ ਇਨ੍ਹਾਂ ਲੋਕਨਾਚਾਂ ਦੀ ਅਸਲੀ ਨਫ਼ਾਸਤ ਅਤੇ ਸੁਹਜ ਦੁਨੀਆਂ ਸਾਹਮਣੇ ਲਿਆਉਣਾ ਸਮੇਂ ਦੀ ਲੋੜ ਹੈ। ਆਪਣੇ ਇਸ ਪ੍ਰਾਜੈਕਟ ਰਾਹੀਂ ਅਸੀਂ ਪੰਜਾਬੀ ਗਭਰੂਆਂ ਅਤੇ ਮੁਟਿਆਰਾਂ ਦੇ ਚਾਰ ਮੁੱਖ ਨਾਚਾਂ - ਭੰਗੜਾ, ਝੂੰਮਰ, ਗਿੱਧਾ ਤੇ ਸੰਮੀ ਦੇ ਟਕਸਾਲੀ ਸਰੂਪ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਹੈ। ਪੰਜਾਬ ਦੇ ਲੋਕ ਨਾਚਾਂ ਦੇ ਪ੍ਰਮਾਣਿਕ ਸਰੂਪ ਦੀ ਸੁਰੱਖਿਆ ਸੰਭਾਲ ਦੇ ਪ੍ਰਾਜੈਕਟ ਤਹਿਤ ਲੋਕ ਨਾਚ ਭੰਗੜੇ ਤੇ ਝੂੰਮਰ ਦੀ ਡਾਕੂਮੈਂਟੇਸ਼ਨ ਮੁਕੰਮਲ ਰੂਪ ਵਿਚ ਤਿਆਰ ਹੋ ਗਈ ਹੈ ਅਤੇ ਗਿੱਧਾ ਤੇ ਸੰਮੀ 'ਤੇ ਕੰਮ ਚੱਲ ਰਿਹਾ ਹੈ।

ਪੰਜਾਬੀ ਭਾਸ਼ਾ ਦੇ ਗਿਆਨ ਭੰਡਾਰ ਨੂੰ ਸਮੁੱਚੇ ਭਾਰਤੀਆਂ ਲਈ ਉਪਲਬਧ ਕਰਵਾਉਣ ਲਈ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਦੇ ਹਿੰਦੀ ਅਨੁਵਾਦ ਦਾ ਪ੍ਰਾਜੈਕਟ ਆਰੰਭਿਆ ਜਾ ਚੁੱਕਾ ਹੈ। ਆਪਣੇ ਵਿਰਾਸਤੀ ਗੌਰਵ ਦੀ ਸਾਂਭ-ਸੰਭਾਲ ਪ੍ਰਤੀ



Sri Satguru Jagjit Singh Ji Elibrary NamdhariElibrary@gmail.com

ਦੂਰਅੰਦੇਸ਼ੀ ਦਾ ਇਕ ਹੋਰ ਪ੍ਰਮਾਣ ਡਾ. ਜਸਪਾਲ ਸਿੰਘ ਵਲੋਂ ਸਥਾਪਤ ਕੀਤਾ ਗਿਆ ਬਾਬਾ ਫਰੀਦ ਸੈਂਟਰ ਫ਼ਾਰ ਸੂਫ਼ੀ ਸਟਡੀਜ਼ ਹੈ।

ਬਾਬਾ ਫ਼ਰੀਦ ਅਤੇ ਸੂਫ਼ੀ ਮੱਤ ਦੇ ਹਵਾਲੇ ਨਾਲ ਇਨਸਾਨੀਅਤ ਦੀਆਂ ਉਚ ਕਦਰਾਂ ਕੀਮਤਾਂ ਵਾਲੇ ਮਾਨਵੀ ਭਾਈਚਾਰੇ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਮੁੱਖ ਰਖਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਾਬਾ ਫ਼ਰੀਦ ਸੈਂਟਰ ਫ਼ਾਰ ਸੂਫ਼ੀ ਸਟਡੀਜ਼ ਦੀ ਸਥਾਪਨਾ ਕੀਤੀ ਗਈ ਹੈ।

ਪੰਜਾਬੀ ਯੂਨੀਵਰਸਿਟੀ ਇਕੋ ਇਕ ਅਜਿਹੀ ਸੰਸਥਾ ਹੈ ਜਿਹੜੀ ਏਨੇ ਵਿਸ਼ਾਲ ਪੱਧਰ 'ਤੇ ਪੰਜਾਬੀ ਵਿਕਾਸ ਨੂੰ ਪ੍ਰਨਾਈ ਹੋਈ ਹੈ। ਸਾਨੂੰ ਮਾਣ ਹੈ ਕਿ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਸਰਗਰਮ ਪੰਜਾਬੀ ਵਿਦਵਾਨ ਤੇ ਸਾਹਿਤਕਾਰ ਪੰਜਾਬੀ ਯੂਨੀਵਰਸਿਟੀ ਨੂੰ ਆਪਣਾ ਰਚਨਾਤਮਕ ਸਹਿਯੋਗ ਦੇ ਰਿਹਾ ਹੈ।

ਇਸ ਤੱਥ ਦੇ ਬਾਵਜੂਦ ਕਿ ਪੰਜਾਬ ਸਰਕਾਰ ਵਲੋਂ ਪੰਜਾਬੀ ਵਿਕਾਸ ਲਈ ਪ੍ਰਵਾਨਿਤ ਗ੍ਰਾਂਟ ਵੀ ਪ੍ਰਾਪਤ ਨਹੀਂ ਹੋਈ, ਡਾ. ਜਸਪਾਲ ਸਿੰਘ ਜੀ ਦੀ ਸੁਹਿਰਦਤਾ ਨੇ ਪੰਜਾਬੀ ਵਿਕਾਸ ਨਾਲ ਸੰਬੰਧਤ ਕਾਰਜਾਂ ਦੀ ਗਤੀ ਧੀਮੀ ਨਹੀਂ ਪੈਣ ਦਿੱਤੀ। ਬਲਕਿ ਯੂਨੀਵਰਸਿਟੀ ਨੇ ਆਪਣੇ ਸੀਮਤ ਵਿੱਤੀ ਸਾਧਨਾਂ ਵਿਚੋਂ ਰਾਸ਼ੀ ਜੁਟਾ ਕੇ ਕਈ ਮਹੱਤਵਪੂਰਨ ਪ੍ਰਾਜੈਕਟ ਤੇ ਕਈ ਨਵੀਆਂ ਅਕਾਦਮਿਕ ਸਰਗਰਮੀਆਂ ਚਾਲੂ ਕੀਤੀਆਂ ਹਨ। ਇਸ ਯੂਨੀਵਰਸਿਟੀ ਨੂੰ ਉਚਤਰ ਪੰਜਾਬੀ ਅਧਿਐਨਾਂ ਦਾ ਗਤੀਸ਼ੀਲ ਗਲੋਬਲ ਕੇਂਦਰ ਵਜੋਂ ਵਿਕਸਤ ਕਰਨ ਲਈ ਉਨ੍ਹਾਂ ਨੇ ਆਪਣੀ ਸਾਰੀ ਸੁਹਿਰਦਤਾ ਰਾਖਵੀਂ ਕੀਤੀ ਹੋਈ ਹੈ। ਮਾਂ ਬੋਲੀ ਪੰਜਾਬੀ ਦੀ ਪ੍ਰਫੁਲਤਾ ਤੇ ਪਾਸਾਰ ਦੇ ਨੋਬਲ ਕਾਰਜ ਲਈ ਪੰਜਾਬੀ ਯੂਨੀਵਰਸਿਟੀ ਨੂੰ ਚਿਤਵਣ ਵਾਲੇ ਵਡੇਰਿਆਂ ਦੀਆਂ ਆਸਾਂ 'ਤੇ ਪੂਰੇ ਉਤਰਨ ਲਈ ਅਸੀਂ ਆਪਣੇ ਵਿਦਵਾਨਾਂ ਤੋਂ ਮੁਲਵਾਨ ਅਗਵਾਈ ਅਤੇ ਹੋਣਹਾਰ ਪੋਟੈਂਸ਼ੀਅਲ ਤੋਂ ਸਿਰਜਨਾਤਮਕ ਸਹਿਯੋਗ ਤੇ ਹਿਤੈਸ਼ੀਆਂ ਤੋਂ ਉਸਾਰੂ ਸਲਾਹ ਦੀ ਆਸ ਰੱਖਦੇ ਹਾਂ।

*ਪ੍ਰੋਫੈਸਰ ਅਤੇ ਸਾਬਕਾ ਮੁਖੀ
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ: 94172 43245

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਬੋਲੀ ਦੇ ਵਿਕਾਸ ਵਿਚ ਭਾਸ਼ਾ ਵਿਭਾਗ ਪੰਜਾਬ ਦਾ ਯੋਗਦਾਨ

*ਬੀਬੀ ਬਲਬੀਰ ਕੌਰ

ਆਪਣੀ ਮਾਂ-ਬੋਲੀ ਅਤੇ ਵਿਰਸੇ ਨੂੰ ਭੁੱਲਣ ਵਾਲੀਆਂ ਕੌਮਾਂ ਦੀ ਇਤਿਹਾਸ ਵਿਚ ਕੋਈ ਲੰਮੀ ਹੋਂਦ ਨਹੀਂ ਹੁੰਦੀ ਅਤੇ ਹੌਲੀ ਹੌਲੀ ਉਹ ਕੌਮਾਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ। ਇਤਿਹਾਸ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਬੋਲੀ ਵੱਖ-ਵੱਖ ਪੜ੍ਹਾਵਾਂ - ਸੰਸਕ੍ਰਿਤ, ਪਾਲੀ ਅਤੇ ਸਾਧ ਭਾਸ਼ਾ ਵਿਚੋਂ ਲੰਘਦੀ ਹੋਈ ਮੌਜੂਦਾ ਸਰੂਪ ਵਿਚ ਪਹੁੰਚੀ ਹੈ। ਇਸ ਦਾ ਆਰੰਭ ਆਦਿ ਕਾਲ ਤੋਂ ਨਾਥਾਂ ਜੋਗੀਆਂ ਦੁਆਰਾ ਰਚੀ ਕਵਿਤਾ ਤੋਂ ਮੰਨਿਆ ਜਾਂਦਾ ਹੈ ਅਤੇ ਪੰਜਾਬ ਵਿਚ ਗੁਰੂਆਂ, ਪੀਰਾਂ, ਫਕੀਰਾਂ ਨੇ ਇਸ ਬੋਲੀ ਨੂੰ ਆਪਣੀ ਲੇਖਣੀ ਦਾ ਮਾਧਿਅਮ ਬਣਾ ਕੇ ਜਗਤ ਵਿਚ ਉਚਿਤ ਥਾਂ ਦਿੱਤੀ। ਆਦਿ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ ਵਿਚ ਪੰਜਾਬੀ ਸਾਹਿਤ ਪ੍ਰੇਮੀਆਂ ਅਤੇ ਸਾਹਿਤਕਾਰਾਂ ਨੇ ਇਸ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਵਿਚ ਬਹੁਤ ਯੋਗਦਾਨ ਪਾਇਆ। ਸੰਸਾਰ ਵਿਚ ਪੰਜਾਬੀ ਭਾਸ਼ਾ ਦਸ ਕਰੋੜ 'ਤੋਂ ਵੱਧ ਪੰਜਾਬੀਆਂ ਦੁਆਰਾ ਬੋਲੀ ਜਾਂਦੀ ਹੈ। ਇਹ ਭਾਵੇਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਹੋਵੇ ਜਾਂ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਬੈਠਾ ਕੋਈ ਵੀ ਪੰਜਾਬੀ ਹਮੇਸ਼ਾਂ ਆਪਣੀ ਮਾਂ-ਬੋਲੀ 'ਤੇ ਫ਼ਖਰ ਮਹਿਸੂਸ ਕਰਦਾ ਹੈ।

ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕਰ ਰਿਹਾ ਪੰਜਾਬ ਸਰਕਾਰ ਦਾ ਅਦਾਰਾ ਹੈ ਭਾਸ਼ਾ ਵਿਭਾਗ, ਪੰਜਾਬ। ਆਪਣੀ ਮਾਖਿਉਂ ਮਿੱਠੀ ਪੰਜਾਬੀ ਮਾਤ ਭਾਸ਼ਾ ਨੂੰ ਪੂਰੀ ਸਿਦਕਦਿਲੀ ਨਾਲ ਉੱਦਮ ਕਰਦਿਆਂ ਇਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸਾਹਿਤ, ਕਲਾ, ਸਿੱਖਿਆ, ਪ੍ਰਬੰਧਕੀ, ਗਿਆਨ ਵਿਗਿਆਨ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਨੂੰ ਸਮਰੱਥ ਬਣਾਉਣ ਵਿਚ ਭਾਸ਼ਾ ਵਿਭਾਗ ਦੀ ਭੂਮਿਕਾ ਅਹਿਮ ਰਹੀ ਹੈ। ਪੰਜਾਬੀ ਨੂੰ ਪੂਰੀ ਤਰ੍ਹਾਂ ਸਸ਼ਕਤ ਬਣਾਉਣ ਲਈ ਵਿਭਾਗ ਵਲੋਂ ਕਈ ਸਕੀਮਾਂ ਉਲੀਕੀਆਂ ਗਈਆਂ ਹਨ। ਇਨ੍ਹਾਂ ਸਕੀਮਾਂ ਵਿਚ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਸਿਖਾਉਣ ਤੋਂ ਲੈ ਕੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਸਾਂਭ ਸੰਭਾਲ ਤੱਕ ਸਾਰੇ ਪੱਖਾਂ ਨਾਲ ਨਜਿੱਠਣ ਦਾ ਯਤਨ ਕੀਤਾ ਜਾਂਦਾ ਹੈ। ਵਿਭਾਗ ਵਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਚਾਲੂ ਸਕੀਮਾਂ ਅਤੇ ਪ੍ਰਾਜੈਕਟਾਂ ਤੋਂ ਇਲਾਵਾ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਵੀ ਨਿੱਘਰ ਯੋਗਦਾਨ ਪਾਇਆ ਗਿਆ ਹੈ। ਵਿਭਾਗ ਨੇ ਹੁਣ ਤੱਕ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੇ 1500 ਤੋਂ ਵੱਧ ਟਾਈਟਲ ਛਾਪ ਕੇ ਪਾਠਕਾਂ ਦੀ ਝੋਲੀ ਪਾਏ ਹਨ। ਵਿਭਾਗ ਨੇ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਗਿਣਤੀ ਦੇ ਨਾਲ ਨਾਲ ਮਿਆਰ, ਸ਼ੁੱਧਤਾ ਅਤੇ ਛਪਾਈ ਪੱਖੋਂ ਵੀ ਕਾਫੀ ਨਿਖਾਰ ਲਿਆਂਦਾ ਹੈ। ਵਿਭਾਗ ਵਲੋਂ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਤੇ ਤਿਆਰ ਕੀਤਾ ਜਾ ਰਿਹਾ 'ਪੰਜਾਬੀ ਵਿਸ਼ਵ ਕੋਸ਼' ਭਾਸ਼ਾ, ਕਲਾ, ਸਾਹਿਤ ਅਤੇ ਸਭਿਆਚਾਰ ਬਾਰੇ ਵਿਦਵਤਾਪੂਰਣ ਜਾਣਕਾਰੀ ਪ੍ਰਦਾਨ ਕਰਦਾ ਹੈ। ਪੰਜਾਬ ਦੇ ਇਤਿਹਾਸ, ਸਭਿਆਚਾਰ, ਲੋਕ ਜੀਵਨ, ਭੂਗੋਲ, ਸਾਹਿਤ, ਸੰਗੀਤ, ਕਲਾ, ਭਾਸ਼ਾ, ਖੇਡਾਂ, ਉਦਯੋਗ ਅਤੇ ਪ੍ਰਮੁੱਖ ਸਖਸ਼ੀਅਤਾਂ ਬਾਰੇ ਜਾਣਕਾਰੀ ਦੇਣ ਵਾਲਾ 'ਪੰਜਾਬ ਕੋਸ਼' ਵੀ ਦੋ ਜਿਲਦਾਂ ਵਿਚ ਵਿਭਾਗ ਵਲੋਂ ਪ੍ਰਕਾਸ਼ਤ ਕੀਤਾ ਜਾ ਚੁੱਕਾ ਹੈ।



Sri Satguru Jagjit Singh Ji Elibrary NamdhariElibrary@gmail.com

ਕੋਸ਼ ਅਤੇ ਤਕਨੀਕੀ ਸ਼ਬਦਾਵਲੀ ਦੀ ਤਿਆਰੀ ਵਿਚ ਵੀ ਵਿਭਾਗ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਛੇ ਜਿਲਦਾਂ ਵਿਚ ਪੰਜਾਬੀ ਕੋਸ਼ ਦੇ ਪ੍ਰਕਾਸ਼ਨ ਤੋਂ ਇਲਾਵਾ ਪੰਜਾਬੀ ਦੀਆਂ ਉਪ-ਭਾਸ਼ਾਵਾਂ ਮੁਲਤਾਨੀ, ਪੋਠੋਹਾਰੀ, ਪੁਆਧੀ ਅਤੇ ਕਾਂਗੜੀ ਸ਼ਬਦ ਸੰਗ੍ਰਹਿ ਆਦਿ ਕੋਸ਼ਾਂ ਤੋਂ ਇਲਾਵਾ ਤ੍ਰੈ-ਭਾਸ਼ੀ ਅਤੇ ਦੋ-ਭਾਸ਼ੀ ਕੋਸ਼ ਵੀ ਤਿਆਰ ਕੀਤੇ ਗਏ ਹਨ। ਕਾਲਜ ਅਤੇ ਯੂਨੀਵਰਸਿਟੀ ਪੱਧਰ 'ਤੇ ਸਿੱਖਿਆ ਦੇ ਮਾਧਿਅਮ ਵਿਚ ਪਰਿਵਰਤਨ ਹੋਣ ਕਰਕੇ ਵਿਦਿਆਰਥੀਆਂ ਅਤੇ ਪਾਠਕਾਂ ਦੀ ਪੂਰਤੀ ਹਿਤ ਵਿਭਾਗ ਵਲੋਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਹੁਣ ਤੱਕ 34 ਸ਼ਬਦਾਵਲੀਆਂ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ ਹਨ।

ਵਿਸ਼ਵ ਸਾਹਿਤ ਦੀਆਂ ਸਰਵੋਤਮ ਰਚਨਾਵਾਂ ਵਿਸ਼ੇਸ਼ ਕਰਕੇ ਐਚ.ਜੀ ਵੈਲਜ਼/ ਸੰਸਾਰ ਦਾ ਸੰਖੇਪ ਇਤਿਹਾਸ, ਐਮਲ ਲੇਗੁਈ/ਅੰਗਰੇਜ਼ੀ ਸਾਹਿਤ ਦਾ ਸੰਖੇਪ ਇਤਿਹਾਸ, ਐਂਡਨ ਚੇਪਵ/ ਤਿੰਨ ਭੈਣਾਂ, ਸਟਰਿੰਡਬਰਗ ਦੇ ਪ੍ਰਸਿੱਧ ਨਾਟਕ, ਸਰ ਟਾਮਸ ਮੋਰ/ਯੂਟੋਪੀਆ, ਸ਼ੂਦਕ/ਮ੍ਰਿਛ ਕਟਿਕ, ਟਾਲਸਟਾਏ/ਐਨਾ ਕੈਰਿਨੀਨਾ, ਆਰਥਰ ਮਿਲਰ ਦੇ ਪ੍ਰਸਿੱਧ ਨਾਟਕ, ਕਾਲੀਦਾਸ/ ਸ਼ਕੁੰਤਲਾ, ਇਬਸਨ ਦੇ ਪ੍ਰਸਿੱਧ ਨਾਟਕ, ਐਮਿਲ ਬ੍ਰੋਂਟੇ/ਵੁਦਰਿੰਗ ਹਾਈਟਸ, ਗੁਲਿਸਤਾਂ ਬੋਸਤਾਂ ਤੋਂ ਇਲਾਵਾ ਲਗਭਗ 65 ਹੋਰ ਪੁਸਤਕਾਂ ਦਾ ਪੰਜਾਬੀ ਅਨੁਵਾਦ ਕਰਵਾਇਆ ਜਾ ਚੁੱਕਾ ਹੈ। ਬੱਚਿਆਂ ਵਿਚ ਸਾਹਿਤਕ ਤੇ ਗਿਆਨ ਵਧਾਊ ਰੁਚੀ ਉਜਾਗਰ ਕਰਨ ਲਈ ਵੱਖ-ਵੱਖ ਸੀਰੀਜ਼ ਅਧੀਨ ਬਾਲ ਅਤੇ ਗਿਆਨ ਸਾਹਿਤ ਦੀਆਂ ਪੁਸਤਕਾਂ ਤਿਆਰ ਕਰਵਾਉਣ ਤੇ ਛਪਵਾਉਣ ਦਾ ਕੰਮ ਵੀ ਕੀਤਾ ਜਾ ਰਿਹਾ ਹੈ।

ਸਾਹਿਤਕਾਰਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਦੇਣ ਦੇ ਨਾਲ-ਨਾਲ ਵਿਭਾਗ ਨੇ ਆਰਥਕ ਪੱਖੋਂ ਕਮਜ਼ੋਰ ਸਾਹਿਤਕਾਰਾਂ/ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਦੇਣ ਸੰਬੰਧੀ ਕਈ ਸਕੀਮਾਂ ਚਾਲੂ ਕੀਤੀਆਂ ਹੋਈਆਂ ਹਨ। ਇਨ੍ਹਾਂ ਸਕੀਮਾਂ ਤਹਿਤ ਵਿਭਾਗ ਵਲੋਂ ਹਰ ਸਾਲ ਲੇਖਕਾਂ ਅਤੇ ਉਨ੍ਹਾਂ ਤੇ ਆਸ਼ਰਤ ਪਰਿਵਾਰਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਜਿਹੜੇ ਲੇਖਕ ਆਪਣੇ ਖਰੜਿਆਂ ਨੂੰ ਪੁਸਤਕ ਰੂਪ ਦੇਣ ਵਿਚ ਅਸਮਰਥ ਹੁੰਦੇ ਹਨ ਉਨ੍ਹਾਂ ਖਰੜਿਆਂ ਦੀ ਛਪਾਈ ਲਈ ਹਰ ਸਾਲ ਮਾਲੀ ਸਹਾਇਤਾ ਲੇਖਕਾਂ ਨੂੰ ਦਿੱਤੀ ਜਾਂਦੀ ਹੈ। ਭਾਸ਼ਾਵਾਂ ਦੇ ਵਿਕਾਸ ਲਈ ਸਾਹਿਤ ਸਭਾਵਾਂ ਨੂੰ ਹਰ ਸਾਲ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਵਿਭਾਗ ਵਲੋਂ ਇਸ ਸਮੇਂ 13 ਲੇਖਕਾਂ ਨੂੰ 800 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਜਾ ਰਹੀ ਹੈ। ਪੰਜਾਬ ਦੀਆਂ ਲਾਇਬ੍ਰੇਰੀਆਂ/ਸਾਹਿਤਕ ਸੰਸਥਾਵਾਂ ਨੂੰ ਹਰ ਸਾਲ ਮੈਚਿੰਗ ਗ੍ਰਾਂਟ ਦਿੱਤੀ ਜਾਂਦੀ ਹੈ। ਮਾਲੀ ਸਹਾਇਤਾ ਦੀਆਂ ਸਕੀਮਾਂ ਦੀ ਰਾਸ਼ੀ ਵਿਚ ਵਾਧਾ ਕਰਨ ਲਈ ਵਿਭਾਗ ਵਲੋਂ ਸਰਕਾਰ ਨਾਲ ਲਿਖਾ-ਪੜ੍ਹੀ ਕੀਤੀ ਜਾ ਰਹੀ ਹੈ।

ਵਿਭਾਗ ਵਲੋਂ ਚਾਰ ਮਾਸਕ ਰਸਾਲੇ ਪੰਜਾਬੀ ਦੁਨੀਆ, ਜਨ ਸਾਹਿਤ, ਪੰਜਾਬ ਸੌਰਭ ਅਤੇ ਪਰਵਾਜ਼-ਏ-ਅਦਬ ਲਗਾਤਾਰ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਪੰਜਾਬੀ ਦੇ ਉੱਚਕੋਟੀ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਘੱਟ ਕੀਮਤ 'ਤੇ ਪਾਠਕਾਂ ਤੱਕ ਪਹੁੰਚਾਉਣ ਲਈ ਵਿਭਾਗ ਨੇ ਪੇਪਰ ਬੈਕ ਸਕੀਮ ਸ਼ੁਰੂ ਕੀਤੀ ਹੋਈ ਹੈ। ਹੁਣ ਤੱਕ ਵਿਭਾਗ ਵਲੋਂ 4 ਦਰਜਨ ਦੇ ਕਰੀਬ ਪੁਸਤਕਾਂ ਇਸ ਸਕੀਮ ਤਹਿਤ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਵਿਚ ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਭਾਈ ਵੀਰ ਸਿੰਘ, ਸ਼ਾਹ ਹੁਸੈਨ, ਸ਼ਿਵ ਕੁਮਾਰ ਬਟਾਲਵੀ, ਬਚਿੰਤ ਕੌਰ, ਮਹਿੰਦਰ ਸਿੰਘ ਜੋਸ਼ੀ, ਪ੍ਰੋ. ਗੁਰਦਿਆਲ ਸਿੰਘ ਆਦਿ ਦੀਆਂ ਰਚਨਾਵਾਂ ਖਾਸ ਜ਼ਿਕਰਯੋਗ ਹਨ।



Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੇ ਇਤਿਹਾਸਕ, ਧਾਰਮਕ ਅਤੇ ਸਭਿਆਚਾਰਕ ਮਹੱਤਤਾ ਵਾਲੇ ਸਥਾਨਾਂ ਦੇ ਵਿਰਸੇ ਨੂੰ ਸਾਂਭਣ ਲਈ ਵਿਭਾਗ ਵਲੋਂ ਇਨ੍ਹਾਂ ਸਥਾਨਾਂ ਦੇ ਭਾਸ਼ਾਈ ਤੇ ਸਭਿਆਚਾਰਕ ਸਰਵੇਖਣ ਕਰਵਾਉਣ ਉਪਰੰਤ ਇਨ੍ਹਾਂ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕੀਤਾ ਜਾਂਦਾ ਹੈ। ਹੁਣ ਤੱਕ 40 ਦੇ ਕਰੀਬ ਥਾਵਾਂ ਦਾ ਸਰਵੇ ਕਰਵਾਇਆ ਜਾ ਚੁੱਕਾ ਹੈ ਅਤੇ ਉਨ੍ਹਾਂ ਵਿਚੋਂ 30 ਪੁਸਤਕਾਂ ਦੀ ਛਪਾਈ ਕਰਵਾਈ ਜਾ ਚੁੱਕੀ ਹੈ ਜਿਨ੍ਹਾਂ ਵਿਚ ਕੁਝ ਖਾਸ ਸਰਵੇ ਪੁਸਤਕਾਂ ਡੇਰਾ ਬਾਬਾ ਨਾਨਕ, ਨਨਕਾਣਾ ਸਾਹਿਬ, ਭੈਣੀ ਸਾਹਿਬ, ਅਟਾਰੀ, ਝਬਾਲ, ਨਾਨਕਮਤਾ ਆਦਿ ਦੇ ਨਾਂ ਜ਼ਿਕਰਯੋਗ ਹਨ। ਬਾਬਾ ਬਕਾਲਾ, ਮਾਛੀਵਾੜਾ, ਮੁੱਦਕੀ, ਬਜਵਾੜਾ, ਛੇਹਰਟਾ ਸਾਹਿਬ ਆਦਿ ਪੁਸਤਕਾਂ ਛਪਾਈ ਅਧੀਨ ਹਨ।

ਭਾਸ਼ਾ ਵਿਭਾਗ ਦਾ ਕਾਰਜ ਖੇਤਰ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ ਹੈ। ਵਿਭਾਗ ਵਲੋਂ ਪੰਜਾਬ ਤੋਂ ਬਾਹਰ ਸਮੁੱਚੇ ਭਾਰਤ ਵਿਚ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ ਤਾਂ ਜੋ ਭਾਰਤ ਵਿਚ ਵਸਦੇ ਸਮੁੱਚੇ ਪੰਜਾਬੀਆਂ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਵਾਇਆ ਜਾ ਸਕੇ, ਉਨ੍ਹਾਂ ਦੀ ਨਵੀਂ ਪੀੜ੍ਹੀ ਨੂੰ ਪੰਜਾਬੀ ਜ਼ੁਬਾਨ ਨਾਲ ਜੋੜਿਆ ਜਾ ਸਕੇ। ਇਸੇ ਲੜੀ ਵਿਚ ਵਿਭਾਗ ਵਲੋਂ ਦੇਹਰਾਦੂਨ, ਕਲਕੱਤਾ, ਨਾਗਪੁਰ, ਉਦੇਪੁਰ, ਸ਼ਿਮਲਾ, ਬੰਗਲੌਰ, ਜੈਪੁਰ ਆਦਿ ਥਾਵਾਂ ਤੇ ਅਦੁੱਤੀ ਪ੍ਰੋਗਰਾਮ ਕਰਵਾਏ ਜਾ ਚੁੱਕੇ ਹਨ।

ਮਾਂ-ਬੋਲੀ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਲਈ ਰਾਜ ਭਾਸ਼ਾ ਐਕਟ 1967 ਹੋਂਦ ਵਿਚ ਲਿਆਂਦਾ ਗਿਆ ਸੀ। ਇਸ ਅਨੁਸਾਰ ਦਫਤਰੀ ਕੰਮ ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਇਆ ਗਿਆ ਪ੍ਰੰਤੂ ਇਸ ਵਿਚ ਰਹੀਆਂ ਕੁਝ ਘਾਟਾਂ ਨੂੰ ਦੂਰ ਕਰਨ ਲਈ ਰਾਜ ਸਰਕਾਰ ਵਲੋਂ 'ਪੰਜਾਬ ਰਾਜ ਭਾਸ਼ਾ (ਤਰਮੀਮੀ) ਐਕਟ-2008' ਅਤੇ ਪੰਜਾਬ, ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਦੀ ਸਿਖਲਾਈ ਐਕਟ-2008 ਪਾਸ ਕੀਤੇ ਗਏ। ਇਨ੍ਹਾਂ ਐਕਟਾਂ ਨੂੰ ਪਾਸ ਕਰਕੇ ਪ੍ਰਸ਼ਾਸ਼ਨਿਕ ਅਤੇ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਨੂੰ ਸਹੀ ਅਰਥਾਂ ਵਿਚ ਲਾਗੂ ਕਰਾਉਣ ਲਈ ਰਾਜ-ਪੱਧਰੀ ਅਤੇ ਜਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਇਨ੍ਹਾਂ ਯਤਨਾਂ ਸਦਕਾ ਵਿਭਾਗ ਵਲੋਂ ਹਰ ਤਰ੍ਹਾ ਦੀ ਬੁਨਿਆਦੀ ਸਮੱਗਰੀ ਜੁਟਾਉਣ ਦੇ ਨਾਲ-ਨਾਲ ਪੰਜਾਬੀ ਨੂੰ ਪੂਰੀ ਤਰ੍ਹਾਂ ਸਮਰੱਥ ਬਣਾਉਣ ਲਈ ਕਈ ਸਕੀਮਾਂ 'ਤੇ ਅਮਲ ਕੀਤਾ ਜਾ ਰਿਹਾ ਹੈ। ਜਦੋਂ ਕਿਸੇ ਨੇ ਕੋਈ ਨਿਵੇਕਲਾ ਕਾਰਜ ਕਰਨਾ ਹੁੰਦਾ ਹੈ ਤਾਂ ਚੁਣੌਤੀਆਂ ਤਿਆਰ-ਬਰ-ਤਿਆਰ ਰਹਿੰਦੀਆਂ ਹਨ ਅਤੇ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਤੱਤਪਰ ਹੈ।

ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ਼ਬਦ:

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥1॥ (ਅੰਗ 1291)

ਗੁਰੂ ਸਾਹਿਬ ਦੇ ਇਨ੍ਹਾਂ ਅਨਮੋਲ ਬਚਨਾਂ 'ਤੇ ਚੱਲਣ ਦੀ ਕੋਸ਼ਿਸ਼ ਕਰਦਿਆਂ ਵਿਭਾਗ ਲਿਖਾਰੀਆਂ/ ਸਾਹਿਤਕਾਰਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ। ਸਾਹਿਤਕਾਰ ਤੇ ਕਲਾਕਾਰ ਕਿਸੇ ਦੇਸ਼ ਤੇ ਕੌਮ ਦਾ ਮਾਣ ਹੁੰਦੇ ਹਨ। ਇਨ੍ਹਾਂ ਦੀ ਝਲਕ ਹਮੇਸ਼ਾ ਰਾਹ ਦਸੇਰਾ ਬਣਦੀ ਹੈ ਤੇ ਇਨ੍ਹਾਂ ਦੁਆਰਾ ਸਥਾਪਤ ਵਿਚਾਰ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ, ਜਿਸ ਦੀ ਰੌਸ਼ਨ-ਸੇਧ ਪ੍ਰਾਪਤ



Sri Satguru Jagjit Singh Ji Elibrary NamdhariElibrary@gmail.com

ਕਰਕੇ ਜਨ-ਸਧਾਰਣ ਉਚੇਰਾ ਜੀਵਨ ਬਸਰ ਕਰਦਾ ਹੈ। ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ, ਪੰਜਾਬ ਰਾਹੀਂ ਹਰ ਸਾਲ ਪੰਜਾਬੀ ਸਪਤਾਹ/ਮਾਹ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਦੌਰਾਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਾਹਿਤਕ ਤੇ ਸਭਿਆਚਾਰਕ ਸਮਾਗਮ, ਗੋਸ਼ਟੀਆਂ, ਕਵੀ ਦਰਬਾਰ, ਲੇਖਕ ਮਿਲਣੀਆਂ ਤੋਂ ਇਲਾਵਾ ਸਕੂਲੀ ਬੱਚਿਆਂ ਦੇ ਸਾਹਿਤ ਸਿਰਜਣ ਮੁਕਾਬਲੇ ਅਤੇ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਹਰ ਸਾਲ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਸਾਹਿਤਕਾਰਾਂ ਤੋਂ ਇਲਾਵਾ ਵਿਦੇਸ਼ੀ ਪੰਜਾਬੀ ਸਾਹਿਤਕਾਰ, ਸ਼੍ਰੋਮਣੀ ਪੰਜਾਬੀ ਕਵੀ, ਸ਼੍ਰੋਮਣੀ ਪੰਜਾਬੀ ਪੱਤਰਕਾਰ, ਸ਼੍ਰੋਮਣੀ ਪੰਜਾਬੀ ਆਲੋਚਕ, ਗਿਆਨ ਸਾਹਿਤਕਾਰ, ਪੰਜਾਬ ਤੋਂ ਬਾਹਰਲੇ ਪੰਜਾਬੀ ਸਾਹਿਤਕਾਰ, ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ, ਸ਼੍ਰੋਮਣੀ ਬਾਲ ਸਾਹਿਤ ਲੇਖਕ, ਸ਼੍ਰੋਮਣੀ ਨਾਟਕਕਾਰ/ਨਿਰਮਾਤਾ/ਕਲਾਕਾਰ/ਥੀਏਟਰ/ਟੈਲੀਵਿਜ਼ਨ ਆਦਿ ਪੁਰਸਕਾਰਾਂ ਨਾਲ ਸਾਹਿਤਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਵਲੋਂ ਸਾਲ-2007 ਤੋਂ ਸ਼੍ਰੋਮਣੀ ਗਾਇਕ/ ਸੰਗੀਤਕਾਰ ਪੁਰਸਕਾਰ ਸ਼ਾਮਲ ਕਰਨ ਦੇ ਨਾਲ-ਨਾਲ, ਸਾਲ 2009 ਤੋਂ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਵੀ ਸ਼ਾਮਲ ਕੀਤਾ ਗਿਆ ਹੈ ਅਤੇ ਹੁਣ ਇਨ੍ਹਾਂ ਪੁਰਸਕਾਰਾਂ ਦੀ ਗਿਣਤੀ 15 ਹੋ ਗਈ ਹੈ। ਵਿਭਾਗ ਵਲੋਂ ਹੁਣ ਤੱਕ 415 ਤੋਂ ਜ਼ਿਆਦਾ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਸਨਮਾਨ ਭੇਟਾ ਕੀਤੇ ਜਾ ਚੁੱਕੇ ਹਨ। ਉਕਤ ਤੋਂ ਇਲਾਵਾ ਵਿਭਾਗ ਵਲੋਂ ਹਰ ਸਾਲ ਵੱਖ-ਵੱਖ ਵਿਧਾਵਾਂ ਨਾਲ ਸੰਬਧਤ ਪੰਜਾਬੀ ਦੇ 10 ਸਰਵੋਤਮ ਪੁਸਤਕ ਪੁਰਸਕਾਰ ਦਿੱਤੇ ਜਾਂਦੇ ਹਨ। ਇਨ੍ਹਾਂ ਮਹਾਨ ਸਖਸ਼ੀਅਤਾਂ ਦਾ ਸਨਮਾਨ ਕਰਕੇ ਵਿਭਾਗ ਆਪਣਾ ਫਰਜ਼ ਤਾਂ ਪੂਰਾ ਕਰਦਾ ਹੈ, ਸਗੋਂ ਇਸ ਦੇ ਨਾਲ-ਨਾਲ ਫ਼ਖਰ ਵੀ ਮਹਿਸੂਸ ਕਰਦਾ ਹੈ।

ਅੱਜ ਦੇ ਇਲੈਕਟ੍ਰਾਨਿਕ ਮੀਡੀਆ ਅਤੇ ਕੰਪਿਊਟਰ ਦੇ ਯੁੱਗ ਵਿਚ ਜਦੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਲੋਕਾਈ ਵਲੋਂ ਤੇਜ਼ ਰਫਤਾਰੀ ਵਿਚ ਸ਼ਮੂਲੀਅਤ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਭਾਸ਼ਾ ਵਿਭਾਗ, ਪੰਜਾਬ ਵਲੋਂ ਪੁਸਤਕ ਸਭਿਆਚਾਰ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਚੇਤੰਨ ਤੌਰ 'ਤੇ ਸਿਰਤੋੜ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ ਵਲੋਂ ਕੰਪਿਊਟਰ ਰਾਹੀਂ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਨਵੀਂ ਦਿੱਖ ਅਤੇ ਤੇਜ਼ੀ ਲਿਆਉਣ ਲਈ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਭਾਗ ਵਲੋਂ ਇਸ ਦੀ ਕਾਰਗੁਜ਼ਾਰੀ ਅਤੇ ਸਾਹਿਤ ਦੇ ਖ਼ਜ਼ਾਨੇ ਨੂੰ ਭਰਪੂਰ ਕਰਨ ਹਿੱਤ ਪਾਏ ਯੋਗਦਾਨ ਨੂੰ ਵੈੱਬ-ਸਾਈਟ ਰਾਹੀਂ ਵਿਸ਼ਵ ਦੇ ਹਰ ਪੰਜਾਬੀ ਪਾਠਕ ਤੱਕ ਪਹੁੰਚਾਉਣ ਦਾ ਵਿਸ਼ੇਸ਼ ਉਪਰਾਲਾ ਵੀ ਕੀਤਾ ਗਿਆ ਹੈ। ਪੰਜਾਬ ਦੇ ਸਾਰੇ ਸਰਕਾਰੀ/ਅਰਧ ਸਰਕਾਰੀ ਦਫਤਰਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ, ਸਕੂਲਾਂ, ਕਾਲਜਾਂ, ਹੇਠਲੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਆਦਿ ਦੇ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਲਈ ਵਿਭਾਗ ਵਲੋਂ ਤਿਆਰ ਕੀਤੀ ਗਈ 'ਅੰਗਰੇਜ਼ੀ-ਪੰਜਾਬੀ ਪ੍ਰਬੰਧਕੀ ਸ਼ਬਦਾਵਲੀ' ਨੂੰ ਵਿਭਾਗੀ ਵੈੱਬ-ਸਾਈਟ ਤੇ ਪਾ ਦਿੱਤਾ ਗਿਆ ਹੈ। ਭਾਸ਼ਾ ਵਿਭਾਗ, ਪੰਜਾਬ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਆਪਣੀ ਹੈਸੀਅਤ ਮੁਤਾਬਕ ਤਨੋਂ, ਮਨੋਂ ਅਤੇ ਧਨੋਂ ਯੋਗਦਾਨ ਪਾ ਰਿਹਾ ਹੈ। ਵਿਭਾਗ ਦਾ ਸਮੂਹ ਅਮਲਾ ਮਾਂ-ਬੋਲੀ ਪੰਜਾਬੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਵਚਨਬੱਧ ਹੈ।

*ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ
ਸ਼ੇਰਾਂ ਵਾਲਾ ਗੇਟ, ਪਟਿਆਲਾ
ਮੋਬਾਇਲ: 98728 11983

□□□



Sri Satguru Jagjit Singh Ji Elibrary NamdhariElibrary@gmail.com

# ਮਾਂ-ਬੋਲੀ ਦੇ ਵਿਕਾਸ ਵਿਚ ਪੰਜਾਬੀ ਪੱਤਰਕਾਰੀ ਦੀ ਭੂਮਿਕਾ ਤੇ ਭਵਿੱਖ ਦੀ ਰੂਪ-ਰੇਖਾ

***ਹਰਬੀਰ ਸਿੰਘ ਭੰਵਰ**

ਰੱਬ ਦਾ ਹੀ ਦੂਸਰਾ ਰੂਪ ਹੁੰਦੀ ਹੈ ਮਾਂ। ਮਾਂ ਸਾਨੂੰ ਜਨਮ ਦਿੰਦੀ ਹੈ, ਪਿਆਰ ਤੇ ਸੱਧਰਾਂ ਨਾਲ ਪਾਲਣਾ ਪੋਸਨਾ ਕਰਦੀ ਹੈ, ਚੰਗੇ ਸੰਸਕਾਰ ਦਿੰਦੀ ਹੈ, ਜੀਵਨ ਜਾਂਚ ਸਿਖਾਉਂਦੀ ਹੈ। ਮਾਂ ਦੇ ਦੁੱਧ ਵਰਗੇ ਅੰਮ੍ਰਿਤ ਅਤੇ ਮਾਂ ਦੀ ਮਮਤਾ ਵਰਗੀ ਹੀ ਮਿੱਠੀ ਹੁੰਦੀ ਹੈ ਮਾਂ-ਬੋਲੀ, ਜੋ ਅਸੀਂ ਆਪਣੀ ਮਾਂ ਤੋਂ ਬੋਲਣਾ ਸਿਖਦੇ ਹਾਂ। ਮਾਂ-ਬੋਲੀ ਸਾਡੇ ਵਜੂਦ ਦਾ, ਸਾਡੀ ਸਖਸ਼ੀਅਤ ਦਾ ਇਕ ਅਟੁੱਟ ਅੰਗ ਹੁੰਦੀ ਹੈ। ਪਾਕਿਸਤਾਨੀ ਸ਼ਾਇਰ ਉਸਤਾਦ ਦਾਮਨ ਦਾ ਇਕ ਸ਼ੇਅਰ ਹੈ:

ਮਾਂ-ਬੋਲੀ ਜੇ ਭੁਲ ਜਾਓਗੇ, ਕੱਖਾਂ ਵਾਂਗ ਰੁਲ ਜਾਓ ਗੇ

ਕਿਸੇ ਵੀ ਖਿੱਤੇ ਵਿਚ ਪੈਦਾ ਹੋਣ ਵਾਲੇ ਸਾਰੇ ਲੋਕਾਂ ਦੇ ਧਰਮ, ਜ਼ਾਤ-ਪਾਤ, ਰੰਗ, ਨਸਲ, ਭਾਵੇਂ ਵੱਖ ਵੱਖ ਹੋਣ, ਪਰ ਉਸ ਖਿੱਤੇ ਵਿਚ ਬੋਲੀ ਜਾਣ ਵਾਲੀ ਸਾਂਝੀ ਬੋਲੀ ਜੋ ਉਨ੍ਹਾਂ ਦੀ ਮਾਂ-ਬੋਲੀ ਹੁੰਦੀ ਹੈ, ਇਕ ਹੀ ਹੁੰਦੀ ਹੈ। ਉਹ ਆਪਸ ਵਿਚ ਇਕ ਦੂਸਰੇ ਨਾਲ ਗੱਲਬਾਤ ਇਸੇ ਬੋਲੀ ਨਾਲ ਹੀ ਕਰਦੇ ਹਨ। ਧਰਮ ਤਾਂ ਕਿਸੇ ਦਾ ਨਿੱਜੀ ਵਿਅਕਤੀਗਤ ਵਿਸ਼ਵਾਸ਼ ਹੈ, ਅਤੇ ਧਾਰਮਕ ਰਹੁ-ਰੀਤਾਂ ਵੱਖ ਵੱਖ ਹੋ ਸਕਦੀਆਂ ਹਨ। ਪਰ ਮਾਂ-ਬੋਲੀ ਤਾਂ ਉਸ ਇਲਾਕੇ ਦੇ ਲੋਕਾਂ ਨੂੰ ਆਪਸ ਵਿਚ ਜੋੜਦੀ ਹੈ, ਉਨ੍ਹਾਂ ਦੀ ਸਾਂਝ ਬਣਦੀ ਹੈ, ਪਛਾਣ ਬਣਦੀ ਹੈ, ਉਨ੍ਹਾਂ ਦੀ ਕੌਮੀਅਤ ਬਣਦੀ ਹੈ। ਧਰਮ ਬਦਲਿਆ ਜਾ ਸਕਦਾ ਹੈ, ਪਰ ਮਾਂ-ਬੋਲੀ ਨਹੀਂ। ਇਕ ਮਾਂ-ਬੋਲੀ ਬੋਲਣ ਵਾਲੇ ਲੋਕ ਵੱਖ-ਵੱਖ ਧਰਮਾਂ ਜਾਂ ਦੇਸ਼ਾਂ ਨਾਲ ਸੰਬੰਧ ਰੱਖ ਸਕਦੇ ਹਨ, ਜਿਵੇਂ ਕਿ ਭਾਰਤੀ ਪੰਜਾਬ ਜਿਸ ਵਿਚ ਵਧੇਰੇ ਵਸੋਂ ਹਿੰਦੂ ਤੇ ਸਿੱਖਾਂ ਦੀ ਹੈ ਅਤੇ ਪਾਕਿਸਤਾਨੀ ਪੰਜਾਬ ਵਿਚ ਬਹੁ-ਵਸੋਂ ਮੁਸਲਮਾਨਾਂ ਦੀ ਹੈ ਪਰ ਦੋਵਾਂ ਦੇ ਵਸਨੀਕਾਂ ਦੀ ਮਾਂ-ਬੋਲੀ ਪੰਜਾਬੀ ਹੈ। ਪੰਜਾਬ ਤੋਂ ਲੱਖਾਂ ਹੀ ਲੋਕ ਦੂਜੇ ਸੂਬਿਆਂ ਜਾਂ ਦੇਸਾਂ ਵਿਚ ਜਾ ਵਸੇ ਹਨ ਪਰ ਉਨ੍ਹਾਂ ਦੀ ਇਕੋ ਮਾਂ-ਬੋਲੀ ਪੰਜਾਬੀ ਹੈ। ਮਾਂ-ਬੋਲੀ ਦੀ ਇਸ ਮਹੱਤਤਾ ਕਾਰਨ ਹੀ ਯੂਨੈਸਕੋ ਦੇ ਇਕ ਮਹੱਤਵਪੂਰਨ ਫੈਸਲੇ ਨਾਲ ਦੁਨੀਆ ਭਰ ਵਿਚ ਹਰ ਸਾਲ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਜਾਂਦਾ ਹੈ।

ਸਾਹਿਤ ਤੋਂ ਬਿਨਾਂ ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਪੰਜਾਬੀ ਪੱਤਰਕਾਰੀ ਨੇ ਬੜਾ ਯੋਗਦਾਨ ਪਾਇਆ ਹੈ ਅਤੇ ਪਾਇਆ ਜਾ ਰਿਹਾ ਹੈ। ਪੱਤਰਕਾਰੀ ਇਕ ਬੜਾ ਹੀ ਪਵਿੱਤਰ ਪੇਸ਼ਾ ਹੈ। ਇਕ ਪੱਤਰਕਾਰ ਨੇ ਆਪਣੇ ਅਖ਼ਬਾਰ ਰਾਹੀਂ ਆਮ ਲੋਕਾਂ ਨੂੰ ਆਪਣੇ ਆਸੇ-ਪਾਸੇ ਵਾਪਰ ਰਹੀਆਂ ਘਟਨਾਵਾਂ, ਰਾਜਨੀਤਕ, ਧਾਰਮਕ, ਸਮਾਜਕ ਤੇ ਸਭਿਆਚਾਰਕ ਸਰਗਰਮੀਆਂ ਬਾਰੇ ਸਹੀ ਸਹੀ ਜਾਣਕਾਰੀ ਦੇਣੀ ਹੁੰਦੀ ਹੈ। ਪੰਜਾਬੀ ਪੱਤਰਕਾਰੀ ਦੀ ਉਮਰ ਭਾਵੇਂ ਦੂਜੀਆਂ ਭਾਰਤੀ ਭਾਸ਼ਾਵਾਂ ਨਾਲੋਂ ਕਾਫੀ ਛੋਟੀ ਹੈ, ਇਸ ਨੇ ਮਾਂ-ਬੋਲੀ ਪੰਜਾਬੀ, ਇਸ ਦੇ ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਬਹੁਤ ਹੀ ਯੋਗਦਾਨ ਪਾਇਆ ਹੈ।

ਜੇਕਰ ਧਿਆਨ ਨਾਲ ਅਧਿਐਨ ਕੀਤਾ ਜਾਏ ਤਾਂ ਭਾਈ ਵੀਰ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਸ. ਨਾਨਕ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ,



Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਾ ਪ੍ਰੀਤਮ ਸਮੇਤ ਆਧੁਨਿਕ ਸਾਹਿਤ ਦੇ ਮੋਢੀਆਂ ਵਲੋਂ ਸਾਹਿਤ ਰਚਨਾ ਤੋਂ ਬਹੁਤ ਦੇਰ ਪਹਿਲਾਂ ਪੰਜਾਬੀ ਪੱਤਰਕਾਰੀ ਦੇ ਆਗਾਜ਼ ਨਾਲ ਮਾਂ-ਬੋਲੀ ਪੰਜਾਬੀ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ। ਭਾਵੇਂ ਸ਼ੁਰੂ ਸ਼ੁਰੂ ਵਿਚ ਇਹ ਅਖਬਾਰਾਂ ਜਾਂ ਰਸਾਲੇ ਮੁੱਖ ਤੌਰ 'ਤੇ ਸਿੱਖ ਧਰਮ ਦੇ ਪ੍ਰਚਾਰ ਵੱਲ ਵਧੇਰੇ ਤਵੱਜੋਂ ਦੇ ਰਹੇ ਸਨ, ਇਨਾਂ ਨੇ ਪੰਜਾਬੀ ਦੇ ਵਿਕਾਸ ਲਈ ਵੀ ਬੜੀ ਸੇਵਾ ਕੀਤੀ ਹੈ। ਮਾਂ-ਬੋਲੀ ਪੰਜਾਬੀ ਵਿਚ ਸਭ ਤੋਂ ਪਹਿਲਾ ਅਖਬਾਰ 'ਗੁਰਮੁਖੀ' ਸ਼ੁਰੂ ਹੋਇਆ ਸੀ ਜਿਸ ਨਾਲ ਅਨੇਕਾਂ ਸੁਹਿਰਦ ਪੰਜਾਬੀ ਲੇਖਕ ਤੇ ਪੱਤਰਕਾਰ ਜੁੜੇ ਹੋਏ ਸਨ। ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਅਨੇਕਾਂ ਪੰਜਾਬੀ ਅਖਬਾਰ ਤੇ ਰਸਾਲੇ ਸ਼ੁਰੂ ਹੋਏ ਅਤੇ ਪਾਠਕਾਂ ਦਾ ਘੇਰਾ ਵੱਧਣਾ ਸ਼ੁਰੂ ਹੋਇਆ। ਆਜ਼ਾਦੀ ਮਿਲਣ ਉਪਰੰਤ ਪੂਰਬੀ ਪੰਜਾਬ ਦੇ ਸਕੂਲਾਂ ਵਿਚ ਸਿਖਿਆ ਦਾ ਮਾਧਿਅਮ ਉਰਦੂ ਦੀ ਥਾਂ ਪੰਜਾਬੀ ਤੇ ਹਿੰਦੀ ਕੀਤਾ ਗਿਆ, ਜਿਸ ਨਾਲ ਪੰਜਾਬੀ ਅਖ਼ਬਾਰਾਂ ਤੇ ਮਾਸਕ, ਪੰਦਰਾਂ-ਰੋਜ਼ਾ ਜਾਂ ਹਫਤਾਵਾਰੀ ਪਰਚਿਆਂ ਨੂੰ ਇਕ ਨਵਾਂ ਹੁਲਾਰਾ ਮਿਲਿਆ, ਜਿਨ੍ਹਾਂ ਨੇ ਮਾਂ-ਬੋਲੀ ਦੇ ਵਿਕਾਸ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਅੱਜ ਲਗਭਗ ਹਰ ਅਖਬਾਰ ਸਾਹਿਤ ਲਈ ਦੋ ਜਾਂ ਵੱਧ ਸਫੇ ਵਿਸ਼ੇਸ਼ ਕਰਕੇ ਸ਼ਨਿਚਰਵਾਰ ਜਾਂ ਐਤਵਾਰ ਨੂੰ ਰਾਖਵੇਂ ਰੱਖ ਰਿਹਾ ਹੈ। ਰੋਜ਼ਾਨਾ ਅਜੀਤ, ਪੰਜਾਬੀ ਟ੍ਰਿਬਿਊਨ, ਜਗਬਾਣੀ, ਨਵਾਂ ਜ਼ਮਾਨਾ ਤੇ ਦੇਸ਼ ਸੇਵਕ ਸਮੇਤ ਲਗਭਗ ਸਾਰੇ ਅਖ਼ਬਾਰ ਹਰ ਐਤਵਾਰ ਨੂੰ ਸਾਹਿਤ ਲਈ ਚਾਰ-ਪੰਨੇ ਦਾ ਵੱਖਰਾ ਸੁੰਦਰ ਪੁਲ-ਆਊਟ ਪ੍ਰਕਾਸ਼ਤ ਕਰ ਰਹੇ ਹਨ, ਜਿਸ ਵਿਚ ਕਵਿਤਾ, ਕਹਾਣੀ, ਹਾਸ-ਵਿਅੰਗ ਆਦਿ ਸਾਹਿੱਤਕ ਰਚਨਾਵਾਂ ਹੁੰਦੀਆਂ ਹਨ, ਬੱਚਿਆਂ ਲਈ ਬਾਲ-ਸਾਹਿਤ ਵੀ ਹੁੰਦਾ ਹੈ, ਜੋ ਬੱਚਿਆਂ ਵਿਚ ਸਾਹਿੱਤਕ ਰੁਚੀਆਂ ਪੈਦਾ ਕਰਨ ਲਈ ਬੜਾ ਹੀ ਸਹਾਈ ਹੁੰਦਾ ਹੈ। ਇਹ ਸਭ ਰਚਨਾਵਾਂ ਬੜੀ ਦਿਲਚਸਪੀ ਨਾਲ ਪੜ੍ਹੀਆਂ ਜਾਂਦੀਆਂ ਹਨ ਅਤੇ ਮਾਂ-ਬੋਲੀ ਦੇ ਵਿਕਾਸ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਇਹ ਸਥਾਪਤ ਲੇਖਕਾਂ ਦੇ ਨਾਲ ਨਾਲ ਨਵੇਂ ਲੇਖਕਾਂ ਨੂੰ ਯੋਗ ਸਥਾਨ ਦੇ ਕੇ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਸੇਵਾ ਕਰ ਰਹੇ ਹਨ। ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਭਾਵੇਂ ਇਸ ਸਰਹੱਦੀ ਸੂਬੇ ਨੂੰ ਆਰਥਿਕਤਾ ਸਮੇਤ ਹਰ ਪਖੋਂ ਬੜਾ ਹੀ ਨੁਕਸਾਨ ਹੋਇਆ ਖਾਸ ਕਰ ਪੇਂਡੂ ਖੇਤਰਾਂ ਵਿਚ ਵਿਦਿਅਕ ਤੇ ਸਿਹਤ ਸੇਵਾਵਾਂ ਅਤੇ ਸਭਿਆਚਾਰਕ ਖੇਤਰ ਵਿਚ, ਪਰ ਇਸ ਦਾ ਸ਼ਾਇਦ ਇਕੋ ਚੰਗਾ ਪੱਖ ਇਹ ਹੈ ਕਿ ਆਮ ਲੋਕਾਂ ਨੂੰ ਅਖ਼ਬਾਰ ਪੜ੍ਹਨ ਦੀ ਦਿਲਚਸਪੀ ਵੱਧੀ ਹੈ। ਲਗਭਗ ਹਰ ਪੰਜਾਬੀ ਰੋਜ਼ਾਨਾ ਅਖਬਾਰ ਦੇ ਪਾਠਕਾਂ ਦਾ ਘੇਰਾ ਬੜਾ ਹੀ ਵਧਿਆ ਹੈ ਅਤੇ ਲਗਾਤਾਰ ਵੱਧ ਰਿਹਾ ਹੈ। ਅੱਜ ਰੋਜ਼ਾਨਾ ਅਜੀਤ ਤੇ ਜਗਬਾਣੀ ਦੇ ਛਪਣ ਦੀ ਗਿਣਤੀ ਤਿੰਨ ਲੱਖ ਤੋਂ ਬਹੁਤ ਹੀ ਵੱਧ ਹੈ ਜੋ ਐਤਵਾਰ ਨੂੰ ਹੋਰ ਵੀ ਵੱਧ ਹੁੰਦੀ ਹੈ। ਪੰਜਾਬੀ ਦੇ ਦੂਜੇ ਅਖਬਾਰਾਂ ਦੀ ਅਸ਼ਾਇਤ ਵੀ ਕਾਫੀ ਵੱਧੀ ਹੈ। ਹੁਣ ਜਦੋਂ ਕਿ ਨਵੀਂ ਪੀੜ੍ਹੀ ਵਿਚ ਸਾਹਿਤਕ ਪੁਸਤਕਾਂ ਪੜ੍ਹਣ ਦੀ ਰੁਚੀ ਘੱਟ ਗਈ ਹੈ, ਅਖਬਾਰਾਂ ਇਹ ਘਾਟ ਪੂਰੀ ਕਰ ਰਹੀਆਂ ਹਨ।

ਸੂਚਨਾ ਤੇ ਤਕਨਾਲੋਜੀ ਦੇ ਇਨਕਲਾਬ ਨਾਲ ਪੱਤਰਕਾਰੀ ਨੂੰ ਇਕ ਨਵਾਂ ਹੁਲਾਰਾ ਮਿਲਿਆ ਹੈ। ਜਿੱਥੇ ਅਖਬਾਰਾਂ ਦੀ ਛਪਾਈ, ਦਿੱਖ ਤੇ ਗੈਟ-ਅੱਪ ਦੇ ਪੱਧਰ ਵਿਚ ਬਹੁਤ ਵਾਧਾ ਹੋਇਆ ਹੈ, ਅਨੇਕਾਂ ਪੰਜਾਬੀ ਅਖਬਾਰਾਂ ਦੇ ਪ੍ਰਿੰਟ ਐਡੀਸ਼ਨ ਨਾਲ 'ਆਨ-ਲਾਈਨ' (ਵੈਬਸਾਈਟ) ਐਡੀਸ਼ਨ ਵੀ ਆ ਰਹੇ ਹਨ, ਜੋ ਦੇਸ਼ ਵਿਦੇਸ਼ ਵਿਚ ਬੈਠ ਪਾਠਕ ਪੜ੍ਹ ਸਕਦੇ ਹਨ। ਰੋਜ਼ਾਨਾ ਅਖਬਾਰ ਜਾਂ ਮਾਸਕ ਤੇ ਹਫਤਾਵਾਰੀ ਪਰਚਿਆਂ ਤੋਂ ਬਿਨਾਂ ਵੀ ਅਨੇਕਾਂ ਪੰਜਾਬੀ ਪਿਆਰਿਆਂ ਨੇ ਪੰਜਾਬੀ ਵੈਬਸਾਈਟ ਸ਼ੁਰੂ ਕੀਤੀਆਂ ਹੋਈਆਂ ਹਨ, ਜੋ ਪਾਠਕਾਂ ਵਿਚ ਬਹੁਤ ਮਕਬੂਲ ਹਨ।



Sri Satguru Jagjit Singh Ji Elibrary NamdhariElibrary@gmail.com

ਇਹ 'ਆਨਲਾਈਨ' ਪੰਜਾਬੀ ਪੱਤਰਕਾਰੀ ਵੀ ਮਾਂ-ਬੋਲੀ ਦੇ ਵਿਕਾਸ ਲਈ ਬਹੁਤ ਯੋਗਦਾਨ ਪਾ ਰਹੀਆਂ ਹਨ। ਇਸ ਦਾ ਭਵਿੱਖ ਵੀ ਬਹੁਤ ਰੋਸ਼ਨ ਹੈ ਕਿਉਂ ਜੋ ਹੁਣ ਪੰਜਾਬੀ ਅਮਰੀਕਾ, ਕੈਨੇਡਾ, ਯੂਰਪ ਦੇ ਦੇਸ਼ਾਂ ਸਮੇਤ ਹੋਰ ਅਨੇਕ ਦੇਸ਼ਾਂ ਵਿਚ ਜਾ ਵਸੇ ਹਨ ਅਤੇ ਉਥੇ ਰੋਜ਼ਾਨਾ ਜਾਂ ਹਫਤਾਵਾਰੀ ਅਖਬਾਰਾਂ ਪ੍ਰਕਾਸ਼ਤ ਕਰਨ ਦੇ ਨਾਲ ਵੈਬਸਾਈਟਾਂ ਵੀ ਚਲਾ ਰਹੇ ਹਨ। ਆਪਣੀ ਚਾਰ ਮਹੀਨੇ ਦੀ ਕੈਨੇਡਾ ਫੇਰੀ ਦੌਰਾਨ ਇਸ ਲੇਖਕ ਨੇ ਦੇਖਿਆ ਕਿ ਉਧਰ ਪ੍ਰਕਾਸ਼ਤ ਹੋਣ ਵਾਲੇ ਹਫਤਾਵਾਰੀ ਅਖਬਾਰ ਪੰਜਾਬੀ ਭਾਈਚਾਰੇ ਵਲੋਂ ਘਰੋਂ ਆਈ ਚਿੱਠੀ ਵਾਂਗ ਬੜੀ ਹੀ ਉਤਸੁਕਤਾ ਤੇ ਦਿਲਚਸਪੀ ਨਾਲ ਪੜ੍ਹੇ ਜਾਂਦੇ ਹਨ। ਇਹ ਇਕ ਹਕੀਕਤ ਹੈ ਕਿ ਪਰਵਾਸੀ ਪੰਜਾਬੀ ਪੱਤਰਕਾਰੀ ਜਿਥੇ ਵਿਦੇਸ਼ ਵਿਚ ਰਹਿੰਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਨਾਲ ਸਾਂਝ ਪਾ ਰਹੀ ਹੈ, ਉਥੇ ਉਨ੍ਹਾਂ ਨੂੰ ਆਪਣੇ ਤੇ ਆਪਣੇ ਪੁਰਖਿਆਂ ਦੀ ਜਨਮ-ਭੂਮੀ ਪੰਜਾਬ ਨਾਲ ਵੀ ਜੋੜ ਰਹੀ ਹੈ। ਆਉਣ ਵਾਲੇ ਸਮੇਂ ਵਿਚ ਪੰਜਾਬੀ ਪੱਤਰਕਾਰੀ ਤੇ 'ਆਨ-ਲਾਈਨ' ਪੱਤਰਕਾਰੀ ਨੇ ਹੋਰ ਤਰੱਕੀ ਕਰਨੀ ਹੈ ਜਿਸ ਕਾਰਨ ਮਾਂ-ਬੋਲੀ ਪੰਜਾਬੀ ਦੇ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਹਨ।

ਆਮੀਨ!

*194-ਸੀ, ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ-141012
ਮੋਬਾਇਲ : 98762-95829



Sri Satguru Jagjit Singh Ji Elibrary NamdhariElibrary@gmail.com

# ਮਾਤ-ਭਾਸ਼ਾ ਦੇ ਕੰਪਿਊਟਰੀਕਰਨ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੋਗਦਾਨ

***ਡਾ: ਗੁਰਪ੍ਰੀਤ ਸਿੰਘ ਲਹਿਲ**

ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਕੰਪਿਊਟਰ ਦੀ ਮਦਦ ਨਾਲ ਸਮੇਂ ਦੇ ਹਾਣ ਦਾ ਬਣਾਉਣ ਹਿੱਤ ਅਦਾਰਾ "ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਦਾ ਉੱਚਤਮ ਕੇਂਦਰ" ਫਰਵਰੀ 2004 ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਅਗਵਾਈ ਹੇਠ ਨਿਰੰਤਰ ਕਾਰਜ ਕਰ ਰਿਹਾ ਹੈ। ਪੰਜਾਬੀ ਭਾਸ਼ਾ ਦੇ ਤਕਨੀਕੀ ਪੱਖਾਂ ਦਾ ਹੱਲ ਅਤੇ ਵਿਕਾਸ ਕਰਨਾ, ਮਿਆਰੀਕਰਨ ਕਰਨਾ, ਭਾਸ਼ਾਈ ਉੱਨਤੀ ਲਈ ਖੋਜ ਸਹਾਇਕ ਵਜੋਂ ਸਹਾਇਤਾ ਕਰਨਾ, ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਭਾਸ਼ਾਈ ਮਸਲਿਆਂ ਵਿਚ ਸਹਾਇਤਾ ਕਰਨਾ ਅਤੇ ਪੰਜਾਬੀ ਸੱਭਿਆਚਾਰ ਦੀ ਸੰਭਾਲ ਅਤੇ ਵਿਕਾਸ ਕਰਨਾ ਆਦਿ ਇਸ ਅਦਾਰੇ ਦੇ ਮੁੱਖ ਮਨੋਰਥ ਹਨ।

ਅਦਾਰੇ ਵਿਚ ਅਨੇਕਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੋਜ ਕਾਰਜਾਂ 'ਤੇ ਕੰਮ ਚਲ ਰਿਹਾ ਹੈ। ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ, ਰੋਮਨ ਆਦਿ ਲਿਪੀਆਂ ਦਾ ਆਪਸੀ ਲਿਪੀਅੰਤਰਨ ਕਰਨ, ਵਿਆਕਰਨ ਨੂੰ ਸੁਖਾਲਾ ਤੇ ਸੁਲਭ ਬਣਾਉਣ ਵਾਲੇ ਔਜ਼ਾਰਾਂ ਦਾ ਨਿਰਮਾਣ ਕਰਨ, ਗੁਰਮੁਖੀ ਲਿਪੀ ਲਈ ਸ਼ਕਤੀਸ਼ਾਲੀ ਆਪਟੀਕਲ ਕਰੈਕਟਰ ਰਿਕੋਗਨੀਸ਼ਨ ਪ੍ਰਣਾਲੀ ਦਾ ਵਿਕਾਸ ਕਰਨ, ਹਿੰਦੀ, ਪੰਜਾਬੀ ਤੇ ਉਰਦੂ ਦਰਮਿਆਨ ਅਨੁਵਾਦ ਕਰਨ, ਮੌਖਿਕ ਬੋਲੀ ਨੂੰ ਸਵੈਚਾਲਿਤ ਢੰਗ ਨਾਲ ਲਿਖਤ ਸਮੱਗਰੀ ਵਿਚ ਤਬਦੀਲ ਕਰਨ (Speech Recognition) ਅਤੇ ਇਸ ਤੋਂ ਉਲਟ ਪਾਠ-ਸਮੱਗਰੀ ਨੂੰ ਉਚਾਰਨ ਵਿਚ ਤਬਦੀਲ ਕਰਨ ਲਈ ਇਹ ਅਦਾਰਾ ਤਕਨੀਕਾਂ ਅਤੇ ਔਜ਼ਾਰਾਂ ਦੀ ਖੋਜ ਕਰਨ 'ਚ ਜੁਟਿਆ ਹੋਇਆ ਹੈ।

ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ ਕਰਨ ਵਾਲੇ ਪੰਜਾਬੀ ਯੂਨੀਵਰਸਿਟੀ ਦੇ ਇਸ ਅਦਾਰੇ ਵਿਖੇ ਹੇਠਾਂ ਲਿਖੇ ਸਾਫਟਵੇਅਰਜ਼/ਤਕਨੀਕੀ ਟੂਲਜ਼ ਦਾ ਵਿਕਾਸ ਹੋ ਚੁੱਕਾ ਹੈ:

1. **ਪੰਜਾਬੀ ਖੋਜ-ਇੰਜਣ (Punjabi Search Engine)**: ਇਹ ਗੂਗਲ ਅਧਾਰਤ ਪੰਜਾਬੀ ਖੋਜ (ਸਰਚ) ਇੰਜਣ ਹੈ। ਇਹ ਖੋਜ-ਬਕਸੇ ਵਿਚ ਟਾਈਪ ਕੀਤੇ ਸ਼ਬਦ ਜਾਂ ਵਾਕਾਂਸ਼ ਦੇ ਆਧਾਰ 'ਤੇ ਵੈੱਬਸਾਈਟਾਂ/ਵੈੱਬ-ਪੰਨਿਆਂ ਦੀ ਸੂਚੀ ਪ੍ਰਦਰਸ਼ਿਤ ਕਰਦਾ ਹੈ। ਇਹ ਪੰਜਾਬੀ (ਗੁਰਮੁਖੀ) ਦੇ ਨਾਲ-ਨਾਲ ਸ਼ਾਹਮੁਖੀ ਅਤੇ ਦੇਵਨਾਗਰੀ ਲਿਪੀ ਦੇ ਸ਼ਬਦਾਂ ਨੂੰ ਖੋਜਣ ਦੀ ਸਮਰੱਥਾ ਵੀ ਰੱਖਦਾ ਹੈ। ਟਾਈਪਿੰਗ 'ਚ ਅਨਜਾਣ ਵਰਤੋਂਕਾਰਾਂ ਦੀ ਸਹੂਲਤ ਲਈ ਇਸ 'ਤੇ ਆਨ-ਸਕਰੀਨ ਕੀ-ਬੋਰਡ ਲਗਾਇਆ ਗਿਆ ਹੈ, ਜਿਸ 'ਤੇ ਮਾਊਸ ਰਾਹੀਂ ਕਲਿੱਕ ਕਰ ਕੇ ਸ਼ਬਦ ਜਾਂ ਵਾਕਾਂਸ਼ ਦੀ ਰਚਨਾ ਕੀਤੀ ਜਾ ਸਕਦੀ ਹੈ। ਇਸ ਰਾਹੀਂ ਲੱਭੇ ਜਾਣ ਵਾਲੇ ਸ਼ਬਦ ਨੂੰ ਉਸ ਦੇ ਸਮਾਨ-ਅਰਥ ਸ਼ਬਦਾਂ ਜਾਂ ਰਲਦੇ-ਮਿਲਦੇ ਸ਼ਬਦ-ਜੋੜਾਂ ਰਾਹੀਂ ਲੱਭਣ ਦੀ ਸਹੂਲਤ ਵੀ ਉਪਲਬਧ ਹੈ।
2. **ਗੁਰਮੁਖੀ ਯੂਨੀਕੋਡ ਟਾਈਪਿੰਗ ਪੈਡ (Gurmukhi Unicode Typing Pad)**:



Sri Satguru Jagjit Singh Ji Elibrary NamdhariElibrary@gmail.com

ਗੁਰਮੁਖੀ ਯੂਨੀਕੋਡ ਟਾਈਪਿੰਗ ਪੈਡ ਨੂੰ ਅਦਾਰੇ ਦੀ ਵੈੱਬਸਾਈਟ ਦੇ ਮੁੱਖ ਪੰਨੇ 'ਤੇ ਦਰਸਾਇਆ ਗਿਆ ਹੈ। ਯੂਨੀਕੋਡ ਟਾਈਪਿੰਗ ਪੈਡ ਵਿਚ ਇਕ ਸਧਾਰਨ ਟਾਈਪ ਰਾਈਟਰ, ਫੌਂਟ ਕਨਵਰਟਰ, ਲਿਪੀਅੰਤਰਨ, ਵਰਡ ਪ੍ਰੋਸੈਸਰ ਅਤੇ ਈ-ਮੇਲ ਪ੍ਰੋਗਰਾਮ ਵਾਲੀਆਂ ਵਿਸ਼ੇਸ਼ਤਾਵਾਂ ਸ਼ੁਮਾਰ ਹਨ। ਗੁਰਮੁਖੀ ਟਾਈਪਿੰਗ 'ਚ ਅਣਜਾਣ ਵਿਅਕਤੀਆਂ ਲਈ ਇਹ ਇਕ ਜਾਦੂ ਦੀ ਛੜੀ ਹੈ। ਇਸ ਰਾਹੀਂ ਵਰਤੋਂਕਾਰ ਅਪਣੀ ਸੁਵਿਧਾ ਮੁਤਾਬਕ ਰੋਮਨ, ਫੋਨੈਟਿਕ ਜਾਂ ਰਮਿੰਗਟਨ ਕੀ ਬੋਰਡ ਦੀ ਮਦਦ ਨਾਲ ਆਪਣਾ ਮੈਟਰ ਟਾਈਪ ਕਾਰ ਸਕਦਾ ਹੈ। ਇਸ ਸਾਫਟਵੇਅਰ ਦਾ ਵਿਕਾਸ ਯੂਨੀਕੋਡ ਦੀ ਵੱਧ ਰਹੀ ਵਰਤੋਂ ਨੂੰ ਧਿਆਨ 'ਚ ਰੱਖ ਕੇ ਕੀਤਾ ਗਿਆ ਹੈ।

3. ਆਨ-ਲਾਈਨ ਪੰਜਾਬੀ ਅਧਿਆਪਨ (**Online Punjabi Teaching**): ਪੰਜਾਬੀ ਦੁਨੀਆ ਦੇ ਕੋਨੇ-ਕੋਨੇ ਵਿਚ ਵਸਦੇ ਹਨ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਲਈ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਉਹਨਾਂ ਦੇ ਬੱਚੇ ਪੰਜਾਬੀ ਤੋਂ ਮੁੱਖ ਮੋੜ ਰਹੇ ਹਨ। ਉੱਥੇ ਮਾਤ-ਭਾਸ਼ਾ ਸਿਖਾਉਣ ਵਾਲਾ ਵੀ ਕੋਈ ਨਹੀਂ ਜਿਸ ਕਾਰਨ ਇਹ ਮਸਲਾ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਪੜਾਅ 'ਤੇ ਅੰਗਰੇਜ਼ੀ ਮਾਧਿਅਮ ਰਾਹੀਂ ਮਾਤ ਭਾਸ਼ਾ ਸਿਖਾਉਣ ਵਾਲੀ ਵੈੱਬਸਾਈਟ ਦੀ ਉਚੇਚੀ ਲੋੜ ਸੀ। ਇਸ ਵੈੱਬਸਾਈਟ ਰਾਹੀਂ ਵਰਤੋਂਕਾਰ ਪੰਜਾਬੀ ਦੇ ਸਵਰ, ਵਿਅੰਜਨਾਂ ਤੋਂ ਲੈ ਕੇ, ਸ਼ਬਦਾਂ ਅਤੇ ਵਾਕ-ਬਣਤਰ ਤੱਕ ਦੀ ਦਿਲਚਸਪ ਤਰੀਕੇ ਨਾਲ ਜਾਣਕਾਰੀ ਹਾਸਲ ਕਰ ਸਕਦਾ ਹੈ। ਪਾਠਾਂ ਨੂੰ ਦਿਲਚਸਪ ਤੇ ਆਕਰਸ਼ਕ ਬਣਾਉਣ ਲਈ ਕਈ ਪ੍ਰਕਾਰ ਦੇ ਚਲ-ਚਿੱਤਰਾਂ, ਸਜੀਵ ਆਕ੍ਰਿਤੀਆਂ, ਅਵਾਜ਼ਾਂ, ਤਸਵੀਰਾਂ ਆਦਿ ਦਾ ਸਹਾਰਾ ਲਿਆ ਗਿਆ ਹੈ। ਪੰਜਾਬੀ ਸ਼ਬਦਾਵਲੀ, ਸਵਾਲ-ਜਵਾਬ, ਭੁਲਾਵੇਂ ਅੱਖਰ, ਕਹਾਣੀਆਂ, ਤੁਕਬੰਦੀ ਆਦਿ ਨੂੰ ਸੰਗੀਤਕ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ।

   ਪੰਜਾਬੀ ਸ਼ਬਦਾਵਲੀ, ਸਜੀਵ ਕਹਾਣੀਆਂ, ਤੁਕ-ਬੰਦੀ, ਮੁਹਾਰਨੀ ਅਤੇ ਗੁਰਮੁਖੀ ਪੈਂਤੀ ਨੂੰ ਅਦਾਰੇ ਦੀ ਵੈੱਬਸਾਈਟ ਤੋਂ ਮੁਫ਼ਤ ਵਿਚ ਡਾਊਨਲੋਡ ਕੀਤਾ ਜਾ ਸਕਦਾ ਹੈ। ਗ਼ੌਰਤਲਬ ਹੈ ਕਿ ਦੁਨੀਆ ਦੇ 133 ਦੇਸ਼ਾਂ ਦੇ ਵਿਆਕਤੀ ਇਸ ਵੈੱਬਸਾਈਟ ਦੀ ਵਰਤੋਂ ਕਰਕੇ ਪੰਜਾਬੀ ਭਾਸ਼ਾ ਬਾਰੇ ਸਿੱਖਿਆ ਲੈ ਰਹੇ ਹਨ।

4. ਗੁਰਮੁਖੀ ਓ. ਸੀ. ਆਰ. (**Gurmukhi OCR**): ਓ.ਸੀ.ਆਰ. ਇਕ ਅਜਿਹਾ ਸਾਫਟਵੇਅਰ ਹੈ ਜੋ ਛਪੇ ਹੋਏ ਦਸਤਾਵੇਜ਼ ਨੂੰ ਅਜਿਹੇ ਰੂਪ ਵਿਚ ਪਰਿਵਰਤਿਤ ਕਰਨ ਦੀ ਸਮਰੱਥਾ ਰੱਖਦਾ ਹੈ ਜਿਸ ਨੂੰ ਬਾਅਦ ਵਿਚ ਸੰਪਾਦਤ ਕਰਨਾ ਆਸਾਨ ਹੋਵੇ। ਵਿਭਾਗ 97 ਫੀਸਦੀ ਤੋਂ ਵੱਧ ਸਮਰੱਥਾ ਵਾਲੇ ਓ.ਸੀ.ਆਰ. ਦਾ ਵਿਕਾਸ ਕਰ ਚੁੱਕਾ ਹੈ। ਜ਼ਿਕਰਯੋਗ ਹੈ ਕਿ ਇਸ ਓ.ਸੀ.ਆਰ. ਨੂੰ ਭਾਰਤੀ ਭਾਸ਼ਾਵਾਂ ਲਈ ਬਣੇ ਹੁਣ ਤੱਕ ਦੇ ਸਭਨਾਂ ਓ.ਸੀ.ਆਰ. ਸਾਫਟਵੇਅਰਜ਼ ਤੋਂ ਵੱਧ ਕੁਸ਼ਲ ਤੇ ਸ਼ਕਤੀਸ਼ਾਲੀ ਮੰਨਿਆ ਗਿਆ ਹੈ।

5. ਮਲਟੀਮੀਡੀਆ ਅਧਾਰਤ ਪੰਜਾਬੀ-ਅੰਗਰੇਜ਼ੀ ਸ਼ਬਦ-ਕੋਸ਼ (**Multimedia enabled Punjabi-English Dictionary**): ਮਲਟੀਮੀਡੀਆ ਅਧਾਰਤ ਸ਼ਬਦ-ਕੋਸ਼ ਅਦਾਰੇ ਦੀ ਵੈੱਬਸਾਈਟ 'ਤੇ ਉਪਲਬਧ ਹੈ। ਇਹ ਵੈੱਬ ਸਾਫਟਵੇਅਰ ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਸ਼ਬਦ ਸ਼੍ਰੇਣੀ ਅਤੇ ਉਨ੍ਹਾਂ ਦੇ ਅੰਗਰੇਜ਼ੀ 'ਚ ਅਰਥ ਦਰਸਾਉਂਦਾ ਹੈ। ਇਸ ਸਾਫਟਵੇਅਰ ਵਿਚ ਵੱਡੀ ਖੂਬੀ ਇਹ ਹੈ ਕਿ ਇਹ



Sri Satguru Jagjit Singh Ji Elibrary NamdhariElibrary@gmail.com

ਗੁਰਮੁਖੀ ਸ਼ਬਦਾਂ ਦਾ ਉਚਾਰਨ ਵੀ ਪ੍ਰਦਾਨ ਕਰਵਾਉਂਦਾ ਹੈ। ਇਸ ਵੈੱਬਸਾਈਟ ਵਿਚ 35000 ਤੋਂ ਵੱਧ ਪੰਜਾਬੀ ਸ਼ਬਦ ਦਰਜ ਹਨ। ਇਸ ਵਿਚ ਦਰਜ ਰਿਕਾਰਡਾਂ ਵਿਚੋਂ ਕਿਸੇ ਵੀ ਸ਼ਬਦ ਨੂੰ ਗੁਰਮੁਖੀ, ਸ਼ਾਹਮੁਖੀ ਜਾਂ ਅੰਗਰੇਜ਼ੀ ਵਿਚ ਲੱਭਣ ਦੀ ਸੁਵਿਧਾ ਵੀ ਉਪਲਬਧ ਹੈ।

6. ਹਿੰਦੀ ਤੋਂ ਪੰਜਾਬੀ ਮਸ਼ੀਨ ਅਨੁਵਾਦ ਪ੍ਰਣਾਲੀ **(Hindi to Punjabi Machine Translation System)**: ਇਸ ਵੈੱਬਸਾਈਟ ਦੀ ਮਦਦ ਨਾਲ ਹਿੰਦੀ ਪਾਠ-ਸਮਗਰੀ ਨੂੰ ਪੰਜਾਬੀ (ਗੁਰਮੁਖੀ) ਵਿਚ ਅਨੁਵਾਦ ਕੀਤਾ ਜਾ ਸਕਦਾ ਹੈ। ਇਸ ਵੈੱਬਸਾਈਟ ਰਾਹੀਂ ਪਾਠ-ਸਮਗਰੀ ਨੂੰ ਹਿੰਦੀ ਵਿਚ ਜਾਂ ਪੰਜਾਬੀ ਵਿਚ ਬਦਲ ਕੇ ਈ-ਮੇਲ ਸੰਦੇਸ਼ ਦੇ ਰੂਪ ਵਿਚ ਵੀ ਭੇਜਿਆ ਜਾ ਸਕਦਾ ਹੈ। ਕਿਸੇ ਪਹਿਲਾਂ ਤੋਂ ਬਣੀ ਹੋਈ ਹਿੰਦੀ ਪਾਠ-ਸਮਗਰੀ ਦੀ ਫਾਈਲ ਵੀ ਅਨੁਵਾਦ ਪ੍ਰਣਾਲੀ ਵਿਚ ਵਰਤਿਆ ਜਾ ਸਕਦਾ ਹੈ।

7. ਪੰਜਾਬੀ ਤੋਂ ਹਿੰਦੀ ਮਸ਼ੀਨ ਅਨੁਵਾਦ ਪ੍ਰਣਾਲੀ **(Punjabi to Hindi Machine Translation System)**: ਪੰਜਾਬੀ ਤੋਂ ਹਿੰਦੀ ਅਨੁਵਾਦ ਦੀ ਸੁਵਿਧਾ ਅਦਾਰੇ ਦੀ ਵੈੱਬਸਾਈਟ ਦੇ ਮੁੱਖ ਪੰਨੇ ਉੱਤੇ ਦਰਸਾਏ ਲਿੰਕ ਵਾਲੀ ਵੈੱਬਸਾਈਟ 'ਤੇ ਉਪਲਬਧ ਹੈ। ਇਸ ਵੈੱਬਸਾਈਟ ਵਿਚ ਵਰਤੋਂਕਾਰ ਪੰਜਾਬੀ ਵਿਚ ਆਪਣੀ ਵਿਸ਼ਾ-ਵਸਤੂ ਖੁਦ ਤਿਆਰ ਕਰ ਸਕਦਾ ਹੈ, ਪਹਿਲਾਂ ਤੋਂ ਬਣੀ ਫਾਈਲ ਨੂੰ ਖੋਲ੍ਹ ਸਕਦਾ ਹੈ, ਕਿਸੇ ਦੂਸਰੇ ਦਸਤਾਵੇਜ਼ ਤੋਂ ਪਾਠ-ਸਮਗਰੀ ਦੀ ਕਾਪੀ ਕਰ ਸਕਦਾ ਹੈ ਅਤੇ ਆਨ-ਸਕਰੀਨ ਕੀ-ਬੋਰਡ ਦੀ ਮਦਦ ਨਾਲ ਮਾਊਸ ਕਲਿੱਕ ਰਾਹੀਂ ਦਸਤਾਵੇਜ਼ ਤਿਆਰ ਕਰ ਸਕਦਾ ਹੈ।

   ਪੰਜਾਬੀ ਪਾਠ-ਸਮਗਰੀ ਨੂੰ ਮਾਊਸ ਦੇ ਇਕ ਕਲਿੱਕ ਰਾਹੀਂ ਹਿੰਦੀ ਵਿਚ ਬਦਲਿਆ ਜਾ ਸਕਦਾ ਹੈ। ਇਸ ਵੈੱਬਸਾਈਟ ਉੱਤੇ ਪਾਠ-ਸਮਗਰੀ ਨੂੰ ਹਿੰਦੀ ਵਿਚ ਬਦਲ ਕੇ ਈ-ਮੇਲ ਸੰਦੇਸ਼ ਦੇ ਰੂਪ ਵਿਚ ਭੇਜਣ ਦੀ ਸੁਵਿਧਾ ਵੀ ਉਪਲਬਧ ਹੈ।

8. ਗੁਰਮੁਖੀ ਤੋਂ ਸ਼ਾਹਮੁਖੀ ਲਿਪੀਅੰਤਰਨ **(Gurmukhi to Shahmukhi Transliteration Utility)**: ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਲਿਪੀਆਂ ਦੇ ਅੰਤਰ ਨੂੰ ਖਤਮ ਕਰਨ ਲਈ ਅਦਾਰੇ ਨੇ ਇਕ 'ਸੰਗਮ' ਨਾਂ ਦਾ ਸਾਫਟਵੇਅਰ ਤਿਆਰ ਕੀਤਾ ਹੈ ਜੋ ਅਦਾਰੇ ਦੀ ਵੈੱਬਸਾਈਟ 'ਤੇ ਮੁਫ਼ਤ ਉਪਲਬਧ ਹੈ। ਇਹ ਸਾਫਟਵੇਅਰ ਇਕ ਮਾਊਸ ਕਲਿੱਕ ਰਾਹੀਂ ਗੁਰਮੁਖੀ ਲਿਪੀ ਵਿਚ ਲਿਖੀ ਪਾਠ-ਸਮਗਰੀ ਨੂੰ ਸ਼ਾਹਮੁਖੀ ਵਿਚ ਬਦਲ ਦਿੰਦਾ ਹੈ। ਇਹ ਸਾਫਟਵੇਅਰ 97 ਫੀਸਦੀ ਤੋਂ ਵੱਧ ਸ਼ੁੱਧਤਾ ਨਾਲ ਕੰਮ ਕਰ ਸਕਦਾ ਹੈ। ਇਸ ਸਾਫਟਵੇਅਰ ਦੀ ਮਦਦ ਨਾਲ ਪਾਠ-ਸਮਗਰੀ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਬਦਲ ਕੇ ਈ-ਮੇਲ ਸੰਦੇਸ਼ ਦੇ ਰੂਪ ਵਿਚ ਵੀ ਭੇਜਿਆ ਜਾ ਸਕਦਾ ਹੈ।

9. ਸ਼ਾਹਮੁਖੀ ਤੋਂ ਗੁਰਮੁਖੀ ਲਿਪੀਅੰਤਰਨ **(Shahmukhi to Gurmukhi Transliteration Utility)**: ਇਸ ਸਾਫਟਵੇਅਰ ਦੀ ਖੋਜ ਲਈ ਪੈਨ ਏਸ਼ੀਆ ਅਦਾਰੇ ਨੇ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਹੈ। ਇਸ ਲਿਪੀਅੰਤਰਨ ਸਾਫਟਵੇਅਰ ਰਾਹੀਂ ਪੂਰਬੀ ਅਤੇ ਪੱਛਮੀ ਪੰਜਾਬਾਂ ਦੇ ਲੋਕ ਆਪਸ ਵਿਚ ਕੰਪਿਊਟਰ ਰਾਹੀਂ ਸੰਚਾਰ, ਸੰਪਰਕ ਕਾਇਮ ਕਰ ਸਕਦੇ ਹਨ। ਇਹ ਸਾਫਟਵੇਅਰ ਸ਼ਾਹਮੁਖੀ ਵਿਚ ਲਿਖੀ ਪਾਠ-ਸਮੱਗਰੀ/ ਵੈੱਬਸਾਈਟ ਨੂੰ ਗੁਰਮੁਖੀ ਵਿਚ ਬਦਲਣ ਦੇ ਸਮਰੱਥ ਹੈ। wichaar.com ਵਰਗੀਆਂ



Sri Satguru Jagjit Singh Ji Elibrary NamdhariElibrary@gmail.com

ਅਨੇਕਾਂ ਵੈੱਬਸਾਈਟਾਂ ਲਿਪੀਅੰਤਰਨ ਲਈ ਇਸ ਸਾਫਟਵੇਅਰ ਦੀ ਵਰਤੋਂ ਕਰ ਰਹੀਆਂ ਹਨ।

10. ਹਿੰਦੀ ਅਤੇ ਉਰਦੂ ਦਰਮਿਆਨ ਲਿਪਿਅੰਤਰਨ (Transliteration between Hindi and Urdu): ਪੰਜਾਬੀ ਯੂਨੀਵਰਸਿਟੀ ਨੇ ਉਰਦੂ ਅਤੇ ਹਿੰਦੀ ਲਿਪੀ ਦੀਆਂ ਸਰਹੱਦਾਂ ਨੂੰ ਖ਼ਤਮ ਕਰਨ ਲਈ ਉਰਦੂ ਤੋਂ ਦੇਵਨਾਗਰੀ ਅਤੇ ਇਸ ਦੇ ਉਲਟ ਲਿਪੀਅੰਤਰਨ ਸਾਫਟਵੇਅਰ ਤਿਆਰ ਕੀਤਾ ਹੈ। ਇਹ ਸਾਫਟਵੇਅਰ ਦਾ ਇਨਫਰਮੇਸ਼ਨ ਸੁਸਾਇਟੀ ਇਨੋਵੇਸ਼ਨ ਫੰਡ ਦੇ ਇਕ ਵਿਸ਼ੇਸ਼ ਪ੍ਰੋਜੈਕਟ ਤਹਿਤ ਵਿਕਸਤ ਕੀਤਾ ਗਿਆ ਹੈ ਜਿਸ ਦਾ ਮੁੱਖ ਮੰਤਵ ਏਸ਼ੀਆ ਦੇ ਇੰਟਰਨੈੱਟ ਵਰਤੋਂਕਾਰਾਂ ਲਈ ਭਾਸ਼ਾਈ ਸਾਫਟਵੇਅਰ ਦਾ ਵਿਕਾਸ ਕਰਨਾ ਹੈ। ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਸਾਲ 2009 ਵਿਚ 22 ਦੇਸ਼ਾਂ ਦੇ 148 ਪ੍ਰਤੀਯੋਗੀਆਂ ਦੇ ਖੁੱਲ੍ਹੇ ਮੁਕਾਬਲੇ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸੌਂਪਿਆ ਗਿਆ ਸੀ। ਇਹ ਸਾਫਟਵੇਅਰ ਉਰਦੂ ਅਤੇ ਹਿੰਦੀ ਪਾਠਕਾਂ ਦਰਮਿਆਨ ਧਾਰਮਕ, ਜਾਤੀ, ਸਭਿਆਚਾਰਕ ਅਤੇ ਭੂਗੋਲਿਕ ਵੰਡਾਂ ਨੂੰ ਖਤਮ ਕਰਨ ਲਈ ਇਕ ਪੁਲ ਦਾ ਕੰਮ ਕਰੇਗਾ। ਇਸ ਸਾਫਟਵੇਅਰ ਵਿਚ ਇਕ ਲਿਪੀ ਵਿਚ ਪ੍ਰਕਾਸ਼ਤ ਹੋਈ ਪੂਰੀ ਦੀ ਪੂਰੀ ਵੈਬਸਾਈਟ ਸਿਰਫ਼ ਇਕ ਮਾਊਸ ਦੇ ਕਲਿੱਕ ਰਾਹੀਂ ਦੂਸਰੀ ਲਿਪੀ ਵਿਚ ਬਦਲ ਕੇ ਪੜ੍ਹੀ ਜਾ ਸਕਦੀ ਹੈ। ਸਾਫਟਵੇਅਰ ਵਿਚ ਆਪਣੀ ਮਨਮਰਜ਼ੀ ਦੀ ਲਿਪੀ ਵਿਚ ਈ-ਮੇਲ ਕਰਨ ਦੀ ਦਮਦਾਰ ਸਹੂਲਤ ਵੀ ਪ੍ਰਦਾਨ ਕੀਤੀ ਗਈ ਹੈ। ਸਾਫਟਵੇਅਰ ਨੂੰ 200 ਤੋਂ ਵੱਧ ਦਸਤਾਵੇਜ਼ਾਂ ਉਤੇ ਪਰਖਿਆ ਗਿਆ ਹੈ ਜਿਸ ਦੀ ਉਰਦੂ-ਹਿੰਦੀ ਅਤੇ ਹਿੰਦੀ-ਉਰਦੂ ਦੀ ਸ਼ੁੱਧਤਾ ਕ੍ਰਮਵਾਰ 98.03 ਫ਼ੀਸਦੀ ਅਤੇ 99.15 ਫ਼ੀਸਦੀ ਰਿਕਾਰਡ ਕੀਤੀ ਗਈ।

11. ਖੋਜ-ਸੁਵਿਧਾ ਵਾਲੀ ਆਨ-ਲਾਈਨ ਬਹੁਭਾਸ਼ਾਈ ਪੁਰਾਤਨ ਜਨਮਸਾਖੀ (Online Searchable Multilingual Puratan Janam Sakhi): ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਘਟਨਾਕ੍ਰਮ ਦਾ ਇਤਿਹਾਸਕ ਸ੍ਰੋਤ ਹਨ। ਉੱਚਤਮ ਕੇਂਦਰ ਦੀ ਵੈੱਬਸਾਈਟ ਉੱਤੇ ਜਨਮਸਾਖੀ ਨੂੰ ਗੁਰਮੁਖੀ, ਦੇਵਨਾਗਰੀ, ਸ਼ਾਹਮੁਖੀ ਤੇ ਰੋਮਨ ਲਿਪੀ ਵਿਚ ਪੜ੍ਹਿਆ ਜਾ ਸਕਦਾ ਹੈ। ਇਸ ਉੱਤੇ ਜਨਮਸਾਖੀ ਵਿਚ ਵਰਤੇ ਗਏ ਸ਼ਬਦਾਂ ਦੀ ਖੋਜ ਕਰਨ ਦੀ ਮਹੱਤਵਪੂਰਨ ਸਹੂਲਤ ਉਪਲਬਧ ਹੈ।

12. ਪੰਜਾਬੀ ਵਿਆਕਰਨ ਨਿਰੀਖਕ (Punjabi Grammar Checker): ਭਾਰਤ ਸਰਕਾਰ ਦੇ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ ਵੱਲੋਂ ਪ੍ਰਯੋਜਤ ਪ੍ਰੋਜੈਕਟ ਹੈ। ਇਹ ਵਿਆਕਰਨਿਕ ਪੱਖੋਂ ਤਰੁੱਟੀ ਵਾਲੇ ਸਧਾਰਨ ਵਾਕ ਦਾ ਨਿਰੀਖਣ ਕਰਕੇ ਸ਼ੁੱਧ ਕਰਨ ਦੀ ਸਮਰੱਥਾ ਰੱਖਦਾ ਹੈ। ਗੁੰਝਲਦਾਰ ਅਤੇ ਮਿਸ਼ਰਿਤ ਵਾਕਾਂ ਨੂੰ ਦਰੁਸਤ ਕਰਨ ਲਈ ਖੋਜ ਕਾਰਜ ਚੱਲ ਰਹੇ ਹਨ।

13. ਸ਼ਬਦ ਸ਼੍ਰੇਣੀ ਸੰਜੋਜਕ (Part of Speech Tagger or POS Tagger): ਸ਼ਬਦ-ਸ਼੍ਰੇਣੀ ਸੰਯੋਜਨ ਜਾਂ ਵਿਆਕਰਨਿਕ ਟੈਗਿੰਗ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ ਤਹਿਤ ਕਿਸੇ ਵਾਕ ਦੇ ਸ਼ਬਦਾਂ ਨੂੰ ਨਿਰਧਾਰਤ ਸ਼ਬਦ-ਸ਼੍ਰੇਣੀ ਦੇ ਅਧਾਰ 'ਤੇ ਮਾਰਕ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ ਦਿੱਤੇ ਗਏ ਵਾਕ ਵਿਚਲੇ ਸ਼ਬਦਾਂ ਨੂੰ ਢੁੱਕਵੇਂ ਟੈਗ ਪ੍ਰਦਾਨ ਕਰਵਾਉਂਦਾ ਹੈ। ਇਸ ਪ੍ਰੋਗਰਾਮ ਦੀ ਵਰਤੋਂ ਮਨੁੱਖੀ ਭਾਸ਼ਾ ਪ੍ਰਕ੍ਰਿਆ ਲਈ ਵਰਤੇ ਜਾਂਦੇ ਅਨੇਕਾਂ ਸਾਫਟਵੇਅਰਜ਼/



Sri Satguru Jagjit Singh Ji Elibrary NamdhariElibrary@gmail.com

ਟੂਲਜ਼ ਵਿਚ ਕੀਤੀ ਜਾਂਦੀ ਹੈ।

14. ਰੂਪ ਵਿਗਿਆਨਿਕ ਵਿਸ਼ਲੇਸ਼ਕ (Morphological Analyser): ਰੂਪ ਵਿਗਿਆਨਿਕ ਵਿਸ਼ਲੇਸ਼ਕ ਜਾਂ ਮੋਰਫੋਲੌਜੀਕਲ ਐਨਾਲਾਈਜ਼ਰ ਇਕ ਅਜਿਹਾ ਪ੍ਰੋਗਰਾਮ ਹੈ ਜੋ ਦਿੱਤੇ ਗਏ ਸ਼ਬਦ ਦੀਆਂ ਸਾਰੀਆਂ ਸੰਭਵ ਸ਼ਬਦ-ਸ਼੍ਰੇਣੀਆਂ, ਉਸਦਾ ਮੂਲ ਸ਼ਬਦ ਅਤੇ ਵਿਆਕਰਨਿਕ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਇਸ ਤਕਨੀਕੀ ਔਜ਼ਾਰ ਨੂੰ ਅਦਾਰੇ ਦੀ ਵੈੱਬਸਾਈਟ ਤੋਂ ਆਨ-ਲਾਈਨ ਜਾਂ ਫਿਰ ਮੁਫ਼ਤ ਡਾਊਨਲੋਡ ਕਰ ਕੇ ਵਰਤਿਆ ਜਾ ਸਕਦਾ ਹੈ।

15. ਪੰਜਾਬੀ ਸਾਫਟਵੇਅਰ ਅਤੇ ਈ-ਪੁਸਤਕਾਂ (Punjabi Software and e-books): ਅਦਾਰੇ ਦੀ ਵੈੱਬਸਾਈਟ ਤੋਂ ਜੀ-ਟ੍ਰਾਂਸ (ਗੁਰਮੁਖੀ ਤੋਂ ਰੋਮਨ ਲਿਪੀਅੰਤਰਨ ਸਾਫਟਵੇਅਰ), ਰੂਪ ਵਿਗਿਆਨਿਕ ਵਿਸ਼ਲੇਸ਼ਕ, ਈ-ਪੁਸਤਕਾਂ, ਪੰਜਾਬੀ ਸ਼ਬਦਾਵਲੀ, ਪੰਜਾਬੀ ਕਹਾਣੀਆਂ ਦਾ ਸਜੀਵ ਚਿਤਰਨ, ਤੁਕ-ਬੰਦੀ, ਪੁਰਾਤਨ ਜਨਮਸਾਖੀ (ਗੁਰਮੁਖੀ ਅਤੇ ਸ਼ਾਹਮੁਖੀ ਵਿਚ), ਮੁਹਾਰਨੀ, ਗੁਰਮੁਖੀ ਪੈਂਤੀ ਆਦਿ ਮਹੱਤਵਪੂਰਨ ਸਾਫਟਵੇਅਰਜ਼ ਨੂੰ ਡਾਊਨਲੋਡ ਕਰਨ ਦੀ ਸੁਵਿਧਾ ਹੈ।

*ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਅਤੇ ਡਾਇਰੈਕਟਰ
ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ
ਤਕਨੀਕੀ ਵਿਕਾਸ ਦਾ ਉੱਚਤਮ ਕੇਂਦਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਈ-ਮੇਲ : gslehal@gmail.com / www.learnpunjabi.org

□□□



Sri Satguru Jagjit Singh Ji Elibrary NamdhariElibrary@gmail.com

# ਕੰਪਿਊਟਰ ਅਤੇ ਪੰਜਾਬੀ ਭਾਸ਼ਾ

*ਸੀ.ਪੀ. ਕੰਬੋਜ

ਅੱਜ ਹਰੇਕ ਵਿਅਕਤੀ ਆਪਣੀ ਖੇਤਰੀ ਭਾਸ਼ਾ ਵਿਚ ਕੰਪਿਊਟਰ ਨੂੰ ਵਰਤਣ ਦੀ ਮੰਗ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਕੇਂਦਰ ਸਰਕਾਰ ਨੇ ਭਾਰਤੀ ਭਾਸ਼ਾਵਾਂ ਨੂੰ ਕੰਪਿਊਟਰ ਉੱਤੇ ਵਰਤਣ ਵਾਲੇ ਸਾਫਟਵੇਅਰਾਂ ਦੇ ਵਿਕਾਸ ਲਈ ਕਈ ਮਹੱਤਵਪੂਰਣ ਯੋਜਨਾਵਾਂ ਉਲੀਕੀਆਂ ਹਨ। ਪੰਜਾਬੀ ਭਾਸ਼ਾ ਨੂੰ ਕੰਪਿਊਟਰ ਉੱਤੇ ਵਿਕਸਤ ਕਰਨ ਲਈ ਕਾਫ਼ੀ ਕੰਮ ਹੋ ਚੁੱਕਾ ਹੈ। ਪੰਜਾਬੀ ਦੇ ਕੰਪਿਊਟਰੀਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਅਤੇ ਨਿੱਜੀ ਵਿਅਕਤੀ ਕੰਮ ਕਰ ਰਹੇ ਹਨ। ਪਿਛਲੇ ਲਗਭਗ ਇਕ ਦਹਾਕੇ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਇੰਡੀਅਨ ਇੰਸਟੀਚਿਊਟ ਆਫ਼ ਇਨਫਰਮੇਸ਼ਨ ਤਕਨਾਲੋਜੀ (ਆਈ.ਆਈ.ਆਈ.ਟੀ.), ਸੀ. ਆਈ. ਆਈ. ਐਲ. ਮੈਸੂਰ, ਥਾਪਰ ਯੂਨੀਵਰਸਿਟੀ ਪਟਿਆਲਾ, ਸੂਚਨਾ ਤੇ ਸੰਚਾਰ ਮੰਤਰਾਲਾ (ਐਮ.ਆਈ.ਟੀ.) ਭਾਰਤ ਸਰਕਾਰ, ਸੀ-ਡੈਕ, ਲੋਕ ਸੁਜਾਗ ਲਾਹੌਰ (ਪਾਕਿਸਤਾਨ) ਆਦਿ ਸੰਸਥਾਵਾਂ ਨੇ ਚੰਗਾ ਕੰਮ ਕੀਤਾ ਹੈ।

ਸਭ ਤੋਂ ਪਹਿਲਾਂ ਇੰਡੀਅਨ ਇੰਸਟੀਚਿਊਟ ਆਫ਼ ਇਨਫਰਮੇਸ਼ਨ ਟੈਕਨੋਲੋਜੀ ਕਾਨਪੁਰ ਦੇ ਡਾ: ਆਰ.ਐਮ.ਕੇ. ਸਿਨਹਾ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਅਤੇ ਹੋਰ ਵਿਦੇਸ਼ੀ ਭਾਸ਼ਾਵਾਂ ਤੋਂ ਪੰਜਾਬੀ ਅਤੇ ਦੂਸਰੀਆਂ ਭਾਰਤੀ ਭਾਸ਼ਾਵਾਂ ਵਿਚ ਮਸ਼ੀਨ ਅਨੁਵਾਦਨ ਦੇ ਕਾਰਜ ਦੀ ਨੀਂਹ ਰੱਖੀ। ਸੀ.ਡੈੱਕ ਨੋਇਡਾ ਵਿਖੇ ਡਾ. ਕਰਨੇਸ਼ ਅਰੋੜਾ ਦੀ ਅਗਵਾਈ ਹੇਠ ਚੱਲ ਰਹੇ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ-ਹਿੰਦੀ-ਅੰਗਰੇਜ਼ੀ ਮਸ਼ੀਨ ਅਨੁਵਾਦਨ ਅਤੇ ਆਈ.ਆਈ.ਆਈ.ਟੀ. ਹੈਦਰਾਬਾਦ ਵਿਖੇ ਡਾ. ਰਾਜੀਵ ਸਾਂਗਲ ਦੀ ਅਗਵਾਈ ਹੇਠ ਹੋ ਰਹੇ ਪੰਜਾਬੀ-ਹਿੰਦੀ ਅਨੁਵਾਦਕ ਦੇ ਕੰਮ ਦੀ ਸ਼ਲਾਘਾ ਕਰਨੀ ਬਣਦੀ ਹੈ।

ਆਗਰਾ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਏ ਭਾਸ਼ਾ ਵਿਗਿਆਨੀ ਅਤੇ ਵਰਤਮਾਨ ਆਈ.ਆਈ.ਆਈ.ਟੀ. ਹੈਦਰਾਬਾਦ ਵਿਖੇ ਕੰਮ ਕਰ ਰਹੇ ਡਾ. ਠਾਕੁਰ ਦਾਸ ਪੰਜਾਬੀ-ਹਿੰਦੀ ਮਸ਼ੀਨ ਅਨੁਵਾਦਨ ਦਾ ਕੰਮ ਕਰ ਚੁੱਕੇ ਹਨ। ਆਈ.ਆਈ.ਆਈ.ਟੀ. ਮੁੰਬਈ ਵਿਖੇ ਡਾ. ਪੁਸ਼ਪਕ ਭੱਟਾਚਾਰਿਆ ਮਸ਼ੀਨ ਟ੍ਰਾਂਸਲੇਸ਼ਨ ਅਤੇ ਹਿੰਦੀ ਵਿਆਕਰਨ ਟੂਲਜ਼ ਦੇ ਵਿਕਾਸ 'ਚ ਲੱਗੇ ਇੰਜੀਨੀਅਰਾਂ ਨੂੰ ਆਪਣੇ ਤਕਨੀਕੀ ਹੁਨਰ ਰਾਹੀਂ ਯੋਗ ਅਗਵਾਈ ਦੇ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦੇ ਉੱਚਤਮ ਕੇਂਦਰ' ਵਿਖੇ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਅਗਵਾਈ ਹੇਠ ਅਨੇਕਾਂ ਖੋਜ-ਕਾਰਜ ਚੱਲ ਰਹੇ ਹਨ। ਮਾਤ-ਭਾਸ਼ਾ ਦੀ ਸਵੈਚਾਲਿਤ ਢੰਗ ਨਾਲ ਲਿਖਤ ਸਮੱਗਰੀ ਵਿਚ ਤਬਦੀਲੀ ਕਰਨਾ, ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ, ਰੋਮਨ ਆਦਿ ਲਿਪੀਆਂ ਦਾ ਆਪਸੀ ਲਿਪੀਅੰਤਰਨ ਕਰਨਾ ਅਤੇ ਇਹਨਾਂ ਨੂੰ ਹੀ ਸੁਖਾਲਾ 'ਤੇ ਸੁਲਭ ਬਣਾਉਣ ਵਾਲੇ ਔਜ਼ਾਰਾਂ ਦਾ ਨਿਰਮਾਣ ਕਰਨਾ, ਆਪਟੀਕਲ ਕਰੈਕਟਰ ਰਿਕੋਗਨੀਸ਼ਨ (ਓ.ਸੀ.ਆਰ.) ਦਾ ਨਿਰਮਾਣ ਕਰਨਾ, ਸ਼ਬਦ-ਕੋਸ਼, ਸਮ-ਅਰਥੀ-ਕੋਸ਼, ਤਕਨੀਕੀ ਸ਼ਬਦਾਵਲੀ ਅਤੇ ਲਿਖਤ ਸਮੱਗਰੀ ਦੇ ਸੰਗ੍ਰਹਿ ਨੂੰ ਆਨ ਲਾਈਨ ਉਪਲਬਧ ਕਰਵਾਉਣਾ, ਈ-ਗਵਰਨੈਂਸ ਦੀਆਂ ਲੋੜਾਂ ਲਈ ਪੰਜਾਬੀ ਔਜ਼ਾਰਾਂ ਦਾ



Sri Satguru Jagjit Singh Ji Elibrary NamdhariElibrary@gmail.com

ਵਿਕਾਸ ਕਰਨਾ, ਮਾਤ ਭਾਸ਼ਾ ਵਿਚ ਉਪਲਬਧ ਸਾਹਿਤ ਨੂੰ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਦੇ ਵਰਤੋਂ ਯੋਗ ਬਣਾਉਣਾ, ਇੰਟਰਨੈੱਟ ਦੀ ਵਰਤੋਂ ਲਈ ਮਿਆਰੀ ਤਕਨੀਕਾਂ ਦਾ ਵਿਕਾਸ ਕਰਨਾ, ਦਫ਼ਤਰੀ ਰਿਕਾਰਡ ਦਾ ਕੰਪਿਊਟਰੀਕਰਨ ਕਰਨ ਲਈ ਯੋਗ ਤਰਕੀਬਾਂ ਦੀ ਖੋਜ ਕਰਨੀ, ਕਲਾਸੀਕਲ ਰਚਨਾਵਾਂ ਨੂੰ ਇੰਟਰਨੈੱਟ 'ਤੇ ਪਾਉਣਾ ਅਤੇ ਆਨ ਲਾਈਨ ਕਰਨਾ, ਅਲੋਪ ਹੋ ਰਹੇ ਵਿਰਸੇ ਦੀ ਕੰਪਿਊਟਰ ਰਾਹੀਂ ਸੁਰੱਖਿਆ ਕਰਨਾ, ਪੁਰਾਤਨ ਦਸਤਾਵੇਜ਼ਾਂ ਦੀ ਸਾਂਭ-ਸੰਭਾਲ ਕਰਨਾ ਅਤੇ ਸਮੁੱਚੇ ਪੰਜਾਬੀ ਜਗਤ ਨੂੰ ਇਕ ਸਾਂਝਾ ਪਲੇਟਫਾਰਮ ਮੁਹੱਈਆ ਕਰਵਾਉਣਾ ਆਦਿ ਇਸ ਅਦਾਰੇ ਦੇ ਮੁੱਖ ਉਦੇਸ਼ ਹਨ। ਅਦਾਰੇ ਦੇ ਪੂਰਨ ਹੋ ਚੁੱਕੇ ਪ੍ਰੋਜੈਕਟਾਂ ਨੂੰ www.advancedcentrepunjabi.org ਵੈੱਬਸਾਈਟ ਤੋਂ ਆਨ ਲਾਈਨ ਜਾਂ ਡਾਊਨਲੋਡ ਕਰ ਕੇ ਵਰਤਿਆ ਜਾ ਸਕਦਾ ਹੈ। ਗੌਰਤਲਬ ਹੈ ਕਿ ਉਕਤ ਵੈੱਬਸਾਈਟ ਰਾਹੀਂ ਆਨ ਲਾਈਨ ਪੰਜਾਬੀ ਅਧਿਆਪਨ, ਸ਼ਾਹਮੁਖੀ ਤੋਂ ਗੁਰਮੁਖੀ ਅਤੇ ਇਸ ਦੇ ਉਲਟ ਲਿਪੀਅੰਤਰਨ, ਹਿੰਦੀ ਅਤੇ ਉਰਦੂ ਦਰਮਿਆਨ ਲਿਪੀਅੰਤਰਨ, ਪੰਜਾਬੀ ਖੋਜ ਸਰਚ ਇੰਜਣ, ਮਲਟੀ-ਮੀਡੀਆ ਅਧਾਰਤ ਪੰਜਾਬੀ ਤੋਂ ਅੰਗਰੇਜ਼ੀ ਸ਼ਬਦ-ਕੋਸ਼, ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਅਨੁਵਾਦ, ਯੂਨੀਕੋਡ ਕਨਵਰਟਰ ਆਦਿ ਔਜ਼ਾਰਾਂ ਨੂੰ ਆਨ ਲਾਈਨ ਵਰਤਿਆ ਜਾ ਸਕਦਾ ਹੈ ਇਸੇ ਤਰ੍ਹਾਂ ਜੀ-ਟ੍ਰਾਂਸ ਅਰਥਾਤ ਗੁਰਮੁਖੀ ਤੋਂ ਰੋਮਨ ਲਿਪੀਅੰਤਰਨ, ਰੂਪ ਵਿਗਿਆਨਕ ਵਿਸ਼ਲੇਸ਼ਕ, ਈ-ਪੁਸਤਕਾਂ, ਪੰਜਾਬੀ ਸ਼ਬਦਾਵਲੀ, ਗੁਰਮੁਖੀ ਅਤੇ ਸ਼ਾਹਮੁਖੀ ਵਿਚ ਉਪਲਬਧ ਪੁਰਾਤਨ ਜਨਮ-ਸਾਖੀਆਂ ਆਦਿ ਸਾਫ਼ਟਵੇਅਰਜ਼ ਸ੍ਰੋਤਾਂ ਨੂੰ ਡਾਊਨਲੋਡ ਕੀਤਾ ਜਾ ਸਕਦਾ ਹੈ। ਡਾ. ਲਹਿਲ ਅਧੀਨ ਪੀ.ਐਚ.ਡੀ. ਕਰ ਖੋਜਾਰਥੀ ਗੁਰਪ੍ਰੀਤ ਸਿੰਘ ਜੋਸਨ, ਵਿਸ਼ਾਲ ਗੋਇਲ ਅਤੇ ਪਰਮਿੰਦਰ ਸਿੰਘ ਕ੍ਰਮਵਾਰ ਪੰਜਾਬੀ ਤੋਂ ਹਿੰਦੀ ਅਨੁਵਾਦ, ਹਿੰਦੀ ਤੋਂ ਪੰਜਾਬੀ ਅਨੁਵਾਦ ਅਤੇ ਲਿਖਤ ਦਸਤਾਵੇਜ਼ ਨੂੰ ਬੋਲ ਕੇ ਸੁਣਾਉਣ ਵਾਲੀਆਂ ਤਕਨੀਕਾਂ ਦੇ ਖੋਜ ਕਾਰਜਾਂ ਵਿੱਚ ਜੁਟੇ ਹੋਏ ਹਨ।

ਪਕਿਸਤਾਨ ਦੇ ਡਾ. ਅੱਬਾਸ ਮਲਿਕ ਨੇ ਗੁਰਮੁਖੀ-ਸ਼ਾਹਮੁਖੀ ਲਿਪੀਅੰਤਰਨ ਮਾਡਲ ਬਣਾਉਣ 'ਚ ਵਡਮੁੱਲਾ ਯੋਗਦਾਨ ਪਾਇਆ ਹੈ। ਸੀ-ਡੈੱਕ ਅਦਾਰੇ ਨੇ ਕੁਝ ਸਮਾਂ ਪਹਿਲਾਂ "ਬੌਸ" (ਭਾਰਤੀਆ ਆਪਰੇਟਿੰਗ ਸਿਸਟਮ) ਨਾਮਕ ਆਪਰੇਟਿੰਗ ਸਿਸਟਮ ਦਾ ਵਿਕਾਸ ਕੀਤਾ ਸੀ ਜੋ ਕਿ ਭਾਰਤੀ ਭਾਸ਼ਾਵਾਂ ਵਿਚ ਕੰਮ ਕਰਨ ਦੇ ਯੋਗ ਸੀ। ਕਈ ਪ੍ਰਕਾਰ ਦੀਆਂ ਭਾਸ਼ਾਈ ਤਰੁੱਟੀਆਂ ਕਾਰਨ ਭਾਵੇਂ ਇਹ ਬਹੁਤਾ ਲੋਕ-ਪ੍ਰਿਆ ਨਾ ਹੋਇਆ ਪਰ ਇਸ ਖੇਤਰ ਵਿਚ ਇਸ ਨਿਵੇਕਲੀ ਕੋਸ਼ਿਸ਼ ਦੀ ਸ਼ਲਾਘਾ ਕਰਨੀ ਬਣਦੀ ਹੈ।

ਪਿਛਲੇ ਕੁੱਝ ਸਮੇਂ ਤੋਂ ਸੂਚਨਾ ਤੇ ਸੰਚਾਰ ਮੰਤਰਾਲਾ ਨਵੀਂ ਦਿੱਲੀ ਨੇ ਪੰਜਾਬੀ ਸਾਫ਼ਟਵੇਅਰਾਂ/ਟੂਲਜ਼ ਨੂੰ ਆਮ ਲੋਕਾਂ ਤੱਕ ਮੁਫ਼ਤ ਵਿੱਚ ਮੁਹੱਈਆ ਕਰਵਾਉਣ ਲਈ ਇਕ ਵਿਸ਼ੇਸ਼ ਅਭਿਆਨ ਚਲਾਇਆ ਹੋਇਆ ਹੈ। ਇਸ ਅਭਿਆਨ ਤਹਿਤ ਪੰਜਾਬੀ ਫੌਂਟ, ਕੀ-ਬੋਰਡ ਡਰਾਈਵਰ, ਓ.ਸੀ.ਆਰ, ਰੂਪ ਵਿਗਿਆਨਕ ਵਿਸ਼ਲੇਸ਼ਕ (ਮੋਰਫੋਲੋਜੀਕਲ ਐਨੇਲਾਈਜ਼ਰ) ਅਤੇ ਭਾਰਤੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲਾ ਓਪਨ ਆਫ਼ਿਸ ਮੁਹੱਈਆ ਕਰਵਾਉਣ ਲਈ ਸੀ.ਡੀਜ਼ ਤਿਆਰ ਕੀਤੀਆਂ ਗਈਆਂ ਹਨ। ਪਰ ਇਹਨਾਂ ਸੀ.ਡੀਜ਼ ਦਾ ਗਹੁ ਨਾਲ ਵਿਸ਼ਲੇਸ਼ਣ ਕਰਨ ਉਪਰੰਤ ਪਤਾ ਲਗਦਾ ਹੈ ਕਿ ਪੰਜਾਬੀ ਫੌਂਟ ਪਾਏਦਾਰ ਨਹੀਂ ਹਨ। ਸੀ.ਡੀ. ਵਿਚ ਮੁਹੱਈਆ ਕਰਵਾਇਆ ਕੀ-ਬੋਰਡ ਅਤੇ ਟਾਈਪਿੰਗ ਸੰਬੰਧੀ ਹੋਰ ਕੰਮ ਇਨਸਕਰਿਪਟ (ਇਸਕੀ) ਪ੍ਰਣਾਲੀ 'ਤੇ ਅਧਾਰਤ ਹੈ। ਪਰ ਦੂਜੇ ਪਾਸੇ ਵਰਤਮਾਨ ਵਰਤੋਂਕਾਰ ਆਸਕੀ ਅਧਾਰਤ ਰਮਿੰਗਟਨ ਅਤੇ ਫੋਨੈਟਿਕ ਫੌਂਟ ਵਰਤ ਰਹੇ ਹਨ। ਸੀ.ਡੀ. ਵਿਚ ਯੂਨੀਕੋਡ ਦੀ ਪ੍ਰਮਾਣਤਾ ਅਤੇ ਲੋੜ ਨੂੰ ਅੱਖੋਂ-



Sri Satguru Jagjit Singh Ji Elibrary NamdhariElibrary@gmail.com

ਪਰੋਖੇ ਕਰ ਕੇ ਵਰਤੋਂਕਾਰਾਂ ਨੂੰ ਇਨਸਕਰਿਪਟ ਦੇ ਝੰਜਟ ਵਿਚ ਉਲਝਾਇਆ ਗਿਆ ਹੈ। ਓਪਨ ਆਫਿਸ ਦੇ ਵਿਭਿੰਨ ਮੀਨੂਆਂ ਦੇ ਨਾਮ ਠੇਠ ਪੰਜਾਬੀ ਵਿਚ ਹੋਣ ਕਾਰਨ ਇਹ ਵਰਤੋਂ ਕਰਤਾਵਾਂ ਦੀ ਜ਼ੁਬਾਨ 'ਤੇ ਨਹੀਂ ਚੜ੍ਹ ਰਹੇ। ਸੀ.ਡੀ. ਨੂੰ ਇਕ ਆਮ ਵਿਅਕਤੀ ਆਪਣੇ ਆਪ ਇੰਸਟਾਲ ਕਰਕੇ ਨਹੀਂ ਵਰਤ ਸਕਦਾ। ਜੇਕਰ ਅਦਾਰਾ ਵਾਕਿਆ ਹੀ ਇਸ ਸੀ.ਡੀ. ਨੂੰ ਉਪਯੋਗੀ ਬਣਾਉਣਾ ਚਾਹੁੰਦਾ ਹੈ ਤਾਂ ਇਸ ਨੂੰ ਇਕ ਆਮ ਵਰਤੋਂਕਰਤਾ ਦੇ ਅਨੁਕੂਲ ਬਣਾਉਣਾ ਪਵੇਗਾ।

ਸੂਚਨਾ ਤੇ ਸੰਚਾਰ ਮੰਤਰਾਲਾ ਭਾਰਤ ਸਰਕਾਰ ਵੱਖ-ਵੱਖ ਵੈੱਬਸਾਈਟਾਂ ਦੇ ਯੂ.ਆਰ.ਐਲਸ. (ਵੈੱਬਸਾਈਟ ਐਡਰੈੱਸ) ਨੂੰ ਭਾਰਤੀ ਭਾਸ਼ਾਵਾਂ ਵਿਚ ਵਰਤਣ ਦੀ ਤਜਵੀਜ਼ ਬਣਾ ਰਿਹਾ ਹੈ। ਸੋ ਹੁਣ ਉਹ ਦਿਨ ਦੂਰ ਨਹੀਂ ਜਦੋਂ ਵੈੱਬਸਾਈਟਾਂ ਦੇ ਪਤੇ ਪੰਜਾਬੀ ਭਾਸ਼ਾ ਵਿਚ ਹੀ ਲਿਖੇ ਜਾਇਆ ਕਰਨਗੇ।

'ਅੱਖਰ' ਸਾਫ਼ਟਵੇਅਰ ਡਾ. ਗੁਰਪ੍ਰੀਤ ਸਿੰਘ ਲਹਿਲ ਦੁਆਰਾ ਤਿਆਰ ਕੀਤਾ ਪੰਜਾਬੀ ਦਾ ਹਰਮਨ-ਪਿਆਰਾ ਵਰਡ ਪ੍ਰੋਸੈਸਰ ਹੈ। ਇਸ ਸਾਫ਼ਟਵੇਅਰ ਵਿਚ ਫੌਂਟ ਕਨਵਰਟਰ, ਪੰਜਾਬੀ ਤੋਂ ਅੰਗਰੇਜ਼ੀ, ਅੰਗਰੇਜ਼ੀ ਤੋਂ ਪੰਜਾਬੀ, ਗੁਰਮੁਖੀ ਤੋਂ ਦੇਵਨਾਗਰੀ ਅਤੇ ਰੋਮਨ ਤੋਂ ਗੁਰਮੁਖੀ ਲਿਪੀਅੰਤਰਨ, ਸਪੈੱਲ ਚੈੱਕਰ ਅਤੇ ਸਾਰਟਿੰਗ ਸਮੇਤ ਦਸਤਾਵੇਜ਼ਾਂ ਨੂੰ ਆਪਣੇ ਮਰਜ਼ੀ ਦੇ ਫੌਂਟ ਵਿਚ ਟਾਈਪ ਕਰਨ ਅਤੇ ਉਸ ਨੂੰ ਯੂਨੀਕੋਡ, ਪੀ.ਡੀ.ਐਫ, ਇਨਪੇਜ਼ ਆਦਿ ਫਾਈਲ ਫਾਰਮੇਟ ਵਿਚ ਸੇਵ ਕਰਨ ਦੀ ਮਹੱਤਵਪੂਰਨ ਸੁਵਿਧਾ ਹੈ।

ਅਮਰੀਕਾ ਵਿੱਚ ਪੰਜਾਬੀ ਮੂਲ ਦੇ ਡਾ. ਕੁਲਬੀਰ ਸਿੰਘ ਥਿੰਦ ਇਕ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਕੰਪਿਊਟਰ ਉੱਤੇ ਪੰਜਾਬੀ ਦੀ ਵਰਤੋਂ ਕਰਨ ਦੀ ਸਫਲ ਖੋਜ ਕੀਤੀ। ਸਭ ਤੋਂ ਪਹਿਲਾਂ ਡਾ. ਥਿੰਦ ਨੇ 1984 ਵਿਚ ਮੈਕਿਨਟੋਸ਼ ਕੰਪਿਊਟਰ ਉੱਤੇ ਗੁਰਮੁਖੀ ਅੱਖਰਾਂ ਦੀ ਵਰਤੋਂ ਕੀਤੀ। ਪੰਜਾਬੀ ਦੇ ਫੌਂਟ ਤਿਆਰ ਕਰਨ ਵਾਲਿਆਂ ਦੀ ਸੂਚੀ ਵਿਚ ਡਾ. ਥਿੰਦ ਦਾ ਨਾਮ ਸਭ ਤੋਂ ਮੋਹਰੇ ਆਉਂਦਾ ਹੈ। ਕੰਪਿਊਟਰ ਦੇ ਸ਼ੁਰੂਆਤੀ ਦੌਰ 'ਚ ਉਸ ਨੇ ਪਹਿਲਾ ਪੋਸਟ ਸਕਰਿਪਟ ਫੌਂਟ ਅਤੇ ਫਿਰ ਟਰਿਊ ਟਾਈਪ ਫੌਂਟ ਦੀ ਵਰਤੋਂ ਕੀਤੀ। ਉਸ ਦੁਆਰਾ ਤਿਆਰ ਕੀਤੇ ਅਨਮੋਲ ਲਿਪੀ ਅਤੇ ਗੁਰਬਾਣੀ ਲਿਪੀ ਫੌਂਟ ਵਿਸ਼ਵ ਪੱਧਰ ਉੱਤੇ ਵਰਤੇ ਜਾਂਦੇ ਹਨ। ਡਾ. ਥਿੰਦ ਨੇ ਕਈ ਯੂਨੀਕੋਡ ਫੌਂਟ ਵੀ ਤਿਆਰ ਕੀਤੇ ਹਨ। ਡਾ. ਥਿੰਦ ਦੁਆਰਾ ਤਿਆਰ ਕੀਤੀ ਗੁਰਬਾਣੀ ਦੀ ਸੀ.ਡੀ. ਪੰਜਾਬੀ ਪਿਆਰਿਆਂ ਲਈ ਕਾਫ਼ੀ ਲਾਹੇਵੰਦ ਸਾਬਤ ਹੋਈ ਹੈ।

ਵਿਦੇਸ਼ ਵਸਦੇ ਕੰਪਿਊਟਰ ਮਾਹਿਰਾਂ ਵਿੱਚੋਂ ਪੰਜਾਬੀ (ਗੁਰਮੁਖੀ) ਭਾਸ਼ਾ ਲਈ ਖੋਜਾਂ ਕਰਨ ਵਾਲੇ ਡਾ. ਸੁਖਜਿੰਦਰ ਸਿੰਘ ਸਿੱਧੂ ਦਾ ਨਾਮ ਮੋਹਰਲੀ ਕਤਾਰ ਵਿੱਚ ਆਉਂਦਾ ਹੈ। ਪੰਜਾਬੀ ਦੇ ਯੂਨੀਕੋਡ ਫੌਂਟ ਬਣਾਉਣ 'ਚ ਡਾ. ਸਿੱਧੂ ਆਲ੍ਹਾ ਦਰਜੇ ਦਾ ਹੁਨਰ ਰੱਖਦਾ ਹੈ। ਉਹਨਾਂ ਸਭ ਤੋਂ ਪਹਿਲਾਂ ਪੰਜਾਬੀ ਦਾ ਯੂਨੀਕੋਡ ਫੌਂਟ "ਸਾਬ" ਤਿਆਰ ਕੀਤਾ। ਅਨਮੋਲ ਯੂਨੀਕੋਡ, ਲੋਹੀਤ ਪੰਜਾਬੀ ਆਦਿ ਵੀ ਯੂਨੀਕੋਡ ਫੌਂਟ ਡਾ. ਸੁਖਜਿੰਦਰ ਦੇ ਤਿਆਰ ਕੀਤੇ ਹੋਏ ਹਨ।

ਸੀ.ਡੈੱਕ ਅਦਾਰੇ ਨੇ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਕਈ ਕੰਮ ਕੀਤੇ ਹਨ। ਸ਼ਾਹਮੁਖੀ ਦਾ ਗੁਰਮੁਖੀ ਵਿਚ ਲਿਪੀਅੰਤਰਨ ਕਰਨ ਵਾਲੇ ਸ਼ੁਰੂਆਤੀ ਦੌਰ ਦੇ ਸਾਫ਼ਟਵੇਅਰ ਦਾ ਨਿਰਮਾਣ ਸੀ.ਡੈੱਕ ਵਿਚ ਕੀਤਾ ਗਿਆ। ਯੂਰਪੀਅਨ ਯੂਨੀਅਨ (ਲੋਕ ਸੁਜਾਗ) ਦੇ ਪਾਕਿਸਤਾਨ ਵਿਚ ਹੋਏ ਗੁਰਮੁਖੀ, ਸ਼ਾਹਮੁਖੀ ਲਿਪੀਅੰਤਰਨ ਦੇ ਕੰਮਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੰਜਾਬੀ ਮੂਲ ਦੇ ਟਰਾਂਟੋ (ਕੈਨੇਡਾ) ਨਿਵਾਸੀ ਸ੍ਰੀ ਕਿਰਪਾਲ ਸਿੰਘ ਪੰਨੂੰ ਨੇ ਦੋਨਾਂ ਪੰਜਾਬਾਂ ਦੀਆਂ



Sri Satguru Jagjit Singh Ji Elibrary NamdhariElibrary@gmail.com

ਲਿਪੀਆਂ ਦੀਆਂ ਸਰਹੱਦਾਂ ਨੂੰ ਖਤਮ ਕਰਨ ਵਾਲੇ ਕੰਪਿਊਟਰ ਪ੍ਰੋਗਰਾਮ ਬੁਨਿਆਦੀ ਮਾਡਲ ਤਿਆਰ ਕਰਕੇ ਪੰਜਾਬੀ ਕੰਪਿਊਟਰ ਨੂੰ ਨਵੀਆਂ ਰਾਹਾਂ 'ਤੇ ਪਾਇਆ।

ਅਸਟਰੇਲੀਆ ਦੇ ਡਾ. ਬਲਵੰਤ ਸਿੰਘ ਉੱਪਲ ਅਤੇ ਉਨ੍ਹਾਂ ਦੀ ਧਰਮ ਪਤਨੀ ਨੇ 1995 ਵਿਚ ਗੁਰਬਾਣੀ ਦਾ ਪ੍ਰੋਗਰਾਮ ਤਿਆਰ ਕੀਤਾ। ਇਹ ਪ੍ਰੋਗਰਾਮ ਉਦੋਂ ਸੀ.ਡੀਜ਼ ਉੱਤੇ ਉਪਲਬਧ ਸੀ ਤੇ ਡਾਸ ਆਪਰੇਟਿੰਗ ਸਿਸਟਮ ਉੱਤੇ ਚੱਲਣ ਦੇ ਅਨੁਕੂਲ ਸੀ।

ਬਾਬਾ ਬਲਜਿੰਦਰ ਸਿੰਘ (ਰਾੜਾ ਸਾਹਿਬ ਵਾਲੇ) ਨੇ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਰਚਿਤ ਮਹਾਨ ਕੋਸ਼ ਨੂੰ ਕੰਪਿਊਟਰ ਉੱਤੇ ਉਪਲਬਧ ਕਰਵਾਇਆ। ਭਾਈ ਸਾਹਿਬ ਨੇ 1999 ਵਿਚ ਖਾਲਸਾ ਪੰਥ ਦੀ ਸਿਰਜਣਾ ਦੇ 300 ਸਾਲਾ ਦਿਹਾੜੇ ਵਾਲੇ ਦਿਨ ਇਸ ਕੋਸ਼ ਨੂੰ ਪੀ.ਡੀ.ਐਫ. ਫਾਰਮੈਟ ਵਿਚ ਨੈੱਟ ਉੱਤੇ ਉਪਲਬਧ ਕਰਵਾ ਕੇ ਇਕ ਮਹਾਨ ਕੰਮ ਕੀਤਾ। ਗੌਰਤਲਬ ਹੈ ਕਿ ਇਸ ਕੋਸ਼ ਨੂੰ ਉਹਨਾਂ ਵੱਲੋਂ ਲਾਂਚ ਕੀਤੀ ਵੈੱਬਸਾਈਟ www.ik13.com ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਤੋਂ ਕੰਪਿਊਟਰ ਦੀ ਪੀ.ਐਚ.ਡੀ. ਦਾ ਖੋਜ ਕਾਰਜ ਪੂਰਾ ਕਰਨ ਵਾਲੇ ਕਨੇਡਾ ਦੇ ਡਾ. ਮਨਦੀਪ ਸਿੰਘ ਨੇ ਭਾਸ਼ਾ ਵਿਗਿਆਨ ਨਾਲ ਸਬੰਧਤ ਰੂਪ ਵਿਗਿਆਨਕ ਵਿਸ਼ਲੇਸ਼ਕ ਅਤੇ ਉਤਪਾਦਕ (ਮੋਰਫੋਲੋਜੀਕਲ ਐਨੇਲਾਈਜ਼ਰ ਐਂਡ ਜਨਰੇਟਰ), ਪੰਜਾਬੀ ਵਾਕਾਂ ਦੀ ਵਿਆਕਰਨਿਕ ਪਛਾਣ ਅਤੇ ਵਿਆਕਰਨ ਨਿਰੀਖਕ (ਪੰਜਾਬੀ ਗਰੈਮਰ ਚੈੱਕਰ) ਆਦਿ ਸਾਫਟਵੇਅਰ ਬਣਾਉਣ 'ਚ ਸਫਲਤਾ ਹਾਸਲ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਵਟ ਵਰਗੀ ਦਿੱਖ ਪ੍ਰਦਾਨ ਕਰਵਾਉਣ ਵਾਲੇ ਫੌਂਟ ਦੀ ਕਮੀ ਕਾਫ਼ੀ ਸਮੇਂ ਤੋਂ ਰੜਕ ਰਹੀ ਸੀ। ਸ. ਅਲਬੇਰ ਸਿੰਘ ਨੇ ਪ੍ਰਭਾਕੀ (Prabhaki) ਨਾਮਕ ਫੌਂਟ ਤਿਆਰ ਕਰਕੇ ਇਸ ਕਮੀ ਨੂੰ ਪੂਰਾ ਕਰ ਦਿੱਤਾ ਹੈ। ਪੰਜਾਬੀ ਭਾਸ਼ਾ ਦਾ ਸਪੈੱਲ ਚੈੱਕਰ ਅਤੇ ਫੌਂਟ ਕਨਵਰਟਰ ਬਣਾਉਣ 'ਚ ਜਨਮੇਜਾ ਸਿੰਘ ਜੌਹਲ ਨੇ ਪਹਿਲ ਕੀਤੀ ਹੈ। ਇਹਨਾਂ ਦੇ ਬਣਾਏ ਫੌਂਟ (ਜਨਮੇਜਾ) ਨੂੰ ਪੰਜਾਬੀ ਕੰਪਿਊਟਰ ਵਿਚ ਖਾਸ ਸਥਾਨ ਹਾਸਲ ਹੈ।

"ਸਿੱਖੀ ਟੂ ਦਾ ਮੈਕਸ" (www.sikhtothemax.com) ਨਾਮਕ ਵੈੱਬਸਾਈਟ ਵਿੱਚ ਗੁਰਬਾਣੀ ਦਾ ਸਰਚ ਇੰਜਣ ਮੁਹੱਈਆ ਕਰਵਾਇਆ ਗਿਆ ਹੈ। ਇਸ ਵੈੱਬਸਾਈਟ ਦਾ ਗੁਰਮੁਖੀ ਤੋਂ ਅੰਗਰੇਜ਼ੀ ਲਾਈਵ ਅਨੁਵਾਦ ਪ੍ਰਮੁੱਖ ਵਿਸ਼ੇਸ਼ਤਾ ਹੈ। ਵੈੱਬਸਾਈਟ ਵਿੱਚ ਸਕਰੀਨ ਉੱਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਸੱਜੇ ਤੋਂ ਖੱਬੇ ਜਾਂ ਹੇਠਾਂ ਤੋਂ ਉੱਪਰ ਸਕਰੋਲ ਕਰਨ (ਘੁਮਾਉਣ) ਦੀ ਵਿਸ਼ੇਸ਼ ਯੋਗਤਾ ਹੈ। ਵਰਤੋਂਕਾਰ ਆਪਣੀ ਪੜ੍ਹਨ ਦੀ ਰਫ਼ਤਾਰ ਦੀ ਸਮਰੱਥਾ ਮੁਤਾਬਕ ਸਕਰੋਲ ਕਰਨ ਦੀ ਰਫਤਾਰ ਵੀ ਨਿਰਧਾਤ ਕਰ ਸਕਦਾ ਹੈ। ਅੱਜ-ਕੱਲ੍ਹ ਇਸ ਵੈੱਬਸਾਈਟ ਨੂੰ ਕਈ ਗੁਰਦੁਆਰਿਆਂ ਵਿਚ ਗੁਰਬਾਣੀ ਦੀਆਂ ਤੁਕਾਂ ਨੂੰ ਵੱਡੇ ਪਰਦੇ 'ਤੇ ਪ੍ਰਦਰਸ਼ਿਤ ਕਰਨ ਲਈ ਵਰਤਿਆ ਜਾ ਰਿਹਾ ਹੈ।

ਮਾਇਕ੍ਰੋਸਾਫਟ ਦਾ ਲੈਂਗੁਏਜ ਇੰਟਰਫੇਸ ਪੈਕ (Lip) ਪੰਜਾਬੀ ਵਿਚ ਕੰਮ ਕਰਨ ਦੇ ਪੂਰੀ ਤਰ੍ਹਾਂ ਯੋਗ ਹੈ ਤੇ ਇਸ ਦੀ ਮਦਦ ਨਾਲ ਤੁਸੀਂ ਆਪਣੇ ਆਪਰੇਟਿੰਗ ਸਿਸਟਮ ਦੇ ਮੀਨੂ, ਕਮਾਂਡਜ ਆਦਿ ਦੇ ਨਾਮ ਪੰਜਾਬੀ ਵਿਚ ਦੇਖ ਸਕਦੇ ਹੋ। ਮਾਇਕ੍ਰੋਸਾਫਟ ਵੱਲੋਂ ਤਿਆਰ ਕੀਤੇ ਯੂਨੀਕੋਡ ਰਾਵੀ ਅਤੇ ਯੂਨੀਕੋਡ ਏਰੀਅਲ ਫੌਂਟ ਕਾਫ਼ੀ ਲਾਹੇਵੰਦ ਸਾਬਤ ਹੋਏ ਹਨ।

ਭਾਸ਼ਾ ਦੇ ਤਕਨੀਕੀ ਵਿਕਾਸ ਦੇ ਸੰਬੰਧ ਵਿਚ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਡਾ.



Sri Satguru Jagjit Singh Ji Elibrary NamdhariElibrary@gmail.com

ਪ੍ਰਤੀਕ ਭਾਟੀਆ ਦਾ ਨਾਮ ਵੀ ਜ਼ਿਕਰਯੋਗ ਹੈ। ਇਹਨਾਂ ਨਾਵਾਂ ਤੋਂ ਇਲਾਵਾ ਹੋਰ ਵੀ ਕਈ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਕੰਪਿਊਟਰ ਰਾਹੀਂ ਪੰਜਾਬੀ ਮਾਤ-ਭਾਸ਼ਾ ਦੇ ਪ੍ਰਸਾਰ ਤੇ ਪ੍ਰਚਾਰ ਦਾ ਵਡਮੁੱਲਾ ਕਾਰਜ ਕੀਤਾ ਹੋਵੇਗਾ। ਪਰ ਮੇਰੀ ਜਾਣਕਾਰੀ ਦੇ ਘੇਰੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਦਾ ਜ਼ਿਕਰ ਨਹੀਂ ਕਰ ਸਕਿਆ।

ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਦੀ ਵਰਤੋਂ ਸਮੇਂ ਪੇਸ਼ ਆਉਣ ਵਾਲੀਆਂ ਕਠਿਨਾਈਆਂ ਉਚੇਚੀ ਤਵੱਜੋਂ ਦੀ ਮੰਗ ਕਰਦੀਆਂ ਹਨ। ਇਸ ਖੇਤਰ ਦੇ ਵਿਕਾਸ ਲਈ ਕੁੱਝ ਸੁਝਾਅ ਦਿੱਤੇ ਗਏ ਹਨ:

1. ਯੂਨੀਕੋਡ ਅਧਾਰਤ ਫੌਂਟ: ਕੰਪਿਊਟਰ ਕੀ-ਬੋਰਡ ਨੂੰ ਆਪਣੀ ਮਰਜ਼ੀ ਨਾਲ ਵਿਉਂਤਣ, ਫੌਂਟ ਕਨਵਰਟਰ ਅਤੇ ਰਵਾਇਤੀ (ਗੈਰ ਯੂਨੀਕੋਡ ) ਫੌਂਟਾਂ ਦੇ ਨਿਯਮਾਂ 'ਤੇ ਅਧਾਰਤ ਯੂਨੀਕੋਡ ਟਾਈਪਿੰਗ ਪੈਡਸ ਆਮ ਆਦਮੀ ਤੱਕ ਉਪਲਬਧ ਹੋਣੇ ਚਾਹੀਦੇ ਹਨ। ਗੈਰ ਯੂਨੀਕੋਡ ਫੌਂਟਾਂ ਵਿੱਚ ਪ੍ਰਕਾਸ਼ਤ ਹੋਣ ਵਾਲੇ ਆਨ-ਲਾਈਨ ਅਖ਼ਬਾਰ ਯੂਨੀਕੋਡ ਫੌਂਟਾਂ ਵਿੱਚ ਪ੍ਰਕਾਸ਼ਤ ਕਰਨਾ ਸਮੇਂ ਦੀ ਮੁੱਖ ਲੋੜ ਹਨ। ਇਸ ਲੋੜ ਦਾ ਮੁੱਖ ਕਾਰਨ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰੱਖੇ ਕੰਪਿਊਟਰ ਰਾਹੀਂ ਮੈਟਰ ਪੜ੍ਹਨ ਦੀ ਇਕਸਾਰਤਾ ਬਣਾਉਣਾ ਤਾਂ ਹੈ ਹੀ ਨਾਲ ਪੰਜਾਬੀ ਖੋਜ ਇੰਜਣਾਂ ਰਾਹੀਂ ਗੁਰਮੁਖੀ ਸਮੱਗਰੀ ਦੀ ਖੋਜ ਕਰਨਾ ਵੀ ਹੈ।

2. ਯਤਨਾਂ ਦਾ ਕੇਂਦਰੀਕਰਨ: ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਦੀਆਂ ਖੋਜਾਂ ਲਈ ਅਨੇਕਾਂ ਸਰਕਾਰੀ/ਗੈਰ-ਸਰਕਾਰੀ ਸੰਸਥਾਨ ਤੇ ਨਿੱਜੀ ਵਿਅਕਤੀ ਲੱਗੇ ਹੋਏ ਹਨ। ਜੇਕਰ ਸਭਨਾਂ ਸੰਸਥਾਨਾਂ ਅਤੇ ਵਿਅਕਤੀਆਂ ਦੀਆਂ ਕੋਸ਼ਿਸ਼ਾਂ ਨੂੰ ਇਕ ਸਾਂਝੇ ਪਲੇਟਫਾਰਮ ਉੱਤੇ ਕੇਂਦਰਿਤ ਕਰ ਦਿੱਤਾ ਜਾਵੇ ਤਾਂ ਅਸੀਂ ਜਲਦੀ ਸਫਲਤਾ ਹਾਸਲ ਕਰ ਸਕਦੇ ਹਾਂ। ਦੇਖਣ 'ਚ ਇਹ ਆਇਆ ਹੈ ਕਿ ਇਕ ਪ੍ਰੋਜੈਕਟ ਲਈ ਇਕ ਤੋਂ ਵਧੇਰੇ ਖੋਜਕਾਰ ਅਤੇ ਕੰਪਿਊਟਰ ਪ੍ਰੋਗਰਾਮਰ ਖੋਜਾਂ 'ਚ ਜੁਟੇ ਹੋਏ ਹਨ ਜੋ ਕਿ ਇਕ ਗਲਤ ਰੁਝਾਨ ਹੈ। ਸੋ ਪਹਿਲਾਂ ਕੀਤੇ ਜਾਣ ਵਾਲੇ ਕੰਮਾਂ ਦੀ ਵਿਉਂਤ ਬਣਾਈ ਜਾਵੇ, ਹੋ ਚੁੱਕੇ ਕੰਮਾਂ ਵਿਚ ਸੁਧਾਰ ਦੇ ਕਾਰਜਾਂ ਨੂੰ ਅਮਲ 'ਚ ਲਿਆਂਦਾ ਜਾਵੇ, ਯਤਨਾਂ ਦਾ ਮੁਲਾਂਕਣ ਅਤੇ ਮਿਆਰੀਕਰਨ ਕੀਤਾ ਜਾਵੇ।

3. ਅਧਾਰ ਸਮੱਗਰੀ: ਗੌਰਤਲਬ ਹੈ ਕਿ ਭਾਸ਼ਾ ਦੇ ਕੰਪਿਊਟਰੀਕਰਨ ਲਈ ਅਧਾਰ ਸਮੱਗਰੀ ਦੀ ਬਹੁਤ ਵੱਡੀ ਮਹੱਤਤਾ ਹੈ । ਮੰਨ ਲਵੋ ਜੇ ਤੁਸੀਂ ਹਿੰਦੀ ਤੋਂ ਪੰਜਾਬੀ ਅਨੁਵਾਦ ਲਈ ਸਾਫ਼ਟਵੇਅਰ ਬਣਾਉਣ ਜਾ ਰਹੇ ਹੋ ਤਾਂ ਤੁਹਾਡੇ ਕੋਲ ਹਿੰਦੀ-ਪੰਜਾਬੀ ਸ਼ਬਦ-ਕੋਸ਼ ਹੋਣਾ ਚਾਹੀਦਾ ਹੈ। ਅਫਸੋਸ ਕਿ ਅਸੀਂ ਵਿਸ਼ਵ ਪੱਧਰ ਦਾ ਸ਼ਬਦ ਭੰਡਾਰ, ਸਮ-ਅਰਥੀ-ਕੋਸ਼, ਟੈਗਡ ਕਾਰਪਸ, ਸੰਪੂਰਨ ਉਪ-ਭਾਸ਼ਾਈ ਕੋਸ਼ ਅਤੇ ਉਚਾਰਨ ਕੋਸ਼ ਆਦਿ ਤਿਆਰ ਕਰਨ 'ਚ ਫਾਡੀ ਰਹਿ ਗਏ ਹਾਂ।

4. ਪੰਜਾਬੀ ਸਾਫ਼ਟਵੇਅਰ: ਆਮ ਵਰਤੋਂਕਰਤਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਇਕ ਅਜਿਹੇ ਪ੍ਰੋਗਰਾਮ ਦਾ ਵਿਕਾਸ ਹੋਣਾ ਚਾਹੀਦਾ ਹੈ ਜੋ ਲੋਕਾਂ ਦੀਆਂ ਮੁੱਢਲੇ ਪੱਧਰ ਦੀਆਂ ਟਾਈਪਿੰਗ ਲੋੜਾਂ, ਪੰਜਾਬੀ ਫੌਂਟਾਂ ਨਾਲ ਨਜਿੱਠਣ ਦੀਆਂ ਵਿਸ਼ੇਸ਼ਤਾਵਾਂ, ਕੀ-ਬੋਰਡ ਦੀ ਵਿਉਂਤਬੰਦੀ ਦੀਆਂ ਸੁਵਿਧਾਵਾਂ, ਪ੍ਰਸਤੁਤੀ, ਸਪਰੈੱਡਸ਼ੀਟ, ਵੈੱਬ ਪੰਨੇ ਤਿਆਰ ਕਰਨ ਆਦਿ ਦੀ ਵਿਸ਼ੇਸ਼ਤਾ ਰੱਖਦਾ ਹੋਵੇ।

5. ਜਾਗਰੂਪਤਾ ਅਭਿਆਨ: ਕੰਪਿਊਟਰ ਸਬੰਧੀ ਪੰਜਾਬੀ ਭਾਸ਼ਾ ਵਿੱਚ ਵਿਕਸਤ ਹੋ



Sri Satguru Jagjit Singh Ji Elibrary NamdhariElibrary@gmail.com

ਚੁੱਕੇ ਸਾਫ਼ਟਵੇਅਰਜ਼/ਪ੍ਰੋਗਰਾਮਾਂ ਪ੍ਰਤੀ ਆਮ ਲੋਕਾਂ ਨੂੰ ਜਾਗਰੂਪ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਉਪਰਾਲੇ ਹੋਣੇ ਚਾਹੀਦੇ ਹਨ। ਇਹਨਾਂ ਉਪਰਾਲਿਆਂ ਤਹਿਤ ਯੂਨੀਵਰਸਿਟੀਆਂ ਅਤੇ ਹੋਰ ਅਦਾਰੇ ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਵਰਤਣ ਦੀਆਂ ਬਾਰੀਕੀਆਂ ਬਾਰੇ ਸਿਖਲਾਈ ਦੇਣ ਲਈ ਵਿਸ਼ੇਸ਼ ਰਿਸੋਰਸ ਪਰਸਨਜ਼ ਨਿਯੁਕਤ ਕਰ ਸਕਦੇ ਹਨ। ਪੰਜਾਬੀ ਦੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਵਿੱਚ ਕੰਪਿਊਟਰ ਵਿਸ਼ੇ ਬਾਰੇ ਵਿਸ਼ੇਸ਼ ਖੋਜ ਪਰਚੇ, ਵਿਚਾਰ-ਗੋਸ਼ਟੀਆਂ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਮਾਤ ਭਾਸ਼ਾ ਵਿੱਚ ਤਿਆਰ ਹੋ ਚੁੱਕੇ ਕੰਪਿਊਟਰ ਸਾਫ਼ਟਵੇਅਰਜ਼ ਦੀ ਆਮ ਲੋਕਾਂ ਤੱਕ ਉਪਲਬਧਤਾ ਦਾ ਮਸਲਾ ਵੀ ਖਾਸ ਤਵੱਜੋਂ ਮੰਗਦਾ ਹੈ।

6. ਤਕਨੀਕੀ ਸ਼ਬਦਾਵਲੀ: ਪੰਜਾਬੀ ਵਿੱਚ ਤਕਨੀਕੀ ਸ਼ਬਦਾਵਲੀ ਦੇ ਵਿਕਾਸ ਲਈ ਹੋਰਨਾਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਭਲੀ-ਭਾਂਤ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਤਕਨੀਕੀ ਸ਼ਬਦਾਵਲੀ ਦੀ ਸਿਰਜਣਾ ਲਈ ਇਹ ਜ਼ਰੂਰੀ ਨਹੀਂ ਕਿ ਹਰੇਕ ਅੰਗਰੇਜ਼ੀ ਸ਼ਬਦ ਦਾ ਪੰਜਾਬੀ 'ਚ ਰੂਪਾਂਤਰਣ ਕੀਤਾ ਜਾਵੇ। ਮੇਰੇ ਵਿਚਾਰ ਮੁਤਾਬਕ ਅੰਗਰੇਜ਼ੀ ਦੇ ਆਮ ਵਰਤੋਂ ਵਾਲੇ ਸ਼ਬਦਾਂ ਜਿਵੇਂ ਕੰਪਿਊਟਰ, ਕੀ-ਬੋਰਡ ਆਦਿ ਨੂੰ ਇਨ-ਬਿਨ ਹੀ ਸਵੀਕਾਰ ਕਰ ਲੈਣਾ ਚਾਹੀਦਾ ਹੈ। ਪੰਜਾਬੀ ਵਿੱਚ ਚੁਭਣ ਵਾਲੇ ਅੰਗਰੇਜ਼ੀ ਸ਼ਬਦਾਂ ਦੀ ਥਾਂ 'ਤੇ ਨਵੇਂ ਸ਼ਬਦ ਘੜੇ ਜਾ ਸਕਦੇ ਹਨ।

7. ਰੁਜ਼ਗਾਰ ਤੇ ਬਾਜ਼ਾਰ ਦੀ ਭਾਸ਼ਾ: ਪੰਜਾਬੀ ਨੂੰ ਕੰਪਿਊਟਰ ਰਾਹੀਂ ਰੁਜ਼ਗਾਰ ਅਤੇ ਬਾਜ਼ਾਰ ਦੀ ਭਾਸ਼ਾ ਬਣਾਉਣ ਲਈ ਜ਼ਰੂਰੀ ਹੈ ਕਿ ਕੰਪਿਊਟਰ ਦੇ ਸਰਟੀਫਿਕੇਟ ਕੋਰਸ ਤੋਂ ਲੈ ਕੇ ਘੱਟੋ-ਘੱਟ ਪੀ.ਜੀ. ਡਿਪਲੋਮਾ ਤੱਕ ਦੀ ਪੜ੍ਹਾਈ ਵਿੱਚ ਪੰਜਾਬੀ ਕੰਪਿਊਟਰ ਤਕਨਾਲੋਜੀ ਨਾਲ ਸਬੰਧਤ ਇਕ ਵਿਸ਼ਾ ਲਾਜ਼ਮੀ ਕਰ ਦਿੱਤਾ ਜਾਵੇ। ਇਸੇ ਪ੍ਰਕਾਰ ਘੱਟੋ-ਘੱਟ ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਦੇ ਵਿਦਿਆਰਥੀਆਂ ਨੂੰ ਵੀ ਪੰਜਾਬੀ ਮਾਧਿਅਮ ਵਿਚ ਕੰਪਿਊਟਰ ਦਾ ਵਿਸ਼ਾ ਪੜ੍ਹਾਇਆ ਜਾਣਾ ਚਾਹੀਦਾ ਹੈ। ਅਜਿਹਾ ਹੋਣ ਨਾਲ ਕੰਪਿਊਟਰ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਦਾ ਮਾਤ ਭਾਸ਼ਾ ਨਾਲ ਲਗਾਓ ਵਧੇਗਾ। ਇਸ ਨਾਲ ਪੰਜਾਬੀ ਦਾ ਪ੍ਰਚਾਰ-ਪ੍ਰਸਾਰ ਤਾਂ ਵਧੇਗਾ ਹੀ, ਨਾਲ ਰੁਜ਼ਗਾਰ ਦੇ ਮੌਕਿਆਂ ਵਿੱਚ ਵੀ ਵਾਧਾ ਹੋਵੇਗਾ।

ਪੰਜਾਬ ਸਰਕਾਰ ਦੁਆਰਾ ਭਾਸ਼ਾ ਸਬੰਧੀ ਕਾਨੂੰਨ ਲਾਗੂ ਕਰਨ ਨਾਲ ਪੰਜਾਬੀ ਵਿੱਚ ਕੰਮ ਕਰਨ ਦੀਆ ਸੰਭਾਵਨਾਂਵਾਂ ਵਧੀਆਂ ਹਨ। ਪੰਜਾਬ ਦੇ ਸਰਕਾਰੀ ਦਫ਼ਤਰਾਂ ਦੇ ਕੰਪਿਊਟਰ ਪੰਜਾਬੀ ਵਿੱਚ ਚੱਲਣ ਲੱਗ ਪਏ ਹਨ। ਇਸ ਨਾਲ ਪੰਜਾਬੀ ਟਾਈਪਿੰਗ, ਕੰਪੋਜ਼ਿੰਗ, ਡਿਜ਼ਾਇਨਿੰਗ, ਪ੍ਰਿੰਟਿੰਗ ਆਦਿ ਦੀਆਂ ਸੰਭਾਵਨਾਵਾਂ ਵਧੀਆਂ ਹਨ। ਅਜਿਹੀ ਸਥਿਤੀ ਵਿੱਚ ਪੰਜਾਬੀ ਨੂੰ ਰੁਜ਼ਗਾਰ ਅਤੇ ਬਾਜ਼ਾਰ ਦੀ ਭਾਸ਼ਾ ਬਣਾਉਣ ਲਈ ਮੌਜੂਦਾ ਪਾਠ-ਕ੍ਰਮਾਂ ਨੂੰ ਸੋਧਿਆ ਜਾਣਾ ਚਾਹੀਦਾ ਹੈ ਤੇ ਤਕਨੀਕੀ ਅਨੁਵਾਦ ਦੇ ਖੇਤਰ ਵਿਚ ਵਿਸ਼ੇਸ਼ ਕੋਰਸ ਸ਼ੁਰੂ ਕਰਨੇ ਚਾਹੀਦੇ ਹਨ।

*ਪ੍ਰੋਗਰਾਮਰ,
ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ : 94174-55614
ਈ-ਮੇਲ : cp_kamboj@yahoo.co.in



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਵਿਚ ਉਚੇਰੀ ਖੋਜ ਦੀ ਸਥਿਤੀ

***ਪ੍ਰੋ: ਬ੍ਰਹਮਜਗਦੀਸ਼ ਸਿੰਘ**

1864 ਈ. ਓਰੀਐਂਟਲ ਕਾਲਜ ਦੀ ਸਥਾਪਨਾ ਹੋਣ ਦੇ ਨਾਲ ਅਤੇ 1882 ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਬਣ ਜਾਣ ਨਾਲ ਪੰਜਾਬੀ ਭਾਸ਼ਾ ਦੇ ਅਧਿਐਨ ਅਤੇ ਅਧਿਆਪਨ ਬਾਰੇ ਵੀ ਚੇਤੰਨਤਾ ਪੈਦਾ ਹੋ ਗਈ। ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪੰਜਾਬ ਯੂਨੀਵਰਸਿਟੀ ਵਲੋਂ ਗਿਆਨੀ, ਵਿਦਵਾਨ ਅਤੇ ਬੁੱਧੀਮਾਨ ਦੀਆਂ ਪ੍ਰੀਖਿਆਵਾਂ ਲਈਆਂ ਜਾਣ ਲਗੀਆਂ। ਬਾਵਾ ਬੁੱਧ ਸਿੰਘ ਦੁਆਰਾ ਲਿਖੀਆਂ ਤਿੰਨ ਆਲੋਚਨਾਤਮਕ ਪੁਸਤਕਾਂ "ਕੋਇਲ ਕੂ", "ਹੰਸ ਚੋਗ" ਅਤੇ "ਬੰਬੀਹਾ ਬੋਲ" ਇਨ੍ਹਾਂ ਪਰੀਖਿਆਵਾਂ ਵਿਚ ਪਾਠਕ੍ਰਮ ਵਜੋਂ ਪੜ੍ਹੀਆਂ-ਪੜ੍ਹਾਈਆਂ ਜਾਂਦੀਆਂ ਸਨ। ਓਰੀਐਂਟਲ ਕਾਲਜ ਲਾਹੌਰ ਵਿਚ ਡਾ. ਮੋਹਨ ਸਿੰਘ ਦੀਵਾਨਾ ਦੀ ਨਿਯੁਕਤੀ ਹੋ ਜਾਣ ਨਾਲ ਪੰਜਾਬੀ ਵਿਚ ਉਚੇਰੀ ਖੋਜ ਦਾ ਕੰਮ ਵਿਧੀਵਤ ਰੂਪ ਵਿਚ ਸ਼ੁਰੂ ਹੋ ਗਿਆ। ਡਾ. ਦੀਵਾਨਾ ਇਥੇ 1928-1947 ਈ. ਤੱਕ ਰਹੇ। ਇਸ ਦੌਰਾਨ ਉਨ੍ਹਾਂ ਨੇ ਗੁਰਬਾਣੀ, ਸੂਫ਼ੀ ਕਾਵਿ ਅਤੇ ਮੱਧਕਾਲੀਨ ਪੰਜਾਬੀ ਕਾਵਿ ਦੇ ਕੁਝ ਹੋਰ ਰੂਪਾਂ ਬਾਰੇ ਖੋਜ-ਪੁਸਤਕਾਂ ਲਿਖੀਆਂ। 1931 ਈ. ਵਿਚ 'ਭਾਰਤੀ ਭਾਸ਼ਾਵਾਂ ਵਿਚ ਲਿਖੇ ਗਏ ਸਾਹਿਤ ਦਾ ਤੁਲਨਾਤਮਕ ਅਧਿਐਨ' ਕਰਕੇ ਕਲਕੱਤਾ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। 1933 ਈ. ਵਿਚ 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖ ਕੇ ਡੀ. ਲਿਟ. ਦੀ ਡਿਗਰੀ ਪ੍ਰਾਪਤ ਕੀਤੀ। ਡਾ. ਦੀਵਾਨਾ ਨੇ ਰਹੱਸਵਾਦ ਅਤੇ ਯੋਗ ਮਤਿ ਬਾਰੇ ਅੰਗਰੇਜ਼ੀ ਵਿਚ ਵੀ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ।

1947 ਈ. ਵਿਚ ਦੇਸ਼-ਵਿਭਾਜਨ ਹੋ ਜਾਣ ਕਰਕੇ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਿਭਾਗ ਏਧਰਲੇ ਪੰਜਾਬ ਦੇ ਕਈ ਸ਼ਹਿਰਾਂ ਹੁਸ਼ਿਆਰਪੁਰ, ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਆ ਗਏ। ਐਮ. ਏ. ਪੰਜਾਬੀ 1949 ਈ. ਵਿਚ ਸ਼ੁਰੂ ਹੋਈ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਖੁੱਲ੍ਹੇ ਯੂਨੀਵਰਸਿਟੀ ਵਿਭਾਗ ਦੇ ਅਧਿਅਕਸ਼ ਡਾ. ਦੀਵਾਨਾ ਹੀ ਰਹੇ। ਉਨ੍ਹਾਂ ਦੀ ਮਦਦ ਵਾਸਤੇ ਪ੍ਰੋ. ਸੰਤ ਸਿੰਘ ਸੇਖੋਂ, ਡਾ. ਰੋਸ਼ਨ ਲਾਲ ਆਹੂਜਾ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਦੀਵਾਨ ਸਿੰਘ ਅਤੇ ਡਾ. ਗੁਰਦਿਆਲ ਸਿੰਘ ਫੁੱਲ ਨੂੰ ਵੀ ਐਮ. ਏ. ਦੀ ਪੜ੍ਹਾਈ ਨਾਲ ਜੋੜ ਲਿਆ ਗਿਆ। ਪ੍ਰੋ. ਸੇਖੋਂ ਮਾਰਕਸਵਾਦੀ ਰੁਚੀਆਂ ਦੇ ਧਾਰਨੀ ਸਨ। ਆਪ ਪੰਜਾਬੀ ਸਾਹਿੱਤ ਦਾ ਇਤਿਹਾਸ ਪੜ੍ਹਾਉਂਦੇ ਸਨ। ਡਾ. ਅਹੂਜਾ ਆਲੋਚਨਾ, ਡਾ. ਪ੍ਰੇਮ ਪ੍ਰਕਾਸ਼ ਸਿੰਘ ਭਾਰਤੀ ਕਾਵਿ ਸ਼ਾਸ਼ਤਰ ਅਤੇ ਭਾਸ਼ਾ ਵਿਗਿਆਨ, ਡਾ. ਦੀਵਾਨ ਸਿੰਘ ਸੂਫ਼ੀ ਕਾਵਿ ਅਤੇ ਡਾ. ਫੁੱਲ ਪੰਜਾਬੀ ਨਾਟਕ ਆਦਿਕ ਨਾਲ ਸੰਬੰਧਤ ਪਰਚੇ ਪੜ੍ਹਾਉਂਦੇ ਸਨ। ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਡਾ. ਤਰਲੋਚਨ ਸਿੰਘ ਬੇਦੀ ਅਤੇ ਡਾ. ਕਰਤਾਰ ਸਿੰਘ ਸੂਰੀ ਆਦਿ ਵਿਦਵਾਨਾਂ ਨੇ ਇਨ੍ਹਾਂ ਪ੍ਰੋਫੈਸਰਾਂ ਤੋਂ ਸਾਹਿੱਤ-ਸ਼ਾਸ਼ਤਰ ਦਾ ਅਧਿਐਨ ਕਰਕੇ ਪਹਿਲੇ ਬੈਚ ਵਿਚ ਐਮ.ਏ. ਪੰਜਾਬੀ ਦੀ ਪਰੀਖਿਆ ਪਾਸ ਕੀਤੀ। ਪੰਜਾਬ ਦੇ ਕੁਝ ਹੋਰ ਕਾਲਜਾਂ ਵਿਚ ਪੰਜਾਬੀ ਸਾਹਿਤ ਦਾ ਅਧਿਆਪਨ ਕਰਨ ਵਾਲੇ ਅਧਿਆਪਕਾਂ ਵਿਚ ਡਾ. ਪਿਆਰ ਸਿੰਘ, ਡਾ. ਉਜਾਗਰ ਸਿੰਘ ਅਤੇ ਪ੍ਰੋਫੈਸਰ ਗੁਲਵੰਤ ਸਿੰਘ ਵਰਗੇ ਵਿਦਵਾਨਾਂ ਦਾ ਨਾਮ ਲਿਆ ਜਾ ਸਕਾ ਹੈ। ਡਾ. ਪਿਆਰ ਸਿੰਘ ਨੇ ਪੰਜਾਬੀ ਵਾਰਤਕ ਉਪਰ ਖੋਜ ਕਰਕੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਸੀ। ਡਾ. ਉਜਾਗਰ ਸਿੰਘ ਨੇ ਕਿੱਸਾ ਕਾਵਿ ਅਤੇ ਪ੍ਰੋਫੈਸਰ ਗੁਲਵੰਥ ਸਿੰਘ ਨੇ ਸੂਫ਼ੀ ਕਾਵਿ ਦੇ ਖੇਤਰ ਵਿਚ ਵੱਡਮੁੱਲਾ ਖੋਜ



Sri Satguru Jagjit Singh Ji Elibrary NamdhariElibrary@gmail.com

ਕਾਰਜ ਕੀਤਾ। ਪਟਿਆਲੇ ਵਿਚ ਪੰਜਾਬੀ ਐਮ.ਏ. ਨੂੰ ਜਾਰੀ ਕਰਨ ਵਿਚ ਪ੍ਰੋਫੈਸਰ ਪ੍ਰੀਤਮ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋ. ਜਨਕ ਸਿੰਘ ਅਤੇ ਪ੍ਰੋ. ਉਮਰਾਉ ਸਿੰਘ ਆਪ ਦੇ ਸਹਿਯੋਗੀ ਅਧਿਆਪਕ ਸਨ। ਪ੍ਰੋ. ਪ੍ਰੀਤਮ ਸਿੰਘ ਨੇ ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਸਰੋਤ-ਪੁਸਤਕਾਂ ਨੂੰ ਖਰੜਿਆਂ ਦੇ ਰੂਪ ਵਿਚ ਇਕੱਤਰ ਕੀਤਾ ਅਤੇ ਇਨ੍ਹਾਂ ਨੂੰ ਵਿਉਂਤਬੱਧ ਕਰਨ ਬਾਅਦ ਸੰਪਾਦਤ ਵੀ ਕੀਤਾ। ਆਪ ਨੇ ਇਕੱਲਿਆਂ ਇਕ ਸੰਸਥਾ ਵਰਗੀ ਭੂਮਿਕਾ ਨਿਭਾਈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਸ਼ੁਰੂ ਹੋ ਜਾਣ ਨਾਲ ਇਥੇ ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਵਿਸ਼ਵ ਨਾਥ ਤਿਵਾੜੀ, ਡਾ. ਕਰਤਾਰ ਸਿੰਘ ਸੂਰੀ, ਡਾ. (ਬਾਬਾ) ਰਾਮ ਸਿੰਘ ਵਰਗੇ ਵਿਦਵਾਨ ਪਹੁੰਚ ਗਏ। ਡਾ. ਸੁਰਿੰਦਰ ਸਿੰਘ ਕੋਹਲੀ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ' ਅਤੇ 'ਪੁਰਾਤਨ ਪੰਜਾਬੀ ਵਾਰਤਕ' ਆਦਿਕ ਪੁਸਤਕਾਂ ਦੀ ਰਚਨਾ ਕੀਤੀ। ਗੁਰਬਾਣੀ-ਅਧਿਐਨ ਵਿਚ ਬਹੁਤ ਸਾਰੇ ਵਿਦਿਆਰਥੀਆਂ ਦੀ ਪੀ.ਐਚ.ਡੀ. ਲਈ ਅਗਵਾਈ ਕੀਤੀ। ਡਾ. ਵਿਸ਼ਵ ਨਾਥ ਤਿਵਾੜੀ ਨੇ ਪੀਲੂ ਰਚਿਤ ਕਿੱਸਾ ਮਿਰਜ਼ਾ ਸਾਹਿਬਾਂ ਉਪਰ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਡਾ. ਕਰਤਾਰ ਸਿੰਘ ਸੂਰੀ ਨੇ ਗੁਰਬਾਣੀ ਅਤੇ ਭਗਤ ਬਾਣੀ ਦਾ ਤੁਲਨਾਤਮਕ ਅਧਿਐਨ ਕੀਤਾ ਅਤੇ ਭਾਸ਼ਾ ਵਿਗਿਆਨ ਪੜ੍ਹਾਇਆ। ਡਾ. ਰਾਮ ਸਿੰਘ ਨੇ ਗੁਰੂ ਨਾਨਕ ਰਚਿਤ ਜਪੁ ਸਾਹਿਬ ਦਾ ਵਿਸ਼ਲੇਸ਼ਣ ਕੀਤਾ। ਡਾ. ਧਰਮ ਪਾਲ ਸਿੰਗਲ ਨੇ ਭਗਤ ਬਾਣੀ ਅਤੇ ਆਧੁਨਿਕ ਪੰਜਾਬੀ ਵਾਰਤਕ ਬਾਰੇ ਖੋਜ ਕੀਤੀ। ਡਾ. ਕੇਸਰ ਸਿੰਘ ਕੇਸਰ ਨੇ ਮਾਰਕਸਵਾਦ ਦੇ ਹਵਾਲੇ ਨਾਲ ਆਧੁਨਿਕ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣ ਕੀਤਾ। ਇਨ੍ਹਾਂ ਵਿਦਵਾਨਾਂ ਨੇ ਬਹੁਤ ਸਾਰੇ ਖੋਜ-ਵਿਦਿਆਰਥੀਆਂ ਦੀ ਵਿਭਿੰਨ ਖੇਤਰਾਂ ਵਿਚ ਅਗਵਾਈ ਵੀ ਕੀਤੀ। ਪੰਜਾਬ ਯੂਨੀਵਰਸਿਟੀ ਵਿਚ ਖੋਜ-ਕਾਰਜ ਕਰ ਰਹੇ ਅਧਿਆਪਕਾਂ ਵਿਚੋਂ ਡਾ. ਨਾਹਰ ਸਿੰਘ (ਲੋਕ ਧਾਰਾ), ਡਾ. ਜਗਜੀਤ ਸਿੰਘ (ਭਾਸ਼ਾ ਵਿਗਿਆਨ ਅਤੇ ਆਲੋਚਨਾ), ਡਾ. ਓਮ ਪ੍ਰਕਾਸ਼ ਵਸ਼ਿਸ਼ਟ (ਚਿਹਨ-ਵਿਗਿਆਨ), ਡਾ. ਸੁਰਿੰਦਰ ਕੁਮਾਰ ਦਿਵੇਸ਼ਵਰ (ਪੰਜਾਬੀ ਗਲਪ) ਅਤੇ ਡਾ. ਜੋਗਿੰਦਰ ਸਿੰਘ ਨਹਿਰੂ (ਪੰਜਾਬੀ ਨਾਵਲ) ਆਦਿ ਨੇ ਆਪਣੇ-ਆਪਣੇ ਖੇਤਰ ਵਿਚ ਉਲੇਖਯੋਗ ਕੰਮ ਕੀਤਾ ਹੈ।

1963 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ ਤਾਂ ਇਸ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਵਿਕਾਸ ਨੂੰ ਪਹਿਲੀ ਤਰਜੀਹ ਦੇ ਰੂਪ ਵਿਚ ਅਪਣਾਇਆ। ਡਾ. ਰਤਨ ਸਿੰਘ ਜੱਗੀ, ਡਾ. ਅਤਰ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਜੀਤ ਸਿੰਘ ਸੀਤਲ ਵਰਗੇ ਪ੍ਰਮੁੱਖ ਵਿਦਵਾਨ ਇਸ ਨਾਲ ਜੁੜੇ ਰਹੇ। ਰਤਨ ਸਿੰਘ ਜੱਗੀ ਨੇ ਸ੍ਰੀ ਗੁਰੂ ਗ੍ਰੰਥ ਕੋਸ਼, ਦਸਮ ਗ੍ਰੰਥ ਕੋਸ਼, ਸਿਖ ਪੰਥ ਕੋਸ਼ ਅਤੇ ਪੰਜਾਬੀ ਸਾਹਿਤ ਦਾ ਇਤਿਹਾਸ (ਪੰਜ ਜਿਲਦਾਂ) ਵਰਗੇ ਵੱਡਾਕਾਰੀ ਪ੍ਰਾਜੈਕਟ ਮੁਕੰਮਲ ਕੀਤੇ। ਡਾ. ਅਤਰ ਸਿੰਘ ਨੇ ਆਧੁਨਿਕ ਪੰਜਾਬੀ ਸਾਹਿੱਤ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਦਾ ਕੰਮ ਆਪਣੇ ਜ਼ਿੰਮੇ ਲਿਆ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਭਾਸ਼ਾ, ਭਾਰਤੀ ਕਾਵਿ ਸ਼ਾਸ਼ਤਰ ਅਤੇ ਆਧੁਨਿਕ ਪੰਜਾਬੀ ਕਾਵਿ ਬਾਰੇ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕੀਤੀ। ਡਾ. ਜੀਤ ਸਿੰਘ ਸ਼ੀਤਲ ਨੇ ਕਿੱਸਾ ਕਾਵਿ ਅਤੇ ਸੂਫ਼ੀ ਕਾਵਿ ਦਾ ਵਿਸ਼ਲੇਸ਼ਣ ਕੀਤਾ। ਬਾਅਦ ਵਿਚ ਪ੍ਰੋ. ਗੁਲਵੰਤ ਸਿੰਘ (ਸੂਫ਼ੀ ਚਿੰਤਨ), ਡਾ. ਗੁਰਦੇਵ ਸਿੰਘ ਸਿੱਧੂ (ਸੂਫ਼ੀ ਵਿਚਾਰਧਾਰਾ, ਕਿੱਸਾ ਕਾਵਿ ਅਤੇ ਜੰਗਨਾਮਾ), ਡਾ. ਕੁਲਦੀਪ ਸਿੰਘ ਧੀਰ (ਪੰਜਾਬੀ ਨਾਟਕ, ਤੁਲਨਾਤਮਕ ਸਾਹਿੱਤ), ਡਾ. ਮਨਮੋਹਨ ਕੇਸਰ (ਪੰਜਾਬੀ ਵਾਰਤਕ), ਡਾ. ਗੁਰਚਰਨ ਸਿੰਘ (ਗੁਰੂ ਗ੍ਰੰਥ ਸ਼ਬਦ-ਅਨੁਕ੍ਰਮਣਿਕਾ) ਅਤੇ ਡਾ. ਜਸਵਿੰਦਰ ਸਿੰਘ (ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਸਭਿਆਚਾਰ) ਵਰਗੇ ਵਿਦਵਾਨਾਂ ਨੇ ਵੀ ਆਪਣੇ ਖੇਤਰਾਂ ਵਿਚ ਵੱਡਮੁੱਲਾ ਖੋਜ-ਕਾਰਜ ਕੀਤਾ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਅਧਿਆਪਕਾਂ ਵਲੋਂ ਵੀ ਪੰਜਾਬੀ ਸਾਹਿੱਤ, ਪੰਜਾਬ ਦੇ ਇਤਿਹਾਸ ਅਤੇ ਸਿੱਖ ਧਰਮ ਦੇ ਵੱਖ-ਵੱਖ ਸਰੋਕਾਰਾਂ ਸੰਬੰਧੀ ਖੋਜ ਦੇ ਖੇਤਰ ਵਿਚ ਮਹੱਤਵਪੂਰਨ ਕਾਰਜ ਕੀਤਾ ਗਿਆ। ਇਸ ਪ੍ਰਸੰਗ ਵਿਚ ਪ੍ਰਿੰ. ਤੇਜਾ ਸਿੰਘ, ਪ੍ਰਿੰ. ਸਾਹਿਬ ਸਿੰਘ (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ), ਡਾ. ਤਾਰਨ ਸਿੰਘ (ਗੁਰਬਾਣੀ), ਡਾ. ਗੰਡਾ ਸਿੰਘ (ਪੰਜਾਬ ਦਾ ਇਤਿਹਾਸ), ਡਾ. ਕਿਰਪਾਲ ਸਿੰਘ ਅਤੇ ਡਾ. ਸ਼ਮਸ਼ੇਰ ਸਿੰਘ ਅਸ਼ੋਕ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। 1969 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਹੋ ਜਾਣ ਨਾਲ ਡਾ. ਪਿਆਰ ਸਿੰਘ, ਪ੍ਰੋਫੈਸਰ ਪ੍ਰੀਤਮ ਸਿੰਘ, ਡਾ. ਦੀਵਾਨ ਸਿੰਘ, ਡਾ. ਕਰਨੈਲ ਸਿੰਘ ਥਿੰਦ (ਲੋਕਯਾਨ ਅਤੇ ਸਭਿਆਚਾਰ), ਡਾ. ਜੋਗਿੰਦਰ ਸਿੰਘ ਰਾਹੀ (ਪੰਜਾਬੀ ਗਲਪ), ਡਾ. ਬਿਕਰਮ ਸਿੰਘ ਘੁੰਮਣ (ਪੰਜਾਬੀ ਕਿੱਸਾ, ਸੂਫ਼ੀ ਕਾਵਿ, ਬੀਰ ਕਾਵਿ ਅਤੇ ਲੋਕ ਸਾਹਿਤ), ਡਾ. ਮਨਜੀਤ ਪਾਲ (ਪੰਜਾਬੀ ਨਾਟਕ), ਡਾ. ਧਰਮ ਸਿੰਘ (ਮੱਧਕਾਲੀਨ ਸਾਹਿਤ) ਅਤੇ ਡਾ. ਸੁਖਦੇਵ ਸਿੰਘ ਖਹਿਰਾ (ਪੰਜਾਬੀ ਨਾਵਲ) ਨੇ ਵਿਸ਼ੇਸ਼ ਯੋਗਦਾਨ ਪਾਇਆ।

ਪੰਜਾਬ ਤੋਂ ਬਾਹਰ ਦਿੱਲੀ ਯੂਨੀਵਰਸਿਟੀ ਵਿਚ ਡਾ. ਹਰਿਭਜਨ ਸਿੰਘ, ਡਾ. ਤਰਲੋਕ ਸਿੰਘ ਕੰਵਰ ਅਤੇ ਡਾ. ਸਤਿੰਦਰ ਸਿੰਘ ਨੂਰ ਨੇ ਪੰਜਾਬੀ ਆਲੋਚਨਾ ਦੇ ਪ੍ਰਤਿਮਾਨ ਨਿਸ਼ਚਤ ਕਰਨ ਵਿਚ ਯੋਗਦਾਨ ਪਾਇਆ। ਕੁਰਕਸ਼ੇਤਰ ਯੂਨੀਵਰਸਿਟੀ ਵਿਚ ਡਾ. ਅਮਰਜੀਤ ਸਿੰਘ ਕਾਂਗ (ਕਿੱਸਾ ਜਗਤ) ਡਾ. ਨਰਵਿੰਦਰ ਕੌਸ਼ਕ (ਪੰਜਾਬੀ ਨਾਵਲ), ਡਾ. ਕਰਮਜੀਤ ਸਿੰਘ (ਮਾਰਕਸਵਾਦੀ ਆਲੋਚਨਾ) ਅਤੇ ਡਾ. ਪਵਨ ਸਮੀਰ ਦੇ ਨਾਮ ਉਲੇਖਯੋਗ ਹਨ। ਇਸਤਰੀ ਆਲਚੋਨਾ ਵਿਚ ਡਾ. ਜਸਪਾਲ ਕੌਰ ਕਾਂਗ (ਕਿੱਸਾ ਕਾਵਿ), ਡਾ. ਧਨਵੰਤ ਕੌਰ (ਪੰਜਾਬੀ ਕਹਾਣੀ), ਡਾ. ਵਨੀਤਾ (ਆਲੋਚਨਾ), ਡਾ. ਕੁਲਜੀਤ ਸ਼ੈਲੀ (ਸੂਫ਼ੀ ਕਾਵਿ) ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਕੁਝ ਹੋਰ ਪ੍ਰਮੁੱਖ ਆਲੋਚਕਾਂ ਅਤੇ ਖੋਜੀਆਂ ਵਿਚ ਪ੍ਰੋ. ਬ੍ਰਹਮਜਗਦੀਸ਼ ਸਿੰਘ (ਪੰਜਾਬੀ ਸਾਹਿੱਤ ਦਾ ਇਤਿਹਾਸ, ਨਾਟਕ ਅਤੇ ਰੰਗਮੰਚ, ਪੰਜਾਬੀ ਭਾਸ਼ਾ ਅਤੇ ਲਿੱਪੀ ਦਾ ਵਿਕਾਸ, ਪੰਜਾਬੀ ਸਭਿਆਚਾਰ, ਗੁਰੂ ਗ੍ਰੰਥ ਸਾਹਿਬ ਅਧਿਐਨ, ਆਧੁਨਿਕ ਪੰਜਾਬੀ ਕਵਿਤਾ), ਡਾ. ਤੇਜਵੰਤ ਮਾਨ (ਪੰਜਾਬੀ ਕਹਾਣੀ, ਪੰਜਾਬੀ ਨਾਵਲ), ਪ੍ਰੋ. ਰਾਜਬੀਰ ਕੌਰ, ਡਾ. ਸਰਬਜੀਤ ਸਿੰਘ, ਡਾ. ਸ਼ਿੰਦਰਪਾਲ ਸਿੰਘ ਅਤੇ ਡਾ. ਲਾਭ ਸਿੰਘ ਖੀਵਾ ਦੇ ਨਾਮ ਉਲੇਖਯੋਗ ਹਨ।

ਪੰਜਾਬ ਦੀ ਨਵੀਂ ਪੀੜ੍ਹੀ ਵਿਚ ਖੋਜ ਅਤੇ ਆਲੋਚਨਾ ਪ੍ਰਤੀ ਬਹੁਤਾ ਉਤਸ਼ਾਹ ਨਹੀਂ ਹੈ। ਇਹ ਕੰਮ ਨਿਸ਼ਕਾਮ ਭਾਵਨਾ ਅਤੇ ਉਚੇਰੇ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਹੀ ਕੀਤੇ ਜਾ ਸਕਦੇ ਹਨ। ਪ੍ਰੰਤੂ ਪੂੰਜੀਵਾਦ ਦੀ ਤੇਜ਼ ਅਨ੍ਹੇਰੀ ਨੇ ਲੋਕਾਂ ਨੂੰ ਸਵਾਰਥੀ, ਆਤਮ-ਕੇਂਦਰਿਤ ਅਤੇ ਮਾਇਆਧਾਰੀ ਰੁਚੀਆਂ ਦੇ ਧਾਰਨੀ ਬਣਾ ਦਿੱਤਾ ਹੈ। ਇਸ ਕਾਰਨ ਸਾਡਾ ਸਭਿਆਚਾਰ ਅਤੇ ਸਮਾਜ ਪ੍ਰਦੂਸ਼ਤ ਹੁੰਦੇ ਜਾ ਰਹੇ ਹਨ। ਇਸ ਰੁਚੀ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਗੁਰਬਾਣੀ, ਗੁਰਮਤਿ ਗਿਆਨ ਅਤੇ ਗੁਰ-ਇਤਿਹਾਸ ਤੋਂ ਪ੍ਰੇਰਨਾ ਲੈਣ ਨਾਲ ਇਸ ਚੁਣੌਤੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

*ਬ੍ਰਹਮ ਨਿਵਾਸ, ਹਰਿੰਦਰਾ ਨਗਰ,
ਫਰੀਦਕੋਟ-151203
ਮੋਬਾਇਲ : 98760-52136

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ: ਨਿਕਾਸ ਤੇ ਵਿਕਾਸ

***ਪ੍ਰੋ: ਸ਼ੇਰੀ ਸਿੰਘ**

ਪੰਜਾਬੀ ਭਾਸ਼ਾ ਲਈ ਕੁਝ ਸਮਾਂ ਪਹਿਲਾਂ 'ਹਿੰਦੀ' ਜਾਂ 'ਹਿੰਦਵੀ' ਸ਼ਬਦ ਵਰਤਿਆ ਜਾਂਦਾ ਰਿਹਾ ਹੈ। ਅਬਦੁਲ ਕਰੀਮ (1675 ਈ.), ਹਾਫ਼ਿਜ਼ ਮੁਅਜ਼ਜ਼ ਦੀਨ (1677 ਈ.), ਮੌਲਵੀ ਮੁਹੰਮਦ ਮੁਸਲਿਮ (1839 ਈ.) ਅਤੇ ਇਮਾਮਦੀਨ (1878 ਈ.) ਆਦਿ ਨੇ ਪੰਜਾਬੀ ਭਾਸ਼ਾ ਵਾਸਤੇ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਸਭ ਤੋਂ ਪਹਿਲਾਂ ਇਸ ਭਾਸ਼ਾ ਵਾਸਤੇ 'ਪੰਜਾਬੀ' ਸ਼ਬਦ ਦਾ ਪ੍ਰਯੋਗ ਹਾਫ਼ਿਜ਼ ਬਰਖ਼ੁਰਦਾਰ ਨੇ 1670 ਈ. ਵਿਚ ਕੀਤਾ। ਉਹ ਲਿਖਦਾ ਹੈ:

ਹਜ਼ਰਤ ਮੋਮਨ ਦਾ ਫੁਰਮਾਇਆ, ਇਸ ਵਿਚ ਇਹ ਮਸਾਇਲ।
ਤਰੁਤ ਪੰਜਾਬੀ ਆਖ ਸੁਣਾਈਂ, ਜੇ ਕੋ ਹੋਵੇ ਮਾਇਲ।

'ਪੰਜਾਬ' ਦੇਸ਼ ਦਾ ਨਾਮ ਮੁਸਲਮਾਨ ਹਮਲਾਵਰਾਂ ਦਾ ਦਿੱਤਾ ਜਾਪਦਾ ਹੈ। ਬਹੁਤੇ ਲੋਕ ਇਹ ਨਾਮ ਅਕਬਰ ਦਾ ਦਿੱਤਾ ਹੋਇਆ ਮੰਨਦੇ ਹਨ। (ਦੇਖੋ, ਪੰਜਾਬ ਯੂਨੀਵਰਸਿਟੀ, ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 51) ਇਸ ਖਿੱਤੇ ਨੂੰ ਦਿੱਤਾ ਇਹ ਨਾਮ ਵੱਧ ਤੋਂ ਵੱਧ ਛੇ-ਸੱਤ ਸੌ ਸਾਲ ਪੁਰਾਣਾ ਹੋਵੇਗਾ ਪਰ ਇਸਦਾ ਇਹ ਭਾਵ ਹਰਗਿਜ਼ ਨਹੀਂ ਕਿ ਇਸ ਦੇਸ਼ ਦੀ ਹੋਂਦ ਇਸਦਾ ਨਾਮ ਰੱਖਣ ਨਾਲ ਹੀ ਹੋਈ। ਇਹ ਦੇਸ਼ ਅਤੇ ਇਸ ਦੇਸ਼ ਵਿਚ ਵਗਦੇ ਦਰਿਆ, ਇਤਿਹਾਸ ਤੋਂ ਵੀ ਪੂਰਵ-ਕਾਲ ਦੇ ਚੱਲੇ ਆ ਰਹੇ ਹਨ। ਪੁਰਾਤਨ ਜਨਮਸਾਖੀ ਵਿਚ ਭਾਈ ਮਨਸੁਖ ਇਹ ਨਾਮ ਵਰਤਦਾ ਹੈ, ਜੋ ਰਾਜਾ ਸ਼ਿਵਨਾਭ ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਵਸੇਬਾ 'ਲਾਹੌਰ ਤੋਂ ਕੋਸ ਪੰਦਰਾਂ ਕਰਤਾਰਪੁਰ ਬੰਨਿਆ ਹੈ ਪੰਜਾਬ ਕੀ ਧਰਤੀ ਮਾਹਿ'। ਇਸ ਜਨਮਸਾਖੀ ਦੇ ਲਿਖੇ ਜਾਣ ਦਾ ਸਮਾਂ 1635 ਈ. ਸਿੱਧ ਹੁੰਦਾ ਹੈ।

ਪੰਜਾਬੀ ਭਾਸ਼ਾ ਵੇਦਕ ਤੋਂ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਹੁੰਦੀ ਹੋਈ ਆਪਣੇ ਵਰਤਮਾਨ ਸਰੂਪ ਤੱਕ ਪਹੁੰਚੀ ਹੈ। ਪੰਜਾਬੀ ਵਿਚ ਹੁਣ ਤਕ ਵਰਤੇ ਜਾ ਰਹੇ ਅਨੇਕ ਸ਼ਬਦਾਂ ਦਾ ਉਚਾਰਨ ਪੂਰਬੀ ਭਾਸ਼ਾਵਾਂ ਦੇ ਮੁਕਾਬਲੇ ਵਿਚ ਬਿਲਕੁਲ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਸੰਸਕ੍ਰਿਤ ਵਿਚ ਹੁੰਦਾ ਸੀ ਪਰ ਤਾਂ ਵੀ ਬਹੁਤ ਸਾਰੇ ਵਿਦਵਾਨਾਂ ਨੂੰ ਇਹ ਭੁਲੇਖਾ ਰਿਹਾ ਕਿ ਪੰਜਾਬੀ ਕੇਵਲ ਸਿੱਖਾਂ ਦੀ ਭਾਸ਼ਾ ਹੈ। ਅਸਲ ਵਿਚ ਕੋਈ ਵੀ ਭਾਸ਼ਾ ਮਜ਼ਹਬੀ ਨਹੀਂ ਹੋ ਸਕਦੀ। ਬੋਲੀ ਉਚਾਰਨ ਤੋਂ ਉਤਪਤ ਹੁੰਦੀ ਹੈ ਜਿਸਦੇ ਸਥਾਨ ਕੰਠ, ਮੂਰਧਾ, ਤਾਲੂ, ਦੰਦ, ਜੀਭ ਅਤੇ ਹੋਠ ਹਨ। ਭਿੰਨ-ਭਿੰਨ ਦੇਸ਼ਾਂ ਦੇ ਉਚਾਰਨ ਦੇ ਢੰਗ ਵੱਖੋਂ ਵੱਖਰੇ ਹੁੰਦੇ ਹਨ। ਇਥੇ ਇਕ ਹੋਰ ਗੱਲ ਵੀ ਉਲੇਖਯੋਗ ਹੈ ਕਿ ਹਿੰਦੋਸਤਾਨ ਦੀ ਹਰ ਭਾਸ਼ਾ ਫੋਨੈਟਿਕ ਹੈ ਭਾਵ ਜਿਸ ਤਰ੍ਹਾਂ ਉਚਾਰਨ ਹੁੰਦਾ ਹੈ, ਉਸੇ ਤਰ੍ਹਾਂ ਸ਼ਬਦ ਲਿਖੇ ਜਾਂਦੇ ਹਨ। ਅੰਗਰੇਜ਼ੀ ਅਤੇ ਫਰਾਂਸੀਸੀ ਜ਼ੁਬਾਨਾਂ ਫੋਨੈਟਿਕ ਨਹੀਂ ਹਨ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਬਹੁਤ ਸਾਰੇ ਵਿਦੇਸ਼ੀ ਸ਼ਬਦ ਆਏ, ਜਿਨ੍ਹਾਂ ਦਾ ਉਚਾਰਨ ਇੰਗਲੈਂਡ ਵਿਚ ਉਸ ਤਰ੍ਹਾਂ ਨਹੀਂ ਸੀ ਜਿਵੇਂ ਵਿਦੇਸ਼ੀ ਲੋਕ ਕਰਦੇ ਸਨ। ਇਸ ਲਈ ਅੰਗਰੇਜ਼ੀ ਵਿਚ ਕਈ ਸ਼ਬਦ ਲਿਖੇ ਹੋਰ ਤਰ੍ਹਾਂ ਜਾਂਦੇ ਹਨ ਅਤੇ ਉਨ੍ਹਾਂ ਦਾ ਉਚਾਰਣ ਹੋਰ ਹੀ ਹੁੰਦਾ ਹੈ। ਜਿਵੇਂ: knowledge, neighbour, light, through ਆਦਿ। ਜੇ ਅੰਗਰੇਜ਼ ਆਪਣੀ



Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਨੂੰ ਫੋਨੈਟਿਕ ਬਣਾਉਣ ਦਾ ਪ੍ਰਯਤਨ ਕਰਦੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਲਿਪੀ ਬਦਲਣੀ ਪੈਣੀ ਸੀ, ਜਿਸ ਵਿਚ ਉਨ੍ਹਾਂ ਦੀ ਵਰਣਮਾਲਾ ਉਨ੍ਹਾਂ ਦੇ ਵਿਸ਼ੇਸ਼ ਪ੍ਰਕਾਰ ਦੇ ਉਚਾਰਣ-ਢੰਗ ਦੀ ਠੀਕ ਤੇ ਪੂਰੀ ਤਰ੍ਹਾਂ ਨਾਲ ਲਖਾਇਕ ਹੁੰਦੀ।

ਹਿੰਦੁਸਤਾਨ ਦੇ ਵੱਖਰੇ-ਵੱਖਰੇ ਪਰਦੇਸਾਂ ਵਿਚ ਉਚਾਰਣ ਭੇਦ ਹੈ। ਇਸ ਕਰਕੇ ਅੱਡ-ਅੱਡ ਲਿਪੀਆਂ ਦੀ ਲੋੜ ਹੈ। ਜੇ ਇਕੋ ਲਿਪੀ ਵਰਤੀ ਜਾਂਦੀ ਤਾਂ ਪੁਸਤਕਾਂ ਵਿਚ ਤਾਂ ਇਹ ਇਕੋ ਜਿਹੀ ਭਾਸ਼ਾ ਨਜ਼ਰ ਆਉਂਦੀ ਪਰ ਇਕੋ ਲਿਪੀ ਵਿਚ ਲਿਖੇ ਹੋਏ ਸ਼ਬਦਾਂ ਦੇ ਉਚਾਰਣ ਵੱਖ-ਵੱਖ ਹੁੰਦੇ ਅਤੇ ਇਸ ਕਾਰਨ ਕਈ ਮੁਸ਼ਕਲਾਂ ਪੈਦਾ ਹੋ ਜਾਂਦੀਆਂ। (ਉਕਤ ਕਥਿਤ, ਪੰਨਾ 52) ਇਹੋ ਕਾਰਨ ਹੈ ਕਿ ਉਚਾਰਨ ਭੇਦਾਂ ਕਰਕੇ ਹਿੰਦੁਸਤਾਨ ਵਿਚ ਬਹੁਤ ਸਾਰੀਆਂ ਲਿਪੀਆਂ ਹਨ ਅਤੇ ਹਰ ਇਕ ਲਿਪੀ ਆਪੋ-ਆਪਣੇ ਪ੍ਰਦੇਸ਼ ਦੀ ਫੋਨੈਟਿਕ ਲਿਪੀ ਹੈ, ਜੋ ਉਸਦਾ ਠੀਕ ਉਚਾਰਨ ਮੁਹੱਈਆ ਕਰਵਾਉਂਦੀ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਵਾਂਗ ਕੋਈ ਮੁਸ਼ਕਲ ਨਹੀਂ ਆਉਂਦੀ।

ਹਿੰਦੋਸਤਾਨ ਦੀ ਆਰੀਆ ਭਾਸ਼ਾ ਦਾ ਸਭ ਤੋਂ ਪੁਰਾਣਾ ਰੂਪ ਰਿਗਵੇਦ ਵਿਚ ਮਿਲਦਾ ਹੈ। ਰਿਗਵੇਦ ਦੇ ਸਾਰੇ ਸੂਕਤ ਕਿਸੇ ਇਕ ਸਮੇਂ ਜਾਂ ਇਕ ਸਥਾਨ ਉਤੇ ਬੈਠ ਕੇ ਨਹੀਂ ਰਚੇ ਗਏ। ਇਸ ਕਾਰਨ ਸਾਰੇ ਰਿਗਵੇਦ ਦੀ ਭਾਸ਼ਾ ਇਕੋ ਜਿਹੀ ਨਹੀਂ। ਵੈਦਕ ਭਾਸ਼ਾ ਭਾਰਤੀ ਯੂਰਪੀ ਭਾਸ਼ਾਵਾਂ ਨਾਲੋਂ ਕਈ ਗੱਲਾਂ ਵਿਚ ਭਿੰਨ ਹੈ। ਇਸ ਵਿਚ ਸਵਰਾਂ ਦੀ ਗਿਣਤੀ ਘੱਟ ਗਈ ਹੈ। ਇਸ ਵਿਚ ਪੁਰਾਣੇ ਤਿੰਨ ਕਵਰਗਾਂ ਦੀ ਜਗ੍ਹਾ ਇਕੋ ਕਵਰਗ ਰਹਿ ਗਿਆ ਹੈ। ਇਸ ਵਿਚ ਚਵਰਗ ਅਤੇ ਟਵਰਗ ਦੀਆਂ ਨਵੀਆਂ ਧੁਨੀਆ ਆ ਗਈਆਂ ਹਨ। ਹਰ ਇਕ ਵਰਗ ਨਾਲ ਇਕ-ਇਕ ਅਨੁਨਾਸਿਕ ਧੁਨੀ ਮਿਲਾਈ ਗਈ ਹੈ। ਵੇਦਕ ਭਾਸ਼ਾ ਵਿਚ ਤਿੰਨ ਲਿੰਗ, ਤਿੰਨ ਵਚਨ ਅਤੇ ਅੱਠ ਕਾਰਕ ਸਨ। ਕਿਰਿਆ ਦੇ ਰੂਪ ਵੀ ਵੱਧ ਸਨ। (ਦੂਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਕਾਸ, ਪੰਨਾ-9)।

ਬ੍ਰਾਹਮਣ-ਗ੍ਰੰਥਾਂ ਦੇ ਅਖੀਰਲੇ ਭਾਗਾਂ ਵਿਚ, ਉਪਨਿਸ਼ਦਾਂ ਅਤੇ ਸੂਤਰਾਂ ਵਿਚ ਲੌਕਿਕ ਸੰਸਕ੍ਰਿਤ ਨਾਲ ਮਿਲਦੀ ਜੁਲਦੀ ਭਾਸ਼ਾ ਵਰਤੀ ਗਈ ਹੈ। ਇਸ ਭਾਸ਼ਾ ਨੂੰ ਪਾਣਿਨੀ (ਪੰਜਵੀਂ ਸਦੀ ਪੂਰਵ ਈਸਵੀ) ਨੇ ਵਿਆਕਰਣ ਰਾਹੀਂ ਨਿਯਮਬੱਧ ਕਰ ਦਿੱਤਾ ਸੀ। ਨਿਰੁਕਤਕਾਰ ਯਾਸਕ ਲੌਕਿਕ ਸੰਸਕ੍ਰਿਤ ਨੂੰ 'ਭਾਸ਼ਾ' ਕਹਿੰਦਾ ਹੈ। ਇਸ ਭਾਸ਼ਾ ਵਿਚ ਪੜ੍ਹੇ-ਲਿਖੇ ਦ੍ਵਿਜ ਅਤੇ ਪੁਰੋਹਿਤ ਆਦਿਕ ਹੀ ਗੱਲਾਂ ਕਰਦੇ ਸਨ। ਪਾਣਿਨੀ ਵੇਦਾਂ ਦੀ ਭਾਸ਼ਾ ਨੂੰ 'ਛੰਦਸ' ਅਤੇ ਲੌਕਿਕ ਸੰਸਕ੍ਰਿਤ ਨੂੰ 'ਭਾਸ਼ਾ' ਆਖਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸੰਸਕ੍ਰਿਤ ਵੀ ਜਨਤਾ ਦੀ ਭਾਸ਼ਾ ਦਾ ਸੋਧਿਆ ਹੋਇਆ ਰੂਪ ਸੀ। ਜਿਵੇਂ ਅੰਗਰੇਜ਼ੀ ਵਿਚ ਹੋਰਨਾਂ ਕਈ ਭਾਸ਼ਾਵਾਂ ਦੇ ਸ਼ਬਦ ਆਏ ਹਨ। ਉਸੇ ਤਰ੍ਹਾਂ ਸੰਸਕ੍ਰਿਤ ਵਿਚ ਵੀ ਦ੍ਰਾਵਿੜ ਭਾਸ਼ਾ, ਯੂਨਾਨੀ ਅਤੇ ਈਰਾਨੀ ਦੇ ਕਾਫ਼ੀ ਸ਼ਬਦ ਮਿਲਦੇ ਹਨ।

ਸੰਸਕ੍ਰਿਤ ਭਾਸ਼ਾ ਵਿਚੋਂ ਸਥਾਨਕ ਭੇਦਾਂ ਅਤੇ ਬਾਹਰੀ ਪ੍ਰਭਾਵਾਂ ਦੇ ਚਲਦੇ ਪ੍ਰਾਕ੍ਰਿਤਾਂ ਦਾ ਜਨਮ ਹੋਇਆ। ਪ੍ਰਾਕ੍ਰਿਤਾਂ ਦਾ ਸਭ ਤੋਂ ਪੁਰਾਣਾ ਰੂਪ ਪਾਲੀ ਹੈ। ਬੋਧਾਂ ਦੇ ਧਰਮ ਗ੍ਰੰਥ ਅਤੇ ਅਸ਼ੋਕ ਦੇ ਸ਼ਿਲਾਲੇਖ ਇਸੇ ਭਾਸ਼ਾ ਵਿਚ ਹਨ। ਪਾਲੀ ਦਾ ਆਧਾਰ ਮਾਗਧੀ ਨੂੰ ਮੰਨਿਆ ਜਾਂਦਾ ਹੈ, ਜੋ ਮਗਧ (ਵਰਤਮਾਨ ਬਿਹਾਰ) ਦੀ ਭਾਸ਼ਾ ਸੀ ਪਰ ਕੁਝ ਵਿਦਵਾਨ ਇਸ ਨੂੰ ਉੜੀਸਾ ਜਾਂ ਮਾਲਵੇ (ਉਜੈਨ ਦੇ ਆਸ-ਪਾਸ) ਦੀ ਭਾਸ਼ਾ ਮੰਨਦੇ ਹਨ। ਪਾਲੀ ਤੋਂ ਕੁਝ ਸਮਾਂ ਪਿਛੋਂ ਕੁਝ ਹੋਰ ਪ੍ਰਾਕ੍ਰਿਤਾ ਵੀ ਪੈਦਾ ਹੋਈਆਂ, ਜਿਨ੍ਹਾਂ ਵਿਚ ਮੱਧਕਾਲ ਦੇ ਕਾਵਿ ਅਤੇ ਨਾਟਕ ਰਚੇ ਗਏ ਹਨ।



Sri Satguru Jagjit Singh Ji Elibrary NamdhariElibrary@gmail.com

ਵਰਰੁਚੀ ਚਾਰ ਪ੍ਰਾਕ੍ਰਿਤਾਂ ਦੇ ਨਾਵਾਂ ਦਾ ਜ਼ਿਕਰ ਕਰਦਾ ਹੈ- ਮਹਾਂਰਾਸ਼ਟਰੀ, ਪੈਸ਼ਾਚੀ, ਮਾਗਧੀ ਅਤੇ ਸ਼ੌਰਸੈਨੀ। ਇਕ ਹੋਰ ਆਚਾਰਯ ਹੇਮਚੰਦ੍ਰ ਦਾ ਕਥਨ ਹੈ: ਪ੍ਰਕ੍ਰਿਤੀ ਸੰਸਕ੍ਰਿਤਮ੍। ਤਤ੍ਰਭਵੰ ਤਤ ਆਗਤੰ ਵਾ ਪ੍ਰਾਕ੍ਰਿਤਮ੍। ਅਰਥਾਤ ਸੰਸਕ੍ਰਿਤ ਮੂਲ ਹੈ। ਉਸ ਵਿਚੋਂ ਨਿਕਲੀ ਭਾਸ਼ਾ ਪ੍ਰਾਕ੍ਰਿਤ ਹੈ।

ਮੱਧਕਾਲ ਦੀ ਭਾਸ਼ਾ ਦਾ ਅਖੀਰਲਾ ਪੁਰਾਤਨ ਰੂਪ ਅਪਭ੍ਰੰਸ਼ ਹੈ। ਪ੍ਰਾਕ੍ਰਿਤਾਂ ਅਤੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਵਿਚਕਾਰਲਾ ਰੂਪ ਹੀ ਅਪਭ੍ਰੰਸ਼ ਹੈ। ਇਨ੍ਹਾਂ ਅਪਭ੍ਰੰਸ਼ਾਂ ਦਾ ਸਮਾਂ 300 ਈ. ਤੋਂ 1000 ਈ. ਤੱਕ ਦਾ ਮੰਨਿਆ ਜਾਂਦਾ ਹੈ। ਪਹਿਲੇ ਪਹਿਲ ਆਚਾਰੀਆ ਭਰਤਮੁਨੀ ਆਪਣੇ 'ਨਾਟਯਸ਼ਾਸਤ੍ਰ' ਵਿਚ ਅਪਭ੍ਰੰਸ਼ ਦਾ ਜ਼ਿਕਰ ਕਰਦਾ ਹੈ। ਉਹ ਇਸ ਨੂੰ 'ਵਿਭ੍ਰਿਸ਼ਟ' ਕਹਿੰਦਾ ਹੈ ਅਰਥਾਤ ਭ੍ਰਸ਼ਟ ਜਾਂ ਵਿਗੜੀ ਹੋਈ। ਰੁਦਰਟ (ਨੌਵੀਂ ਸਦੀ ਈ.) ਅਪਭ੍ਰੰਸ਼ਾਂ ਨੂੰ ਵੱਖ-ਵੱਖ ਪ੍ਰਾਂਤਾਂ ਦੀਆਂ ਬੋਲੀਆਂ ਸਮਝਦਾ ਹੈ। ਇਉਂ ਜਾਪਦਾ ਹੈ ਕਿ ਕਿਸੇ ਸਮੇਂ ਸ਼ੌਰਸੈਨੀ, ਮਾਗਧੀ, ਮਹਾਰਾਸ਼ਟਰੀ ਆਦਿ ਅਪਭ੍ਰੰਸ਼ਾਂ ਭਿੰਨ-ਭਿੰਨ ਪ੍ਰਾਂਤਾਂ ਵਿਚ ਪ੍ਰਚਲਤ ਸਨ ਅਤੇ ਇਨ੍ਹਾਂ ਵਿਚੋਂ ਕੁਝ ਸਾਹਿਤ ਵਿਚ ਵਰਤੀਆਂ ਜਾਣ ਲੱਗੀਆਂ ਸਨ ਜਿਵੇਂ : ਨਾਗਰ, ਉਪਨਾਗਰ ਅਤੇ ਵ੍ਰਾਚਡ। ਭਾਹਮ (ਸੱਤਵੀਂ ਸਦੀ) ਅਪਭ੍ਰੰਸ਼ਾਂ ਨੂੰ ਕਵਿਤਾ ਦੀ ਬੋਲੀ ਮੰਨਦਾ ਹੈ। 1000 ਈ. ਦੇ ਆਸ-ਪਾਸ ਸ਼ੌਰਸੈਨੀ ਅਪਭ੍ਰੰਸ਼ ਗੁਜਰਾਤ ਅਤੇ ਪੰਜਾਬ ਤੋਂ ਲੈ ਕੇ ਬੰਗਾਲ ਤਕ ਪੂਰੇ ਆਰਯਵ੍ਰਤ ਵਿਚ ਚਾਲੂ ਸੀ। ਜੈਨਮਤਿ ਵਾਲਿਆਂ ਨੇ ਆਪਣੇ ਗ੍ਰੰਥ ਇਸ ਭਾਸ਼ਾ ਵਿਚ ਲਿਖੇ। ਬੋਧੀ ਸਿਧਾਂ ਨੇ ਬੰਗਾਲ ਵਿਚ ਆਪਣੀਆਂ ਧਰਮ-ਪੁਸਤਕਾਂ ਲਿਖੀਆਂ। ਗੋਰਖ-ਪੰਥੀਆਂ ਨੇ ਇਸਨੂੰ ਪੰਜਾਬ ਵਿਚ ਪ੍ਰਚਲਤ ਕੀਤਾ। ਭਾਸ਼ਾ ਵਿਗਿਆਨੀਆਂ ਦਾ ਮੱਤ ਹੈ ਕਿ ਸ਼ੌਰਸੈਨੀ ਜਾਂ ਨਾਗਰ ਅਪਭ੍ਰੰਸ਼ ਵਿਚੋਂ ਚੜ੍ਹਦੀ ਪੰਜਾਬੀ ਅਤੇ ਉੱਤਰ-ਪੱਛਮੀ ਅਪਭ੍ਰੰਸ਼ ਵਿਚ ਲਹਿੰਦੀ ਪੰਜਾਬੀ ਦਾ ਜਨਮ ਹੋਇਆ ਹੈ।

ਸਿੰਧ ਨਦੀ ਤੋਂ ਲੈ ਕੇ ਅੰਬਾਲੇ ਦੇ ਜ਼ਿਲ੍ਹੇ ਤੱਕ ਜਿਹੜੀਆਂ ਬੋਲੀਆਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਪੰਜਾਬੀ ਆਖਿਆ ਜਾਂਦਾ ਹੈ। ਪੰਜਾਬੀ ਦੀਆਂ ਕੁਝ ਉਪਭਾਸ਼ਾਵਾਂ ਵੀ ਹਨ ਜਿਵੇਂ: ਮਾਝੀ, ਮਲਵਈ, ਦੁਆਬੀ, ਪੁਆਧੀ, ਲਹਿੰਦੀ ਅਤੇ ਪਹਾੜੀ (ਡੋਗਰੀ) ਪੰਜਾਬੀ ਬੋਲੀ ਦੇ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਤੋਂ ਇਹ ਸਿੱਧ ਹੋ ਗਿਆ ਕਿ ਪੰਜਾਬੀ ਬੋਲੀ, ਹਿੰਦੀ ਆਦਿਕ ਭਾਸ਼ਾਵਾਂ ਨਾਲੋਂ ਆਪਣੇ ਸਰੂਪ ਅਤੇ ਸੁਭਾਅ ਵਿਚ ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੇ ਵਧੇਰੇ ਨੇੜੇ ਹੈ।

ਪੰਜਾਬੀ ਭਾਸ਼ਾ ਵਿਚ ਰਚੀਆਂ ਗਈਆਂ ਲੋਕ ਵਾਰਾਂ ਇਸਦੇ ਮੁੱਢਲੇ ਸਰੂਪ ਬਾਰੇ ਕਾਫ਼ੀ ਮਹੱਤਵਪੂਰਨ ਜਾਣਕਾਰੀ ਦਿੰਦੀਆਂ ਹਨ। ਇਨ੍ਹਾਂ ਦੀ ਸ਼ਬਦਾਵਲੀ ਵਿਚ ਪੰਜਾਬੀ ਦੇ ਕਈ ਵਿਸ਼ੇਸ਼ ਲੱਛਣ ਉਜਾਗਰ ਹੁੰਦੇ ਹਨ। ਇਸੇ ਤਰ੍ਹਾਂ ਨਾਥ-ਜੋਗੀਆਂ ਦੁਆਰਾ ਰਚਿਆ ਗਿਆ ਹੈ ਸਾਹਿੱਤ ਪੰਜਾਬੀ ਵਿਚ ਅਧਿਆਤਮਕ ਕਾਵਿ ਦੀ ਇਕ ਗੌਰਵਮਈ ਪ੍ਰਿਸ਼ਟਭੂਮੀ ਦੀ ਭੂਮਿਕਾ ਨਿਭਾਉਂਦਾ ਹੈ। ਇਸ ਦੀਆਂ ਕਾਵਿ-ਰੂੜ੍ਹੀਆਂ ਨੂੰ ਭਗਤੀ ਕਾਲ ਦੇ ਕਵੀਆਂ ਨੇ ਬੜੀ ਕੁਸ਼ਲਤਾ ਨਾਲ ਵਰਤਿਆ ਹੈ। ਬਾਰ੍ਹਵੀਂ ਤੇਰ੍ਹਵੀਂ ਸਦੀ ਵਿਚ ਵਿਚਰਿਆ ਸ਼ੇਖ ਬਾਬਾ ਫਰੀਦ ਪੰਜਾਬੀ ਸਾਹਿਤ ਦੀ ਇਕ ਮਹੱਤਵਪੂਰਨ ਉਪਲਬਧੀ ਹੈ। ਉਸਨੇ ਪੰਜਾਬੀ ਵਿਚ ਕਾਵਿ-ਕਲਾ ਦੇ ਬਹੁਤ ਸਾਰੇ ਬੁਨਿਆਦੀ ਸਿਧਾਂਤਾਂ ਦਾ ਨਿਰਮਾਣ ਕੀਤਾ ਹੈ। ਪੰਜਾਬੀ ਸੂਫ਼ੀ ਕਾਵਿ ਧਾਰਾ ਅਤੇ ਭਗਤੀ ਕਾਵਿ ਧਾਰਾ ਨੇ ਉਸ ਤੋਂ ਕਾਫ਼ੀ ਕੁਝ ਗ੍ਰਹਿਣ ਕੀਤਾ। ਪੰਜਾਬੀ ਸਾਹਿਤ ਦਾ ਨਿਕਾਸ ਅਤੇ ਵਿਕਾਸ ਇਸੇ ਸਭਿਆਚਾਰਕ ਵਿਰਾਸਤ ਵਿਚੋਂ ਹੋਇਆ ਹੈ।

ਪੰਜਾਬੀ ਭਾਸ਼ਾ ਦਾ ਵਿਕਾਸ 1000 ਈ. ਤੋਂ ਮੰਨਿਆ ਜਾਂਦਾ ਹੈ ਪਰ ਅਜਿਹਾ ਵਿਕਾਸ



Sri Satguru Jagjit Singh Ji Elibrary NamdhariElibrary@gmail.com

ਇਕਦਮ ਹੀ ਨਹੀਂ ਹੋ ਜਾਂਦਾ। ਭਾਸ਼ਾਈ ਵਿਕਾਸ ਦੀ ਪ੍ਰਕਿਰਿਆ ਸੈਂਕੜੇ ਵਰ੍ਹਿਆਂ ਵਿਚ ਫੈਲੀ ਹੁੰਦੀ ਹੈ। ਭਾਵੇਂ ਵਿਕਾਸ ਦੀ ਪ੍ਰਕਿਰਿਆ ਹਰ ਸਮੇਂ ਗਤੀਸ਼ੀਲ ਰਹਿੰਦੀ ਹੈ ਪਰੰਤੂ ਇਸਦੀ ਰਫਤਾਰ ਏਨੀ ਧੀਮੀ ਹੁੰਦੀ ਹੈ ਕਿ ਉਸ ਭਾਸ਼ਾ ਦੇ ਪਰਿਵੇਸ਼ ਵਿਚ ਰਹਿਣ ਵਾਲੇ ਲੋਕਾਂ ਨੂੰ ਇਹ ਮਾਲੂਮ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੀ ਭਾਸ਼ਾ ਬਦਲ/ਵਿਕਸਤ ਹੋ ਰਹੀ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਆਈਆਂ ਤਬਦੀਲੀਆਂ ਨੂੰ ਹੀ ਪਰਿਪੇਖ ਵਿਚ ਰੱਖ ਕੇ ਵੇਖਣ ਲਈ ਅਸੀਂ ਇਸ ਦੇ ਹੇਠ-ਲਿਖਤ ਪੜਾਅ ਬਣਾ ਸਕਦੇ ਹਾਂ:

1. ਮੁੱਢਲਾ ਦੌਰ (1400 ਈ. ਤੱਕ)
2. ਵਿਕਾਸ ਦਾ ਦੌਰ (1401-1700 ਈ. ਤੱਕ)
3. ਪਰਿਪੱਕਤਾ ਦਾ ਦੌਰ (1701-1850 ਈ. ਤੱਕ)
4. ਆਧੁਨਿਕ ਦੌਰ (1851 ਈ. ਤੋਂ ਹੁਣ ਤੱਕ)

ਮੁੱਢਲੇ ਦੌਰ ਦੀ ਪੰਜਾਬੀ ਵਿਚ ਪੁਰਾਣੀ ਭਾਸ਼ਾ (ਅਪਭ੍ਰੰਸ਼) ਦੇ ਕਈ ਲੱਛਣ ਅਜੇ ਬਾਕੀ ਸਨ। ਭਾਸ਼ਾ ਅਜੋਕੇ ਰੂਪ ਨਾਲੋਂ ਵਧੇਰੇ ਸੰਜੋਗਾਤਮਕ ਸੀ। ਕਾਰਕੀ ਪਿਛੇਤਰ ਆਮ ਵਰਤੇ ਜਾਂਦੇ ਸਨ। ਸੰਬੰਧਕਾਂ ਦੀ ਵਰਤੋਂ ਹੁੰਦੀ ਸੀ ਪਰ ਬੜੀ ਸੀਮਤ ਜਿਹੀ। ਸਹਾਇਕ ਕ੍ਰਿਆ ਦਾ ਪ੍ਰਯੋਗ ਬਹੁਤ ਘੱਟ ਹੁੰਦਾ ਸੀ। ਬਹੁਤ ਸਾਰੇ ਨਾਂਵ ਉ-ਅੰਤਿਕ ਜਾਂ ਸਨ। ਸ਼, ਜ਼, ਯ/ ਧੁਨੀਆ ਇਸ ਸਮੇਂ ਦੀ ਭਾਸ਼ਾ ਵਿਚ ਮੌਜੂਦ ਨਹੀਂ ਸਨ। ਉਦਾਹਰਣ:

ਸੁਨਿ ਮੰਡਲ ਮੈਂ ਮਨ ਕਾ ਬਾਸਾ॥
ਜਹਾਂ ਪ੍ਰੇਮ ਹੋਤਿ ਪ੍ਰਕਾਸਾ॥
ਆਪੇ ਪੂਛੈ ਆਪੇ ਕਹੈ॥
ਸਤਿਗੁਰ ਮਿਲੈ ਤੋ ਪ੍ਰੇਮ ਪਦ ਲਹੈ॥ (ਜਲੰਧਰ ਨਾਥ)

ਗੁਰੂ ਕਾਲ ਨੂੰ ਵਿਕਾਸ ਕਾਲ ਦਾ ਨਾਮ ਦਿੱਤਾ ਗਿਆ ਹੈ। ਇਸ ਕਾਲ ਵਿਚ ਮੁਸਲਮਾਨ ਰਾਜ ਪੱਕੇ ਤੌਰ 'ਤੇ ਸਥਾਪਤ ਹੋ ਗਿਆ ਸੀ। ਇਸ ਕਾਰਨ ਪੰਜਾਬੀ ਭਾਸ਼ਾ ਵਿਚ ਅਰਬੀ ਅਤੇ ਫਾਰਸੀ ਦੇ ਅਨੇਕ ਸ਼ਬਦ ਪ੍ਰਵੇਸ਼ ਕਰ ਗਏ ਸਨ। ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਪਰੰਪਰਾ ਦੀਆਂ ਬਹੁਤੀਆਂ ਰਚਨਾਵਾਂ ਆਪਣੇ ਅਸਲ ਰੂਪ ਵਿਚ ਸਾਡੇ ਤੱਕ ਨਹੀਂ ਪਹੁੰਚੀਆਂ। ਮੌਖਿਕ ਪਰੰਪਰਾਵਾਂ ਹੋਣ ਦੇ ਕਾਰਨ ਹਰ ਪੀੜ੍ਹੀ ਇਨ੍ਹਾਂ ਦੀ ਭਾਸ਼ਾ ਅਤੇ ਵਿਆਕਰਣਿਕ-ਸੰਰਚਨਾ ਵਿਚ ਤਬਦੀਲੀਆਂ ਕਰਦੀ ਰਹੀ ਹੈ। ਇਸ ਲਈ ਇਸ ਕਾਲ ਦੇ ਭਾਸ਼ਾਈ ਸਰੂਪ ਨੂੰ ਸਮਝਣ ਲਈ ਸਭ ਤੋਂ ਪ੍ਰਮਾਣਕ ਨਮੂਨੇ ਗੁਰਬਾਣੀ ਵਿਚ ਹੀ ਉਪਲਬਧ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਲਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਭਾਸ਼ਾ ਘੱਟ ਸੰਜੋਗਾਤਮਕ ਹੈ।

ਪਰਿਪੱਕਤਾ ਦੇ ਦੌਰ ਵਿਚ ਕਿੱਸਾ ਕਾਵਿ, ਸੂਫੀ ਕਾਵਿ ਅਤੇ ਬੀਰ ਕਾਵਿ ਨੇ ਵੱਡਾ ਯੋਗਦਾਨ ਪਾਇਆ। ਪੁਰਾਤਨ ਪੰਜਾਬ ਵਾਰਤਕ ਵੀ ਇਸ ਕਾਲ ਵਿਚ ਖੂਬ ਨਿੱਖਰੀ। ਹੀਰ ਵਾਰਿਸ, ਸੱਸੀ ਹਾਸ਼ਮ ਅਤੇ ਵਾਰ ਨਜਾਬਤ ਇਸ ਕਾਲ ਦੀਆਂ ਪ੍ਰਮੁੱਖ ਰਚਨਾਵਾਂ ਹਨ। ਇਸ ਕਾਲ ਵਿਚ ਪੰਜਾਬੀ ਭਾਸ਼ਾ ਦਾ ਰੂਪ ਸਥਿਰ ਹੋ ਗਿਆ ਸੀ। ਭਾਸ਼ਾ ਅੱਜ ਵਾਂਗ ਵਿਯੋਗਾਤਮਿਕ ਹੈ। ਲਿਖਿਤ ਭਾਸ਼ਾ ਵਿਚ ਕਿਤੇ-ਕਿਤੇ ਕਾਰਕੀ ਪਿਛੇਤਰ ਮਿਲਦੇ ਹਨ ਪਰ ਨਾਲ ਸੰਬੰਧਕ ਵੀ ਵਰਤੇ ਹੋਏ ਹਨ। ਇਸ ਤਰ੍ਹਾਂ ਕਾਰਕੀ ਪਿਛੇਤਰਾਂ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। ਅੱਜ ਵਾਲੇ ਸਾਰੇ ਸੰਬੰਧਕ ਮੌਜੂਦ ਹਨ। ਸਹਾਇਕ ਕਿਰਿਆਵਾਂ ਦਾ ਪ੍ਰਯੋਗ ਹੋਣ ਲੱਗ ਪਿਆ ਸੀ। ਬਹੁਵਚਨ



Sri Satguru Jagjit Singh Ji Elibrary NamdhariElibrary@gmail.com

ਬਣਾਉਣ ਦੇ ਨਿਯਮ ਵੀ ਅੱਜ ਵਾਂਗ ਹੀ ਹਨ।

ਆਧੁਨਿਕ ਦੌਰ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਸ਼ੁਰੂ ਹੁੰਦਾ ਹੈ। ਇਸ ਕਾਲ ਵਿਚ ਅੰਗਰੇਜ਼ੀ, ਫਰਾਂਸੀਸੀ, ਪੁਰਤਗਾਲੀ ਅਤੇ ਹੋਰ ਯੂਰਪੀਅਨ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਸ਼ਬਦ-ਭੰਡਾਰ ਵਿਚ ਸ਼ਾਮਲ ਹੋ ਗਏ। ਪ੍ਰਿੰਟਿੰਗ ਪ੍ਰੈਸ ਲਗ ਜਾਣ ਕਾਰਨ ਭਾਸ਼ਾ ਲਿਖਤੀ (ਪ੍ਰਕਾਸ਼ਤ) ਰੂਪ ਵਿਚ ਆ ਗਈ। ਇਸ ਤੋਂ ਪਹਿਲਾਂ ਭਾਸ਼ਾ ਦਾ ਮੌਖਿਕ ਰੂਪ ਪ੍ਰਚਲਤ ਸੀ, ਜਿਸ ਵਿਚ ਪਰਿਵਰਤਨ ਦੀ ਰਫਤਾਰ ਕਾਫੀ ਤਿੱਖੀ ਹੁੰਦੀ ਹੈ ਪ੍ਰੰਤੂ ਜਿਵੇਂ ਹੀ ਭਾਸ਼ਾ ਲਿਖਤੀ ਰੂਪ ਵਿਚ ਆ ਜਾਂਦੀ ਹੈ, ਇਸ ਦੇ ਬਹੁਤੇ ਰੂਪ ਸਥਿਰ ਹੋ ਜਾਂਦੇ ਹਨ। ਸਕੂਲ-ਕਾਲਜ ਵੱਡੀ ਗਿਣਤੀ ਵਿਚ ਖੁਲ੍ਹ ਜਾਣ ਦੇ ਕਾਰਨ ਸਮਾਜ ਦੇ ਬਹੁਤ ਸਾਰੇ ਲੋਕ ਪੜ੍ਹ-ਲਿਖ ਗਏ ਹਨ, ਇਸ ਕਾਰਨ ਵੀ ਭਾਸ਼ਾ ਦਾ ਪ੍ਰਮਾਣੀਕਰਣ ਹੋ ਗਿਆ ਹੈ। 1947 ਈ. ਵਿਚ ਦੇਸ਼-ਵਿਭਾਜਨ ਹੋ ਜਾਣ ਦੇ ਕਾਰਨ ਪੰਜਾਬੀ ਬੋਲਣ ਵਾਲਾ ਵੱਡਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ। ਸਿੱਟੇ ਵਜੋਂ ਲਹਿੰਦੀ ਬੋਲਣ ਵਾਲਾ ਪੂਰਾ ਖੇਤਰ ਪੂਰਬੀ ਪੰਜਾਬ ਤੋਂ ਵੱਖ ਹੋ ਗਿਆ।

ਅਜੋਕੀ ਪੰਜਾਬੀ ਭਾਸ਼ਾ ਇਕ ਗਲੋਬਲ ਚਰਿੱਤਰ ਅਖਤਿਆਰ ਕਰਦੀ ਜਾ ਰਹੀ ਹੈ। ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਅਨੇਕ ਪੰਜਾਬੀ ਵਿਸ਼ਵ ਦੇ ਵਿਕਸਤ ਦੇਸਾਂ ਵਿਚ ਜਾ ਵੱਸੇ ਹਨ। ਜਿਸ ਕਾਰਨ ਜਿੱਥੇ ਪੰਜਾਬੀ ਵਿਚ ਅਨੇਕ ਨਵੇਂ ਸ਼ਬਦ ਆ ਗਏ ਹਨ, ਉਥੇ ਅੰਗਰੇਜ਼ੀ ਅਤੇ ਹੋਰ ਯੂਰਪੀ ਭਾਸ਼ਾਵਾਂ ਵਿਚ ਵੀ ਪੰਜਾਬੀ ਦੇ ਬਹੁਤ ਸਾਰੇ ਸ਼ਬਦ ਪ੍ਰਵੇਸ਼ ਕਰ ਗਏ ਹਨ। ਹੁਣ ਪੰਜਾਬੀ ਭਾਸ਼ਾ ਦਾ ਨਾਮ ਵਿਸ਼ਵ ਦੀਆਂ ਵਿਕਸਤ ਭਾਸ਼ਾਵਾਂ ਵਿਚ ਸ਼ੁਮਾਰ ਕੀਤਾ ਜਾ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਦੇ ਅਨੁਸਾਰ ਵਿਸ਼ਵ-ਭਾਸ਼ਾਵਾਂ ਦੇ ਪ੍ਰਸੰਗ ਵਿਚ ਪੰਜਾਬੀ ਦਾ ਸਥਾਨ ਦਸਵਾਂ ਜਾਂ ਗਿਆਰਵਾਂ ਹੈ। ਸੁਤੰਤਰਤਾ ਉਪਰੰਤ ਉਚੇਰੀ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਨੂੰ ਬਣਾ ਦਿੱਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਭਾਸ਼ਾ ਵਿਭਾਗ ਪੰਜਾਬ ਨੇ ਮਾਧਿਅਮ ਪਰਿਵਰਤਨ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਨਵੀਂ ਪਰਿਭਾਸ਼ਤ ਸ਼ਬਦਾਵਲੀ ਤਿਆਰ ਕੀਤੀ। ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਸੰਸਕ੍ਰਿਤ, ਅੰਗਰੇਜ਼ੀ ਅਤੇ ਕੁਝ ਹੋਰ ਭਾਸ਼ਾਵਾਂ ਦੇ ਸ਼ਬਦ ਵੀ ਪੰਜਾਬੀ ਭਾਸ਼ਾ ਵਿਚ ਸਮਾ ਗਏ। ਪੰਜਾਬ ਵਿਚੋਂ ਬਹੁਤ ਸਾਰੇ ਲੋਕ ਰੋਜ਼ਗਾਰ ਦੀ ਪ੍ਰਾਪਤੀ ਲਈ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ, ਜਾਪਾਨ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸਾਂ ਵਿਚ ਪ੍ਰਵਾਸ ਕਰ ਗਏ ਹਨ। ਉਨ੍ਹਾਂ ਦਾ ਸਥਾਨ ਲੈਣ ਲਈ ਯੂ.ਪੀ. ਅਤੇ ਬਿਹਾਰ ਦੇ ਕਾਮੇ ਵੱਡੀ ਗਿਣਤੀ ਵਿਚ ਪੰਜਾਬ ਆ ਰਹੇ ਹਨ। ਇਉਂ ਪੰਜਾਬੀ ਭਾਸ਼ਾ ਵਿਚ ਅਨੇਕ ਨਵੇਂ ਸ਼ਬਦ ਆ ਰਹੇ ਹਨ। ਸਿੱਟੇ ਵਜੋਂ ਪੰਜਾਬੀ ਭਾਸ਼ਾ ਦਾ ਸਰੂਪ, ਪ੍ਰਬੰਧ ਅਤੇ ਚਰਿੱਤਰ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ।

*ਯੂਨੀਵਰਸਿਟੀ ਕਾਲਜ ਆਫ ਇੰਜੀਨੀਅਰਿੰਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ ਦਾ ਵਿਕਾਸ

*ਡਾ: ਪ.ਸ. ਸਿੱਧੂ

ਪੰਜਾਬੀ ਭਾਸ਼ਾ ਪੰਜਾਬੀਆਂ ਨੂੰ ਵਿਰਸੇ ਵਿਚ ਮਿਲਿਆ ਅਨਮੋਲ ਖਜ਼ਾਨਾ ਹੈ। ਮਾਨਵੀ ਸਮਾਜਾਂ ਦੀ ਬਿਰਾਦਰੀ ਵਿਚ ਪੰਜਾਬੀ ਭਾਸ਼ਾ ਨੇ ਪੰਜਾਬੀ ਸਮਾਜ ਨੂੰ ਸ਼ਨਾਖਤੀ ਸਰੂਪ ਦਿੱਤਾ ਹੈ। ਸਾਨੂੰ ਮਾਣ ਹੈ ਕਿ ਸਾਡੀ ਭਾਸ਼ਾਈ ਵਿਰਾਸਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵਿਸ਼ਵ ਦਾ ਸਰਬੋਤਮ ਧਰਮ-ਗ੍ਰੰਥ ਪ੍ਰਾਪਤ ਹੈ। ਇਸ ਗ੍ਰੰਥ ਨੇ ਜਿੱਥੇ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਸਰੂਪ ਰਾਹੀਂ ਇਕ ਇਤਿਹਾਸਕ ਪਹਿਚਾਣ ਦਿੱਤੀ ਉਥੇ ਇਹ ਗ਼ੈਰ-ਸੰਪਰਦਾਇਕ ਸਾਹਿਤਕ ਤੇ ਧਾਰਮਕ ਪ੍ਰਾਕਿਰਤੀ ਵਾਲੇ ਮਾਨਵੀ ਸਮਾਜ ਦੀ ਸੰਕਲਪਨਾ ਸੰਚਾਰਦਾ ਹੋਇਆ ਪੰਜਾਬੀ ਸਮਾਜ ਨੂੰ ਮਾਨਵੀ ਦਿੱਖ ਵੀ ਪ੍ਰਦਾਨ ਕਰਦਾ ਹੈ। ਪੰਜਾਬੀ ਸੂਫ਼ੀ ਸਾਹਿਤ ਨੇ ਪੰਜਾਬੀ ਸਮਾਜ ਨੂੰ ਮਾਨਵੀ ਸਮਾਜਕ ਮੁੱਲਾਂ ਨਾਲ ਅਮੀਰ ਕੀਤਾ। ਸਾਡੀ ਪਰੰਪਰਾ ਵਿਚ ਗਿਆਨਾਤਮਕ ਅਧਿਆਤਮਕ ਬੋਧ ਵਾਲੀ ਗੁਰਬਾਣੀ ਅਤੇ ਸੂਫ਼ੀ ਸਾਹਿਤ ਦੇ ਨਾਲ ਮਾਨਵੀ ਜੀਵਨ ਦੀ ਸੁਰਮਈ, ਸੰਗੀਤਕ ਤੇ ਰੁਮਾਂਚਕ ਪ੍ਰਕਿਰਤੀ ਨੂੰ ਸੰਚਾਰਨ ਵਾਲਾ ਕਿੱਸਾ-ਸਾਹਿਤ ਵੀ ਪ੍ਰਾਪਤ ਹੈ। ਸਾਨੂੰ ਮਾਣ ਹੈ ਕਿ ਜਿੱਥੇ ਇਹ ਸਾਹਿਤ ਪੰਜਾਬੀਆਂ ਨੂੰ ਭਾਰਤੀ ਤੇ ਸਾਮੀ ਪਰੰਪਰਾ ਨਾਲ ਜੋੜਦਾ ਹੈ ਉਥੇ ਉਨ੍ਹੀਵੀਂ ਤੇ ਵੀਹਵੀ ਸਦੀ ਦੀ ਸਾਹਿਤ ਰਚਨਾ ਪੰਜਾਬੀਆਂ ਨੂੰ ਬਰਤਾਨਵੀ ਤੇ ਪੱਛਮੀ ਬੋਧ-ਚਿੰਤਨ ਦੇ ਰੂਪਾਂ (ਨਾਵਲ, ਨਾਟਕ, ਕਹਾਣੀ, ਵਾਰਤਕ ਆਦਿ) ਨਾਲ ਜੋੜਦੀ ਹੈ। ਅਸੀਂ ਆਪਣੇ ਅਮੀਰ ਸਾਹਿਤਕ ਵਿਰਸੇ ਪ੍ਰਤੀ ਨਤ-ਮਸਤਕ ਭਾਵੁਕਤਾ ਵਾਲੇ ਭਾਵਾਂ ਨਾਲ ਜੁੜੇ ਹੋਏ ਹਾਂ। ਅੱਜ ਅਸੀਂ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਨੂੰ ਵੀ ਹੰਢਾ ਚੁੱਕੇ ਹਾਂ। ਪਰੰਪਰਾ ਪ੍ਰਤੀ ਭਾਵੁਕਤਾ-ਭਰਪੂਰ ਮੋਹ ਤੋਂ ਇਲਾਵਾ ਅੱਜ ਸਾਨੂੰ ਆਪਣੀ ਭਾਸ਼ਾ ਦੇ ਵਿਗਿਆਨਕ ਵਿਕਾਸ ਬਾਰੇ ਸੋਚਣ ਦੀ ਲੋੜ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਦਾ ਮੁੱਢ ਸਾਡੇ ਪੁਰਖਿਆਂ ਅਤੇ ਪੂਰਵਜਾਂ ਨੇ ਗੁਰਮੁਖੀ ਔਰਥੋਗਰਾਫ਼ੀ ਵਿਚ ਪਹਿਲਾ ਗ੍ਰੰਥ ਸੰਪਾਦਤ ਕਰਕੇ ਕਰ ਦਿੱਤਾ ਸੀ। ਫਿਰ ਜਿਹੜੇ ਮੁਖੀ ਸਨ ਉਨ੍ਹਾਂ ਨੇ ਗੁਰੂ ਦੇ ਗ੍ਰੰਥ ਦੀ ਲਿਪੀ ਨੂੰ ਅਪਣਾਉਣ ਦਾ ਸੰਕਲਪ ਲਿਆ ਅਤੇ ਇਸ ਪਿਰਤ ਦਾ ਸਮਾਜਕ ਸੰਚਾਰ ਕੀਤਾ। ਇਸੇ ਤਰ੍ਹਾਂ ਪੰਜਾਬੀ ਦੀ ਔਰਥੋਗਰਾਫ਼ੀ ਪੱਧਰ 'ਤੇ 'ਗੁਰਮੁਖੀ' ਇਕ ਭਾਸ਼ਾਈ ਪਹਿਚਾਣ ਬਣ ਗਈ। ਬਰਤਾਨਵੀ ਸਾਮਰਾਜ ਅਤੇ ਇਸਾਈ ਮੱਤ ਦੇ ਪਾਸਾਰ ਤੇ ਪ੍ਰਚਾਰ ਨੇ ਪੰਜਾਬੀ ਦੀ ਪੜ੍ਹਾਈ ਲਈ ਉਨ੍ਹੀਵੀਂ ਸਦੀ ਦੇ ਅੰਤ 'ਤੇ 'ਗੁਰਮੁਖੀ' ਸਕੂਲਾਂ ਨੂੰ ਜਨਮ ਦਿੱਤਾ। ਭਾਰਤੀ ਪ੍ਰਾਂਤਾਂ ਦੀ ਭਾਸ਼ਾਈ ਆਧਾਰ 'ਤੇ ਰਾਜਨੀਤਕ ਵੰਡ ਨੇ ਪੰਜਾਬੀਆਂ ਨੂੰ ਆਪਣੇ ਭੂਗੋਲਕ ਤੇ ਰਾਜਨੀਤਕ ਭਾਸ਼ਾਈ ਆਧਾਰਾਂ ਲਈ ਉਤਸ਼ਾਹਿਤ ਕੀਤਾ। ਪੰਜਾਬੀ ਨੂੰ ਪੰਜਾਬ ਪ੍ਰਾਂਤ ਵਿਚ ਕਾਨੂੰਨੀ ਮਾਨਤਾ ਅਤੇ ਸਰਕਾਰੀ ਕੰਮ-ਕਾਜ ਦੀ ਭਾਸ਼ਾ ਵਜੋਂ ਵਿਕਸਤ ਹੋਣ ਦਾ ਮੌਕਾ ਮਿਲਿਆ। ਅਸੀਂ ਸਮਝਦੇ ਹਾਂ ਕਿ ਸਾਹਿਤ ਸਿਰਜਣਾ ਅਤੇ ਸਵੈ-ਪ੍ਰਗਟਾਵੇ ਲਈ ਕਿਸੇ ਸੰਸਥਾ, ਅਦਾਰੇ ਜਾਂ ਪ੍ਰਬੰਧ ਨੂੰ ਕੋਈ ਵਿਸ਼ੇਸ਼ ਯਤਨ ਨਹੀਂ ਕਰਨੇ ਪੈਂਦੇ। ਇਸ ਦੇ ਮੁਕਾਬਲੇ ਭਾਸ਼ਾ ਨੂੰ ਸਿੱਖਿਆ, ਸੰਚਾਰ, ਗਿਆਨ ਤੇ ਵਿਗਿਆਨ ਦੇ ਮਾਧਿਅਮ ਵਜੋਂ ਵਰਤਣ ਦੇ ਯੋਗ ਬਣਾਉਣ ਲਈ ਇਕ ਤਾਂ ਵਿਧੀ-ਪੂਰਵਕ ਵਿਗਿਆਨਕ ਯਤਨ ਕਰਨੇ ਪੈਂਦੇ ਹਨ ਦੂਜਾ ਸਮਾਜ ਦੇ ਸਾਰੇ ਵਰਗਾਂ ਨੂੰ ਆਪਣੀ ਭਾਸ਼ਾ ਦੀ



Sri Satguru Jagjit Singh Ji Elibrary NamdhariElibrary@gmail.com

ਮਹਾਨਤਾ ਅਤੇ ਸਰਬ-ਉੱਚਤਾ ਪ੍ਰਤੀ ਸੁਚੇਤ ਕਰਨਾ ਪੈਂਦਾ ਹੈ।

ਅਸੀਂ ਵੇਖ ਸਕਦੇ ਹਾਂ ਕਿ ਪਿਛਲੀ ਸਦੀ ਵਿਚ ਅਸੀਂ ਗੁਰੂਆਂ, ਪੀਰਾਂ, ਸੂਫ਼ੀਆਂ, ਸੰਤਾਂ, ਅਤੇ ਭਗਤਾਂ ਦੇ ਹਵਾਲੇ ਨਾਲ ਪੰਜਾਬੀ ਭਾਸ਼ਾ ਪ੍ਰਤੀ ਪੰਜਾਬੀ ਨੂੰ ਭਾਸ਼ਾਈ ਵਚਨ-ਬੱਧਤਾ ਪ੍ਰਤੀ ਜਾਗਰੂਪ ਕਰਦੇ ਰਹੇ। ਇਸ ਦੇ ਵਧੀਆ ਨਤੀਜੇ ਵੀ ਸਾਡੇ ਸਾਹਮਣੇ ਆਏ। ਸਾਡੀ ਗ਼ੈਰ-ਸੰਪਰਦਾਇਕ ਭਾਸ਼ਾਈ ਪਰੰਪਰਾ ਨੇ ਆਪਣੀ ਮਾਂ-ਬੋਲੀ ਤੋਂ ਇਨਕਾਰੀ ਸਮਾਜਕ ਵਰਗਾਂ ਨੂੰ ਮੁੜ ਮੁੱਖ-ਧਾਰਾ ਨਾਲ ਜੋੜਿਆ। ਸਭਿਆਚਾਰੀਕਰਨ ਦੇ ਤਣਾਉ ਵਾਲੀਆਂ ਸਥਿਤੀਆਂ ਵਿਚ ਭਾਵੁਕਤਾ ਨੂੰ ਉਜਾਗਰ ਕਰਨ ਨਾਲ ਵਿਕਾਸ ਦੇ ਪ੍ਰਯੋਜਨਾਂ ਦੀ ਪੂਰਤੀ ਹੋ ਜਾਂਦੀ ਹੈ ਪਰ ਜਦੋਂ ਮਾਨਵੀ ਵਜੂਦਾਤਮਕਤਾ ਹੀ ਕਾਟੇ-ਹੇਠਾਂ ਆਉਣਾ ਸ਼ੁਰੂ ਹੁੰਦੀ ਹੈ ਤਾਂ ਮਨੁੱਖ ਦਾ ਪਹਿਲਾ ਖਿੱਚ-ਕੇਂਦਰ ਆਪਣੇ ਆਪ ਨੂੰ ਬਣਾਈ ਰੱਖਣ ਵੱਲ ਮੁੜ ਜਾਂਦਾ ਹੈ। ਕੁਝ ਅਜਿਹਾ ਹੀ ਪਿਛਲੇ ਦੋ ਦਹਾਕਿਆਂ ਵਿਚ ਹੋਇਆ। ਸੂਚਨਾ, ਸੰਚਾਰ, ਕੰਪਿਊਟਰ ਅਤੇ ਸੈਟੇਲਾਈਟ ਤਕਨਾਲੋਜੀ ਦੇ ਵਿਕਾਸ ਅਤੇ ਵਿਸ਼ਵ-ਪੱਧਰ 'ਤੇ ਉਦਾਰੀਕਰਨ (ਲਿਬਰਲਾਈਜੇਸ਼ਨ), ਨਿਜੀਕਰਨ (ਪ੍ਰਾਈਵੇਟਾਈਜੇਸ਼ਨ) ਅਤੇ ਵਿਸ਼ਵੀਕਰਨ (ਗਲੋਬਲਾਈਜੇਸ਼ਨ) ਸਭਿਆਚਾਰ ਨੇ ਸਥਾਨਕ ਭਾਸ਼ਾਵਾਂ ਦੇ ਮਾਨਵੀ ਮੁੱਲਾਂ ਨੂੰ ਮੁਕਾਬਲੇ ਦੀ ਮੰਡੀ ਵਿਚ ਖੜ੍ਹਾ ਕਰ ਦਿੱਤਾ ਹੈ। ਫਾਸਟ-ਫੂਡ, ਮੰਡੀ ਮਾਨਸਿਕਤਾ ਅਤੇ ਵਰਤੋ ਤੇ ਸੁੱਟੋ (ਡਿਸਪੋਜ਼ੇਬਲ) ਬਿਰਤੀ ਵਾਲੇ ਸਮਾਜ ਨੇ ਵਿਕਾਸਸ਼ੀਲ ਭਾਸ਼ਾਵਾਂ ਲਈ ਬਹੁਤ ਵੱਡੀਆਂ ਵਜੂਦਾਤਮਕ ਚੁਣੌਤੀਆਂ ਪੈਦਾ ਕੀਤੀਆਂ ਹਨ। ਅਸੀਂ ਇਕ ਪਾਸੇ ਆਪਣੀ ਭਾਸ਼ਾ ਨੂੰ ਸਮੇਂ ਦੇ ਹਾਣ ਦਾ ਬਣਾਈ ਰੱਖਣ ਲਈ ਕੰਪਿਊਟਰ ਤਕਨਾਲੋਜੀ ਨਾਲ ਜੋੜ ਰਹੇ ਹਾਂ ਦੂਜੇ ਪਾਸੇ ਸਿੱਖਿਆ ਦੇ ਖੇਤਰ ਵਿਚ ਘਟੀ ਸਰਕਾਰੀ ਸਰਪ੍ਰਸਤੀ ਅਤੇ ਨਿੱਜੀ-ਖੇਤਰ ਦੇ ਸਿੱਖਿਆ ਅਦਾਰਿਆਂ ਦੀ ਪੰਜਾਬੀ ਭਾਸ਼ਾ ਪ੍ਰਤੀ ਬੇਮੁਖਤਾ ਦੇ ਨਤੀਜਿਆਂ ਨੂੰ ਭੁਗਤ ਰਹੇ ਹਾਂ। ਇਸ ਲਈ ਹੁਣ ਵਕਤ ਹੈ ਕਿ ਜੇ ਅਸੀਂ ਆਪਣੀ ਭਾਸ਼ਾ ਦੇ ਵਿਕਾਸ ਪ੍ਰਤੀ ਵਚਨ-ਬੱਧਤਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਵੱਖੋ-ਵੱਖਰੇ ਪੱਧਰਾਂ 'ਤੇ ਵਿਧੀ-ਪੂਰਵਕ ਅਤੇ ਵਿਗਿਆਨਕ ਯਤਨ ਕਰਨ ਦੀ ਲੋੜ ਪਵੇਗੀ।

ਪੰਜਾਬੀ ਭਾਸ਼ਾ ਨੂੰ ਗਿਆਨ ਅਤੇ ਵਿਗਿਆਨ ਦਾ ਮਾਧਿਅਮ ਬਣਾਉਣ ਲਈ ਸਾਨੂੰ ਕੰਪਿਊਟਰ ਤਕਨਾਲੋਜੀ ਦੇ ਸਾਰੇ ਪੱਧਰਾਂ (ਹਾਰਡਵੇਅਰ, ਸਾਫ਼ਟਵੇਅਰ, ਡੈਟਾ-ਬੇਸ, ਫੌਂਟ, ਫੌਂਟ ਕਨਵਰਟਰ, ਓ.ਸੀ.ਆਰ., ਅਨੁਵਾਦ ਸਾਫ਼ਟਵੇਅਰ ਆਦਿ) ਨੂੰ ਨਾ ਸਿਰਫ਼ ਵਿਕਸਤ ਹੀ ਕਰਨਾ ਪਵੇਗਾ ਬਲਕਿ ਇਸ ਤਕਨਾਲੋਜੀ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਰਤਣਾ ਵੀ ਸਿੱਖਣਾ ਪਵੇਗਾ। ਅਸੀਂ ਆਸਵੰਦ ਹਾਂ ਕਿ ਪੰਜਾਬੀ ਸਮਾਜ ਹਮੇਸ਼ਾ ਦੀ ਤਰ੍ਹਾਂ ਅੱਜ ਵੀ ਵਰਤਮਾਨ ਦੀਆਂ ਚੁਣੌਤੀਆਂ ਨੂੰ ਨਿਜੱਠਣ ਲਈ ਪੂਰੀ ਸਮਝਦਾਰੀ ਦਾ ਪ੍ਰਦਰਸ਼ਨ ਕਰਨ ਦੇ ਸਮਰੱਥ ਹੈ। ਅੱਜ ਲੋੜ ਹੈ ਕਿ ਅਸੀਂ ਪੰਜਾਬੀਆਂ ਨੂੰ ਆਪਣੀ ਭਾਸ਼ਾ ਪ੍ਰਤੀ ਪਰੰਪਰਾਈ ਵਿਰਾਸਤ ਪ੍ਰਤੀ ਮੋਹ ਭਰੇ ਭਾਵੁਕ ਅਹਿਸਾਸਾਂ ਦੇ ਨਾਲ-ਨਾਲ ਵਰਤਮਾਨ ਸਮਾਜਕ ਭਾਸ਼ਾਈ ਤਣਾਉ ਤੋਂ ਮੁਕਤ ਹੋਣ ਅਤੇ ਭਵਿੱਖ ਵਿਚ ਆਪਣੀ ਸਮਾਜਕ ਸ਼ਨਾਖ਼ਤ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸੁਚੇਤ ਅਤੇ ਕਰਮਸ਼ੀਲ ਕਰੀਏ।


*ਮੁਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਮੋਬਾਇਲ: 98550 57639


□□□



Sri Satguru Jagjit Singh Ji Elibrary NamdhariElibrary@gmail.com

# ਵਿਸ਼ਵੀਕਰਨ ਅਤੇ ਪੰਜਾਬੀ ਭਾਸ਼ਾ

*ਡਾ: ਕਵਲਜੀਤ ਕੌਰ ਜੱਸਲ

ਇਕੀਵੀਂ ਸਦੀ ਦੀ ਦਹਿਲੀਜ਼ 'ਤੇ ਖੜ੍ਹ ਕੇ ਜਦੋਂ ਵੀਹਵੀਂ ਸਦੀ ਵਲ (ਜਿਸਨੂੰ ਸਾਇੰਸ ਅਤੇ ਟੈਕਨਾਲੋਜੀ ਦੀ ਸਦੀ ਅਰਥਾਤ ਖੋਜਾਂ ਦੀ ਸਦੀ ਕਿਹਾ ਜਾਂਦਾ ਹੈ) ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਦੁਨੀਆ ਭਰ ਵਿਚ ਵਿਸ਼ਵੀਕਰਨ ਦਾ ਸੰਕਲਪ ਸਭ ਤੋਂ ਵੱਧ ਚਰਚਿਤ ਵਿਸ਼ਾ ਰਿਹਾ ਹੈ। ਇਸ ਲਈ ਅੰਗਰੇਜ਼ੀ ਸ਼ਬਦ 'ਗਲੋਬੇਲਾਈਜੇਸ਼ਨ' ਵਰਤਿਆ ਜਾਂਦਾ ਹੈ ਅਤੇ ਪੰਜਾਬੀ ਵਿਚ ਸੰਸਾਰੀਕਰਨ/ਵਿਸ਼ਵ ਵਿਆਪੀਕਰਨ ਸ਼ਬਦ ਵੀ ਪ੍ਰਚਲਤ ਹੋਏ ਹਨ। ਇਸ ਦਾ ਆਰੰਭ ਅਮਰੀਕੀ ਸਮਾਜਵਾਦੀ ਗੱਠਜੋੜ ਵਲੋਂ ਸਮਾਜਵਾਦੀ ਕੈਂਪ ਦੇ ਬਿਖਰਨ ਅਤੇ ਸੋਵੀਅਤ ਯੂਨੀਅਨ ਵਿਚੋਂ ਸਮਾਜਵਾਦੀ ਅਰਥ ਵਿਵਸਥਾ ਦੇ ਤਬਾਹ ਹੋਣ ਨਾਲ ਜੋੜਿਆ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਨੇ ਆਪੋ-ਆਪਣੇ ਢੰਗ ਤਰੀਕੇ ਨਾਲ ਇਸ ਨੂੰ ਪ੍ਰਭਾਸ਼ਤ ਕੀਤਾ ਹੈ, ਅਰਥਾਤ ਸ਼ਾਸ਼ਤਰੀ ਆਪਣੇ ਨਜ਼ਰੀਏ ਤੋਂ ਅਤੇ ਸੂਚਨਾ ਸ਼ਾਸ਼ਤਰੀ ਆਪਣੇ ਨਜ਼ਰੀਏ ਤੋਂ ਪ੍ਰਭਾਸ਼ਤ ਕਰਦੇ ਹਨ। ਪ੍ਰੰਤੂ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਮੂਲ ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚਲੀਆਂ ਲੱਭਤਾਂ ਨਾਲ ਜੁੜਦਾ ਹੈ। ਉਹ ਲੱਭਤਾਂ ਜਿਨ੍ਹਾਂ ਨੇ ਮਨੁੱਖੀ ਜੀਵਨ ਜੀਉਣ ਦੀ ਜਾਂਚ ਹੀ ਬਦਲ ਦਿੱਤੀ ਹੈ। ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚਲੀ ਕ੍ਰਾਂਤੀ ਨੇ ਸਿਰਫ ਉਤਪਾਦਨ ਦੀ ਵਿਧੀ ਅਤੇ ਵਸੀਲੇ ਹੀ ਨਹੀਂ ਬਦਲੇ ਸਗੋਂ ਉਨ੍ਹਾਂ ਲੱਭਤਾਂ ਨੇ ਸਮੇਂ ਤੇ ਸਥਾਨ ਦੀਆਂ ਵਿਥਾਂ ਨੂੰ ਘਟਾਉਣ/ ਮੇਟਣ ਦਾ ਯੁਗ-ਪਲਟਾਊ ਕੰਮ ਵੀ ਕੀਤਾ ਹੈ ਜਿਸ ਨਾਲ ਅਜੋਕਾ ਸੰਸਾਰ ਇਕ 'ਗਲੋਬਲ ਪਿੰਡ' ਵਿਚ ਤਬਦੀਲ ਹੋ ਚੁੱਕਿਆ ਹੈ। ਇਸ ਦਾ ਭਾਵ ਹੈ ਕਿ ਇਸ ਸੰਸਾਰ ਮੰਡੀ ਵਿਚ ਆਵਾਜਾਈ ਦੇ ਵਸੀਲਿਆਂ, ਗਿਆਨ ਅਤੇ ਸੰਚਾਰ ਤਕਨਾਲੋਜੀ ਦੀ ਚਾਲ ਨੇ ਸਮੁੱਚੇ ਸੰਸਾਰ ਦੇ ਹਰੇਕ ਮੁਲਕ ਨੂੰ ਘਟ/ਵਧ ਆਪਣੇ ਨੈੱਟਵਰਕ ਨਾਲ ਜੋੜ ਲਿਆ ਹੈ। ਸੰਚਾਰ ਤਕਨਾਲੋਜੀ ਇਸ ਖੇਤਰ ਵਿਚ ਸਭ ਤੋਂ ਵੱਧ ਗਤੀਸ਼ੀਲ ਹੈ ਕਿਉਂਕਿ ਅੱਜ ਦੇ ਦੌਰ ਵਿਚ ਸੂਚਨਾ ਅਤੇ ਸੰਚਾਰ ਦਾ ਬੋਲਬਾਲਾ ਬਹੁਤ ਵੱਧ ਗਿਆ ਹੈ ਅਤੇ ਬਹੁਤ ਸਾਰੇ ਸਮਾਜਾਂ ਵਿਚ ਆਰਥਿਕ, ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਮਾਮਲੇ ਸੈੱਟ ਕਰਨ ਦੀ ਤਾਕਤ ਵੀ ਸੰਚਾਰ ਸਾਧਨਾਂ ਨੇ ਹਥਿਆ ਲਈ ਹੈ। ਮੀਡੀਆ ਵਿਸ਼ਵ ਪੱਧਰ 'ਤੇ ਇਕ ਬਹੁਤ ਹੀ ਸ਼ਕਤੀਸ਼ਾਲੀ ਤਾਕਤ ਵਜੋਂ ਉਭਰਿਆ ਹੈ।

'ਮੰਡੀ' ਦੇ ਯੁੱਗ ਵਿਚ ਭਾਸ਼ਾਵਾਂ ਦੀ ਸਥਿਤੀ ਬਹੁਤ ਲਚਕੀਲੀ ਹੋ ਗਈ ਹੈ। ਵਿਕਾਸਸ਼ੀਲ ਦੇਸ਼ਾਂ ਵਿਚੋਂ ਖੇਤਰੀ ਭਾਸ਼ਾਵਾਂ ਨੂੰ ਦੋਹਰਾ ਕਾਰਜ ਅਦਾ ਕਰਨਾ ਪੈ ਰਿਹਾ ਹੈ। ਮੰਡੀ ਦੀ ਮਾਰੂ ਸਥਿਤੀ ਤੋਂ ਬਚਣਾ ਵੀ ਹੈ ਅਤੇ ਉਸ ਨੇ ਸਮੇਂ ਦੇ ਹਾਣ ਦੀ ਵੀ ਹੋਣਾ ਹੈ। ਇਸ ਸੰਬੰਧ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਸਥਿਤੀ ਉਪਰ ਝਾਤੀ ਮਾਰਨ ਦੀ ਵੀ ਜ਼ਰੂਰਤ ਮਹਿਸੂਸ ਹੁੰਦੀ ਹੈ।

ਪ੍ਰਿੰਟ ਮੀਡੀਏ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਬੀ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਬਹੁਤ ਵਾਧਾ ਹੋਇਆ ਹੈ। ਇਹ ਇਕ ਅਜਿਹਾ



Sri Satguru Jagjit Singh Ji Elibrary NamdhariElibrary@gmail.com

ਸਥਾਨ ਹੈ ਜੋ ਸਸਤਾ ਹੋਣ ਕਾਰਨ ਹਰ ਪਿੰਡ ਤੇ ਹਰ ਘਰ ਵਿਚ [illegible] ਪਹੁੰਚ [illegible] ਹੈ। ਅਖ਼ਬਾਰਾਂ ਰਾਹੀਂ ਨਿੱਤ ਨਵੀਆਂ ਸਾਇੰਸ ਦੇ ਖੇਤਰ ਵਿਚ [illegible] ਪ੍ਰਾਪਤੀਆਂ [illegible] ਵਿਦੇਸ਼ ਦੀਆਂ ਪ੍ਰਾਪਤੀਆਂ ਪਹੁੰਚ ਰਹੀਆਂ ਹਨ ਅਰਥਾਤ [illegible] ਦੇ [illegible] ਵਾਧਾ ਹੋ ਰਿਹਾ ਹੈ ਅਤੇ ਇਸ ਦੇ ਨਾਲ ਹੀ ਅਖ਼ਬਾਰਾਂ ਵਿਚ [illegible] ਸ਼ਬਦਾਵਲੀ [illegible] ਨਵੀਆਂ ਪ੍ਰਾਪਤੀਆਂ ਦੇ ਨਾਲ ਸੰਬੰਧਤ ਸ਼ਬਦਾਵਲੀ ਲੋਕਾਂ ਤੱਕ ਪਹੁੰਚ ਰਹੀ ਹੈ। [illegible] ਸੰਬੰਧਤ ਸ਼ਬਦਾਵਲੀ ਜੀਵਨ ਵਿਹਾਰ ਨਾਲ, ਅੱਜ ਉਹ ਪੰਜਾਬੀ ਭਾਸ਼ਾ ਦਾ ਅੰਗ ਬਣ ਕੇ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹੀ ਹੋਈ ਹੈ। ਅੰਗਰੇਜ਼ੀ ਸ਼ਬਦਾਵਲੀ ਦੇ [illegible] ਜ਼ੁਬਾਨਾਂ 'ਤੇ ਆ ਚੁੱਕੇ ਹਨ ਤੇ ਲੋਕ ਆਪਣੇ ਵਿਰਸੇ ਦੀ ਸ਼ਬਦਾਵਲੀ ਨੂੰ ਭੁਲਾਈ [illegible] ਨਿਤ ਨਵੇਂ ਸੰਦ ਤੇ ਔਜ਼ਾਰ ਨਵੀਆਂ ਤਕਨੀਕਾਂ ਨਾਲ ਜੁੜਦੇ ਹਨ। [illegible] ਮੋਬਾਇਲ ਫੋਨ, ਇੰਟਰਨੈੱਟ, ਕੰਪਿਊਟਰ, ਟੀ.ਵੀ., ਕੇਬਲ, [illegible] ਸ਼ਬਦਾਵਲੀ ਦੇ ਵਿਕਾਸ ਵਿਚ ਚੋਖਾ ਹਿੱਸਾ ਪਾਇਆ ਹੈ। [illegible] ਵਪਾਰਕ ਗਤੀਵਿਧੀਆਂ ਦੇ ਵਧਣ ਨਾਲ ਭਿੰਨ-ਭਿੰਨ ਇਲੈਕਟ੍ਰਾਨਿਕ [illegible] ਹੈ। ਫਿਲਮਾਂ, ਸੀਰੀਅਲਾਂ ਨੂੰ ਪੰਜਾਬੀ ਵਿਚ ਡਬ ਕਰ ਕੇ [illegible] ਲੜੀਵਾਰਾਂ, ਲੋਕ ਗੀਤਾਂ, ਡਰਾਮਿਆਂ ਦੀ ਦੇਸ਼ ਵਿਦੇਸ਼ ਵਿਚ [illegible] ਤੋਂ ਹੀ ਸੁਣਨ ਹਾਰਾ ਤੇ ਦੇਖਣ ਹਾਰਾ ਮੰਨਿਆ ਜਾਂਦਾ ਹੈ। [illegible] ਦੀ ਹੈ। ਲਿਪੀ ਦਾ ਵਿਕਾਸ ਬਾਅਦ ਦਾ ਹੈ। ਸੋ ਇਲੈਕਟ੍ਰਾਨਿਕ [illegible] ਹੈ ਕਿ ਵਧੇਰੇ ਹੋਵੇਗਾ। ਇਸ ਮਾਧਿਅਮ ਨੇ ਵੀ ਸਾਇੰਸ ਦੀ ਸ਼ਬਦਾਵਲੀ ਨੂੰ [illegible] ਪਹੁੰਚਾਇਆ ਹੈ। ਆਮ ਜਨਤਾ ਉਨ੍ਹਾਂ ਸ਼ਬਦਾਂ ਨੂੰ [illegible] ਕਈ ਸ਼ਬਦ ਜਿਉਂ ਦੇ ਤਿਉਂ ਹੀ ਵਰਤਦੇ ਹਨ [illegible] ਹੈ। ਅਜਿਹੀ ਰੁਚੀ ਪੰਜਾਬੀ ਭਾਸ਼ਾ ਤੇ ਪ੍ਰਯੋਗ ਵਿਚ [illegible] ਵਿਚ ਪ੍ਰਚਲਤ ਸ਼ਬਦਾਂ ਤੋਂ ਨਵੇਂ ਸ਼ਬਦ [illegible] ਲਿਆ ਜਾਂਦਾ ਹੈ ਜਾਂ ਦੂਜੀਆਂ ਭਾਸ਼ਾਵਾਂ ਤੋਂ [illegible] ਨਮੂਨੇ ਵਜੋਂ ਕੁਝ ਅਖਬਾਰਾਂ ਦੀਆਂ [illegible] ਜਾ ਸਕਦਾ ਹੈ ਜਿਵੇਂ:

- ਫਰਾਡ ਦੇ ਕੇਸਾਂ [illegible]
- ਜਾਅਲੀ ਡਿਗਰੀ [illegible]
- ਐਫਿਲਿਏਟਿਡ ਸਕੂਲਾਂ [illegible]
- ਬੀ.ਪੀ.ਐਲ. [illegible] ਰੈਫਿਜਰੇਟਰ
- ਬਿਜਲੀ ਦੇ [illegible]
- ਗਰਾਂਟਾਂ [illegible]
- ਖੂਨ ਦਾਨ [illegible]
- ਜਲ ਸਪਲਾਈ [illegible]

ਬੋਲਡ ਅੱਖਰਾਂ [illegible] ਗਿਆ ਹੈ। [illegible] ਸਿੱਧ ਹੋਈ ਜਾ [illegible]

[illegible]

Sri Satguru Jagjit Singh Ji Elibrary NamdhariElibrary@gmail.com

1. ਉਧਾਰੇ ਸ਼ਬਦ ਦਾ ਅਨੁਵਾਦਿਤ ਰੂਪ ਵਰਤਦੇ ਹਾਂ ਜਿਵੇਂ
   ੳ) ਸਟੈਂਡਰਡ - ਮਿਆਰੀ
   ਅ) ਲਿਟਰੇਸੀ - ਸਾਖਰਤਾ
   ੲ) ਟੋਕਨ - ਨਿਸ਼ਾਨੀ
   ਸ) ਟ੍ਰੈਫਿਕ - ਆਵਾਜਾਈ
2. ਉਧਾਰੇ ਸ਼ਬਦ ਸਮਾਸੀ ਰੂਪ ਹੋਵੇ ਤਾਂ ਦੋ ਤਰ੍ਹਾਂ ਦੀ ਰੁਚੀ ਪੰਜਾਬੀ ਵਿਚੋਂ ਪ੍ਰਚਲਤ ਹੈ। ਪਹਿਲੀ ਰੁਚੀ ਅਨੁਸਾਰ ਸਮਾਸ ਦੇ ਦੋਵੇਂ ਰੂਪ ਅਨੁਵਾਦਿਤ ਕਰ ਲਏ ਜਾਂਦੇ ਹਨ ਜਿਵੇਂ - ਸ਼ੋਸ਼ਲ ਵੈਲਫੇਅਰ ਲਈ ਸਮਾਜ ਕਲਿਆਨ, ਪੀਸ ਕਾਨਫਰੰਸ ਲਈ ਸ਼ਾਂਤੀ ਸੰਮੇਲਨ ਆਦਿ। ਦੂਸਰੀ ਰੁਚੀ ਅਨੁਸਾਰ ਸਮਾਸ ਦਾ ਇੱਕ ਹਿੱਸਾ ਅਨੁਵਾਦਿਤ ਰੂਪ ਵਿਚ ਹੁੰਦਾ ਹੈ ਜਿਵੇਂ - ਇੰਸਪੈਕਸ਼ਨ ਕਮੇਟੀ ਦਾ ਨਿਰੀਖਣ ਕਮੇਟੀ, ਰੀਵਾਈਜ਼ਡ ਬਜਟ ਦਾ ਸੋਧਿਆ ਬਜਟ ਆਦਿ।
3. ਦਾਤੀ ਭਾਸ਼ਾ ਦੇ ਸ਼ਬਦ ਜਾਂ ਅਭਿਵਿਅਕਤੀ ਦੇ ਅਰਥ ਦੇ ਭਾਵ ਦੇ ਆਧਾਰ ਤੇ ਪ੍ਰਾਪਤ ਭਾਸ਼ਾ ਵਿਚ ਦੁਬਾਰਾ ਪੇਸ਼ਕਾਰੀ ਕੀਤੀ ਜਾਂਦੀ ਹੈ ਜਿਵੇਂ
   ੳ) ਡੈਥ ਐਨਵਰਸਰੀ - ਬਰਸੀ
   ਅ) ਟੱਗ ਆਫ ਵਾਰ - ਰਸਾਕਸ਼ੀ
   ੲ) ਕੌਮਾ - ਅਲਪ ਵਿਰਾਮ
   ਸ) ਫੁਲ ਸਟਾਪ - ਪੂਰਨ ਵਿਰਾਮ
4. ਉਸੇ ਰੂਪ ਵਿਚ ਸ਼ਬਦ ਵਰਤੇ ਜਾਂਦੇ ਹਨ ਜਿਵੇਂ
   ੳ) ਕਾਲਿਜ, ਸੈਂਟੀਮੀਟਰ, ਯੂਨੀਵਰਸਿਟੀ
   ਅ) ਆਫਿਸ, ਸਕੂਲ, ਰੇਲਵੇ ਸਟੇਸ਼ਨ
5. ਲੋਕਾਂ ਦਾ ਉਚਾਰਨ ਵਿਚ ਫਰਕ ਪੈਣ ਨਾਲ ਸ਼ਬਦ ਦਾ ਅਸਲੀ ਰੂਪ ਬਦਲ ਜਾਂਦਾ ਹੈ ਜਿਵੇਂ:
   ੳ) ਅਕੈਡਮੀ - ਅਕਾਦਮੀ / ਅਕਾਡਮੀ
   ਅ) ਟੈਕਨੀਕ - ਤਕਨੀਕ
   ੲ) ਰਾਈਫਲ - ਰਫਲ
   ਸ) ਹਾਸਪੀਟਲ - ਹਸਪਤਾਲ
6. ਉਧਾਰੇ ਸ਼ਬਦ ਲਈ ਦੋ-ਦੋ ਸ਼ਬਦ ਪ੍ਰਚਲਤ ਹੋ ਜਾਂਦੇ ਹਨ:
   ੳ) ਰੈਜ਼ੀਗਨੇਸ਼ਨ - ਅਸਤੀਫਾ/ ਤਿਆਗ ਪੱਤਰ
   ਅ) ਮੈਟਰਨਟੀ ਹੋਮ - ਜੱਚਾ ਘਰ/ ਪ੍ਰਸੂਤੀ ਘਰ
7. ਪਹਿਲਾਂ ਸ਼ਬਦ ਮੌਜੂਦ ਹੁੰਦਾ ਹੈ ਜਿਵੇਂ :
   ੳ) ਰੀਲੀਜ਼ - ਘੁੰਡ ਚੁਕਾਈ/ ਵਿਮੋਚਨ
   ਅ) ਸਟਾਰ - ਸਿਤਾਰਾ/ ਤਾਰਾ
   ੲ) ਓਥ - ਸਹੁੰ/ ਕਸਮ
8. ਅਰਥ ਸੰਕੋਚ ਹੋ ਜਾਂਦਾ ਹੈ:
   ੳ) ਸੈਕਟਰੇਟਰੀ - ਸਕੱਤਰ - ਸਹਾਲਕਾਰ
   ਅ) ਪਾਰਲੀਮੈਂਟ - ਸੰਸਦ - ਪਰੀਸ਼ਦ



Sri Satguru Jagjit Singh Ji Elibrary NamdhariElibrary@gmail.com

ਇਸ ਤਰ੍ਹਾਂ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਵਿਚ ਲਗਾਤਾਰ ਵਾਧਾ ਕਰ ਰਿਹਾ ਹੈ। ਇਲੈਕਟ੍ਰਾਨਿਕ ਮੀਡੀਏ ਵਿਚਲੀ ਸਭ ਤੋਂ ਅਹਿਮ ਪ੍ਰਾਪਤੀ ਕੰਪਿਊਟਰ ਦੀ ਹੈ। ਵਿਸ਼ਵੀਕਰਨ ਦੇ ਖੇਤਰ ਵਿਚ ਇਹ ਸਭ ਤੋਂ ਵਧੇਰੇ ਮਹੱਤਵਪੂਰਨ ਇਲੈਕਟ੍ਰਾਨਿਕ ਸੰਦ ਹੈ ਜੋ ਇੰਟਰਨੈੱਟ ਰਾਹੀਂ ਘਰ ਬੈਠੇ ਹੀ ਦੇਸ਼ ਵਿਦੇਸ਼ ਨਾਲ ਜੋੜ ਕੇ ਰੱਖਦਾ ਹੈ। ਇਸ ਨੇ ਸਮੇਂ ਅਤੇ ਸਥਾਨ ਦੀ ਦੂਰੀ ਨੂੰ ਘਟਾ ਦਿੱਤਾ ਹੈ। ਜੇ ਕੰਪਿਊਟਰ ਦੀ ਪੰਜਾਬੀ ਭਾਸ਼ਾ ਦੇ ਸੰਦਰਭ ਵਿਚ ਵਰਤੋਂ ਦਾ ਅਧਿਐਨ ਕੀਤਾ ਜਾਵੇ ਤਾਂ ਸਪੱਸ਼ਟ ਹੈ ਕਿ ਇੰਟਰਨੈੱਟ ਦੀ ਸਹੂਲਤ ਤੋਂ ਇਲਾਵਾ ਬਹੁਤ ਸਾਰੇ ਹੋਰ ਕੰਮ ਜਿਵੇਂ: ਟਾਇਪਿੰਗ ਦਾ ਕੰਮ, ਕੋਸ਼ਕਾਰੀ ਦਾ ਕੰਮ, ਅਨੁਵਾਦ ਅਤੇ ਲਿਪੀਅੰਤਰਨ ਆਦਿ ਦਾ ਕੰਮ ਕੀਤੇ ਜਾ ਸਕਦੇ ਹਨ। ਕੰਪਿਊਟਰ ਕੀ-ਬੋਰਡ ਦੀ ਸਹਾਇਤਾ ਨਾਲ ਟਾਇਪਿੰਗ ਦੇ ਕੰਮ ਨੂੰ ਬਹੁਤ ਸੁਖਾਲਾ ਕਰ ਲਿਆ ਗਿਆ ਹੈ। ਇਸ ਬਾਰੇ ਅਸੀਂ ਸਭ ਜਾਣਦੇ ਹਾਂ। ਲਿਪੀਅੰਤਰਨ ਦਾ ਕੰਮ ਵੀ 1999 ਵਿਚ ਸ਼ੁਰੂ ਹੋ ਗਿਆ ਸੀ। ਇਸ ਸੰਬੰਧੀ ਸੰਨ 1999 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਭਾਸ਼ਾ ਵਿਕਾਸ ਵਿਭਾਗ ਵਲੋਂ ਕਰਵਾਈ ਗਈ ਕਾਨਫਰੰਸ ਦੌਰਾਨ ਕਰਤਾਰ ਸਿੰਘ ਦੁੱਗਲ ਹੋਰਾਂ ਇਕ ਪੰਜਾਬੀ ਭਾਸ਼ਾ ਦੀਆਂ ਕਹਾਣੀਆਂ ਦਾ ਲਿਪੀਅੰਤਰਨ ਹੋਣ ਦੀ ਸੂਚਨਾ ਸਭ ਨਾਲ ਸਾਂਝੀ ਕੀਤੀ। ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰਨ ਕਰਨ ਦਾ ਕਾਰਜ ਵੀ ਹੋ ਚੁੱਕਿਆ ਹੈ (ਬੇਸ਼ਕ ਕੁਝ ਤਰੁਟੀਆਂ ਹਨ)।

ਕੋਸ਼ਕਾਰੀ ਦਾ ਇਕ ਮਹੱਤਵਪੂਰਨ ਖੇਤਰ ਹੈ। ਸਮੱਗਰੀ ਦਾ ਸੰਕਲਨ ਤੇ ਸੰਪਾਦਨ ਕਰਨ ਲਈ ਦੋ ਭਾਸ਼ੀ ਕੋਸ਼, ਇਕ ਭਾਸ਼ੀ ਕੋਸ਼, ਬਹੁ ਅਰਥਕ ਕੋਸ਼, ਵਿਰੋਧਾਰਥਕ ਸ਼ਬਦ ਕੋਸ਼ ਆਦਿ ਦੀ ਜ਼ਰੂਰਤ ਹੈ। ਕੁਝ ਐਨ.ਆਰ.ਆਈ. ਵਿਦਵਾਨਾਂ ਵਲੋਂ ਇਸ ਖੇਤਰ ਵਿਚ ਕੁਝ ਸੀ.ਡੀਜ. ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਸ੍ਰ. ਰਘਬੀਰ ਸਿੰਘ ਬੈਂਸ, ਥਿੰਦ, ਪੁਰੇਵਾਲ, ਸ੍ਰ. ਬਲਵਿੰਦਰ ਸਿੰਘ ਹੁਰਾਂ ਦੇ ਕੰਮ ਮਹੱਤਵਪੂਰਨ ਹਨ। ਇਨ੍ਹਾਂ ਦਾ ਸੰਬੰਧ ਸਿੱਖ ਫਿਲਾਸਫੀ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਹੈ। ਤੁਕ ਤਤਕਰਾ ਕੋਸ਼ ਵੀ ਤਿਆਰ ਕੀਤੇ ਗਏ ਹਨ। ਗੁਰਮੁਖੀ ਲਿਪੀ ਦਾ ਆਰੰਭਕ ਸਿਖਲਾਈ ਵੀ ਪੰਜਾਬੀ ਭਾਸ਼ਾ ਦੇ ਆਰੰਭਕ ਕੈਦਿਆਂ 'ਤੇ ਆਧਾਰਤ ਮੌਜੂਦ ਹੈ। ਕੋਸ਼ੀ ਇਕਾਈਆਂ ਦੀ ਤਰਤੀਬ, ਸ਼ਬਦ ਜੋੜਾਂ ਦੀ ਇਕਸਾਰਤਾ ਅਤੇ ਸ਼ਬਦਾਵਲੀ ਤੇ ਅਰਥਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਉਲਟਾਉਣ ਪੁਲਟਾਉਣ ਅਤੇ ਤਕਨੀਕੀ ਕਾਰਜਾਂ ਲਈ ਕੰਪਿਊਟਰ ਦੀ ਵਰਤੋਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪੰਜਾਬੀ ਵਿਚ ਅਜਿਹੇ ਕੋਸ਼ਾਂ ਦੀ ਘਾਟ ਹੈ ਜਿਨ੍ਹਾਂ ਨੂੰ ਕੰਪਿਊਟਰੀ ਭਾਸ਼ਾ ਵਿਚ ਤਬਦੀਲ ਕਰਕੇ ਇਸ ਯੋਗ ਬਣਾਇਆ ਜਾ ਸਕੇ ਤਾਂ ਜੋ ਸਮੇਂ ਦੇ ਹਾਣ ਦੀ ਭਾਸ਼ਾ ਨਾਲ ਪੂਰਨ ਨਿਆਂ ਹੋ ਸਕੇ ਥਾਪਰ ਇੰਸਟੀਚਿਊਟ ਪਟਿਆਲਾ ਦੇ ਕੇਂਦਰ ਵੱਲੋਂ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਰਹਿਨੁਮਾਈ ਨਾਲ ਇਸ ਦਿਸ਼ਾ ਵਿਚ ਕੁਝ ਮਹੱਤਵਪੂਰਨ ਕੰਮ ਕੀਤੇ ਗਏ ਹਨ। ਹੁਣ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਦਿਸ਼ਾ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦੇ ਸ਼ਗਿਰਦ ਸੀ.ਪੀ. ਕੰਬੋਜ ਵੀ ਇਸ ਖੇਤਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਪੰਜਾਬੀ ਭਾਸ਼ਾ ਵਿਚ 60 ਦੇ ਕਰੀਬ ਫੌਂਟ ਮੌਜੂਦ ਹਨ। ਇਸ ਇੰਸਟੀਚਿਊਟ ਨੇ ਸਟੈਂਡਰ ਫੌਂਟ ਸਥਾਪਤ ਕੀਤਾ ਹੈ ਤੇ 60 ਨੂੰ ਉਸ ਵਿਚ ਤਬਦੀਲ ਵੀ ਕੀਤਾ ਜਾ ਸਕਦਾ ਹੈ। ਇਸ ਕੇਂਦਰ ਵਲੋਂ ਡਾ. ਹਰਕੀਰਤ ਸਿੰਘ ਹੁਰਾਂ ਦੁਆਰਾ ਸਥਾਪਤ ਕੀਤੇ ਗਏ ਸ਼ਬਦ ਜੋੜਾਂ ਦੇ ਨਿਯਮਾਂ ਨੂੰ ਆਧਾਰ ਬਣਾ ਕੇ ਸਪੈਲ ਚੈੱਕਰ ਵੀ ਬਣਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਹੁਰਾਂ ਦੁਆਰਾ ਰਚਿਆ ਗਿਆ ਮਹਾਨ ਗ੍ਰੰਥ "ਮਹਾਨ ਗ੍ਰੰਥ" ਨੂੰ ਆਧਾਰ ਬਣਾ ਕੇ ਇਲੈਕਟ੍ਰਾਨਿਕ ਸ਼ਬਦ ਕੋਸ਼ 'ਤੇ ਸਥਾਪਤ ਕੀਤਾ ਗਿਆ। ਤਕਨੀਕੀ



Sri Satguru Jagjit Singh Ji Elibrary NamdhariElibrary@gmail.com

ਸ਼ਬਦ ਕੋਸ਼ ਵੀ ਤਿਆਰ ਕਰ ਲਿਆ ਗਿਆ ਹੈ। ਇਸ ਕੇਂਦਰ ਦੁਆਰਾ ਵਰਡ ਪ੍ਰੋਸੈਸਰ ਯਨੀ ਕਿ ਸਮੁੱਚਾ ਭਾਸ਼ਾ ਪ੍ਰਬੰਧ ਮੁਹੱਈਆ ਕਰਵਾਇਆ ਗਿਆ ਹੈ ਜਿਸ ਵਿਚ ਕੀ-ਬੋਰਡ ਤੋਂ ਲੈ ਕੇ ਸ਼ਬਦ ਕੋਸ਼, ਸਪੈਲ ਚੈਕਰ, ਤਰਤੀਬ ਪ੍ਰਬੰਧ, ਫੌਂਟ ਤਬਦੀਲੀ, ਗਰਾਮਰ ਦੀਆਂ ਗਲਤੀਆਂ ਤੇ ਵਿਸਰਾਮ ਚਿਨ੍ਹਾਂ ਦੀ ਚੈਕਿੰਗ ਆਦਿ ਵੀ ਹੋ ਜਾਂਦੀ ਹੈ। ਗੁਰਮੁਖੀ ਦਾ ਓ.ਸੀ.ਆਰ. ਵੀ ਤਿਆਰ ਕਰਵਾ ਲਿਆ ਗਿਆ ਹੈ ਜਿਸ ਵਿਚ ਹਰ ਤਰ੍ਹਾਂ ਦੇ ਦਸਤਾਵੇਜ ਨੂੰ ਪੜ੍ਹ ਕੇ ਕੰਪਿਊਟਰ ਦੀ ਮੈਮਰੀ ਵਿਚ ਜਮਾ ਕਰ ਲੈਣ ਦੀ ਸਮਰੱਥਾ ਹੁੰਦੀ ਹੈ। ਉਸ ਨੂੰ ਕੰਪਿਊਟਰ ਸਕਰੀਨ 'ਤੇ ਲਿਆ ਕੇ ਉਸ ਦੀ ਸੰਪਾਦਨਾ ਜਾਂ ਰੂਪਾਂਤਰਨ ਕੀਤਾ ਜਾ ਸਕਦਾ ਹੈ। ਤਸਵੀਰਾਂ ਨੂੰ ਐਡਿਟ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਤੇ ਪੰਜਾਬੀ ਭਾਸ਼ਾ ਸਹੂਲਤਾਂ ਪ੍ਰਾਪਤ ਕਰਵਾ ਦਿੱਤੀਆਂ ਗਈਆਂ ਹਨ। ਜਪੁਜੀ ਸਾਹਿਬ, ਚੰਡੀ ਦੀ ਵਾਰ, ਬੁਲ੍ਹੇ ਸ਼ਾਹ ਦਾ ਕਲਾਮ, ਸ਼ਿਵ ਦੀ ਲੂਣਾ, ਵਾਰਿਸ ਦੀ ਹੀਰ ਆਦਿ ਮਹੱਤਵਪੂਰਨ ਸਾਹਿਤਕ ਵੰਨਗੀਆਂ ਇੰਟਰਨੈੱਟ ਰਾਹੀਂ ਪੜ੍ਹਨ ਲਈ ਮਿਲ ਸਕਦੀਆਂ ਹਨ। ਬਹੁਤ ਸਾਰੀਆਂ ਵੈਬਸਾਈਟ ਬਣ ਚੁੱਕੀਆਂ ਹਨ।

ਕੰਪਿਊਟਰ ਦੀ ਕੋਸ਼ਕਾਰੀ ਦੇ ਖੇਤਰ ਵਿਚ ਵਰਤੋਂ ਤੋਂ ਇਲਾਵਾ ਜਦੋਂ ਅਨੁਵਾਦ ਦੇ ਖੇਤਰ ਵਿਚ ਵਰਤੋਂ ਵਿਉਂਤ ਵਲ ਝਾਤੀ ਮਾਰੀ ਜਾਂਦੀ ਹੈ ਤਾਂ ਕੰਮ ਨਾ ਦੇ ਬਰਾਬਰ ਹੀ ਹੈ। ਵਿਦੇਸ਼ਾਂ ਵਿਚ ਇਸ ਖੇਤਰ ਵਿਚ ਅਤੇ ਭਾਰਤ ਵਿਚ ਹੋਰ ਭਾਸ਼ਾਵਾਂ ਦੇ ਇਸ ਖੇਤਰ ਵਿਚ ਜੋ ਪ੍ਰਗਤੀ ਹੋਈ ਹੈ ਉਸ ਦੇ ਮੁਕਾਬਲੇ ਵਿਚ ਪੰਜਾਬੀ ਭਾਸ਼ਾ ਦਾ ਖੇਤਰ ਬਹੁਤ ਪਿੱਛੇ ਹੈ। ਆਗਰੇ ਵਿਚ 'ਕੇਂਦਰੀ ਹਿੰਦੀ ਸੰਸਥਾਨ' ਨਾਮੀ ਇਕ ਸੰਸਥਾ ਹੈ ਜਿਥੇ ਇਸ ਦਿਸ਼ਾ ਵਿਚ ਭਾਰਤੀ ਭਾਸ਼ਾਵਾਂ ਨਾਲ ਸੰਬੰਧਤ ਅਨੁਵਾਦ ਦੇ ਕੰਮ ਹੋ ਰਹੇ ਹਨ। ਡਾ. ਠਾਕੁਰਦਾਸ ਪੰਜਾਬੀ ਭਾਸ਼ਾ ਤੋਂ ਅੰਗਰੇਜ਼ੀ ਅਨੁਵਾਦ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਅਨੁਸਾਰ ਇਸ ਖੇਤਰ ਵਿਚ ਪੰਜਾਬੀ ਭਾਸ਼ਾ ਦੇ ਵਿਆਕਰਨ ਤੇ ਕੋਸ਼ਾਂ ਦੀ ਜ਼ਰੂਰਤ ਹੈ ਤਾਂ ਜੋ ਇਲੈਕਟ੍ਰਾਨਿਕ ਵਿਆਕਰਨ ਤੇ ਕੋਸ਼ ਤਿਆਰ ਕੀਤੇ ਜਾ ਸਕਣ ਜੋ ਕਮਾਂਡ ਦੇਣ ਉਪਰੰਤ ਉਹ ਸਹੀ ਦਿਸ਼ਾ ਨਿਰਦੇਸ਼ ਦੇ ਦੇਣ ਤੇ ਸਹੀ ਅਨੁਵਾਦ ਹੋ ਸਕੇ। ਪਰ ਪੰਜਾਬੀ ਵਿਚ ਹਾਲੇ ਇਸ ਵਿਵਸਥਾ ਦੀ ਕਮੀ ਹੈ। ਭਾਸ਼ਾਈ/ਵਿਆਕਰਨ ਵਿਸ਼ੇਸ਼ਤਾਵਾਂ ਨੂੰ ਲੱਭਣਾ ਪਵੇਗਾ। ਹਰ ਨਿਯਮ ਨੂੰ ਸਥਾਪਤ ਕਰਨ ਉਪਰੰਤ ਉਸ ਵਿਚ ਆਉਣ ਵਾਲੇ ਅਪਵਾਦਾਂ ਨੂੰ ਵੀ ਲੱਭਣਾ ਪਵੇਗਾ ਤੇ ਨਾਲੋਂ ਨਾਲ ਦੇਣੇ ਪੈਣਗੇ। ਦੋ-ਭਾਸ਼ੀ ਕੋਸ਼ ਤਿਆਰ ਕਰਨੇ ਪੈਣਗੇ। ਸ਼ਬਦ ਦੇ ਮੂਲ ਅਰਥ ਨਾਲ-ਨਾਲ ਲਕਸ਼ਨਾ ਅਰਥਾਂ ਨੂੰ ਵੀ ਦੇਣਾ ਪਵੇਗਾ ਜਿਥੋਂ ਤੱਕ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਹੈ ਉਸ ਅਨੁਸਾਰ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਪਰੰਪਰਾਵਾਂ ਅਨੁਸਾਰ ਵਿਆਕਰਨ ਸ਼ਬਦ ਦਾ ਭਾਵ ਖੇਤਰ ਵਧਦਾ ਘੱਟਦਾ ਰਿਹਾ ਹੈ। ਭਾਰਤੀ ਦਰਸ਼ਨ ਤੇ ਵਿਆਕਰਨ ਦੀ ਪਰੰਪਰਾ ਅਨੁਸਾਰ ਧੁਨੀ ਵਿਉਂਤ, ਰੂਪ ਵਿਗਿਆਨ, ਭਾਵ ਵਿਗਿਆਨ ਅਤੇ ਵਾਕ ਵਿਗਿਆਨ ਨੂੰ ਵਿਆਕਰਨ ਦੇ ਘੇਰੇ ਵਿਚ ਸ਼ਾਮਲ ਕੀਤਾ ਜਾਂਦਾ ਹੈ। ਯੂਰਪੀ ਧਾਰਾ ਅਨੁਸਾਰ ਦੋ ਧਾਰਾਵਾਂ ਪ੍ਰਚਲਤ ਹਨ। ਪਹਿਲੀ ਧਾਰਾ ਰੂਪ ਵਿਗਿਆਨ ਅਤੇ ਵਾਕ ਵਿਗਿਆਨ ਤੱਕ ਹੀ ਵਿਆਕਰਨ ਦਾ ਘੇਰਾ ਸੀਮਤ ਹੈ ਤੇ ਦੂਜੀ ਧਾਰਾ ਅਨੁਸਾਰ ਧੁਨੀ ਵਿਚ ਗਿਆਨ, ਰੂਪ ਵਿਗਿਆਨ ਤੇ ਵਾਕ ਵਿਗਿਆਨ ਸ਼ਾਮਲ ਹੈ। ਚੋਮਸਕੀ ਨੇ ਅਰਥ ਵਿਗਿਆਨ ਦੇ ਮਹੱਤਵ ਨੂੰ ਸਵੀਕਾਰਦੇ ਹੋਏ ਇਸ ਨੂੰ ਵਿਆਕਰਨ ਦੇ ਘੇਰੇ ਵਿਚ ਸ਼ਾਮਲ ਕੀਤਾ ਤੇ ਰੂਪਾਂਤਰੀ ਤੇ ਸਿਰਜਣਾਤਮਕ ਵਿਆਕਰਨ ਦੇ ਨਿਯਮ ਨਿਰਧਾਰਤ ਕੀਤੇ। ਇਸੇ ਬਦਲ ਵਿਚੋਂ ਹੀ ਪ੍ਰਕਾਰਜੀ ਵਿਆਕਰਨ ਹੋਂਦ ਵਿਚ ਆਏ।

ਪੰਜਾਬੀ ਵਿਆਕਰਨ ਦੀ ਦਿਸ਼ਾ ਵਿਚ ਗੱਲ ਕਰੀਏ ਤਾਂ ਕੋਈ ਵੀ ਵਿਆਕਰਨ ਅਜਿਹਾ



Sri Satguru Jagjit Singh Ji Elibrary NamdhariElibrary@gmail.com

ਨਹੀਂ ਜਿਸ ਵਿਚ ਪੰਜਾਬੀ ਭਾਸ਼ਾ ਦੀਆਂ ਸਮੁੱਚੀਆਂ ਉਪਭਾਸ਼ਾਵਾਂ ਨੂੰ ਆਧਾਰ ਬਣਾ ਕੇ ਵਿਆਕਰਨ ਨਿਯਮਾਂ ਦਾ ਵੇਰਵਾ ਮਿਲਦਾ ਹੋਵੇ ਜਾਂ ਕਿਹੜੀਆਂ ਉਪਭਾਸ਼ਾਵਾਂ ਨੂੰ ਰੱਖਿਆ ਜਾਵੇ ਜਾਂ ਕਿਨ੍ਹਾਂ ਨੂੰ ਬਾਹਰ ਕਰ ਦਿੱਤਾ ਜਾਵੇ। ਕੀ ਲਹਿੰਦੀ ਤੇ ਡੋਗਰੀ ਨੂੰ ਸ਼ਾਮਲ ਕਰਨਾ ਹੈ ਜਾਂ ਨਹੀਂ।

ਇਸ ਤੋਂ ਇਲਾਵਾ ਕੋਈ ਵੀ ਵਿਆਕਰਨ ਅਜਿਹਾ ਨਹੀਂ ਜਿਸ ਵਿਚ ਅਜੋਕੀ ਪੰਜਾਬੀ ਦੀਆਂ ਵਿਆਕਰਨਕ ਬਰੀਕੀਆਂ ਨੂੰ ਬਿਆਨਿਆ ਗਿਆ ਹੋਵੇ, ਮਿਸਾਲ ਵਜੋਂ ਸ਼ਬਦਾਵਲੀ ਦੀ ਸ਼੍ਰੇਣਿਕ ਵੰਡ, ਪ੍ਰਸ਼ਨਿਕ ਵਾਕਾਂ ਦੀਆਂ ਕਿਸਮਾਂ, ਪ੍ਰੇਰਨਾਰਥਕ ਵਾਕਾਂ ਪੜਨਾਵਾਂ ਦੀ ਵਰਗ ਵੰਡ, ਅਵਿਕਾਰੀ ਸ਼ਬਦ ਸ਼੍ਰੇਣੀਆਂ ਵਿਚ ਮੌਜੂਦ ਵਿਕਾਰੀ ਅੰਸ਼ਾਂ ਕਾਰਕਾਂ ਦੀ ਗਿਣਤੀ ਵਿਆਕਰਨਕ ਸ਼੍ਰੇਣੀਆਂ ਆਦਿ ਕੁੱਝ ਕੁ ਮਹੱਤਵਪੂਰਨ ਨੁਕਤੇ ਹਨ ਜਿਨ੍ਹਾਂ ਬਾਰੇ ਪਿਛਲੇ ਕੁਝ ਸਮੇਂ ਤੋਂ ਚਰਚਾ ਚਲ ਰਹੀ ਹੈ। ਪੰਜਾਬੀ ਭਾਸ਼ਾ ਨੂੰ ਅਨੁਵਾਦ ਦੇ ਖੇਤਰ ਵਿਚ ਹੋਰ ਭਾਸ਼ਾਵਾਂ ਦੇ ਹਾਣ ਦਾ ਬਣਾਉਣ ਲਈ ਗਣਿਤਿਕ ਫਾਰਮੂਲਿਆਂ ਵਰਗੇ ਨਿਯਮਾਂ ਦਾ ਪ੍ਰਗਟਾਵਾ ਕਰਦੇ ਹੋਏ ਵਿਆਕਰਨਾਂ ਦੀ ਅਤੇ ਕੋਸ਼ਾਂ ਦੀ ਸਥਾਪਤੀ ਦੀ ਲੋੜ ਹੈ। ਇਸ ਦਿਸ਼ਾ ਵਿਚ ਕੰਮ ਚਲ ਰਹੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੇ ਇਸ ਯੁੱਗ ਵਿਚ ਪੰਜਾਬੀ ਭਾਸ਼ਾ ਲਈ ਕਈ ਚੈਲੈਂਜਿਸ ਮੌਜੂਦ ਹਨ। ਇਸ ਨੇ ਅੰਤਰਰਾਸ਼ਟਰੀ ਪੱਧਰ ਤੱਕ ਸਮੇਂ ਦੇ ਹਾਣ ਦਾ ਬਣਨਾ ਹੈ। ਆਪਣੀ ਹੋਂਦ ਬਚਾ ਕੇ ਰੱਖਣੀ ਹੈ। ਪ੍ਰਭਾਵਤ ਭਾਸ਼ਾਵਾਂ ਤੋਂ ਸ਼ਬਦਾਵਲੀ ਦਾ ਆਦਾਨ ਪ੍ਰਦਾਨ ਇਸ ਦੇ ਵਿਰਸੇ ਨੂੰ ਅਮੀਰ ਬਣਾਈ ਰੱਖਦਾ ਹੈ ਪ੍ਰੰਤੂ ਮੂਲ ਢਾਂਚੇ (ਵਿਆਕਰਨਕ ਨਿਯਮਾਂ) ਵਿਚ ਕੋਈ ਪਰਿਵਰਤਨ ਨਹੀਂ ਕਰਨਾ। ਹੋਂਦ ਬਰਕਰਾਰ ਹੀ ਰੱਖਣੀ ਹੈ। ਇਸ ਭਾਸ਼ਾ ਦੇ ਮਹੱਤਵ ਬਾਰੇ ਚੇਤਨਾ ਪੈਦਾ ਕਰਨ ਦੀ ਜ਼ਰੂਰਤ ਹੈ।

ਲੋਕਾਂ ਦੀ ਮਾਨਸਿਕਤਾ ਬਦਲਣ ਦੀ ਜ਼ਰੂਰਤ ਹੈ ਪ੍ਰੰਤੂ ਪੰਜਾਬ ਵਿਚ ਪੰਜਾਬੀਆਂ ਦੀ ਮਾਨਸਿਕਤਾ ਹਾਲੇ ਵੀ ਗੁਲਾਮੀ ਵਾਲੀ ਹੈ ਤੇ ਇਹ ਇਸੇ ਹੀਣ ਭਾਵਨਾ ਦਾ ਸ਼ਿਕਾਰ ਹੁੰਦੇ ਹੋਏ ਪੰਜਾਬੀ ਭਾਸ਼ਾ ਨੂੰ ਬੋਲਣ ਅਤੇ ਵਰਤਣ ਤੋਂ ਗੁਰੇਜ਼ ਕਰਦੇ ਹਨ। ਪੰਜਾਬੀ ਭਾਸ਼ਾ ਦੀ ਤਰੱਕੀ ਲਈ ਲੋਕਾਂ ਦੀ ਮਾਨਸਿਕਤਾ ਨੂੰ ਬਦਲਣਾ ਸਮੇਂ ਦੀ ਅਹਿਮ ਲੋੜ ਹੈ।

*ਪ੍ਰੋ: ਪੰਜਾਬੀ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਮੋਬਾਇਲ: 99152 98880

□□□



Sri Satguru Jagjit Singh Ji Elibrary NamdhariElibrary@gmail.com

# ਮਾਤ-ਭਾਸ਼ਾ ਵਜੋਂ ਪੰਜਾਬੀ ਦੀ ਸਥਿਤੀ ਤੇ ਸਥਾਨ

*ਡਾ: ਸ.ਨ. ਸੇਵਕ

ਪੰਜਾਬੀ ਭਾਰਤ ਦੀ ਇਕ ਸੰਵਿਧਾਨਕ ਭਾਸ਼ਾ ਹੈ ਜਿਹੜੀ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿਚ ਆਮ ਵਰਤੀ ਜਾਂਦੀ ਹੈ ਤੇ ਦੇਸ਼ ਦੇ ਵੱਖੋਂ-ਵੱਖਰੇ ਹਿੱਸਿਆਂ ਵਿਚ ਰਹਿੰਦੇ ਪੰਜਾਬੀਆਂ ਦੁਆਰਾ ਵੀ ਬੋਲੀ ਜਾਂਦੀ ਹੈ। ਬੰਬਈ/ਮੁੰਬਈ ਵਰਗੇ ਮਹਾਂਨਗਰ ਵਿਚ ਵੀ ਪੰਜਾਬੀ ਬੋਲਣ ਵਾਲਿਆਂ ਦੀ ਕਮੀ ਨਹੀਂ ਅਤੇ ਹਿੰਦੀ ਫਿਲਮਾਂ ਵਿਚ ਤਾਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ। ਦਰਅਸਲ ਪੰਜਾਬੀ ਲੋਕ ਜਿੱਥੇ ਵੀ ਜਾਂਦੇ ਹਨ, ਆਪਣੀ ਬੋਲੀ ਤੇ ਸਭਿਆਚਾਰ ਦੀ ਛਾਪ ਨਾਲ ਆਪਣੀ ਵਿਲੱਖਣ ਪਛਾਣ ਬਣਾ ਲੈਂਦੇ ਹਨ। ਵਿਸ਼ਵ ਪੱਧਰ 'ਤੇ ਪੰਜਾਬੀ ਦੁਨੀਆ ਦੀ ਤੇਰ੍ਹਵੀਂ ਵੱਡੀ ਭਾਸ਼ਾ ਹੈ ਅਤੇ ਇਸ ਦਾ ਘੇਰਾ ਬੜਾ ਵਿਸ਼ਾਲ ਹੈ। ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਭਾਰਤ ਦੇ ਸਾਰੇ ਪੰਜਾਬੀ ਬੁਲਾਰਿਆਂ ਤੋਂ ਵੱਧ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਵਰਗੇ ਵਿਕਸਤ ਦੇਸ਼ਾਂ ਵਿਚ ਵੀ ਪੰਜਾਬੀਆਂ ਦੀ ਵਸੋਂ ਕਾਫ਼ੀ ਜ਼ਿਆਦਾ ਹੈ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਨੇ ਆਪਣੀ ਬੋਲੀ, ਸਾਹਿਤ ਤੇ ਸਭਿਆਚਾਰ ਨੂੰ ਸਾਂਭ ਕੇ ਰਖਿਆ ਹੋਇਆ ਹੈ। ਇਸ ਤਰ੍ਹਾਂ ਪੰਜਾਬੀ ਦੁਨੀਆ ਭਰ ਵਿਚ ਲਗਭਗ ਵੀਹ ਕਰੋੜ ਲੋਕਾਂ ਦੀ ਜ਼ੁਬਾਨ ਹੈ।

ਮਾਤ-ਭਾਸ਼ਾ ਵਜੋਂ ਅਸੀਂ ਪੰਜਾਬੀ ਨੂੰ ਕੀ ਦਰਜਾ ਦਿੰਦੇ ਹਾਂ, ਇਹ ਸਾਡੇ ਵਿਚਾਰਣ ਦਾ ਵਿਸ਼ਾ ਹੈ। ਅਸੀਂ ਆਪਣੀ ਗੱਲ ਪੰਜਾਬ ਤੋਂ ਹੀ ਸ਼ੁਰੂ ਕਰਦੇ ਹਾਂ। ਇੰਞ ਲਗਦਾ ਹੈ ਕਿ ਅਸੀਂ ਪੰਜਾਬੀ ਬੋਲਦੇ ਹੋਏ ਵੀ ਪੰਜਾਬੀ ਨੂੰ ਉਹ ਦਰਜਾ ਨਹੀਂ ਦਿੰਦੇ ਜੋ ਮਾਂ-ਬੋਲੀ ਨੂੰ ਮਿਲਣਾ ਚਾਹੀਦਾ ਹੈ। ਅਸੀਂ ਪੰਜਾਬ ਦੇ ਸ਼ਹਿਰਾਂ ਦੇ ਕਿਸੇ ਬਾਜ਼ਾਰ ਵਿਚ ਚਲੇ ਜਾਈਏ, ਸਾਨੂੰ ਕੋਈ ਟਾਵਾਂ ਕੁ ਚਿੰਨ੍ਹ ਹੀ ਪੰਜਾਬੀ ਦਾ ਮਿਲੇਗਾ। ਲਗਭਗ ਸਾਰੇ ਸਾਈਨ-ਬੋਰਡ ਅੰਗਰੇਜ਼ੀ ਵਿਚ ਹੋਣਗੇ। ਐਵੇਂ ਕਿਧਰੇ ਕੁ ਹੀ ਕੋਈ ਇਸ਼ਤਿਹਾਰ ਪੰਜਾਬੀ ਵਿਚ ਮਿਲੇਗਾ। ਕੋਈ ਵਿਦੇਸ਼ੀ ਤਾਂ ਇਹ ਅੰਦਾਜ਼ਾ ਵੀ ਨਹੀਂ ਲਾ ਸਕੇਗਾ ਕਿ ਉਹ ਪੰਜਾਬ ਵਿਚ ਹੈ ਜਿੱਥੇ ਦੇ ਲੋਕਾਂ ਦੀ ਜ਼ੁਬਾਨ ਪੰਜਾਬੀ ਹੈ। ਦੁਕਾਨਾਂ ਵਿਚ ਜਾਓ ਤਾਂ ਬਿੱਲ ਆਦਿ ਅੰਗਰੇਜ਼ੀ ਵਿਚ ਹੀ ਛਪੇ ਹੋਣਗੇ। ਜੇ ਸ਼ਹਿਰ ਦੀਆਂ ਗਲੀਆਂ ਮੁਹੱਲਿਆਂ ਵਿਚ ਜਾਓਗੇ ਤਾਂ ਘਰਾਂ ਉੱਪਰ ਵੀ ਨਾਂ ਤੇ ਪਤਾ ਅੰਗਰੇਜ਼ੀ ਵਿਚ ਹੀ ਲਿਖਿਆ ਹੋਏਗਾ। ਜਿਸ ਮੁਹੱਲੇ ਵਿਚ ਮੈਂ ਆਪ ਰਹਿੰਦਾ ਹਾਂ, ਉਸ ਵਿਚ ਘਰ ਦੀ ਬਾਹਰਲੀ ਦੀਵਾਰ 'ਤੇ ਕੇਵਲ ਮੇਰਾ ਹੀ ਨਾਂ ਤੇ ਪਤਾ ਪੰਜਾਬੀ ਵਿਚ ਲਿਖਿਆ ਹੋਇਆ ਹੈ, ਬਾਕੀ ਸਾਰਿਆਂ ਦੇ ਘਰਾਂ ਦੇ ਬਾਹਰ ਅੰਗਰੇਜ਼ੀ ਦੀਆਂ ਨੇਮ-ਪਲੇਟਾਂ ਲੱਗੀਆਂ ਹੋਈਆਂ ਹਨ। ਮੈਂ ਵੀ 'ਸੇਵਕ' ਅੰਗਰੇਜ਼ੀ ਵਿਚ ਵੀ ਲਿਖਵਾ ਦਿੱਤਾ ਤਾਂ ਜੋ ਪੰਜਾਬੀ ਨਾ ਪੜ੍ਹ ਸਕਣ ਵਾਲੇ ਦੋਸਤਾਂ ਨੂੰ ਮੇਰੇ ਘਰ ਦਾ ਪਤਾ ਲਗ ਜਾਵੇ। ਦਫ਼ਤਰਾਂ ਵਿਚ ਕੰਮ ਅੱਧਾ ਪੰਜਾਬੀ ਤੇ ਅੱਧਾ ਅੰਗਰੇਜ਼ੀ ਵਿਚ ਹੁੰਦਾ ਹੈ। ਜੇ ਤੁਸੀਂ ਕਿਸੇ ਵੱਡੇ ਅਫ਼ਸਰ ਨੂੰ ਮਿਲਣਾ ਹੋਵੇ ਤਾਂ ਪੰਜਾਬੀ ਦੀ ਬਜਾਏ ਅੰਗਰੇਜ਼ੀ ਬੋਲਣ ਨਾਲ ਤੁਹਾਡੀ ਸੁਣਵਾਈ ਚੰਗੇਰੀ ਹੁੰਦੀ ਹੈ। ਅੰਗਰੇਜ਼ੀ ਮੀਡੀਅਮ ਸਕੂਲਾਂ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਅੰਗਰੇਜ਼ੀ ਵਿਚ ਬੋਲਣਾ ਲਾਜ਼ਮੀ ਹੁੰਦਾ ਹੈ। ਨਰਸਰੀ ਦੇ ਬੱਚਿਆਂ ਨੂੰ 'ਵਨ, ਟੂ' ਅਤੇ 'ਏ, ਬੀ, ਸੀ.' ਪੜ੍ਹਾਈ ਜਾਂਦੀ ਹੈ। ਉਨ੍ਹਾਂ ਨੂੰ 'ਬਾਬਾ ਬਲੈਕ ਸ਼ੀਪ' ਰਟਾਇਆ ਜਾਂਦਾ ਹੈ ਜਿਵੇਂ ਕਿ ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਵਿਚ ਕੋਈ ਬਾਲ ਕਵਿਤਾ ਲਿਖੀ ਹੀ ਨਾ ਗਈ ਹੋਵੇ। ਘਰ ਆਏ ਬੱਚਿਆਂ ਨੂੰ ਮਾਂ ਆਖੇਗੀ : 'ਹੈਂਡਜ਼ ਵਾਸ਼ ਕਰ ਲੈਂ, 'ਨੋਜ਼ੀ ਸਾਫ਼ ਕਰ ਲੈ', 'ਯੂਨੀਫਾਰਮ ਉਤਾਰ ਦੇ', ਵਗੈਰਾ ਵਗੈਰਾ...।

ਮੇਰੇ ਨਾਲ ਮੇਰਾ ਇਕ ਗਵਾਂਢੀ ਦੋਸਤ ਮਨਜੀਤ ਸਿੰਘ ਸੈਰ ਕਰਨ ਰੋਜ਼ ਗਾਰਡਨ ਜਾਂਦਾ ਹੁੰਦਾ ਸੀ। ਹੁਣ ਮੈਂ ਰੋਜ਼ ਗਾਰਡਨ ਹੀ ਆਖਾਂਗਾ, 'ਗੁਲਾਬ ਬਾਗ਼' ਤਾਂ ਨਹੀਂ। ਇਕ ਦਿਨ ਉਸ ਦਾ ਸਕੂਲ ਜਾਣ ਵਾਲਾ ਛੋਟਾ ਬੇਟਾ ਵੀ ਸਾਡੇ ਨਾਲ ਚਲ ਪਿਆ। ਜਦੋਂ ਅਸੀਂ ਰੋਜ਼ ਗਾਰਡਨ ਪਹੁੰਚੇ ਤਾਂ ਇਕ ਮੋਰ ਦੇਖ ਕੇ ਉਹ ਉੱਚੀ ਉੱਚੀ ਬੋਲ ਪਿਆ- ਅੰਕਲ 'ਪੀਕੌਕ'। ਮੈਂ ਉਸ ਨੂੰ ਕਿਹਾ ਕਿ ਇਹ ਮੋਰ ਹੈ। ਉਸ ਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ 'ਪੀਕੌਕ' ਮੋਰ ਹੁੰਦਾ ਹੈ। ਇਸ ਤਰ੍ਹਾਂ ਬਤਖ ਨੂੰ ਉਸ ਨੇ 'ਡਕ' ਆਖਿਆ ਤੇ ਬਾਂਦਰ ਨੂੰ 'ਮੌਂਕੀ'। ਮੇਰੇ ਲਈ ਉਸ ਨੂੰ ਪੰਜਾਬੀ ਸਿਖਾਉਣੀ ਔਖੀ ਲੱਗੀ। ਮੈਂ ਉਸ ਨੂੰ ਘੁੱਗੀ ਵਿਖਾਈ ਤੇ ਉਹ ਕਹਿਣ ਲੱਗਾ - ਇਹ ਤਾਂ ਡਵ ਹੈ। ਉਸ ਨੂੰ ਘੁੱਗੀ ਸ਼ਬਦ ਬੋਲਣਾ ਵੀ ਔਖਾ ਜਾਪਿਆ। ਇੰਝ ਲਗਦਾ ਹੈ ਕਿ ਅਸੀਂ ਪੰਜਾਬੀ ਨੂੰ ਇਕ ਘਟੀਆ ਜ਼ੁਬਾਨ ਸਮਝਣ ਲਗ ਪਏ ਹਾਂ। ਘਰਾਂ ਵਿਚ ਵੀ ਅਸੀਂ ਪੰਜਾਬੀ ਸ਼ਬਦਾਂ ਦੀ ਥਾਂ ਤੇ ਅੰਗਰੇਜ਼ੀ ਸ਼ਬਦਾਂ ਨੂੰ ਤਰਜੀਹ ਦਿੰਦੇ ਹਾਂ। ਮਾਵਾਂ ਬੜੇ ਮਾਣ ਨਾਲ ਕਹਿਣਗੀਆਂ - 'ਮੇਰੇ ਪੁੱਤਰ ਨੂੰ ਏ ਤੋਂ ਜ਼ੈੱਡ ਤਕ ਸਾਰੇ ਲੈਟਰ ਯਾਦ ਹਨ। ਸੁਣਾ ਬੇਟਾ!' ਜੇ ਕਿਸੇ ਹਾਈ ਸਕੂਲ ਦੇ ਬੱਚੇ ਨੂੰ ਪੁਛ ਲਵੋ ਕਿ ਉਨੱਤੀ ਕਿੰਨੇ ਹੁੰਦੇ ਹਨ, ਤਾਂ ਉਹ ਨਹੀਂ ਦਸ ਸਕੇਗਾ। ਉਸ ਨੂੰ ਤਾਂ ਟਵੈਂਟੀ-ਨਾਈਨ ਦਾ ਹੀ ਪਤਾ ਹੈ। ਸਾਨੂੰ ਇਹ ਵਿਸ਼ਵਾਸ਼ ਹੀ ਨਹੀਂ ਕਿ ਸਕੂਲੀ ਸਿਖਿਆ ਲਈ ਮਾਤ ਭਾਸ਼ਾ ਹੀ ਸਰਵੋਤਮ ਮਾਧਿਅਮ ਹੈ। ਪਬਲਿਕ ਸਕੂਲਾਂ ਦੇ ਬੱਚੇ ਗੁਰੂ ਨਾਨਕ ਬਾਰੇ ਅੰਗਰੇਜ਼ੀ ਵਿਚ ਲਿਖੇ ਲਿਖਾਏ ਵਾਕਾਂ ਨੂੰ ਰੱਟੇ ਲਗਾਉਣਗੇ ਪਰ ਉਨ੍ਹਾਂ ਨੂੰ ਆਪਣੀ ਬੋਲੀ ਵਿਚ ਆਪਣੇ ਗੁਰੂ ਬਾਰੇ ਵੀ ਜਾਨਣ ਦਾ ਅਧਿਕਾਰ ਨਹੀਂ। ਇਤਿਹਾਸ ਤੇ ਭੂਗੋਲ ਅੰਗਰੇਜ਼ੀ ਵਿਚ ਹੀ ਪੜ੍ਹਨੇ ਪੈਣਗੇ ਅਤੇ ਉਨ੍ਹਾਂ ਨੂੰ ਸੁਤੰਤਰ ਹੋ ਕੇ ਸੋਚਣ ਦਾ ਮੌਕਾ ਹੀ ਨਹੀਂ ਮਿਲੇਗਾ। ਪੰਜਾਬੀ ਮੀਡੀਅਮ ਸਰਕਾਰੀ ਸਕੂਲ ਤਾਂ ਗਰੀਬ ਤੇ ਪਛੜੇ ਲੋਕਾਂ ਲਈ ਸਮਝੇ ਜਾਂਦੇ ਹਨ। ਇੰਗਲਿਸ਼ ਮੀਡੀਅਮ ਪਬਲਿਕ ਸਕੂਲ ਮਾਤ-ਭਾਸ਼ਾ ਨੂੰ ਛੁਟਿਆਉਂਦੇ ਹਨ ਅਤੇ ਅੰਗਰੇਜ਼ੀ ਦੀ ਉੱਚਤਾ ਨੂੰ ਦਰਸਾਉਂਦੇ ਹਨ। ਹੁਣ ਤਾਂ ਪਿੰਡਾਂ ਵਿਚ ਵੀ ਅੰਗਰੇਜ਼ੀ ਮਾਧਿਅਮ ਸਕੂਲਾਂ ਦਾ ਪ੍ਰਸਾਰ ਹੋ ਗਿਆ ਹੈ ਤੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਬੱਚਿਆਂ ਨੂੰ ਘਟੀਆ ਸਹੂਲਤਾਂ ਵਾਲੇ ਸਰਕਾਰੀ ਪੰਜਾਬੀ ਮੀਡੀਅਮ ਸਕੂਲਾਂ ਵਿਚ ਭੇਜਣ ਜਾਂ ਵਧੀਆ ਸਹੂਲਤਾਂ ਵਾਲੇ ਪ੍ਰਾਈਵੇਟ ਅੰਗਰੇਜ਼ੀ ਮੀਡੀਅਮ ਸਕੂਲਾਂ ਵਿਚ। ਮਾਤ-ਭਾਸ਼ਾ ਪੰਜਾਬੀ ਸੰਬੰਧੀ ਸਾਡਾ ਇਹ ਰਵੱਈਆ ਕਿਸ ਹੱਦ ਤਕ ਜਾਇਜ਼ ਹੈ?

ਜੇ ਪੜ੍ਹੇ-ਲਿਖੇ ਪੰਜਾਬੀ ਲੋਕਾਂ ਦਾ ਸਰਵੇਖਣ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਤਿੰਨ-ਚੌਥਾਈ ਲੋਕ ਆਪਣੇ ਦਸਤਖਤ ਅੰਗਰੇਜ਼ੀ ਵਿਚ ਕਰਦੇ ਹਨ। ਜਦੋਂ ਮੈਂ ਇਰਾਕ ਵਿਚ ਅੰਗਰੇਜ਼ੀ ਦੇ ਅਧਿਆਪਕ ਵਜੋਂ ਕੰਮ ਕਰਦਾ ਸਾਂ ਤੇ ਦਫਤਰ ਤਨਖਾਹ ਲੈਣ ਜਾਂਦਾ ਸਾਂ ਤਾਂ ਦਸਤਖਤ ਅੰਗਰੇਜ਼ੀ ਵਿਚ ਹੀ ਕਰਦਾ ਸਾਂ। ਇਕ ਦਿਨ ਕਲਰਕ ਨੇ ਮੈਨੂੰ ਪੁੱਛਿਆ: 'ਤੁਸੀਂ ਦਸਤਖਤ ਵੀ ਅੰਗਰੇਜ਼ੀ ਵਿਚ ਕਰਦੇ ਹੋ? ਤੁਹਾਡੀ ਕੋਈ ਆਪਣੀ ਜ਼ੁਬਾਨ ਨਹੀਂ?' ਮੈਂ ਉਸ ਦੇ ਸਵਾਲਾਂ ਦਾ ਜਵਾਬ ਨਹੀਂ ਸੀ ਦੇ ਸਕਿਆ ਤੇ ਆਪਣੇ ਦਸਤਖਤ ਪੰਜਾਬੀ ਵਿਚ ਕਰਨੇ ਸ਼ੁਰੂ ਕਰ ਦਿੱਤੇ। ਕੋਈ ਵੀ ਪੜ੍ਹਿਆ ਲਿਖਿਆ ਅਰਬ ਵਿਅਕਤੀ ਆਪਣੇ ਦਸਤਖਤ ਕਿਸੇ ਹੋਰ ਜ਼ੁਬਾਨ ਵਿਚ ਨਹੀਂ ਕਰਦਾ, ਅਰਬੀ ਵਿਚ ਹੀ ਕਰਦਾ ਹੈ। ਇਸੇ ਤਰ੍ਹਾਂ ਕੋਈ ਵੀ ਰੂਸੀ, ਜਾਪਾਨੀ, ਜਰਮਨ, ਫਰਾਂਸੀਸੀ, ਜਾਂ ਈਰਾਨੀ ਆਪਣੇ ਦਸਤਖਤ ਆਪਣੀ ਮਾਤ-ਭਾਸ਼ਾ ਵਿਚ ਹੀ ਕਰਦਾ ਹੈ ਪਰ ਅਸੀਂ ਪੰਜਾਬੀ ਜਾਂ ਭਾਰਤੀ ਆਪਣੀ ਮਾਂ-ਬੋਲੀ ਨੂੰ ਇਹ ਮਾਣ ਨਹੀਂ ਦਿੰਦੇ। ਬਸਤੀਵਾਦੀ



Sri Satguru Jagjit Singh Ji Elibrary NamdhariElibrary@gmail.com

ਨਿਜ਼ਾਮ ਵਿਚ ਅਸੀਂ ਮਾਨਸਿਕ ਰੂਪ ਵਿਚ ਗੁਲਾਮ ਹੋ ਗਏ ਸਾਂ ਤੇ ਇਹ ਮਾਨਸਿਕ ਦਾਸਤਾ ਅਜੇ ਵੀ ਜਾਰੀ ਹੈ। ਆਜ਼ਾਦੀ ਤੋਂ ਬਾਅਦ ਤਾਂ ਅੰਗਰੇਜ਼ੀ ਦਾ ਗਲਬਾ ਹੋਰ ਵੀ ਵਧ ਗਿਆ ਹੈ ਅਤੇ ਮਾਤ-ਭਾਸ਼ਾ ਦਾ ਦਰਜਾ ਘਟ ਗਿਆ। ਇੰਗਲਿਸ਼ ਮੀਡੀਅਮ ਸਕੂਲਾਂ ਦੇ ਮੁਕਾਬਲੇ ਤੇ ਮਾਤ-ਭਾਸ਼ਾ ਮਾਧਿਅਮ ਵਾਲੇ ਸਕੂਲਾਂ ਦੀ ਕੋਈ ਵੁੱਕਤ ਹੀ ਨਹੀਂ। ਸੈਂਟਰਲ ਬੋਰਡਾਂ ਦੇ ਮੁਕਾਬਲੇ 'ਤੇ ਪੰਜਾਬ ਬੋਰਡ ਦੇ ਸਕੂਲਾਂ ਨੂੰ ਘਟੀਆ ਸਮਝਿਆ ਜਾਂਦਾ ਹੈ। ਦੇਸ਼ ਭਰ ਵਿਚ ਹਰ ਮਾਤ-ਭਾਸ਼ਾ ਦੀ ਸਥਿਤੀ ਅੰਗਰੇਜ਼ੀ ਨਾਲੋਂ ਮਾੜੀ ਹੈ। ਪੰਜਾਬ ਵਿਚ ਕਈ ਸਕੂਲ ਹਿੰਦੀ-ਮੀਡੀਅਮ ਹਨ, ਉਹ ਵੀ ਪੰਜਾਬੀ ਮੀਡੀਅਮ ਸਕੂਲਾਂ ਨਾਲੋਂ ਵਧੀਆ ਸਮਝੇ ਜਾਂਦੇ ਹਨ। ਅਜੇ ਵੀ ਦਿੱਲੀ, ਹਰਿਆਣਾ, ਤੇ ਹਿਮਾਚਲ ਪ੍ਰਦੇਸ਼ ਵਿਚ ਰਹਿਣ ਵਾਲੇ ਲੱਖਾਂ ਪੰਜਾਬੀ ਆਪਣੀ ਮਾਤ-ਭਾਸ਼ਾ ਹਿੰਦੀ ਹੀ ਲਿਖਵਾਉਂਦੇ ਹਨ, ਕਈ ਵਾਰੀ ਮੈਂ ਹੈਰਾਨ ਹੁੰਦਾ ਹਾਂ ਕਿ ਅਸੀਂ ਕਿਸ ਤਰ੍ਹਾਂ ਦੇ ਲੋਕ ਹਾਂ? ਆਪਣੀ ਮਾਂ-ਬੋਲੀ ਨੂੰ ਸਵੀਕਾਰ ਕਰਨ ਲਈ ਵੀ ਤਿਆਰ ਨਹੀਂ!

ਜੇ ਸਕੂਲੀ ਪੱਧਰ 'ਤੇ ਪੰਜਾਬੀ ਨੂੰ ਮਾਧਿਅਮ ਵਜੋਂ ਨਹੀਂ ਅਪਣਾਇਆ ਜਾਂਦਾ ਤਾਂ ਕਾਲਜ ਤੇ ਯੂਨੀਵਰਸਿਟੀ ਪੱਧਰ 'ਤੇ ਕੀ ਹਾਲ ਹੋਵੇਗਾ? ਸਾਇੰਸ ਸੰਬੰਧੀ ਵਿਸ਼ਿਆਂ ਨੂੰ ਛੱਡ ਕੇ ਜਿਨ੍ਹਾਂ ਵਿਸ਼ਿਆਂ ਵਿਚ ਪੰਜਾਬੀ ਮਾਧਿਅਮ ਅਪਣਾਇਆ ਵੀ ਗਿਆ ਹੈ, ਉਨ੍ਹਾਂ ਵਿਚ ਪੰਜਾਬੀ ਵਿਚ ਲੋੜੀਂਦੀਆਂ ਪੁਸਤਕਾਂ ਦੀ ਘਾਟ ਹੈ ਅਤੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੁਸਤਕਾਂ ਦਾ ਆਸਰਾ ਲੈਣਾ ਪੈਂਦਾ ਹੈ। ਇਤਿਹਾਸ ਤੇ ਅਰਥ ਵਿਗਿਆਨ ਵਰਗੇ ਵਿਸ਼ਿਆਂ ਵਿਚ ਪੰਜਾਬੀ ਮਾਧਿਅਮ ਵਾਲੇ ਵਿਦਿਆਰਥੀਆਂ ਦੀ ਬਜਾਏ ਅੰਗਰੇਜ਼ੀ ਮਾਧਿਅਮ ਵਾਲੇ ਉਮੀਦਵਾਰਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਮੈਂ ਅਠਾਈ ਸਾਲ ਖੇਤੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਦਾ ਅਧਿਆਪਕ ਰਿਹਾ ਹਾਂ। ਮੈਂ ਅਕਸਰ ਵੇਖਦਾ ਸਾਂ ਕਿ ਬਨਸਪਤੀ ਵਿਗਿਆਨ, ਕੀਟ ਵਿਗਿਆਨ, ਗ੍ਰਹਿ ਵਿਗਿਆਨ, ਪਸ਼ੂ ਵਿਗਿਆਨ ਤੇ ਖੇਤੀ ਸ਼ਿਲਪ ਵਿਗਿਆਨ ਵਰਗੇ ਵਿਸ਼ਿਆਂ ਵਿਚ ਅਧਿਆਪਕ ਪੰਜਾਬੀ ਵਿਚ ਵਿਆਖਿਆ ਕਰਦੇ ਸੀ ਜਦਕਿ ਸੰਕੇਤ ਤੇ ਪ੍ਰਸ਼ਨ-ਉੱਤਰ ਅੰਗਰੇਜ਼ੀ ਵਿਚ ਦਿੱਤੇ ਜਾਂਦੇ ਸੀ। ਇਸ ਲੰਮੇ ਸਮੇਂ ਵਿਚ ਮੈਂ ਇਹ ਜ਼ਰੂਰ ਮਹਿਸੂਸ ਕੀਤਾ ਕਿ ਵਿਗਿਆਨ ਸੰਬੰਧੀ ਵਿਸ਼ੇ ਵੀ ਪੰਜਾਬੀ ਵਿਚ ਬਾਖੂਬੀ ਪੜ੍ਹਾਏ ਜਾ ਸਕਦੇ ਹਨ ਪਰ ਇਸ ਲਈ ਇੱਛਾ-ਸ਼ਕਤੀ ਤੇ ਵਿਦਿਆ-ਨੀਤੀ ਦੀ ਲੋੜ ਹੈ। ਸੰਬੰਧਤ ਪੁਸਤਕਾਂ ਵੀ ਪੰਜਾਬੀ ਵਿਚ ਪ੍ਰਕਾਸ਼ਤ ਕੀਤੀਆਂ ਜਾ ਸਕਦੀਆਂ ਹਨ। ਹਾਂ, ਸ਼ਬਦਾਵਲੀ ਲਈ ਅੰਗਰੇਜ਼ੀ ਸ਼ਬਦ ਵੀ ਵਰਤੇ ਜਾ ਸਕਦੇ ਹਨ। ਪੰਜਾਬੀ ਵਿਚ ਕੀਤੀ ਗਈ ਵਿਆਖਿਆ ਸਰਲ ਵੀ ਹੁੰਦੀ ਹੈ ਤੇ ਸਮਝਣਯੋਗ ਵੀ। ਹਾਲਾਂ ਕਿ ਪੰਜਾਬੀ ਇਕ ਵਿਗਿਆਨਕ ਭਾਸ਼ਾ ਵਜੋਂ ਵੀ ਵਿਕਸਤ ਹੋ ਸਕਦੀ ਹੈ ਪਰ ਸਾਡੇ ਰਾਜਨੇਤਾ ਤੇ ਅਫਸਰ ਇਹ ਜ਼ਹਿਮਤ ਉਠਾਉਣ ਲਈ ਤਿਆਰ ਨਹੀਂ। ਮੈਂ ਅਰਬ ਦੇਸਾਂ ਵਿਚ ਵੇਖਿਆ ਹੈ ਕਿ ਉਹ ਆਪਣੀ ਉੱਚ-ਸਿਖਿਆ ਵੀ ਅਰਬੀ ਵਿਚ ਹੀ ਦਿੰਦੇ ਹਨ ਅਤੇ ਲੋੜ ਅਨੁਸਾਰ ਅੰਗਰੇਜ਼ੀ ਵਰਤ ਲੈਂਦੇ ਹਨ। ਰੂਸੀ, ਜਰਮਨ, ਜਾਂ ਜਾਪਾਨੀ ਲੋਕ ਉਚੇਰੀ ਸਿਖਿਆ ਆਪੋ-ਆਪਣੀਆਂ ਭਾਸ਼ਾਵਾਂ ਵਿਚ ਹੀ ਪ੍ਰਾਪਤ ਕਰਦੇ ਹਨ। ਪੰਜਾਬੀ ਜਾਂ ਹੋਰ ਭਾਰਤੀ ਭਾਸ਼ਾਵਾਂ ਵਿਚ ਅਜਿਹਾ ਕਿਉਂ ਨਹੀਂ ਹੋ ਸਕਦਾ? ਅਸੀਂ ਤਾਂ ਰਾਸ਼ਟਰੀ ਭਾਸ਼ਾ ਹਿੰਦੀ ਨੂੰ ਵੀ ਇਸ ਯੋਗ ਨਹੀਂ ਸਮਝਦੇ। ਦਰਅਸਲ ਅਸੀਂ ਆਪਣੀ ਮਾਨਸਿਕ ਦਾਸਤਾ ਤੋਂ ਅਜੇ ਵੀ ਮੁਕਤ ਨਹੀਂ ਹੋਏ ਵਰਨਾ ਪੰਜਾਬੀ ਜਾਂ ਹੋਰ ਭਾਰਤੀ ਭਾਸ਼ਾਵਾਂ ਵਿਚ ਉਚੇਰੀ ਸਿਖਿਆ ਦੇਣਾ ਕੋਈ ਅਸੰਭਵ ਗੱਲ ਨਹੀਂ।

ਸਾਡੀ ਮਾਤ-ਭਾਸ਼ਾ ਦੀ ਸਥਿਤੀ ਤਾਂ ਇਹ ਹੈ ਕਿ ਅਸੀਂ ਅਜੇ ਵੀ ਇਸ ਨੂੰ ਸਕੂਲੀ ਵਿਦਿਆ ਦਾ ਮਾਧਿਅਮ ਬਣਾਉਣ ਲਈ ਵੀ ਤਿਆਰ ਨਹੀਂ। ਜਿਹੜੇ ਧਾਰਮਕ ਤੇ ਸਭਿਆਚਾਰਕ ਅਦਾਰੇ ਇੰਗਲਿਸ਼-ਮੀਡੀਅਮ ਸਕੂਲ ਚਲਾ ਰਹੇ ਹਨ, ਉਹ ਬੜੇ ਮੁਨਾਫ਼ੇ ਕਮਾ ਰਹੇ ਹਨ। ਲੋਕਾਂ



Sri Satguru Jagjit Singh Ji Elibrary NamdhariElibrary@gmail.com

ਦੀ ਹਾਲਤ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੇ ਤੋਂ ਚੰਗੇ ਪੰਜਾਬੀ ਮਾਧਿਅਮ ਸਕੂਲ ਵਿਚ ਨਹੀਂ ਭੇਜਣਗੇ ਸਗੋਂ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਹੀ ਦਾਖਲ ਕਰਾਉਣਗੇ ਕਿਉਂਕਿ ਉਨ੍ਹਾਂ ਦੀ ਮਾਨਸਿਕਤਾ ਹੀ ਮਾਤ-ਭਾਸ਼ਾ ਵਿਰੋਧੀ ਹੈ। ਉਨ੍ਹਾਂ ਨੂੰ ਪੰਜਾਬੀ ਵਿਚ ਸਿਖਿਆ 'ਤੇ ਵਿਸ਼ਵਾਸ਼ ਹੀ ਨਹੀਂ। ਇਹ ਸਥਿਤੀ ਹੈ ਆਜ਼ਾਦ ਭਾਰਤ ਵਿਚ ਮਾਤ-ਭਾਸ਼ਾ ਦੀ। ਘਰਾਂ ਵਿਚ ਬੱਚੇ ਆਪਣੇ ਮਾਤਾ-ਪਿਤਾ ਜਾਂ ਹੋਰ ਸੰਬੰਧੀਆਂ ਨਾਲ ਅੰਗਰੇਜ਼ੀ ਜਾਂ ਹਿੰਦੀ ਵਿਚ ਬੋਲਣਗੇ, ਪੰਜਾਬੀ ਵਿਚ ਨਹੀਂ। ਆਪਣੀ ਮਾਂ-ਬੋਲੀ ਵਿਚ ਗੱਲ ਕਰਨਾ ਉਨ੍ਹਾਂ ਨੂੰ ਘਟੀਆ ਲਗਦਾ ਹੈ! ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨ ਨਾਲ ਉਨ੍ਹਾਂ ਦੀ ਮਾਤ-ਭਾਸ਼ਾ ਪ੍ਰਤੀ ਬੇਮੁਖਤਾ ਵਧ ਰਹੀ ਹੈ। ਅਜਿਹੀ ਸਥਿਤੀ ਵਿਚ ਪੰਜਾਬੀ ਸਾਹਿਤ ਕੌਣ ਪੜ੍ਹਦਾ ਹੋਵੇਗਾ। ਵੀਹ ਕਰੋੜ ਬੁਲਾਰਿਆਂ ਦੀ ਭਾਸ਼ਾ ਵਿਚ ਪੰਜਾਬੀ ਦੀ ਸਧਾਰਨ ਪੁਸਤਕ ਪੰਜ ਸੌ ਤੋਂ ਵੱਧ ਨਹੀਂ ਛਪਦੀ ਤੇ ਉਸ ਲਈ ਵੀ ਪੁਸਤਕ ਖਰੀਦ ਕੇ ਪੜ੍ਹਨ ਵਾਲੇ ਪਾਠਕ ਘੱਟ ਹੀ ਹੁੰਦੇ ਹਨ। ਇਹ ਸਥਿਤੀ ਨਿਸ਼ਚੇ ਹੀ ਕਾਫੀ ਗੰਭੀਰ ਹੈ ਅਤੇ ਮਾਤ-ਭਾਸ਼ਾ ਦੇ ਹਿਤੈਸ਼ੀਆਂ ਨੂੰ ਇਸ ਨੂੰ ਬਦਲਣ ਵਲ ਧਿਆਨ ਦੇਣਾ ਚਾਹੀਦਾ ਹੈ।

ਗਵਾਂਢੀ ਦੇਸ਼ ਪਾਕਿਸਤਨ ਦੇ ਪੰਜਾਬ ਵਿਚ ਤਾਂ ਮਾਤ-ਭਾਸ਼ਾ ਦਾ ਹੋਰ ਵੀ ਬੁਰਾ ਹਾਲ ਹੈ। ਮੈਂ ਕਈ ਵਾਰੀ ਲਾਹੌਰ ਗਿਆ ਹਾਂ। ਉਸ਼ ਸ਼ਹਿਰ ਦੀਆਂ ਕੰਧਾਂ 'ਤੇ ਮੈਂ ਕਈ ਥਾਵਾਂ 'ਤੇ ਪੜ੍ਹਿਆ ਸੀ: 'ਪਾਕਿਸਤਾਨ ਕੀ ਪਹਿਚਾਨ, ਉਰਦੂ ਜ਼ੁਬਾਨ'। ਜੇ ਭਾਰਤ ਵਿਚ ਪੰਜਾਬੀ ਨੂੰ ਅੰਗਰੇਜ਼ੀ ਤੇ ਹਿੰਦੀ ਦੇ ਗ਼ਲਬੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਪਾਕਿਸਤਾਨ ਵਿਚ ਅੰਗਰੇਜ਼ੀ ਤੇ ਉਰਦੂ ਦਾ। ਉਥੇ ਮੈਂ ਕਈ ਦੋਸਤਾਂ ਦੇ ਘਰ ਵੀ ਗਿਆ ਹਾਂ। ਉਨ੍ਹਾਂ ਦੇ ਬੱਚੇ ਉਰਦੂ ਜਾਂ ਅੰਗਰੇਜ਼ੀ ਬੋਲਦੇ ਹਨ, ਪੰਜਾਬੀ ਨਹੀਂ। ਉਥੇ ਦੇ ਸਕੂਲਾਂ ਵਿਚ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਥੇ ਤਾਂ ਪੰਜਾਬੀ ਪੜ੍ਹਾਈ ਵੀ ਨਹੀਂ ਜਾਂਦੀ। ਕਾਲਜਾਂ ਵਿਚ ਪੰਜਾਬੀ ਦਾ ਇਖਤਿਆਰੀ ਮਜ਼ਮੂਨ ਹੈ ਅਤੇ ਐਮ.ਏ. ਪੰਜਾਬੀ ਤੇ ਪੀ.ਐਚ.ਡੀ. ਪੰਜਾਬੀ ਤਕ ਦੀ ਵੀ ਸਿਖਿਆ ਦਾ ਪ੍ਰਬੰਧ ਹੈ ਤਾਂ ਵੀ ਪੰਜਾਬੀ ਨੂੰ ਯੋਗ ਦਰਜਾ ਪ੍ਰਾਪਤ ਨਹੀਂ। ਵਿਦੇਸ਼ਾਂ ਵਿਚ ਪੰਜਾਬੀ ਪ੍ਰਤੀ ਲੋਕਾਂ ਦਾ ਮੋਹ ਵਧੇਰੇ ਹੈ। ਕੈਨੇਡਾ ਵਿਚ ਪੰਜਾਬੀ ਪਰਿਵਾਰਾਂ ਦੇ ਬੱਚੇ ਪੰਜਾਬੀ ਵਿਚ ਗੱਲਬਾਤ ਕਰਦੇ ਹਨ ਅਤੇ ਮਾਂ-ਬਾਪ ਉਚੇਚੇ ਤੌਰ 'ਤੇ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਆਪਣੀ ਮੂਲ ਭਾਸ਼ਾ ਤੇ ਸਭਿਆਚਾਰ ਨਾਲ ਜੁੜੇ ਰਹਿਣ। ਇਸ ਦੇ ਬਾਵਜੂਦ ਵਿਦੇਸ਼ਾਂ ਵਿਚ ਪੰਜਾਬੀ ਵਸੋਂ ਦੀਆਂ ਸਮੱਸਿਆਵਾਂ ਵੱਖਰੀਆਂ ਹਨ। ਉਥੇ ਦੇ ਜਨਮੇ ਬੱਚਿਆਂ ਦੀ ਮਾਤ-ਭਾਸ਼ਾ ਪੰਜਾਬੀ ਦੀ ਬਜਾਏ ਅੰਗਰੇਜ਼ੀ ਹੈ। ਵਿਦੇਸ਼ਾਂ ਵਿਚ ਮੇਰੇ ਆਪਣੇ ਰਿਸ਼ਤੇਦਾਰਾਂ ਦੇ ਬੱਚੇ ਅੰਗਰੇਜ਼ੀ ਬੋਲਦੇ ਹਨ ਅਤੇ ਪੰਜਾਬੀ ਬੋਲਦੇ ਹੋਏ ਬੜੇ ਓਪਰੇ ਲਗਦੇ ਹਨ। ਉਨ੍ਹਾਂ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਜੋੜੀ ਰੱਖਣ ਲਈ ਜਿੱਥੇ ਉਨ੍ਹਾਂ ਦੇ ਮਾਤਾ-ਪਿਤਾ ਦਾ ਰੋਲ ਬੜਾ ਮਹੱਤਵਪੂਰਨ ਹੈ, ਉਥੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਤੇ ਸਭਿਆਚਾਰ ਬਾਰੇ ਪੁਸਤਕਾਂ ਅੰਗੇਰਜ਼ੀ ਵਿਚ ਮੁਹਈਆ ਕਰਨ ਦੀ ਲੋੜ ਵੀ ਹੈ।

ਮਾਤ-ਭਾਸ਼ਾ ਦੀ ਇਸ ਸਥਿਤੀ ਨੂੰ ਬਦਲਣ ਲਈ ਕੀ ਕੀਤਾ ਜਾ ਸਕਦਾ ਹੈ? ਸਾਡੀਆਂ ਸਾਹਿਤ ਅਕਾਡਮੀਆਂ, ਸਭਿਆਚਾਰ ਅਕਾਡਮੀਆਂ, ਭਾਸ਼ਾ ਅਕਾਡਮੀਆਂ, ਸਾਹਿਤ ਸਭਾਵਾਂ, ਤੇ ਸਭਿਆਚਾਰਕ ਸੰਸਥਾਵਾਂ ਤਾਂ ਆਪਣਾ ਰੋਲ ਨਿਭਾ ਹੀ ਰਹੀਆਂ ਹਨ ਪਰ ਇਸ ਲਈ ਸਭ ਤੋਂ ਉੱਘਾ ਕੰਮ ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਦਾ ਹੈ। ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿੱਖਿਆ ਦਾ ਸਰਵੋਤਮ ਮਾਧਿਅਮ ਮਾਤ-ਭਾਸ਼ਾ ਹੈ। ਇਹ ਕੇਵਲ ਮੈਂ ਹੀ ਨਹੀਂ ਕਹਿੰਦਾ, ਦੁਨੀਆ ਭਰ ਦੇ ਸਿਖਿਆ ਸ਼ਾਸ਼ਤਰੀ ਕਹਿੰਦੇ ਹਨ। ਦੁਨੀਆ ਦੇ ਸਭ ਤੋਂ ਵਿਕਸਤ



Sri Satguru Jagjit Singh Ji Elibrary NamdhariElibrary@gmail.com

ਦੇਸ਼ਾਂ ਵਿਚ ਸਿਖਿਆ ਦਾ ਮਾਧਿਅਮ ਉਨ੍ਹਾਂ ਦੀਆਂ ਮਾਤ-ਭਾਸ਼ਾਵਾਂ ਹਨ, ਨਾ ਕਿ ਕੋਈ ਵਿਦੇਸ਼ੀ ਭਾਸ਼ਾ। ਮੈਂ ਅੰਗਰੇਜ਼ੀ ਦਾ ਵਿਰੋਧ ਨਹੀਂ ਕਰਦਾ। ਮੈਂ ਤਾਂ ਸਾਰੀ ਉਮਰ ਯੂਨੀਵਰਸਿਟੀ ਪੱਧਰ 'ਤੇ ਅੰਗਰੇਜ਼ੀ ਪੜ੍ਹਾਈ ਹੈ। ਪਰ ਮੈਂ ਅੰਗਰੇਜ਼ੀ ਮਾਧਿਅਮ ਸਿਖਿਆ ਦਾ ਸਮਰਥਨ ਨਹੀਂ ਕਰ ਸਕਦਾ, ਖਾਸ ਕਰਕੇ ਸਕੂਲੀ ਪੱਧਰ 'ਤੇ। ਇਸ ਨਾਲ ਮਾਨਸਿਕ ਵਿਕਾਸ ਦੇ ਉੱਘੇ ਵਰ੍ਹਿਆਂ ਵਿਚ ਵਿਦਿਆਰਥੀਆਂ ਦੀ ਸੋਚ-ਸ਼ਕਤੀ ਤੇ ਸਿਰਜਨਾਤਮਿਕਤਾ ਵਿਚ ਰੁਕਾਵਟ ਪੈਦਾ ਹੁੰਦੀ ਹੈ। ਅੰਗਰੇਜ਼ੀ ਨੂੰ ਦੂਜੀ ਭਾਸ਼ਾ ਤੇ ਲਾਇਬ੍ਰੇਰੀ ਲੈਂਗੂਇਜ ਦੇ ਤੌਰ 'ਤੇ ਸੁਚੱਜੇ ਢੰਗ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ ਪਰ ਇਸ ਨੂੰ ਪਹਿਲੀ ਭਾਸ਼ਾ ਵਜੋਂ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ। ਜੇ ਮਾਤ ਭਾਸ਼ਾ ਸੰਬੰਧੀ ਲੋਕਾਂ ਦੀ ਮਾਨਸਿਕਤਾ ਵਿਚ ਲੋੜੀਂਦੀ ਤਬਦੀਲੀ ਆ ਜਾਵੇ ਤਾਂ ਰਾਜਨੀਤਕ ਪੱਧਰ 'ਤੇ ਇਸ ਨੂੰ ਨੀਤੀ ਦਾ ਰੂਪ ਦੇਣ ਵਿਚ ਦੇਰ ਨਹੀਂ ਲੱਗੇਗੀ। ਅਜਿਹਾ ਕਰਨ ਨਾਲ ਹੀ ਮਾਤ-ਭਾਸ਼ਾ ਵਜੋਂ ਪੰਜਾਬੀ ਨੂੰ ਯੋਗ ਸਥਾਨ ਪ੍ਰਾਪਤ ਹੋ ਸਕਦਾ ਹੈ।

ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਵਲੋਂ 21 ਫਰਵਰੀ ਦਾ ਦਿਨ 'ਮਾਤ-ਭਾਸ਼ਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਆਓ, ਇਸ ਸਾਲ ਇਸ ਦਿਨ ਤੋਂ ਮਾਤ-ਭਾਸ਼ਾ ਨੂੰ ਉਸ ਦਾ ਉਚਿਤ ਸਥਾਨ ਦੇਣ ਲਈ ਇਕ ਸ਼ੁਰੂਆਤ ਕਰੀਏ। ਮੈਂ ਸੁਝਾਓ ਦਿੰਦਾ ਹਾਂ ਕਿ ਇਸ ਦਿਨ ਅਸੀਂ ਹੇਠ ਲਿਖੇ ਕਦਮ ਜ਼ਰੂਰ ਉਠਾਈਏ:

1. ਆਪਣੇ ਦਸਤਖਤ ਪੰਜਾਬੀ ਵਿਚ ਕਰਨਾ ਸ਼ੁਰੂ ਕਰੀਏ।
2. ਆਪਣੇ ਘਰਾਂ ਉਪਰ ਨਾਂ-ਤਖ਼ਤੀਆਂ ਪੰਜਾਬੀ ਵਿਚ ਲਿਖਵਾਈਏ। ਜੇ ਜਰੂਰੀ ਸਮਝੋ ਤਾਂ ਥੱਲੇ ਅੰਗਰੇਜ਼ੀ ਵਿਚ ਵੀ ਲਿਖਵਾ ਸਕਦੇ ਹੋ।
3. ਆਪਣੇ ਬੱਚਿਆਂ/ਪੋਤੇ-ਪੋਤਰੀਆਂ ਨਾਲ ਪੰਜਾਬੀ ਵਿਚ ਗੱਲਾਂ ਕਰੀਏ।
4. ਆਪਣੇ ਘਰ ਲਈ ਘੱਟੋ-ਘੱਟ ਇਕ ਪੰਜਾਬੀ ਦਾ ਅਖ਼ਬਾਰ/ਰਸਾਲਾ ਮੰਗਵਾਉਣਾ ਸ਼ੁਰੂ ਕਰ ਦੇਈਏ।
5. ਆਪਣੇ ਤੇ ਆਪਣੇ ਪਰਿਵਾਰ ਲਈ ਚੰਗੇ ਪੰਜਾਬੀ ਗੀਤਾਂ ਦੀ ਘੱਟੋ ਘੱਟ ਇਕ ਵੀਡੀਓ/ਆਡੀਓ ਕੈਸਟ/ਟੇਪ ਜ਼ਰੂਰ ਲਿਆ ਕੇ ਸੁਣੀਏ ਤੇ ਸੁਣਾਈਏ।
6. ਆਪਣੇ ਵਲੋਂ ਕਿਸੇ ਨੂੰ ਇਕ ਨਿੱਜੀ ਪੱਤਰ ਪੰਜਾਬੀ ਵਿਚ ਲਿਖੀਏ।
7. ਆਪਣੇ ਦਫ਼ਤਰ/ਦੁਕਾਨ/ਫੈਕਟਰੀ ਆਦਿ ਵਿਚ ਹਰ ਇਕ ਵਿਅਕਤੀ ਨਾਲ ਪੰਜਾਬੀ ਵਿਚ ਗੱਲ ਕਰੀਏ।

ਇਹ ਇਕ ਸਾਧਾਰਨ ਸ਼ੁਰੂਆਤ ਹੀ ਹੈ ਜਿਹੜੀ ਸਾਨੂੰ ਜ਼ਰੂਰ ਕਰਨੀ ਚਾਹੀਦੀ ਹੈ। ਮਾਤ-ਭਾਸ਼ਾ ਵਜੋਂ ਪੰਜਾਬੀ ਨੂੰ ਪਰਿਵਾਰਕ, ਸਮਾਜਕ, ਵਿਦਿਅਕ ਤੇ ਰਾਜਨੀਤਕ ਪੱਧਰ 'ਤੇ ਯੋਗ ਸਥਾਨ ਦਿਵਾਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ ਜਿਸ ਲਈ ਹਰ ਵਰਗ ਦੇ ਪੰਜਾਬੀਆਂ ਨੂੰ ਲਗਾਤਾਰ ਯਤਨ ਕਰਨੇ ਪੈਣਗੇ। ਇਸ ਲਈ ਆਓ, ਸ਼ੁਰੂਆਤ ਤਾਂ ਕਰੀਏ। ਇਹ ਹਰ ਪੰਜਾਬੀ ਦੀ ਆਪਣੀ ਜ਼ਿੰਮੇਵਾਰੀ ਹੈ।

*ਸਾਬਕਾ ਪ੍ਰੋਫੈਸਰ ਅਤੇ ਮੁਖੀ ਵਿਭਾਗ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
#2998, ਗੁਰਦੇਵ ਨਗਰ, ਲੁਧਿਆਣਾ-141001
ਮੋਬਾਇਲ: 98150 09066

□□□



Sri Satguru Jagjit Singh Ji Elibrary NamdhariElibrary@gmail.com

# ਆਓ ਕਰੀਏ ਗੁਰਬਾਣੀ-ਛੋਹ ਪ੍ਰਾਪਤ ਬੋਲੀ ਤੇ ਲਿਪੀ ਦਾ ਸਤਿਕਾਰ

*ਡਾ: ਭੁਪਿੰਦਰ ਕੌਰ 'ਕਵਿਤਾ'

ਅਕਾਲ ਪੁਰਖ ਦੀ ਅਪਾਰ ਕਿਰਪਾ ਸਦਕਾ ਬੋਲੀ ਤੇ ਲਿਪੀ ਲੋਕ ਰਸਨਾ ਤੇ ਲੋਕ ਕਲਮ ਰਾਹੀਂ ਵਿਕਸਤ ਹੁੰਦੀ ਆਈ ਹੈ। ਲਿਪੀ ਦੀ ਵਿਕਾਸ-ਯਾਤਰਾ ਸੰਬੰਧੀ ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ, "ਗ੍ਰੰਥ ਦਾ ਸ਼ਬਦੀ ਅਰਥ ਹੀ ਗੰਢ ਹੈ। ਜਦੋਂ ਰੰਗ ਬਰੰਗਿਆਂ ਧਾਗਿਆਂ ਨੂੰ ਅੱਡ-ਅੱਡ ਤਰ੍ਹਾਂ ਦੀਆਂ ਗੰਢਾਂ ਦੇ ਕੇ ਭਾਂਤ-ਭਾਂਤ ਦੇ ਮਨੋਭਾਵ ਜ਼ਾਹਰ ਕਰਨ ਲਈ ਵਰਤਿਆ ਜਾਂਦਾ ਸੀ, ਉਦੋਂ ਤੋਂ ਹੀ ਇਹ ਸ਼ਬਦ ਇਧਰ ਆਇਆ ਤੇ ਬਾਅਦ ਵਿਚ ਲਿਪੀ ਬਣਨ ਤੇ ਲਿਪੀ ਵਿਚ ਗੁੰਦੀ ਗਈ ਵੱਡੀ ਰਚਨਾ ਨੂੰ ਗ੍ਰੰਥ ਕਿਹਾ ਜਾਣ ਲੱਗਾ।"

ਲਿਪੀ ਦਾ ਇਤਿਹਾਸ ਸਪਸ਼ਟ ਕਰਦਾ ਹੈ ਕਿ ਕਦੇ ਗੰਢ-ਲਿਪੀ ਪੂਰੇ ਜੋਬਨ 'ਤੇ ਸੀ ਤੇ ਸਮੇਂ ਨਾਲ ਗੰਢ ਲਿਪੀ ਤੋਂ ਬਾਦ ਚਿਤਰ-ਲਿਪੀ, ਭਾਵ-ਲਿਪੀ, ਸੰਕੇਤ ਲਿਪੀ ਦੇ ਵਿਭਿੰਨ ਵਿਕਾਸ ਪੜਾਵਾਂ ਉਪਰੰਤ ਧੁਨੀ ਲਿਪੀ ਹੋਂਦ ਵਿਚ ਆਈ। ਸਦੀਆਂ ਦੀ ਮਿਹਨਤ ਉਪਰੰਤ ਮਨੁੱਖ ਦੀ ਉੱਨਤ ਬੁੱਧੀ ਨੂੰ ਲਿਪੀ ਦੇ ਦਰਸ਼ਨ ਹੋਏ। ਬ੍ਰਹਮੀ, ਟਾਕਰੀ ਤੇ ਸ਼ਾਰਦਾ ਲਿਪੀਆਂ ਨੇ ਲੋਕ-ਸੇਵਾ ਦੀ ਘਾਲਣਾ ਘਾਲੀ ਤਾਂ ਇਸਦਾ ਸੰਜੋਗ ਸੰਤ ਜਨਾਂ ਨਾਲ ਬਣਿਆ। ਇਸ ਨੂੰ ਸ਼ਬਦ ਦੀ ਬਖਸ਼ਿਸ਼ ਹੋਈ। ਇਸ ਭਾਵਾਂ ਤੇ ਭਾਗਾਂ ਭਰੀ ਲਿਪੀ ਨੂੰ ਗੁਰਮੁਖੀ ਦੇ ਅਮਰ ਨਾਂ ਦੀ ਵਡਮੁੱਲੀ ਪ੍ਰਾਪਤੀ ਹੋਈ ਅਤੇ ਗੁਰਬਾਣੀ ਦੇ ਮਹਾਨ ਖਜ਼ਾਨੇ ਨੂੰ ਸਾਂਭਣ ਤੇ ਵੰਡਣ ਦਾ ਮਾਣ ਮਿਲਿਆ।

ਇਸੇ ਤਰ੍ਹਾਂ ਪ੍ਰਾਕਿਤਾਂ ਅਤੇ ਅਪਭ੍ਰੰਸ਼ਾਂ ਦੇ ਵਿਭਿੰਨ ਪੜਾਵਾਂ ਵਿਚ ਮਿਠਾਸ ਤੇ ਪ੍ਰੀਤ ਵੰਡਦੀ ਅਣਖੀਲੇ ਬੋਲਾਂ ਨਾਲ ਲੱਦੀ ਪੰਜਾਬੀ ਬੋਲੀ ਨੂੰ ਬਾਣੀ ਬੋਲ ਬਣਨ ਦੇ ਅਮਰ ਮਾਣ-ਸਨਮਾਨ ਦੀ ਬਖਸ਼ਿਸ਼ ਹੋਈ। ਇਸ ਬੋਲੀ ਨੇ ਹਰਿ ਨੂੰ ਸਮਰਪਿਤ ਹੋਰ ਭਾਗਾਂ ਦੀਆਂ ਭਗਤ ਬੋਲੀਆਂ ਨੂੰ ਵੀ ਜੀ ਆਇਆਂ ਨੂੰ ਆਖਿਆ ਤੇ ਨਿਵਾਜਿਆ। "ਕਰਤੇ ਕੀਆ ਬਾਤਾਂ" ਪਾਉਣ ਵਾਲੇ ਇਹ ਬਾਣੀ-ਬੋਲ ਤੇ ਹਰਿ-ਜਸ ਲਿਖਣ ਵਾਲੇ ਇਹ ਬਾਣੀ ਅੱਖਰ ਹੀ ਗੁਰਬਾਣੀ ਦੀ ਪਦਵੀਂ ਪਾ ਪਰਮ ਪਦ ਪ੍ਰਾਪਤ ਕਰ ਗਏ। ਅੱਜ ਵਿਸ਼ਵ ਭਰ ਵਿਚ ਸਤਿਸੰਗਤ ਦੀ ਸਥਾਪਨਾ ਕਰਨ ਵਾਲੀ ਗੁਰਬਾਣੀ ਦੀ ਮਹਿਮਾ ਫੈਲ ਚੁੱਕੀ ਹੈ ਅਤੇ 300 ਸਾਲ ਤੋਂ ਸਮੁੱਚਾ ਬ੍ਰਹਿਮੰਡ ਗੁਰਬਾਣੀ ਅੱਗੇ ਸੀਸ ਝੁਕਾ ਰਿਹਾ ਹੈ।

ਆਓ ਇਸ ਗੁਰਬਾਣੀ ਛੋਹ ਪ੍ਰਾਪਤ ਲਿਪੀ ਨੂੰ ਪੂਜੀਏ ਤੇ ਪੰਜਾਬੀ ਦਾ ਸਤਿਕਾਰ ਕਰੀਏ। ਪਰ ਕਿਵੇਂ? ਇਨ੍ਹਾਂ ਅੱਖਰਾਂ ਦੇ ਰਹੱਸ ਨੂੰ ਅਨੁਭਵ ਕਰਕੇ ਤੇ ਬੋਲਾਂ ਦਾ ਸਤਿਕਾਰ ਕਰਕੇ ਆਪਣੀ ਗੌਰਵਮਈ ਵਿਰਾਸਤ ਦੇ ਉਤਰਾਧਿਕਾਰੀ ਬਣਨ ਲਈ ਇਹ ਅਤਿ-ਜ਼ਰੂਰੀ ਹੈ। ਉੱਤਮ ਵਿਅਕਤਿਤਵ ਦੇ ਵਿਕਾਸ ਲਈ ਇਹ ਲੋੜੀਂਦਾ ਹੈ। ਬੋਲੀ ਤੇ ਲਿਪੀ ਦੀ ਸੇਵਾ ਤੇ ਸਤਿਕਾਰ ਲਈ ਪਿਆਰ-ਭਾਵਨਾ ਦੀ ਲੋੜ ਹੈ, ਨਾ ਕਿ ਮੌਕਿਆਂ ਤੇ ਡਿਗਰੀਆਂ ਦੀ। ਬਹੁਤ ਅਨਪੜ੍ਹ ਵੀ ਇਸ ਨੂੰ ਪਿਆਰ ਕੇ, ਸਤਿਕਾਰ ਕੇ ਧੰਨਤਾ ਦੇ ਪਾਤਰ ਬਣੇ ਹਨ। ਜਦ ਕਿ ਕਈ ਪੜ੍ਹੇ ਵੀ ਕਿਰਪਾ ਤੇ ਵਿਸ਼ਵਾਸ਼ ਤੋਂ ਹੀਣੇ ਇਸ ਮਾਣ-ਮੱਤੀ ਬੋਲੀ ਤੇ ਰੰਗ ਰੱਤੀ ਲਿਪੀ ਨਾਲ ਪ੍ਰੀਤ ਨਹੀਂ



Sri Satguru Jagjit Singh Ji Elibrary NamdhariElibrary@gmail.com

ਨਿਭਾ ਸਕੇ। ਭਾਵੇਂ ਅਕਾਦਮਿਕ ਪੱਧਰ ਤੇ ਉੱਚ-ਪੱਧਰੀ ਪੜ੍ਹਾਈ ਵਧਦੀ ਜਾ ਰਹੀ ਹੈ। ਲਾਇਬ੍ਰੇਰੀਆਂ ਦੇ ਰੈਫਰੈਂਸ ਸੈਕਸ਼ਨ ਪੰਜਾਬੀ ਤੇ ਗੁਰਬਾਣੀ ਦੀ ਖੋਜ ਤੇ ਵਿਚਾਰਾਂ ਨਾਲ ਭਰਦੇ ਜਾ ਰਹੇ ਹਨ, ਦੇਸ਼ਾਂ-ਵਿਦੇਸ਼ਾਂ ਵਿਚੋਂ ਕਾਨਫਰੰਸਾਂ ਤੇ ਸੈਮੀਨਾਰਾਂ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ, ਪਰ ਪਿਆਰੀ ਪੰਜਾਬੀ ਬੋਲਦੇ, ਬਾਣੀ-ਵਿਸ਼ਵਾਸ਼ ਦ੍ਰਿੜ ਕਰਵਾਉਂਦੇ ਪ੍ਰਭੂ ਪਿਆਰ ਵਾਲੇ ਮੁੱਖ ਅਜੇ ਵੀ ਦੁਰਲਭ ਹਨ। ਲਿਖਤਾਂ ਨਿਸ਼ਚੇ ਬਾਝੋਂ ਭਟਕਣਾ ਪੈਦਾ ਕਰਦੀਆਂ ਹਨ ਤੇ ਵਾਦ-ਵਿਵਾਦਾਂ ਵਿਚ ਉਲਝੀਆਂ ਰਹਿੰਦੀਆਂ ਹਨ। ਕਾਰਨ ਪਿਆਰ-ਭਾਵਨਾ ਉਪਜਾਉਣ ਵਾਲੇ ਸਰੋਤਾਂ ਨਾਲ ਜੋੜ ਨਹੀਂ ਬਣਿਆ, ਵਿਸ਼ਵਾਸ਼ ਨਹੀਂ ਬਣਿਆ। ਬਹੁਤਿਆਂ ਦੇ ਤਾਂ ਪੜ੍ਹਨ ਲਿਖਣ ਦੇ ਅਸਥਾਈ ਪੋਜ਼ ਹਨ, ਮੂਲ ਰੂਪ ਵਿਚ ਗਿਆਨ ਨਾਲ ਕੋਈ ਸਰੋਕਾਰ ਨਹੀਂ। ਡਿਗਰੀ, ਨੌਕਰੀ ਤੇ ਪਦਵੀ ਉਪਰੰਤ ਬੋਲੀ ਤੇ ਲਿਪੀ ਨਾਲ ਕੋਈ ਭਾਵਨਾਤਮਕ ਸਾਂਝ ਨਹੀਂ ਬਣ ਸਕੀ। ਖੜੋਤ ਕਾਰਨ, ਬੋਲੀ ਤੇ ਲਿਪੀ ਵਿਚ ਅਸ਼ੁਧਤਾ ਆਉਣ ਲੱਗਦੀ ਹੈ ਤੇ ਵਿਅਕਤੀਤਵ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ।

ਦੁਨਿਆਵੀ ਤੇ ਦ੍ਰਿਸ਼ਟਮਾਨ ਵਰਤਾਰੇ ਦਾ ਸੰਬੰਧ ਮਾਇਕੀ ਤੇ ਪਦਾਰਥਕ ਪਸਾਰੇ ਨਾਲ ਹੈ ਜਦ ਕਿ ਅਨੁਭਵੀ ਤੇ ਅਦ੍ਰਿਸ਼ਟ ਵਰਤਾਰੇ ਦਾ ਅੰਦਰੂਨੀ ਆਤਮਿਕ ਗਿਆਨ ਨਾਲ ਹੈ। ਬੋਲੀ ਤੇ ਲਿਪੀ ਬੁੱਧੀ ਦਾ ਵਿਸ਼ਾ ਹਨ। ਆਤਮਿਕ ਗੁਣਾਂ ਦਾ ਅਸਲੀ ਤੱਤ-ਗਿਆਨ ਬੁੱਧੀ ਦੀ ਪਕੜ ਤੋਂ ਪਰੇ ਹੈ। ਦੁਨਿਆਵੀ ਵਰਤਾਰੇ ਦਾ ਕਹਿਣ ਕਹਾਉਣ ਨਾਲ ਸੰਬੰਧ ਹੈ, ਜਦਕਿ ਅਨੁਭਵ ਅਕਹਿ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੱਖਰ ਪ੍ਰਬੰਧ ਦੇ ਆਧਾਰ 'ਤੇ ਦਰਜ ਬਾਣੀਆਂ 'ਪੱਟੀ' ਤੇ 'ਬਾਵਨ ਅੱਖਰੀ' ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸੱਚੇ ਗੁਰੂ ਦੀ ਸਿਖਿਆ ਤੋਂ ਬਿਨਾਂ ਬਾਕੀ ਗਿਆਨ ਬਿਖਿਆ ਹੈ:

> ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
> ਪਹਿਲਾ ਫਾਹਾ ਪਾਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥
>
> (ਆਸਾ ਮਹਲਾ 3 ਪਟੀ, ਪੰਨਾ-434)

ਭਗਤ ਕਬੀਰ ਜੀ ਨੇ ਤਾਂ ਅੱਖਰਾਂ ਦੇ ਬਿਉਹਾਰ ਅਤੇ ਅੱਖਰਾਂ ਰਾਹੀਂ ਤੱਤ ਬੀਚਾਰ ਦੇ ਅੰਤਰ ਦੁਆਰਾ ਅਗਿਆਨੀ ਅਤੇ ਗਿਆਨੀ ਦਾ ਸਪਸ਼ਟ ਨਿਰਣਾ ਦਿੱਤਾ ਹੈ:

> ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥
> ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥
>
> (ਗਉੜੀ ਕਬੀਰ, ਪੰਨਾ 343)

ਬੋਲੀ ਤੇ ਲਿਪੀ ਦੀ ਸੰਰਚਨਾ ਦਾ ਸੰਬੰਧ ਵਿਸ਼ੇਸ਼ ਮਰਯਾਦਾ ਨਾਲ ਵੀ ਹੁੰਦਾ ਹੈ। ਬੋਲਾਂ ਤੇ ਵਰਣਾਂ ਦਾ ਰਹਿਣੀ-ਬਹਿਣੀ ਨਾਲ ਡੂੰਘਾ ਸੰਬੰਧ ਹੈ। ਸਭਿਆਚਾਰ ਤੇ ਭਾਸ਼ਾ ਦਾ ਨੇੜੇ ਦਾ ਰਿਸ਼ਤਾ ਹੈ, ਜਿਵੇਂ ਦਾ ਰਹਿਣ-ਸਹਿਣ ਹੋਵੇਗਾ, ਉਸੇ ਅਨੁਸਾਰ ਬੋਲ-ਚਾਲ ਹੋਵੇਗੀ। ਉਦਾਹਰਣ ਲਈ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਜੀਜਾ, ਸਾਲਾ, ਭੂਆ, ਮਾਮੀ, ਮਾਸੀ, ਚਾਚੀ ਆਦਿ ਸ਼ਬਦ ਪ੍ਰਚਲਤ ਹਨ ਪਰ ਪੱਛਮੀ ਰਿਸ਼ਤਿਆਂ ਵਿਚ ਜੀਜਾ, ਸਾਲਾ ਲਈ ਕੇਵਲ ਬ੍ਰਦਰ-ਇਨ-ਲਾ (Brother-in-law) ਸ਼ਬਦ ਹੀ ਹੈ ਤੇ ਭੂਆ, ਮਾਸੀ, ਚਾਚੀ ਆਦਿ ਲਈ ਆਂਟ (Aunt) ਸ਼ਬਦ ਹੀ ਹੈ। ਗੁਰਮਤਿ ਦੀ ਰਹਿਣੀ-ਬਹਿਣੀ ਵਾਲੇ ਲਈ ਸਤਿ ਸ੍ਰੀ ਅਕਾਲ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ, ਚੜ੍ਹਦੀ ਕਲਾ, ਸਰਬੱਤ ਦਾ ਭਲਾ, ਗੁਰੂ ਦੀ ਕਿਰਪਾ, ਜੋ



Sri Satguru Jagjit Singh Ji Elibrary NamdhariElibrary@gmail.com

ਪ੍ਰਭੂ ਨੂੰ ਭਾਵੇ ਆਦਿ ਬੋਲ ਤੇ ਜੈਕਾਰੇ ਆਮ ਵਰਤੋਂ ਦੇ ਹੋ ਜਾਂਦੇ ਹਨ। ਇਸੇ ਲਈ ਗੁਰਮਤਿ ਵਿਚਾਰਧਾਰਾ ਤੋਂ ਸੱਖਣੇ ਜੀਵਾਂ ਦੀ ਰਸਨਾ ਇਨ੍ਹਾਂ ਪਵਿੱਤਰ ਬੋਲਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਸਿੰਘ ਤੇ ਕੌਰ ਸ਼ਬਦਾਂ ਦੀ ਸਾਰਥਕਤਾ ਤੇ ਮਹੱਤਵ ਤੋਂ ਅਣਜਾਣ ਹੀ ਆਪਣੇ ਨਾਵਾਂ ਨਾਲੋਂ ਸਿੰਘ ਤੇ ਕੌਰ ਕੱਟਣ ਦੀ ਭੁੱਲ ਕਰਦੇ ਹਨ।

ਗੁਰਬਾਣੀ ਮਨੁੱਖੀ ਬੋਲਾਂ ਨੂੰ ਸਾਰਥਕਤਾ ਬਖਸ਼ਦੀ ਹੈ। ਗੁਰਬਾਣੀ ਵਿਚ ਰਸਨਾ ਨੂੰ ਬਾਰੰਬਾਰ ਪ੍ਰੇਰਨਾ ਕੀਤੀ ਗਈ ਹੈ।

ਰਸਨਾ ਨਾਮ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥2॥
(ਰਾਗ ਸੂਹੀ ਮਹਲਾ 1, ਪੰਨਾ-728)

ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ॥
(ਬਿਲਾਵਲ ਮਹਲਾ 4, ਪੰਨਾ 824)

ਬਾਣੀ ਅਨੁਸਾਰ ਅਭਿਆਸ ਨਾ ਕਰਨ ਵਾਲੀ ਰਸਨਾ ਲਈ ਸਜ਼ਾ ਦੀ ਚਿਤਾਵਨੀ ਵੀ ਹੈ:

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨੁ ਘਟੀਐ॥
(ਫੁਨਹੇ ਮਹਲਾ 5, ਪੰਨਾ 1362)

ਰਸਨਾ ਦੀ ਜਾਪ-ਪ੍ਰਕਿਰਿਆ ਦਾ ਬੋਲਾਂ 'ਤੇ ਪ੍ਰਭਾਵ ਪੈਂਦਾ ਹੈ ਤੇ ਬੋਲ ਸੋਧੇ ਜਾਂਦੇ ਹਨ। ਰਸਨਾ ਦੇ ਬੋਲ ਕੰਨਾਂ ਦਾ ਨਾਦ ਵੀ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਪ੍ਰਭੂ ਅੱਗੇ ਅਜਾਈ ਤੇ ਬਿਖੈ ਬੋਲਾਂ ਦੇ ਕੰਨਾਂ ਨੂੰ ਨਾ ਛੂਹ ਜਾਣ ਦੀ ਬੇਨਤੀ ਕਰਦੇ ਹਨ।

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥
(ਰਾਗ ਬਿਲਾਵਲ ਮਹਲਾ 5, ਪੰਨਾ 820)

ਅਜਿਹੀ ਪਾਵਨ ਲੋਚਾ ਰੱਖਣ ਵਾਲੇ ਸਭਿਆਚਾਰ ਨੂੰ ਵਿਕਾਰਾਂ ਭਰੇ ਬੋਲ ਕਦੇ ਵੀ ਗੰਧਲਾ ਨਹੀਂ ਕਰ ਸਕਣਗੇ। ਅਜਿਹੇ ਬੋਲਾਂ ਦਾ ਬੋਲ-ਬਾਲਾ ਵਿਸ਼ਵ ਭਰ ਵਿਚ ਹੋਵੇਗਾ। ਅਜੋਕੇ ਸਮੇਂ ਵੀ ਪੰਜਾਬੀ ਬੋਲਾਂ ਨਾਲ ਪਿਆਰ ਨਿਭਾਉਣ ਵਾਲੀਆਂ ਸੁੰਦਰ ਮਿਸਾਲਾਂ ਪ੍ਰੇਰਣਾਵਾਂ ਨਾਲ ਓਤਪੋਤ ਹਨ। ਇਸ ਪ੍ਰਸੰਗ ਵਿਚ ਡਾ. ਹਰਸ਼ਿੰਦਰ ਕੌਰ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਜੋ 'ਪੰਜਾਬੀਅਤ ਦੀ ਰੋਲ-ਮਾਡਲ' ਆਖੀ ਜਾ ਸਕਦੀ ਹੈ। ਜਨੇਵਾ ਵਿਖੇ ਯੂ.ਐਨ.ਓ. ਦੇ ਕਾਨਫਰੰਸ ਹਾਲ ਵਿਚ ਇਕ ਕਾਨਫਰੰਸ਼ ਵਿਚ ਸ਼ਮੂਲੀਅਤ ਕਰਦਿਆਂ ਜਦ ਉਸ ਵੇਖਿਆ ਕਿ ਹੋਰਨਾਂ ਦੇਸ਼ਾਂ ਦੇ ਪ੍ਰਤੀਨਿਧ ਬੁਲਾਰੇ ਆਪੋ-ਆਪਣੀ ਮਾਂ-ਬੋਲੀ ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਹੇ ਹਨ ਤਾਂ ਉਸਨੂੰ ਇਕਦਮ ਖਿਆਲ ਆਇਆ -

"ਮੈਂ ਕਿਉਂ ਨਹੀਂ ਪੰਜਾਬੀ ਵਿਚ ਬੋਲ ਸਕਦੀ? ਆਪਣੀ ਮਾਂ-ਬੋਲੀ ਨੂੰ ਵਿਸ਼ਵ ਪੱਧਰ ਉੱਤੇ ਬੋਲ ਕੇ ਮੇਰੀ ਜ਼ੁਬਾਨ ਨੂੰ ਵੱਡੀ ਮਾਨਤਾ ਮਿਲ ਸਕਦੀ ਹੈ ਤੇ ਆਪਣੀ ਪੰਜਾਬ ਦੀ ਧਰਤ ਉੱਤੇ ਬੈਠੇ ਉਹ ਲੋਕ ਜਿਹੜੇ ਪੰਜਾਬੀ ਜ਼ੁਬਾਨ ਨੂੰ ਅਨਪੜ੍ਹਾਂ ਦੀ ਜ਼ੁਬਾਨ ਕਹਿੰਦੇ ਹਨ, ਦਾ ਵੀ ਮੂੰਹ ਸ਼ਾਇਦ ਬੰਦ ਹੋ ਜਾਵੇ।" (ਯੂ.ਐਨ.ਓ. ਵਿਚ ਪੰਜਾਬੀ ਤੇ ਪੰਜਾਬ, ਪੰਜਾਬੀ ਟ੍ਰਿਬਿਊਨ, 21 ਜੂਨ, 2009 ਪੰਨਾ-7)



Sri Satguru Jagjit Singh Ji Elibrary NamdhariElibrary@gmail.com

ਇੰਨਾ ਹੀ ਨਹੀਂ ਪ੍ਰਬੰਧਕਾਂ ਵਲੋਂ ਮਜਬੂਰੀਆਂ ਦਸ ਕੇ ਨਾਂਹ ਕਰਨ ਦੇ ਬਾਵਜੂਦ ਇਹ ਪੰਜਾਬ ਦੀ ਅਣਖੀਲੀ ਧੀ ਡਟੀ ਰਹੀ ਤੇ ਆਖ਼ਰ ਫ਼ਤਹਿ ਹਾਸਲ ਕੀਤੀ। ਵਿਸ਼ਵ ਭਰ ਦੇ ਪੰਜਾਬੀਆਂ ਨੇ ਇਸ ਜਿੱਤ 'ਤੇ ਮਾਣ ਮਹਿਸੂਸ ਕੀਤਾ। ਡਾ. ਹਰਸ਼ਿੰਦਰ ਕੌਰ ਦੇ ਸ਼ਬਦ ਵਰਨਣਯੋਗ ਹਨ:

> "ਇਹ ਮੇਰੀ ਜਿੱਤ ਨਹੀਂ ਸੀ, ਹਰ ਉਸ ਪੰਜਾਬੀ ਦੀ ਜਿੱਤ ਹੈ ਜਿਸਨੂੰ ਆਪਣੀ ਮਾਂ-ਬੋਲੀ ਨਾਲ ਪਿਆਰ ਹੈ। ਉਸ ਰਾਤ ਇਸ ਗੱਲ ਉੱਤੇ ਯੂਰਪ ਵਿਚ ਸਿਰਫ਼ ਚੜ੍ਹਦੇ ਪੰਜਾਬ ਦੇ ਹੀ ਨਹੀਂ ਬਲਕਿ ਲਹਿੰਦੇ ਪੰਜਾਬ ਦੇ ਐਨ.ਆਰ.ਆਈ. ਵੀਰਾਂ ਭੈਣਾਂ ਨੇ ਵੀ ਰੱਜ ਕੇ ਭੰਗੜੇ ਪਾਏ ਕਿ ਉਨ੍ਹਾਂ ਸਭ ਦੀ ਜ਼ੁਬਾਨ ਯੂ.ਐਨ.ਓ. ਵਿਚ ਸਦਾ ਲਈ ਰਜਿਸਟਰ ਹੋ ਗਈ।"

ਇਸ ਮਹਾਨ ਪ੍ਰਾਪਤੀ ਪਿੱਛੇ ਬਚਪਨ ਤੋਂ ਮਿਲੀ ਪ੍ਰੇਰਣਾ ਹੀ ਸੀ ਜਿਸਨੇ ਆਪਣੀ ਸ਼ਕਤੀ ਵਿਖਾਈ।

ਬੋਲੀ ਤੇ ਲਿਪੀ ਦੇ ਸਤਿਕਾਰ ਲਈ ਬੋਲਾਂ ਪ੍ਰਤੀ ਸੁਚੇਤ ਹੋਣਾ ਜ਼ਰੂਰੀ ਹੈ ਕਿਉਂਕਿ ਬੋਲ ਹੀ ਮਨੁੱਖੀ ਸੋਚ ਦਾ ਸਰੂਪ ਹਨ, ਪ੍ਰਗਟਾਵਾ ਹਨ ਤੇ ਪਰਤਾਵਾ ਵੀ। ਗਾਲਾਂ ਭਰੇ ਬੋਲ ਜਾਂ ਕੁਬੋਲ ਤੇ ਬਣਾਵਟੀ ਮਿੱਠੇ ਬੋਲਾਂ ਤੋਂ ਰਸਨਾ ਨੂੰ ਬਚਾਈਏ। ਸਾਡੇ ਪਿਤਾ ਜੀ ਗਾਲ ਵਾਲੀ ਗੱਲ ਨੂੰ ਦੱਸਣ ਜਾਂ ਦੁਹਰਾਉਣ ਤੋਂ ਵਰਜਦੇ ਸਨ ਤਾਂ ਜੋ ਮੰਦੇ ਬੋਲ ਜਿਹਬਾ ਨੂੰ ਨਾ ਛੂ ਜਾਣ। ਇਸ ਪਿੱਛੇ ਬੋਲਾਂ ਦੀ ਪਵਿੱਤਰਤਾ ਕਾਇਮ ਰੱਖਣ ਦਾ ਹੀ ਰਹੱਸ ਸੀ। ਗਾਲਾਂ ਤੇ ਕੁਬੋਲ ਕੇਵਲ ਨਿੱਜ ਦੀ ਬੋਲੀ 'ਤੇ ਹੀ ਧੱਬਾ ਨਹੀਂ ਸਗੋਂ ਸਮੁੱਚੀ ਪੰਜਾਬੀ ਬੋਲੀ ਨੂੰ ਬਦਨਾਮ ਕਰਦੇ ਹਨ। ਅਸ਼ਲੀਲ ਤੇ ਲੱਚਰਤਾ ਵਾਲੇ ਬੋਲ ਨੀਵੀਂ ਬਿਰਤੀ ਦੇ ਸੰਕੇਤ ਹਨ ਤੇ ਪੰਜਾਬੀ ਬੋਲੀ ਦਾ ਨਿਰਾਦਰ ਕਰਦੇ ਹਨ। ਬਾਣੀ-ਅਭਿਆਸ ਤੇ ਸਿਮਰਨ ਅਭਿਆਸ ਸਾਡੇ ਬੋਲਾਂ ਨੂੰ ਪਵਿੱਤਰਤਾ ਬਖਸ਼ਦੇ ਹਨ ਤੇ ਅਜਿਹੇ ਬੋਲਾਂ ਨੂੰ ਨਮਸਕਾਰ ਹੁੰਦੀ ਹੈ। ਬਾਣੀ ਦੀ ਪਾਰਸ-ਛੋਹ ਬੋਲਾਂ ਵਿਚ ਬਲਵਾਨਤਾ ਭਰਦੀ ਹੈ। ਇਨ੍ਹਾਂ ਬੋਲਾਂ ਦੀ ਵਿਕਾਸ ਯਾਤਰਾ ਸਵੈ-ਵਿਸ਼ਲੇਸ਼ਣ ਤੋਂ ਸਰਬੱਤ ਦੇ ਭਲੇ ਦੀ ਹੁੰਦੀ ਹੈ। ਇੱਕ ਸਿਆਣੇ ਵੀਰ ਨੇ ਠੀਕ ਹੀ ਕਿਹਾ ਹੈ, "ਕਿਸੇ ਦੇ ਬੋਲ ਕੁਬੋਲ ਸਹਾਰਨੇ ਤਪਾਂ ਸਿਰ ਤਪ ਹੈ।" ਇਹ ਵੀ ਠੀਕ ਹੈ ਕਿ ਬੋਲ-ਕੁਬੋਲ ਬੋਲਣਾ ਵੀ ਪਾਪ ਹੈ। ਦੂਜਿਆਂ ਦੇ ਮੰਦੇ ਬੋਲ ਦ੍ਰਿੜ੍ਹ ਇਰਾਦਿਆਂ ਨੂੰ ਤੋੜ ਨਹੀਂ ਸਕਦੇ। ਤਾਕਤਵਰ ਮਨ 'ਤੇ ਕੋਈ ਵੀ ਕੁਬੋਲ ਹੱਲਾ ਨਹੀਂ ਬੋਲ ਸਕਦਾ। ਕਾਰਨ, ਜੇ ਬਾਣੀ ਦੇ ਅੰਮ੍ਰਿਤਮਈ ਬੋਲਾਂ ਦੀ ਬਖਸ਼ਿਸ਼ ਲੋਚਦੇ ਹਾਂ ਤਾਂ ਕਮਜ਼ੋਰ ਮਨ ਦੇ ਬਿਖ ਬੋਲਾਂ ਦਾ ਹਮਲਾ ਸੰਭਵ ਹੀ ਨਹੀਂ। ਅੰਮ੍ਰਿਤ ਬੋਲ ਢਾਲ ਵੀ ਬਣਦੇ ਹਨ ਤੇ ਅੰਗ ਰਖਿਅਕ ਵੀ। ਇਸੇ ਵਿਚ ਹੀ 'ਗੁਰੂ ਮੇਰੇ ਸੰਗ ਸਦਾ ਹੈ ਨਾਲੇ' ਦੀ ਜੁਗਤੀ ਭਾਲੀ ਜਾ ਸਕਦੀ ਹੈ।

ਸਪਸ਼ਟ ਹੈ, ਬਾਣੀ ਦੀ ਸ਼ਰਣ, ਪਵਿੱਤਰ ਲਿਪੀ ਦੀ ਸ਼ਰਣ ਹੈ। ਬਾਣੀ ਨਾਲ ਪਿਆਰ, ਪਵਿੱਤਰ ਬੋਲੀ ਤੇ ਪਾਵਨ ਲਿਪੀ ਨਾਲ ਪਿਆਰ ਹੈ। ਬਾਣੀ ਬੋਲਾਂ ਦੀ ਸਵੈ ਦੇ ਬੋਲਾਂ ਵਿਚ ਰਚਮਿਚ ਜਾਣ ਦੀ ਲੋਚਾ ਤਾਂ ਪ੍ਰਭੂ ਨਾਲ ਅਭੇਦ ਹੋਣ ਦੀ ਲੋਚਾ ਹੈ ਕਿਉਂਕਿ ਪ੍ਰਭੂ ਦੇ ਬੋਲ ਹੀ ਉੱਤਮ ਹਨ। ਬਾਣੀ ਬੋਲਾਂ ਤੇ ਬਿਖੇ ਬੋਲਾਂ ਦੇ ਅੰਤਰ ਦਾ ਆਧਾਰ ਹਰਿਨਾਮ ਤੇ ਹਉਮੈ ਦਾ ਦਵੰਦ ਹੈ। ਜਿਥੇ ਨਿਮਰਤਾ ਹੈ, ਸਬਰ ਹੈ, ਸੰਤੋਖ ਹੈ, ਸਹਿਣਸ਼ੀਲਤਾ ਹੈ, ਪ੍ਰਭੂ ਦੀ ਮਹਿਮਾ ਹੈ, ਉਥੇ ਬੋਲਾਂ ਵਿਚ ਸਚਾਈ, ਮਧੁਰਤਾ ਤੇ ਅਮਰਤਾ ਹੋਵੇਗੀ, ਜਿਥੇ ਹੰਕਾਰ ਹੈ, ਮੇਰੀ ਮੇਰੀ ਹੈ, ਸਵਾਰਥ ਹੈ, ਤ੍ਰਿਸ਼ਨਾ ਹੈ, ਕਠੋਰਤਾ ਹੈ, ਲਾਲਸਾ ਹੈ, ਉਥੇ ਬੋਲ ਬਿਖ ਬਣ ਜਾਵਣਗੇ।

ਬੋਲ ਹੀ ਮਿਥਿਹਾਸ ਮਿਥਦੇ ਹਨ ਤੇ ਬੋਲ ਹੀ ਇਤਿਹਾਸ ਰਚਦੇ ਹਨ, ਬੋਲਾਂ ਦਾ ਵਿਰਸਾ ਹੁੰਦੇ, ਬੋਲਾਂ ਨੂੰ ਸੰਘਰਸ਼ ਕਰਨਾ ਪੈਂਦਾ, ਜੂਝਣਾ ਪੈਂਦਾ ਅਤੇ ਫਿਰ ਪ੍ਰਵਾਨ ਚੜ੍ਹਦੇ ਹਨ। ਅਮਰ



Sri Satguru Jagjit Singh Ji Elibrary NamdhariElibrary@gmail.com

ਬੋਲ ਜੋੜਦੇ ਹਨ ਅਤੇ ਵਿਸ਼ਾਲਤਾ ਦੇ ਪ੍ਰਤੀਕ ਹਨ। ਅਮਰ ਬੋਲਾਂ ਦਾ ਪਸਾਰਾ ਹੁੰਦਾ ਜਾਂਦੈ। ਅਮਰ ਬੋਲ ਹੀ ਰੂਹਾਨੀ ਗੂੰਜਾਂ ਪਾਉਣ ਦੇ ਯੋਗ ਹੁੰਦੇ ਹਨ। ਕੌਮਾਂ ਦੀਆਂ ਕੁਰਬਾਨੀਆਂ ਪਿਛੇ ਅਮਰ ਬੋਲਾਂ ਦਾ ਹੀ ਬੋਲਬਾਲਾ ਹੁੰਦਾ ਹੈ। ਦਿਖਾਵਟ ਤੇ ਬਨਾਵਟ ਦੇ ਪਰਾਏ ਬੋਲ ਲੱਖ ਸੋਹਣ, ਮੁੱਲਵਾਨ ਹੋਣ, ਪਰਾਏ ਪਰਾਏ ਹੁੰਦੇ ਹਨ, ਆਪਣੇ ਆਪਣੇ। ਬ੍ਰਹਿਮੰਡੀ ਵਿਕਾਸ ਤੇ ਸਰਬੱਤ ਦੇ ਭਲੇ ਦੀ ਲੋਚਾ ਨਾਲ ਹੋਰ ਬੋਲ ਜ਼ਰੂਰ ਸਿਖੀਏ, ਬਾਣੀ ਦੇ ਅਨੁਵਾਦ ਹੋਣ ਪਰ ਪੰਜਾਬੀ ਦੇ ਅਮਰ ਜੀਵਨ ਦੇਣ ਵਾਲੇ ਬੋਲਾਂ ਨੂੰ, ਪਰਾਇਆਂ ਨੂੰ ਆਪਣੇ ਬਣਾਉਣ ਵਾਲੇ ਸ਼ਬਦਾਂ ਨੂੰ ਅਤੇ ਗੁਰਮੁਖੀ ਭੁੱਲ ਜਾਣ ਦੀ ਗਲਤੀ ਨਾ ਕਰੀਏ। ਜੀਵਨ ਵਿਚਲੇ ਬੋਲ ਅਭਿਆਸ ਤੇ ਲਿਖਤ-ਅਭਿਆਸ ਪ੍ਰਤੀ ਚੇਤੰਨ ਹੋਵੀਏ, ਇਸ ਵਿਚੋਂ ਵਿਅਰਥਤਾ ਕੱਢਣ ਦੀ ਜੁਗਤ ਭਾਲੀਏ। ਬਾਣੀ ਦਾ ਗਾਉਣਾ, ਗੁੜ੍ਹਣਾ, ਪਾਠ ਕਰਨਾ, ਕੰਠ ਕਰਨ ਆਦਿ ਜੁਗਤਾਂ ਦਾ ਅਭਿਆਸ ਕਰੀਏ। ਅੱਖਰ ਰੂਹਾਨੀ ਅਨੁਭਵ ਦੀ ਅਮੀਰੀ ਬਣ ਜਾਣ, ਬੋਲ ਪ੍ਰਭੂ ਦਾ ਸਿਮਰਨ ਬਣ ਜਾਣ ਤੇ ਬਿਬੇਕ ਦੀ ਬਾਤ ਬਣ ਜਾਣ, ਅਰਦਾਸ ਕਰੀਏ।

*111 ਮਾਊਂਟ ਐਵੀਨਿਊ, ਬੀ-ਬਲਾਕ, ਫਗਵਾੜਾ ਰੋਡ,
ਨਵੀਂ ਕਲੋਨੀ, ਹੁਸ਼ਿਆਰਪੁਰ।
ਮੋਬਾਇਲ: 98880 84503



Sri Satguru Jagjit Singh Ji Elibrary NamdhariElibrary@gmail.com

# ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਬਹਾਲ ਕਿਵੇਂ ਹੋਵੇ!

*ਡਾ: ਮੇਜਰ ਸਿੰਘ

ਮਾਂ-ਬੋਲੀ ਜਿਥੇ ਕਿਸੇ ਲੋਕ-ਸਮੂਹ ਦੇ ਜੀਵਨ ਸਭਿਆਚਾਰ ਦਾ ਮੂਲ ਹੁੰਦੀ ਹੈ, ਉਥੇ ਵਿਕਾਸ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਕਿਸੇ ਵੀ ਕੌਮ ਦਾ ਵਿਕਾਸ ਤਾਂ ਹੀ ਸੰਭਵ ਹੁੰਦਾ ਹੈ ਜਦੋਂ ਕੌਮ ਦੇ ਨਾਗਰਿਕ ਪੜ੍ਹੇ-ਲਿਖੇ (ਸਾਖ਼ਰ) ਹੋਣ ਅਤੇ ਸੰਪੂਰਨ ਸਾਖਰਤਾ ਤਾਂ ਹੀ ਹਾਸਲ ਹੋ ਸਕਦੀ ਹੈ ਜੇਕਰ ਪ੍ਰਾਇਮਰੀ ਸਿੱਖਿਆ ਮਾਂ-ਬੋਲੀ (ਮਾਤ-ਭਾਸ਼ਾ) ਵਿਚ ਹੋਵੇ।

ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1191)

ਗੁਰਬਾਣੀ ਦੀਆਂ ਇਹ ਪਵਿੱਤਰ ਸਤਰਾਂ ਗੁਰੂ ਨਾਨਕ ਦੇਵ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਗੁਰੂ ਸਾਹਿਬ ਜੀ ਨੇ 15ਵੀਂ ਸਦੀ ਦੇ ਸ਼ੁਰੂ ਵਿਚ ਪੈਦਾ ਹੋਏ ਉਨ੍ਹਾਂ ਹਾਲਾਤਾਂ ਨੂੰ ਬਿਆਨ ਕੀਤਾ ਹੈ ਜਦੋਂ ਬਾਬਰ ਵਲੋਂ ਹਿੰਦੁਸਤਾਨ ਉਪਰ ਜ਼ੁਲਮ ਤੇ ਕਹਿਰ ਢਾਇਆ ਜਾ ਰਿਹਾ ਸੀ। ਵੱਖ-ਵੱਖ ਖਿਤਿਆਂ, ਨਸਲਾਂ ਤੇ ਧਰਮਾਂ ਦੇ ਲੋਕ ਆਪਣੀ ਬੋਲੀ ਛੱਡ, ਹਾਕਮਾਂ ਦੀ ਬੋਲੀ ਬੋਲਣ ਲੱਗ ਪਏ ਸਨ। ਕੇਵਲ ਬੋਲੀ ਹੀ ਨਹੀਂ ਬਲਕਿ ਪਹਿਰਾਵਾ ਵੀ ਬਦਲ ਲਿਆ ਸੀ।

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 472)

ਅਭਾਖਿਆ ਕਾ ਕੁਠਾ ਬਕਰਾ ਖਾਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 472)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 663)

ਜ਼ਰਾ ਸੋਚੋ! ਅੱਜ ਸਾਨੂੰ ਕਿਸ ਦਾ ਡਰ ਤੇ ਖੌਫ਼ ਹੈ ਜਿਸ ਕਾਰਨ ਅਸੀਂ ਆਪਣੀ ਮਾਂ-ਬੋਲੀ ਤੋਂ ਮੁਨਕਰ ਹੋ ਰਹੇ ਹਾਂ? ਕੀ ਅਸੀਂ ਜ਼ਿਹਨੀ ਤੌਰ 'ਤੇ ਅੱਜ ਵੀ ਅੰਗਰੇਜ਼ਾਂ ਦੇ ਗੁਲਾਮ ਹਾਂ? ਬਿਨਾਂ ਸੋਚੇ ਅਸੀਂ ਰੀਸ ਦੀ ਘਰੀਸ ਕਰੀ ਜਾ ਰਹੇ ਹਾਂ।

ਜਾਅ ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ ...

ਕਿਸੇ ਵੀ ਪੰਜਾਬੀ ਲਈ ਅਤੇ ਖਾਸ ਕਰਕੇ ਸਿੱਖ ਲਈ ਇਸ ਤੋਂ ਵੱਡੀ ਹੋਰ ਕੋਈ ਗਾਲ੍ਹ ਨਹੀਂ ਹੋ ਸਕਦੀ! ਆਪਣੀ ਮਾਂ-ਬੋਲੀ ਦਾ ਸਤਿਕਾਰ ਨਾ ਕਰਕੇ ਅੱਜ ਅਸੀਂ ਅਕ੍ਰਿਤਘਣ ਬਣਦੇ ਜਾ ਰਹੇ ਹਾਂ। ਇਹ ਬੋਲੀ ਸਾਨੂੰ ਪੰਜਾਬੀਆਂ ਨੂੰ ਕੇਵਲ ਵਿਰਸੇ ਵਿਚੋਂ ਹੀ ਨਹੀਂ ਮਿਲੀ; ਸਗੋਂ ਸਾਡੇ ਗੁਰੂਆਂ, ਸੰਤਾਂ, ਭਗਤਾਂ, ਭੱਟਾਂ ਤੇ ਸੂਫ਼ੀ ਕਵੀਆਂ ਨੇ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਕੇ, ਬਾਣੀ ਇਸ ਭਾਸ਼ਾ ਵਿਚ ਰਚ ਕੇ, ਇਸ ਨੂੰ ਅਥਾਹ ਸਤਿਕਾਰ ਬਖਸ਼ਿਆ ਹੈ। ਆਪਣੀ ਮਾਂ-ਬੋਲੀ (ਮਾਂ) ਦਾ ਸਤਿਕਾਰ ਕਰਨਾ ਹਰ ਇਕ ਪੰਜਾਬੀ ਦਾ ਨੈਤਿਕ ਫਰਜ਼ ਹੈ। ਸਾਡੇ ਸੂਰਬੀਰ, ਮਿਹਨਤੀ ਤੇ ਸਿਰੜੀ ਪੰਜਾਬੀ ਸੰਸਾਰ ਦੇ ਜਿਸ ਕੋਨੇ ਵਿਚ ਵੀ ਗਏ, ਨਾ ਕੇਵਲ ਆਪਣੀ ਮਾਂ-



Sri Satguru Jagjit Singh Ji Elibrary NamdhariElibrary@gmail.com

ਬੋਲੀ ਦਾ ਸਤਿਕਾਰ ਬਹਾਲ ਰੱਖਿਆ ਸਗੋਂ ਆਪਣੇ ਆਪ 'ਤੇ ਪੰਜਾਬੀ ਹੋਣ ਕਰਕੇ ਮਾਣ ਤੇ ਫ਼ਖਰ ਮਹਿਸੂਸ ਕਰਦੇ ਹਨ। ਕਈ ਗੁਆਂਢੀ ਰਾਜਾਂ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਯੂ.ਪੀ. ਤੇ ਦਿੱਲੀ ਪ੍ਰਦੇਸ਼ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿਵਾਉਣ ਵਿਚ ਕਾਮਯਾਬੀ ਮਿਲੀ ਹੈ। ਸਾਲ 2006 ਵਿਚ ਕੈਨੇਡਾ ਵਿਚ ਵੀ ਪੰਜਾਬੀ ਨੂੰ ਉਥੋਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਸਥਾਨ ਪ੍ਰਾਪਤ ਹੋਇਆ ਹੈ। ਕੈਨੇਡਾ ਦੇ ਸਕੂਲਾਂ ਵਿਚ ਪੰਜਾਬੀ ਨੂੰ ਜ਼ਰੂਰੀ ਵਿਸ਼ੇ ਵਜੋਂ ਲਾਗੂ ਕੀਤਾ ਗਿਆ ਹੈ। ਸਮੂਹ ਪੰਜਾਬੀਆਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ। ਅਜਿਹੇ ਉਪਰਾਲੇ ਸਲਾਹੁਣਯੋਗ ਹਨ: ਪ੍ਰੰਤੂ ਸਾਡਾ 'ਦੀਵੇ ਥੱਲੇ ਹਨ੍ਹੇਰਾ' ਵਾਲੀ ਸਥਿਤੀ ਹੈ, ਆਪਣੇ ਪੰਜਾਬ ਵਿਚ ਪੰਜਾਬੀ ਦੀ ਕੀ ਦੁਰਗਤੀ ਹੋ ਰਹੀ ਹੈ, ਸਾਡੇ ਸਭ ਦੇ ਸਾਹਮਣੇ ਹੈ। ਮਾਂ-ਬੋਲੀ ਦਾ ਸਤਿਕਾਰ ਤਾਂ ਹੀ ਬਹਾਲ ਰੱਖਿਆ ਜਾ ਸਕਦਾ ਹੈ, ਆਉਣ ਵਾਲੀਆਂ ਪੀੜ੍ਹੀਆਂ ਨੂੰ ਤਾਂ ਹੀ ਮਾਂ-ਬੋਲੀ ਨਾਲ ਜੋੜ ਕੇ ਰੱਖਿਆ ਜਾ ਸਕਦਾ ਹੈ ਜੇਕਰ ਇਹ ਤਿੰਨ ਗੱਲਾਂ ਕੀਤੀਆਂ ਜਾਣ:

1. ਮਾਂ-ਬੋਲੀ ਘਰਾਂ ਵਿਚ ਬੋਲੀ ਜਾਵੇ
2. ਮੁਢਲੀ (ਪ੍ਰਾਇਮਰੀ) ਸਿਖਿਆ ਮਾਤ-ਭਾਸ਼ਾ ਵਿਚ ਹੋਵੇ
3. ਮਾਂ-ਬੋਲੀ ਨੂੰ ਸਰਕਾਰੀ ਭਾਸ਼ਾ ਵਜੋਂ ਲਾਗੂ ਕੀਤਾ ਜਾਵੇ

ਬਦਕਿਸਮਤੀ ਨਾਲ ਇਹ ਤਿੰਨੇ ਪਹਿਲੂ ਹੀ ਉਲਟ ਚਲ ਰਹੇ ਹਨ। "ਬੇੜਾ ਡੋਬੈ ਪਾਤਣੀ ਕਿਉਂ ਪਾਰਿ ਉਤਾਰਾ" ਕਥਨ ਅਨੁਸਾਰ ਜੰਮਦੇ ਬੱਚੇ ਨੂੰ ਹੀ ਮਾਂ, ਬਾਪੂ, ਭੈਣ, ਭਰਾ, ਦਾਦਾ, ਦਾਦੀ, ਚਾਚਾ, ਚਾਚੀ, ਮਾਮਾ, ਮਾਮੀ ਆਦਿ ਸਿਖਾਉਣ ਦੀ ਬਜਾਏ ਮੰਮੀ, ਡੈਡੀ, ਸਿਸਟਰ, ਬਰੱਦਰ, ਅੰਕਲ ਤੇ ਆਂਟੀ ਸਿਖਾ ਕੇ ਆਧੁਨਿਕ ਮਾਪੇ ਫੋਕੀ ਅਗਾਂਹਵਧੂ ਦੌੜ ਅਤੇ ਜਿਆਦਾ ਤੋਂ ਜਿਆਦਾ ਪੈਸਾ ਕਮਾਉਣ ਦੇ ਲਾਲਚ ਵਿਚ ਬੱਚਿਆਂ ਨੂੰ ਆਪਣੇ ਅਮੀਰ ਸੱਭਿਆਚਾਰ, ਭਾਵ ਆਪਣੇ ਮੁੱਢ ਨਾਲੋਂ ਤੋੜ ਰਹੇ ਹਨ। ਇਹ ਆਪਣੀ ਮਾਂ-ਬੋਲੀ ਪ੍ਰਤੀ ਅਕ੍ਰਿਤਘਣ ਵਾਲਾ ਕੰਮ ਹੈ। ਜਿਥੋਂ ਤੱਕ ਘਰਾਂ ਵਿਚ ਮਾਂ-ਬੋਲੀ ਦੀ ਵਰਤੋਂ ਦੀ ਗੱਲ ਹੈ, ਬਾਰੇ ਅੰਕੜੇ ਦਿਲ-ਦਿਮਾਗ਼ ਝੁਖਲਾ ਦੇਣ ਵਾਲੇ ਹਨ। ਅੱਜ ਜੋ ਪੰਜਾਬੀ ਦੀ ਪਛਾਣ ਬਚੀ ਹੈ ਉਹ ਕੇਵਲ ਸਿੱਖਾਂ ਕਰਕੇ ਹੀ ਜਾਪਦੀ ਹੈ, ਜਿਸ ਦਾ ਮੁੱਖ ਕਾਰਨ ਪੰਜਾਬ ਦਾ ਅਰਥਚਾਰਾ ਜੋ ਕਿ ਖੇਤੀ ਪ੍ਰਧਾਨ ਹੈ। ਸਾਡਾ ਪੜ੍ਹਿਆ ਲਿਖਿਆ ਵਰਗ ਕੀ ਅਮੀਰ ਤੇ ਗਰੀਬ, ਸਭ ਲੋਕ ਅੰਗਰੇਜ਼ੀ ਵਿਚ ਗੱਲਾਂ ਕਰਨ ਨੂੰ ਆਪਣਾ ਵਡੱਪਣ ਸਮਝਦੇ ਹਨ। ਪੰਜਾਬ ਵਿਚ ਰਹਿੰਦੇ ਸਾਡੇ ਪੰਜਾਬੀ ਹਿੰਦੂ ਵੀਰ ਆਪਣੀ ਮਾਂ-ਬੋਲੀ ਪੰਜਾਬੀ ਦੀ ਥਾਂ ਹਿੰਦੀ ਨੂੰ ਮੰਨਦੇ ਹਨ। ਇੱਕ ਹੋਰ ਗੱਲ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਰੋਜ਼ੀ ਰੋਟੀ ਦੀ ਤਲਾਸ਼ ਵਿਚ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਪੰਜਾਬ ਜੋ ਪਹਿਲਾਂ ਹੀ ਦੋ-ਭਾਸ਼ੀ ਰਾਜ ਸੀ, ਹੁਣ ਉਸ ਵਿਚ ਹਿੰਦੀ ਭਾਸ਼ਾ ਬੋਲਣ ਵਾਲਿਆਂ (ਹਿੰਦੂ ਵੀਰ+ਪ੍ਰਵਾਸੀ ਮਜ਼ਦੂਰ) ਦੀ ਗਿਣਤੀ ਪੰਜਾਬੀ ਬੋਲਣ ਵਾਲਿਆਂ ਤੋਂ ਕਿਤੇ ਜ਼ਿਆਦਾ ਹੈ। ਭਵਿੱਖ ਵਿਚ ਇਹ ਸਮੀਕਰਨਾਂ ਹੋਰ ਵੀ ਬਦਲਦੀਆਂ ਨਜ਼ਰ ਆ ਰਹੀਆਂ ਹਨ।

ਮਾਤ-ਭਾਸ਼ਾ ਵਿਚ ਮੁੱਢਲੀ ਸਿੱਖਿਆ ਦੇਣ ਦੀ ਨੀਤੀ ਨੂੰ ਪਹਿਲਾਂ ਸਭ ਤੋਂ ਵੱਡਾ ਨੁਕਸਾਨ ਪੰਜਾਬ ਵਿਚ ਖੁੱਲ੍ਹੇ ਪ੍ਰਾਈਵੇਟ/ਪਬਲਿਕ ਸਕੂਲਾਂ (ਅੰਗਰੇਜ਼ੀ/ਹਿੰਦੀ ਮਾਧਿਅਮ) ਨੇ ਪਹੁੰਚਾਇਆ ਹੈ ਅਤੇ ਹੁਣ ਬਾਕੀ ਬਚਦੀ ਕਸਰ ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਉਣ ਬਾਰੇ ਸਾਡੀ ਸਰਕਾਰ ਦੇ ਨਿਰਣੇ ਨੇ ਪੂਰੀ ਕਰ ਦਿੱਤੀ ਹੈ। ਸਾਲ 1998 ਵਿਚ ਪੰਜਾਬ ਸਰਕਾਰ ਨੇ ਇੱਕੋ ਝਟਕੇ ਵਿਚ ਰਾਜ ਦੇ ਸਾਰੇ ਸਕੂਲਾਂ ਵਿਚ ਅੰਗਰੇਜ਼ੀ ਪਹਿਲੀ ਜਮਾਤ ਤੋਂ ਲਾਗੂ ਕਰਕੇ ਮਾਂ-ਬੋਲੀ ਪ੍ਰਤੀ ਅਕ੍ਰਿਤਘਣਤਾ ਵਾਲਾ ਕੰਮ ਕੀਤਾ ਹੈ। ਬਹੁਤ ਸਾਰੇ ਬੁੱਧੀਜੀਵੀਆਂ ਨੇ ਵੱਖ-ਵੱਖ ਸਰਵੇਖਣਾਂ ਰਾਹੀਂ



Sri Satguru Jagjit Singh Ji Elibrary NamdhariElibrary@gmail.com

ਇਹ ਸਿੱਧ ਕਰ ਦਿੱਤਾ ਹੈ ਕਿ ਪ੍ਰਾਇਮਰੀ ਪੱਧਰ ਦੀ ਸਿੱਖਿਆ ਕੇਵਲ ਮਾਂ-ਬੋਲੀ ਵਿਚ ਹੀ ਪੂਰੀ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਮਾਂ-ਬੋਲੀ ਤੋਂ ਬਿਨਾਂ ਹੋਰ ਭਾਸ਼ਾਵਾਂ ਪੜ੍ਹਾਉਣ ਨਾਲ, ਬੱਚੇ ਮਾਂ-ਬੋਲੀ ਵਿਚ ਵੀ ਪੂਰੀ ਨਿਪੁੰਨਤਾ ਹਾਸਲ ਨਹੀਂ ਕਰ ਪਾਉਂਦੇ ਅਤੇ ਉਨ੍ਹਾਂ ਦਾ ਦਿਮਾਗੀ ਵਿਕਾਸ ਵੀ ਪੂਰਾ ਨਹੀਂ ਹੋ ਪਾਉਂਦਾ।

ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਜਿਉਂ-ਜਿਉਂ ਅਸੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਦੇ ਰੰਗ ਵਿਚ ਰੰਗਦੇ ਜਾਵਾਂਗੇ, ਤਿਉਂ-ਤਿਉਂ ਇਹ ਬੱਚੇ ਆਪਣੀ ਮਾਖਿਓਂ ਮਿੱਠੀ ਮਾਂ-ਬੋਲੀ ਤੋਂ ਹੀ ਪਰ੍ਹਾਂ ਨਹੀਂ ਹੁੰਦੇ ਜਾਣਗੇ ਬਲਕਿ ਆਪਣੀ ਪਹਿਚਾਣ, ਵਿਰਸੇ, ਧਰਮੀ ਮਾਂ ਤੇ ਦੇਸ਼ ਤੋਂ ਵੀ ਪਰ੍ਹਾਂ ਹੁੰਦੇ ਜਾਣਗੇ। ਸਾਨੂੰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਸਮਾਜ ਜਾਂ ਕੌਮ ਦੇ ਵਿਕਾਸ ਦਾ ਮੁੱਖ ਧੁਰਾ ਵਿਦਿਆ ਨੂੰ ਮੰਨਿਆ ਜਾਂਦਾ ਹੈ। ਜੇਕਰ ਇਹ ਧੁਰਾ ਮਜ਼ਬੂਤ, ਵਿਕਾਸਸ਼ੀਲ, ਸੰਤੁਲਤ ਹੋਵੇਗਾ ਤਾਂ ਉਹ ਸਮਾਜ ਵੀ ਹਰ ਪੱਖੋਂ ਸ਼ਕਤੀਸ਼ਾਲੀ ਹੋਵੇਗਾ। ਨਿਰਸੰਦੇਹ, ਅਜਿਹਾ ਤਾਂ ਹੀ ਸੰਭਵ ਹੋਵੇਗਾ ਜੇਕਰ ਮੁੱਢਲੀ ਸਿੱਖਿਆ ਮਾਤ-ਭਾਸ਼ਾ ਵਿਚ ਹੋਵੇਗੀ।

ਜਦੋਂ ਅਸੀਂ ਮਾਂ-ਬੋਲੀ ਨੂੰ ਸਰਕਾਰੀ ਭਾਸ਼ਾ ਬਣਾਉਣ ਦੀ ਗੱਲ ਕਰਦੇ ਹਾਂ ਤਾਂ ਸਿਵਾਏ ਸ. ਲਛਮਣ ਸਿੰਘ ਗਿੱਲ ਦੀ ਸਰਕਾਰ ਦੇ, ਹੋਰ ਕਿਸੇ ਵੀ ਸਰਕਾਰ ਨੇ ਭਾਵੇਂ ਉਹ ਅਕਾਲੀਆਂ ਦੀ ਸੀ ਜਾਂ ਫਿਰ ਕਾਂਗਰਸੀਆਂ ਦੀ, ਕਿਸੇ ਨੇ ਵੀ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਲਾਗੂ ਕਰਨ ਦਾ ਉਪਰਾਲਾ ਹੀ ਨਹੀਂ ਕੀਤਾ। ਇੰਨੇ ਸਾਲ ਬੀਤ ਜਾਣ ਬਾਅਦ, ਸਾਲ 2008 ਵਿਚ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿਚ ਮਾਂ-ਬੋਲੀ ਪੰਜਾਬੀ ਦਾ ਮਾਣ-ਸਤਿਕਾਰ ਵਧਾਉਣ ਲਈ ਤੇ ਸਰਕਾਰੇ-ਦਰਬਾਰੇ ਪੰਜਾਬੀ ਲਾਗੂ ਕਰਵਾਉਣ ਲਈ ਮਤਾ ਪਾਸ ਕੀਤਾ ਹੈ। ਇਹ ਬਿੱਲ ਪਾਸ ਹੋਣ ਉਪਰੰਤ ਰਾਜ ਦੇ ਸਮੂਹ ਸਕੂਲਾਂ ਵਿਚ ਦਸਵੀਂ ਤੱਕ ਪੰਜਾਬੀ ਜ਼ਰੂਰੀ ਵਿਸ਼ੇ ਵਜੋਂ ਅਤੇ ਸਾਰਾ ਸਰਕਾਰੀ ਕੰਮ-ਕਾਜ ਪੰਜਾਬੀ ਵਿਚ ਕਰਨ ਦੀ ਵਿਵਸਥਾ ਹੈ ਪਰੰਤੂ ਇਸ 'ਤੇ ਅਸਲ ਵਿਚ ਅਮਲ ਅਜੇ ਪ੍ਰਤੱਖ ਨਜ਼ਰ ਨਹੀਂ ਆ ਰਿਹਾ। ਆਸ ਹੈ ਕਿ ਨੇੜਲੇ ਭਵਿੱਖ ਵਿਚ ਸਰਕਾਰ ਸਖ਼ਤਾਈ ਨਾਲ ਇਹ ਸਭ ਲਾਗੂ ਕਰਵਾਏਗੀ। ਮੈਂ ਬਹੁਤ ਸੋਚਦਾ ਕਿ ਕਿਸੇ ਕਵੀ ਨੇ ਜਦੋਂ ਪੰਜਾਬੀ ਪ੍ਰਤੀ ਪਿਆਰ ਭਰੀਆਂ ਇਹ ਪੰਕਤੀਆਂ ਲਿਖੀਆਂ ਹੋਣਗੀਆਂ, ਉਦੋਂ ਸ਼ਾਇਦ ਅਜਿਹੇ ਅਖੌਤੀ ਅੰਗਰੇਜ਼ੀ ਮਾਡਲ ਪਬਲਿਕ ਸਕੂਲ ਨਹੀਂ ਖੁੱਲ੍ਹੇ ਹੋਣਗੇ,

> ਮੇਰੀ ਕੁੱਖ ਉਸਦੀ ਫਾੜੀ ਤਣਦੀ ਰਹੇਗੀ
> ਉਦੋਂ ਤੀਕ ਤਾਂ ਪੰਜਾਬੀ ਨਹੀਂ ਮਰਦੀ,
> ਜਦੋਂ ਤੀਕ ਪੰਜਾਬਣ ਜਣਦੀ ਰਹੇਗੀ।

ਜੇ ਕੋਈ ਇਹ ਸੋਚੇ ਕਿ ਅੰਗਰੇਜ਼ੀ ਪੜ੍ਹੇ ਤੋਂ ਬਿਨਾਂ ਅਸੀਂ ਅਗਾਂਹਵਧੂ ਨਹੀਂ ਬਣ ਸਕਦੇ ਜਾਂ ਅਸੀਂ ਤਰੱਕੀ ਨਹੀਂ ਕਰ ਸਕਦੇ ਤਾਂ ਇਹ ਬਹੁਤ ਵੱਡਾ ਭੁਲੇਖਾ ਹੈ। ਉਲਟਾ ਸਗੋਂ ਸਾਡੇ ਬੱਚਿਆਂ ਦਾ ਹਾਲ ਧੋਬੀ ਦੇ ਉਸ ਕੁੱਤੇ ਵਾਲਾ ਬਣ ਜਾਂਦਾ ਹੈ ਜੋ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ, ਭਾਵ ਮਾਂ-ਬੋਲੀ ਪੰਜਾਬੀ ਵਿਚ ਵੀ ਮੁਹਾਰਤ ਹਾਸਲ ਨਹੀਂ ਹੋ ਪਾਉਂਦੀ ਤੇ ਪਰਾਈ ਭਾਸ਼ਾ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਨ ਦੀ ਤਾਂ ਗੱਲ ਹੀ ਦੂਰ ਦੀ ਹੈ। ਇਹੀ ਕਾਰਨ ਹੈ ਕਿ ਜਦੋਂ ਤੋਂ ਅੰਗਰੇਜ਼ੀ ਪੜ੍ਹਨ ਦਾ ਰੁਝਾਨ ਜ਼ਿਆਦਾ ਵਧਿਆ ਹੈ, ਸਾਡੇ ਬੱਚੇ ਕੌਮੀ ਪੱਧਰ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ.ਏ.ਐਸ.) ਜਿਹੇ ਇਮਤਿਹਾਨਾਂ ਵਿਚ ਪਿੱਛੇ ਜਾ ਰਹੇ ਹਨ। ਹੇਠ ਲਿਖੇ ਅੰਕੜੇ ਇਸ ਸਥਿਤੀ ਨੂੰ ਸਾਫ਼-ਸਾਫ਼ ਬਿਆਨ ਕਰਦੇ ਹਨ:



Sri Satguru Jagjit Singh Ji Elibrary NamdhariElibrary@gmail.com

ਆਈ.ਏ.ਐਸ. ਪਾਸ ਕਰਨ ਵਾਲਿਆਂ ਵਿਚ ਪੰਜਾਬ ਦੀ ਹਿੱਸੇਦਾਰੀ

| ਸਾਲ ਤੇ ਬੈਚ | ਪੂਰੇ ਦੇਸ਼ ਵਿਚ ਪਾਸ ਉਮੀਦਵਾਰ | ਪੰਜਾਬ ਦੇ ਪਾਸ ਉਮੀਦਵਾਰ | ਪ੍ਰਤੀਸ਼ਤ |
|---|---|---|---|
| 1975 | 118 | 13 | 11 |
| 1980 | 125 | 11 | 9 |
| 1985 | 184 | 13 | 7 |
| 1990 | 256 | 17 | 6.6 |
| 1995 | 149 | 05 | 3 |
| 2000 | 57 | ਕੋਈ ਨਹੀਂ | 0 |
| 2004 | 74 | 03 | 4 |

ਮਾਂ-ਬੋਲੀ ਪੱਖੋਂ ਅੱਜਕਲ੍ਹ ਪੰਜਾਬ ਦੀ ਸਥਿਤੀ ਬੜੀ ਹੀ ਹਾਸੋ-ਹੀਣੀ ਜਿਹੀ ਬਣਦੀ ਜਾ ਰਹੀ ਹੈ। ਮਾਂ-ਬੋਲੀ ਦੇ ਵਾਰਸ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਪੜ੍ਹਨ ਤੋਂ ਝਿਜਕ ਲੱਗਦੀ ਹੈ ਅਤੇ ਆਪਣੇ ਬੱਚਿਆਂ ਨੂੰ ਅਗਾਂਹਵਧੂ ਬਣਾਉਣ ਦੀ ਹੋੜ੍ਹ ਵਿਚ ਅੰਗਰੇਜ਼ੀ ਪੜ੍ਹਾਉਣਾ ਚਾਹੁੰਦੇ ਹਨ। ਕਿਸੇ ਨਾ ਕਿਸੇ ਤਰੀਕੇ ਕਿਸੇ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਬੱਚੇ ਪੜ੍ਹਾ ਲੈਂਦੇ ਹਨ, ਜਦੋਂ ਕਿ ਪੰਜਾਬ ਵਿਚ ਹੋਰ ਸੂਬਿਆਂ ਤੋਂ ਆਏ ਪ੍ਰਵਾਸੀ ਮਜ਼ਦੂਰ ਜਿਨ੍ਹਾਂ ਵਿਚ ਬਿਹਾਰ, ਉੱਤਰ ਪ੍ਰਦੇਸ਼ ਅਤੇ ਉੜੀਸਾ ਆਦਿ ਦੇ ਵਸਨੀਕ ਹਨ, ਅੰਗਰੇਜ਼ੀ ਸਕੂਲਾਂ ਦੀਆਂ ਫੀਸਾਂ ਦੇਣ ਦੇ ਅਸਮਰੱਥ ਹੁੰਦੇ ਹਨ ਅਤੇ ਆਪਣੇ ਬੱਚਿਆਂ ਨੂੰ ਸਰਕਾਰੀ ਪੰਜਾਬੀ ਸਕੂਲਾਂ ਵਿਚ ਪੜ੍ਹਾਉਂਦੇ ਹਨ। ਸਥਿਤੀ ਇਹ ਬਣਦੀ ਜਾ ਰਹੀ ਹੈ ਕਿ ਉਨ੍ਹਾਂ ਦੇ ਬੱਚੇ ਤਾਂ ਫਰਲ ਫਰਲ ਕਰਕੇ ਪੰਜਾਬੀ ਬੋਲਣੀ ਸਿੱਖ ਰਹੇ ਹਨ ਜਦੋਂ ਕਿ ਸਾਡੇ ਬੱਚੇ ਅੰਗਰੇਜ਼ੀ ਪਿਛੇ ਦੌੜ ਰਹੇ ਹਨ। ਪੰਜਾਬੀਆਂ ਦੇ ਸਿਰ ਅੰਗਰੇਜ਼ੀ ਦਾ ਭੂਤ ਸਵਾਰ ਹੋ ਚੁੱਕਾ ਹੈ, ਇਉਂ ਲਗਦਾ ਹੈ ਕਿ ਪੰਜਾਬੀ ਮਾਂ-ਬੋਲੀ ਪੰਜਾਬ ਦੇ ਪੰਜਾਬੀਆਂ ਦੀ ਨਾ ਹੋ ਕੇ, ਮਜ਼ਦੂਰਾਂ ਜਾਂ ਭਈਆਂ ਦੀ ਹੋ ਕੇ ਰਹਿ ਜਾਵੇਗੀ। ਅਜਿਹੇ ਹਾਲਾਤਾਂ ਨੂੰ ਦੇਖਦੇ ਹੋਏ ਫਿਰੋਜ਼ਦੀਨ ਸ਼ਰਫ਼ ਦੀਆਂ ਸਤਰਾਂ ਯਾਦ ਆਉਂਦੀਆਂ ਹਨ:

ਸ਼ਰਫ਼ ਪੁਛੀ ਨਾ ਜਿਨ੍ਹਾਂ ਨੇ ਬਾਤ ਮੇਰੀ,
ਮੈਂ ਮਾਂ-ਬੋਲੀ ਉਨ੍ਹਾਂ ਪੰਜਾਬੀਆਂ ਦੀ।

ਹੁਣ ਵਿਚਾਰੀਏ ਕਿ ਇਸ ਸਾਰੇ ਲਈ ਜ਼ਿੰਮੇਵਾਰ ਕੌਣ ਹੈ? ਜੇ ਅਸੀਂ ਬੱਚੇ ਦੇ ਜਨਮ ਤੋਂ ਹੀ ਉਸ ਨੂੰ ਮਾਂ-ਬੋਲੀ ਸਿਖਾਈ ਹੁੰਦੀ, ਮਾਂ-ਬੋਲੀ ਤੇ ਮਾਂ-ਭੂਮੀ ਦੀ ਅਹਿਮੀਅਤ ਦੱਸੀ ਹੁੰਦੀ, ਆਪਣੇ ਅਮੀਰ ਵਿਰਸੇ ਤੇ ਸਭਿਆਚਾਰ ਬਾਰੇ ਪੜ੍ਹਾਇਆ-ਸਿਖਾਇਆ ਹੁੰਦਾ ਤਾਂ ਬੱਚਾ ਜਿਥੇ ਆਪਣੇ ਦੇਸ਼ ਨੂੰ ਪਿਆਰ ਕਰਦਾ ਉਥੇ ਆਪਣੀ ਮਾਂ (ਮਾਪਿਆਂ) ਦਾ ਸਤਿਕਾਰ ਕਰਦਾ, ਮਾਂ-ਬਾਪ ਜਾਂ ਜਨਮ-ਭੂਮੀ ਦੀ ਸੇਵਾ ਕਰਨ ਵਿਚ ਫਖ਼ਰ ਮਹਿਸੂਸ ਕਰਦਾ। ਪੱਛਮੀ ਸਭਿਆਚਾਰ ਦੇ ਪ੍ਰਭਾਵ ਨੂੰ ਨਾ ਕਬੂਲਦਾ ਹੋਇਆ ਬਜ਼ੁਰਗ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਧੱਕੇ ਖਾਣ ਲਈ ਮਜ਼ਬੂਰ ਨਾ ਕਰਦਾ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਸੇ ਮਾਤ-ਭੂਮੀ ਦੀ ਰੱਖਿਆ ਲਈ ਸਾਡੇ ਹਜ਼ਾਰਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਵਾਰ ਕੇ ਅੰਗਰੇਜ਼ਾਂ ਨੂੰ ਇਥੋਂ ਕੱਢਿਆ ਸੀ। ਅਸੀਂ ਸ. ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਦਿੱਤੀਆਂ ਕੁਰਬਾਨੀਆਂ ਨੂੰ ਕਿਵੇਂ ਭੁੱਲ ਗਏ!

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,



Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਧਰਿਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਇਹ ਮੰਨਿਆ ਪ੍ਰਮੰਨਿਆ ਤੱਥ ਹੈ ਕਿ ਜਿਹੜੀਆਂ ਕੌਮਾਂ ਆਪਣੇ ਦੇਸ਼ ਦੇ ਸ਼ਹੀਦਾਂ, ਮੁਰੀਦਾਂ, ਸਭਿਆਚਾਰ ਜਾਂ ਆਪਣੀ ਮਾਂ-ਬੋਲੀ ਨੂੰ ਭੁਲਾ ਦਿੰਦੀਆਂ ਹਨ, ਉਹ ਕੌਮਾਂ ਵੀ ਇਤਿਹਾਸ ਦੇ ਸਫ਼ੇ ਤੋਂ ਮਿਟ ਜਾਇਆ ਕਰਦੀਆਂ ਹਨ। ਕਹਿਣ ਨੂੰ ਤਾਂ ਅਸੀਂ ਇਹ ਗੱਲ ਮੰਨਦੇ ਹਾਂ ਪਰ ਸਾਡੀ ਕਰਣੀ ਤੇ ਕਥਨੀ ਵਿਚ ਹਮੇਸ਼ਾ ਵੱਡਾ ਅੰਤਰ ਰਿਹਾ ਹੈ, ਜਿਸ ਕਰਕੇ ਅਸੀਂ ਆਪਣੇ ਸੁਨਹਿਰੀ ਵਿਰਸੇ ਅਤੇ ਇਤਿਹਾਸ ਦੇ ਉਸ ਸੁੰਦਰ ਬਾਬ ਦੀ ਮਿਸਾਲ ਨੂੰ ਦੁਨੀਆ ਦੇ ਸਾਹਮਣੇ ਉਸ ਕਦਰ ਪੇਸ਼ ਨਹੀਂ ਕਰ ਸਕੇ, ਜਿੰਨੀ ਕਿ ਸਾਨੂੰ ਕਰਨੀ ਚਾਹੀਦੀ ਸੀ। ਕਿਸੇ ਸ਼ਾਇਰ ਦੇ ਇਹ ਬੋਲ ਸਾਨੂੰ ਹਮੇਸ਼ਾ ਯਾਦ ਰੱਖਣੇ ਚਾਹੀਦੇ ਹਨ:

ਆਪਣੀ ਮਿੱਟੀ ਪਰ ਹੀ ਚਲਨੇ ਕਾ ਸਲੀਕਾ ਸੀਖੋ,
ਸੰਗਮਰਮਰ ਪਰ ਚਲੋਗੇ ਤੋ ਫਿਸਲ ਜਾਓਗੇ।

ਜੇਕਰ ਅਸੀਂ ਮਾਂ-ਬੋਲੀ ਦੀ ਸਾਰ ਨਾ ਲਈ, ਨਾ ਘਰ ਦੇ ਰਹਾਂਗੇ ਅਤੇ ਨਾ ਘਾਟ ਦੇ। ਇਹ ਇਸ ਲਈ ਕਿਉਂਕਿ ਜ਼ਿਹਨੀ ਗੁਲਾਮੀ, ਸਰੀਰਕ ਗੁਲਾਮੀ ਤੋਂ ਕਿਤੇ ਜ਼ਿਆਦਾ ਘਾਤਕ ਹੁੰਦੀ ਹੈ। ਇਹ ਗੱਲ ਮਿਥਹਿਾਸਕ ਨਹੀਂ ਹੈ ਬਲਕਿ ਸਾਡੀ ਨੌਜਵਾਨ ਪੀੜ੍ਹੀ ਇਸ ਗ਼ੁਲਾਮੀ/ਬਿਮਾਰੀ ਦਾ ਸ਼ਿਕਾਰ ਹੋ ਚੁੱਕੀ ਹੈ। ਇੱਕ ਗੱਲ ਹੋਰ ਵੀ ਯਾਦ ਰੱਖਣੀ ਹੋਵੇਗੀ ਕਿ ਸੰਸਾਰੀਕਰਣ ਦੇ ਇਸ ਯੁੱਗ ਵਿਚ ਮਾਂ-ਬੋਲੀ ਦੀ ਹੋਂਦ ਤੇ ਸਤਿਕਾਰ ਨੂੰ ਕਾਇਮ ਰੱਖਣਾ ਹੋਰ ਵੀ ਚੁਣੌਤੀ ਭਰਪੂਰ ਹੋ ਗਿਆ ਹੈ।

## ਮਾਂ-ਬੋਲੀ ਪੰਜਾਬੀ ਦੇ ਰੌਸ਼ਨ ਭਵਿੱਖ ਲਈ ਲੋੜੀਂਦੇ ਉਪਰਾਲੇ

ਹਰ ਇਕ ਕੌਮ ਆਪਣੀ ਮਾਂ-ਬੋਲੀ ਦੀ ਉਨਤੀ ਲਈ ਅਤੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪਛਾਣ ਬਣਾਈ ਰੱਖਣ ਲਈ ਵੱਡੇ ਯਤਨ ਕਰਦੀ ਹੈ। ਪੰਜਾਬੀ ਬੋਲੀ ਨੂੰ ਵਿਸ਼ਵ ਵਿਚ ਸਤਿਕਾਰਤ ਸਥਾਨ ਦਿਵਾਉਣ ਹਿੱਤ ਪੰਜਾਬੀਆਂ ਨੂੰ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ:

- ਸਾਰੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਮਾਂ-ਬੋਲੀ ਦੀ ਗੁੜ੍ਹਤੀ ਦੇਣ, ਪੰਜਾਬੀ ਬੋਲਣੀ ਸਿਖਾਉਣ। ਬੱਚਾ ਭਾਵੇਂ ਜਿਹੜੇ ਮਰਜ਼ੀ ਸਕੂਲ ਵਿਚ ਪੜ੍ਹਦਾ ਹੋਵੇ, ਘਰ ਵਿਚ ਹਮੇਸ਼ਾ ਪੰਜਾਬੀ ਹੀ ਬੋਲੋ।
- ਸਕੂਲਾਂ ਵਿਚ ਪੰਜਾਬੀ ਦੇ ਅਧਿਆਪਕ (ਗੁਰੂ) ਸੱਚੇ ਦਿਲੋਂ ਮਿਹਨਤ ਕਰਕੇ ਬੱਚਿਆਂ ਨੂੰ ਮਾਂ-ਬੋਲੀ ਦਾ ਡੂੰਘੀਆਂ ਤੈਹਾਂ ਤੱਕ ਪੂਰਨ ਗਿਆਨ ਦੇਣ। ਪੰਜਾਬੀ ਦਾ ਵਿਸ਼ਾ ਬਾਕੀ ਵਿਸ਼ਿਆਂ ਦੇ ਮੁਕਾਬਲੇ ਸੌਖਾ ਹੋਣ ਕਾਰਨ ਨਾ ਅਧਿਆਪਕ ਪੜ੍ਹਾਉਣ ਵਿਚ ਰੁਚੀ ਲੈਂਦੇ ਹਨ ਤੇ ਨਾ ਵਿਦਿਆਰਥੀ ਪੜ੍ਹਨ ਵਿਚ ਰੁਚੀ ਲੈਂਦੇ ਹਨ। ਅਧਿਆਪਕ ਯਾਦ ਰੱਖਣ ਕਿ ਪੰਜਾਬੀ ਸਾਡੀ ਮਾਂ-ਬੋਲੀ ਹੈ, ਸਾਨੂੰ ਰੁਜ਼ਗਾਰ ਵੀ ਮੁਹੱਈਆ ਕਰਾਇਆ ਹੈ - ਫਿਰ "ਓ ਕੋਈ ਨੀਂ, ਸਭ ਚਲਦਾ ਹੈ" ਵਾਲਾ ਵਤੀਰਾ ਕਿਉਂ?
- ਸਾਹਿਤਕਾਰ ਉਚ-ਕੋਟੀ ਦਾ ਮਿਆਰੀ ਸਾਹਿਤ, ਆਮ ਲੋਕਾਂ ਦੀ ਬੋਲੀ ਵਿਚ ਤਿਆਰ ਕਰਨ, ਕੋਈ ਬੋਝਲ ਸ਼ਬਦ ਜਾਂ ਗੁੰਝਲਦਾਰ ਬੋਲੀ ਨਾ ਵਰਤਣ। ਸਾਹਿਤ ਕੇਵਲ ਯੂਨੀਵਰਸਿਟੀਆਂ, ਕਾਲਜਾਂ ਤੱਕ ਹੀ ਸੀਮਤ ਨਾ ਰਹੇ ਬਲਕਿ ਆਮ ਪੰਜਾਬੀ ਦੀ ਪਹੁੰਚ ਵਿਚ ਹੋਵੇ।
- ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਵੱਧ ਤੋਂ ਵੱਧ ਪੰਜਾਬੀ ਲੇਖਕਾਂ, ਸਾਹਿਤਕਾਰਾਂ ਅਤੇ



Sri Satguru Jagjit Singh Ji Elibrary NamdhariElibrary@gmail.com

ਕਹਾਣੀਕਾਰਾਂ ਨੂੰ ਉਨ੍ਹਾਂ ਦੇ ਕਾਵਿ-ਸੰਗ੍ਰਹਿ ਅਤੇ ਰਚਨਾਵਾਂ ਪ੍ਰਕਾਸ਼ਤ ਕਰਕੇ ਉਤਸ਼ਾਹਤ ਕਰੇ।

- ਜ਼ਿਆਦਾ ਤੋਂ ਜ਼ਿਆਦਾ ਪੰਜਾਬੀ ਦੇ ਸ਼ਬਦ-ਕੋਸ਼ ਛਾਪੇ ਜਾਣੇ ਚਾਹੀਦੇ ਹਨ।
- ਰਾਜ ਵਿਚ ਸਾਰੇ ਦੇ ਸਾਰੇ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ/ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦਾ ਵਿਸ਼ਾ ਜ਼ਰੂਰੀ ਕੀਤਾ ਜਾਵੇ।
- ਹਰ ਪਿੰਡ, ਕਸਬੇ ਅਤੇ ਸ਼ਹਿਰ ਵਿਚ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ।
- ਪੰਜਾਬੀ ਸਾਹਿਤ ਬਾਰੇ ਜ਼ਿਆਦਾ ਤੋਂ ਜ਼ਿਆਦਾ ਨੁਮਾਇਸ਼ਾਂ ਅਤੇ ਪ੍ਰਦਰਸ਼ਨੀਆਂ ਲਗਾਈਆਂ ਜਾਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਪੰਜਾਬੀ ਸਾਹਿਤ ਵੱਲ ਪ੍ਰੇਰਿਆ ਜਾਵੇ।
- ਵਿਸ਼ਵ ਪੱਧਰ, ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ 'ਤੇ ਪੰਜਾਬੀ ਦੀਆਂ ਕਾਨਫਰੰਸਾਂ ਕਰਨ ਦੀ ਬਜਾਇ ਰਾਜ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕਾਨਫਰੰਸਾਂ ਆਯੋਜਤ ਕਰਨੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਵਿਚ ਵੱਧ ਤੋਂ ਵੱਧ ਆਮ ਜਨਤਾ ਨੂੰ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
- ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹੀਆਂ ਹੋਰ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਮੁਫ਼ਤ ਪੰਜਾਬੀ ਸਾਹਿਤ ਵੰਡਣਾ ਚਾਹੀਦਾ ਹੈ।
- ਅੱਜਕਲ੍ਹ ਸੂਚਨਾ ਤਕਨਾਲੋਜੀ ਦਾ ਯੁਗ ਹੈ ਅਤੇ ਵੱਧ ਤੋਂ ਵੱਧ ਪੰਜਾਬੀ ਸਾਹਿਤ ਅਤੇ ਹੋਰ ਵਿਸ਼ਿਆਂ 'ਤੇ ਪੰਜਾਬੀ ਵਿਚ ਜਾਣਕਾਰੀ ਵੈਬ-ਸਾਈਟਸ (websites) ਉੱਪਰ ਲਿਖੀ ਜਾਣੀ ਚਾਹੀਦੀ ਹੈ।
- ਜਿਹੜੇ ਸਾਡੇ ਨੌਜਵਾਨ ਪੜ੍ਹ ਚੁੱਕੇ ਜਾਂ ਪੜ੍ਹ ਰਹੇ ਹਨ ਅਤੇ ਪੰਜਾਬੀ ਤੋਂ ਮੁਨਕਰ ਹੋ ਚੁੱਕੇ ਹਨ, ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਅੰਗਰੇਜ਼ੀ ਅਨੁਵਾਦ ਮੁਹੱਈਆ ਕਰਵਾਇਆ ਜਾਏ ਅਤੇ ਅੱਗੇ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ (ਪਨੀਰੀ) ਲਈ ਢੁੱਕਵੇਂ ਦਿਸ਼ਾ-ਨਿਰਦੇਸ਼ ਉਲੀਕਣੇ ਚਾਹੀਦੇ ਹਨ, ਜਿਵੇਂ ਕਿ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ।
- ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਜਾਂ ਭਾਸ਼ਾ ਵਿਭਾਗ ਵਲੋਂ ਵੱਧ ਤੋਂ ਵੱਧ ਸਾਹਿਤ ਪੰਜਾਬੀ ਵਿਚ ਜਿਵੇਂ ਮਹੀਨੇਵਾਰ ਮੈਗਜ਼ੀਨ, ਰਸਾਲੇ ਆਦਿ ਕੱਢਣੇ ਚਾਹੀਦੇ ਹਨ।
- ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਹੋਰ ਸੰਸਥਾਵਾਂ ਵੱਧ ਤੋਂ ਵੱਧ ਪੇਪਰ-ਬੈਕ ਪੁਸਤਕਾਂ ਸਸਤੇ ਮੁੱਲ 'ਤੇ ਪਾਠਕਾਂ ਨੂੰ ਮੁਹੱਈਆ ਕਰਾਉਣ।

ਗੱਲ ਫਿਰ ਮੁੜ ਕੇ ਉਥੇ ਹੀ ਆ ਜਾਂਦੀ ਹੈ ਕਿ ਇਹ ਸਭ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਅਸੀਂ ਆਪਣੇ ਘਰਾਂ ਵਿਚ ਆਪਣੇ ਬੱਚਿਆਂ ਨੂੰ ਪਹਿਲਾਂ ਪੰਜਾਬੀ ਮਾਂ-ਬੋਲੀ ਦਾ ਪਿਆਰ ਦਿਆਂਗੇ। ਹਰ ਇਕ ਪੰਜਾਬੀ ਨੂੰ ਇਸ ਵਿਚ ਆਪਣਾ ਯੋਗਦਾਨ ਪਾਉਣਾ ਹੋਵੇਗਾ। ਇਕ ਲੋਕ ਲਹਿਰ ਪੈਦਾ ਕਰਨੀ ਹੋਵੇਗੀ। ਜਦੋਂ ਪੰਜਾਬੀਆਂ ਦੀ ਨੌਜਵਾਨ ਪੀੜ੍ਹੀ ਅਤੇ ਆਉਣ ਵਾਲੀ ਪੀੜ੍ਹੀ ਪੰਜਾਬੀ ਦੇ ਲੇਖਕਾਂ, ਸਾਹਿਤਕਾਰਾਂ, ਪੁਸਤਕਾਂ, ਕਹਾਣੀਆਂ ਜਾਂ ਲਾਇਬ੍ਰੇਰੀਆਂ ਬਾਰੇ ਪੁੱਛਣ ਲੱਗ ਪਏਗੀ ਤਾਂ ਸਮਝੋ ਕਿ ਸਾਡਾ ਮਕਸਦ ਪੂਰਾ ਹੋ ਗਿਆ।

*ਐਚ.ਆਈ.ਜੀ. 3004, ਫੇਜ਼-1
ਅਰਬਨ ਅਸਟੇਟ, ਦੁੱਗਰੀ ਰੋਡ, ਲੁਧਿਆਣਾ-141013
ਮੋਬਾਇਲ : 98883-00736



Sri Satguru Jagjit Singh Ji Elibrary NamdhariElibrary@gmail.com

# ਮਾਂ-ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ

***ਗੁਰਭਜਨ ਸਿੰਘ ਗਿੱਲ**

ਕਈ ਵਾਰੀ ਇਕੱਲਾ ਬੈਠ ਕੇ ਸੋਚਦਾ ਹਾਂ ਕਿ ਮਾਂ-ਬੋਲੀ ਨੂੰ ਚੇਤੇ ਰੱਖਣ ਦਾ ਹੋਕਾ ਕਿਉਂ ਦੇਣਾ ਪੈ ਰਿਹਾ ਹੈ? ਇਹ ਗੱਲ ਕਿਉਂ ਆਖਣੀ ਪੈ ਰਹੀ ਹੈ ਕਿ ਮਾਂ-ਬੋਲੀ ਨੂੰ ਭੁੱਲਣ ਨਾਲ ਅਸੀਂ ਕੱਖਾਂ ਵਾਂਗ ਰੁਲ ਜਾਵਾਂਗੇ। ਇਹ ਹਾਲਤ ਸਿਰਫ਼ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਆਪਣੇ ਵਿਰਸੇ ਤੇ ਸਵੈਮਾਣ ਉੱਤੇ ਜਿਉਣ ਦੀ ਥਾਂ ਬੇਗਾਨੀ ਬੁੱਕਲ ਵੱਲ ਝਾਕਦੇ ਹਾਂ। ਵਿਸ਼ਵ ਗਿਆਨ ਪ੍ਰਾਪਤੀ ਦੀ ਤਾਂਘ ਨੇ ਸਾਨੂੰ ਹੋਰ ਤੋਂ ਹੋਰ ਅੱਗੇ ਜਾਣ ਵਾਸਤੇ ਅੰਗਰੇਜ਼ੀ ਦੀਆਂ ਖਿੜਕੀਆਂ ਖੋਲ੍ਹ ਕੇ ਦਿੱਤੀਆਂ ਹਨ। ਇਹ ਖਿੜਕੀਆਂ ਸੱਜਰੀ ਹਵਾ ਅਤੇ ਨਵੇਂ ਗਿਆਨ ਦੀ ਪ੍ਰਾਪਤੀ ਲਈ ਤਾਂ ਠੀਕ ਹਨ ਪਰ ਇਸ ਨਾਲ ਅਸੀਂ ਆਪਣੇ ਘਰ ਦੀ ਸ਼ਕਤੀ ਨੂੰ ਵਰਤਣ ਤੋਂ ਗੁਰੇਜ਼ ਕਿਉਂ ਕਰੀਏ? ਕਿਸੇ ਵੀ ਧਰਤੀ ਦੀ ਬੋਲੀ ਜਾਂ ਜ਼ਬਾਨ ਵਾਂਗ ਪੰਘੂੜੇ ਦੀ ਲੋਰੀ ਤੋਂ ਲੈ ਕੇ ਸਿਵਿਆਂ ਦੇ ਵੈਣਾਂ ਤੀਕ ਉਥੋਂ ਦੇ ਲੋਕਾਂ ਦੇ ਨਾਲ.ਨਾਲ ਤੁਰਦੀ ਹੈ। ਮਾਂ ਵਲੋਂ ਮਿਲਿਆ ਪਿਆਰ, ਦੁਲਾਰ, ਝਿੜਕਾਂ, ਘੂਰਾਂ, ਨਿਹੋਰੇ, ਹਟਕੋਰੇ ਮਾਂ-ਬੋਲੀ ਵਿਚ ਹੀ ਸਮਝ ਆਉਂਦੇ ਨੇ। ਮਾਵਾਂ ਕਿਸੇ ਕਿਤਾਬ ਵਿਚੋਂ ਪੜ੍ਹ ਪੜ੍ਹ ਕੇ ਫਿਕਰੇ ਨਹੀਂ ਬੋਲਦੀਆਂ। ਉਹ ਤਾਂ ਆਪ ਮੁਹਾਰੇ ਸੁਤੇ ਸਿਧ ਚਸ਼ਮੇ ਵਾਂਗ ਨਿਰਮਲ ਨੀਰ ਦਾ ਸੋਮਾ ਬਣਦੀਆਂ ਹਨ। ਆਪਣੇ ਆਪ ਨਾਲ ਸੱਚਾ ਹੋਣ ਲਈ ਤੁਸੀਂ ਸਿਰਫ ਮਾਂ-ਬੋਲੀ ਦੀ ਬੁੱਕਲ ਵਿਚ ਹੀ ਬੈਠ ਸਕਦੇ ਹੋ। ਬਗੀਚੇ ਦੇ ਫੁੱਲਾਂ ਵਿਚ ਮਹਿਕ ਆਉਣ ਵਾਂਗ, ਤਪਦੀ ਧਰਤੀ 'ਤੇ ਪਈਆਂ ਪਹਿਲੇ ਮੀਂਹ ਦੀਆਂ ਪਹਿਲੀਆਂ ਕਣੀਆਂ ਵਾਂਗ ਸੋਂਧੀ ਸੋਂਧੀ ਮਹਿਕ ਸਿਰਫ ਮਾਂ ਦੀ ਜ਼ੁਬਾਨ ਵਿਚ ਹੀ ਹੁੰਦੀ ਹੈ।

ਅੱਜ ਅਸੀਂ ਇਸ ਮਹਿਕ ਤੋਂ ਵਿਹੂਣੇ ਹੋਣ ਦੇ ਰਾਹ ਤੁਰ ਪਏ ਹਾਂ ਕਿਉਂਕਿ ਸਾਨੂੰ ਆਪਣੀ ਮਾਂ ਦੀ ਗੋਦੀ ਦੀ ਥਾਂ ਹੋਰ ਧਰਤੀਆਂ ਦੀ ਜ਼ੁਬਾਨ ਚੰਗੀ ਲੱਗਣ ਲੱਗ ਪਈ ਹੈ। ਬਿਲਕੁਲ ਉਵੇਂ ਜਿਵੇਂ ਕੋਈ ਪੇਂਡੂ ਬੰਦਾ ਸ਼ਹਿਰ ਵਿਚ ਆ ਕੇ ਸਿਰ ਤੇ ਚੁੰਨੀ ਵਾਲੀ ਆਪਣੀ ਬਿਰਧ ਮਾਂ ਨੂੰ ਪਛਾਣਨ ਦੀ ਥਾਂ ਕਿਸੇ ਸ਼ਹਿਰਨ ਨੂੰ ਮਾਂ ਬਣਾ ਲਵੇ। ਫਿਰੋਜ਼ਦੀਨ ਸ਼ਰਫ਼ ਨੇ ਇਸੇ ਮਾਂ ਦੀ ਦਰਦ ਕਹਾਣੀ ਨੂੰ ਇਕ ਨਜ਼ਮ ਵਿਚ ਲਗਪਗ 80 ਵਰ੍ਹੇ ਪਹਿਲਾਂ ਲਿਖਿਆ ਸੀ:

> ਪੁੱਛੀ ਵਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ,
> ਵੇ ਮੈਂ ਬੋਲੀ ਉਨ੍ਹਾਂ ਪੰਜਾਬੀਆਂ ਦੀ।

80 ਵਰ੍ਹੇ ਕੋਈ ਥੋੜ੍ਹਾ ਸਮਾਂ ਨਹੀਂ ਹੁੰਦਾ। ਸਦੀ ਨਾਲੋਂ ਚੌਪਾ ਕੁ ਘੱਟ ਵਕਤ ਹੁੰਦਾ ਹੈ। ਏਨੇ ਸਾਲਾਂ ਵਿਚ ਅਸੀਂ ਕਪੁੱਤਰ ਬਣਨ ਦੀ ਥਾਂ ਸਪੁੱਤਰ ਬਣਨ ਦਾ ਮਾਰਗ ਕਿਉਂ ਨਹੀਂ ਚੁਣਿਆ? ਸਾਡਾ ਵਰਤਮਾਨ ਪੰਜਾਬ ਕਦੇ ਪੰਜਾਬੀ ਸੂਬੇ ਦੇ ਸੁਪਨੇ ਵਾਲਾ ਖਿੱਤਾ ਸੀ। ਜਿੱਥੇ ਸਾਡੀ ਮਾਂ-ਬੋਲੀ ਦੇ ਗਿਆਨ ਭੰਡਾਰ ਵਿਚ ਵਿਗਿਆਨ ਨੇ ਵੀ ਵਿਕਸਤ ਹੋਣਾ ਸੀ। ਕਾਨੂੰਨ ਅਤੇ ਅਮਨ ਪ੍ਰਬੰਧ ਦੀ ਲਿਖਾ ਪੜ੍ਹੀ ਤੋਂ ਇਲਾਵਾ ਕਚਹਿਰੀਆਂ ਵਿਚ ਵਕੀਲਾਂ ਨੇ ਵੀ ਇਸੇ ਬੋਲੀ ਵਿਚ ਬਹਿਸ ਮੁਬਾਹਸੇ ਕਰਿਆ ਕਰਨੇ ਸਨ ਪਰ ਅੱਜ ਸਾਡੀ ਹਾਲਤ ਇਹ ਹੈ ਕਿ ਸਾਡੇ ਆਪਣੇ ਭੈਣ ਭਾਈ ਹੀ ਜ਼ੁੰਮੇਵਾਰ ਕੁਰਸੀਆਂ 'ਤੇ ਬੈਠ ਕੇ ਆਪਣੀ ਹੀ ਮਾਂ-ਬੋਲੀ ਦੇ ਵਿਕਾਸ ਵਿਚ ਅੜਿੱਕਾ ਬਣਦੇ ਹਨ। ਉਹ ਫਾਈਲਾਂ 'ਤੇ ਗਲਤ ਅੰਗਰੇਜ਼ੀ ਤਾਂ ਲਿਖ ਲੈਂਦੇ ਹਨ ਪਰ ਠੀਕ ਪੰਜਾਬੀ ਲਿਖਣ ਤੋਂ ਪਤਾ



Sri Satguru Jagjit Singh Ji Elibrary NamdhariElibrary@gmail.com

ਨਹੀਂ ਕਿਉਂ ਕਤਰਾਉਂਦੇ ਹਨ? ਜਿਸ ਅੰਗ ਨੂੰ ਅਸੀਂ ਵਰਤਣਾ ਬੰਦ ਕਰ ਦਈਏ ਉਹ ਮਰ ਜਾਂਦਾ ਹੈ, ਕੰਮ ਕਰਨਾ ਛੱਡ ਜਾਂਦਾ ਹੈ। ਜ਼ੁਬਾਨਾਂ ਦੇ ਮਾਮਲੇ ਵਿਚ ਵੀ ਇਹੀ ਕਹਾਣੀ ਹੈ। ਜੇਕਰ ਅਸੀਂ ਆਪਣੀ ਮਾਂ-ਬੋਲੀ ਦੀ ਥਾਂ ਵਿਦੇਸ਼ੀ ਭਾਸ਼ਾਵਾਂ ਦੀ ਗ਼ੁਲਾਮੀ ਨੂੰ ਆਦਤ ਬਣਾ ਲਈ ਜਾਂ ਆਪਣੀ ਯੋਗਤਾ ਅਤੇ ਵਿਦਵਤਾ ਦੀ ਨਿਸ਼ਾਨੀ ਇਸ ਗੱਲ ਨੂੰ ਬਣਾ ਲਿਆ ਕਿ ਅਸੀਂ ਮਾਂ-ਬੋਲੀ ਵਿਚ ਗੱਲ ਕਰਨ ਦੀ ਥਾਂ ਅੰਗਰੇਜ਼ੀ ਵਿਚ ਵਾਰਤਾਲਾਪ ਕਰਦੇ ਹਾਂ ਤਾਂ ਸਮਝੋ ਸਾਡਾ ਸਰਬਨਾਸ਼ ਯਕੀਨੀ ਹੈ।

ਧਰਤੀ 'ਤੇ ਕੋਈ ਵੀ ਕੌਮ ਸਿਰਫ ਗੋਲੀ ਨਾਲ ਨਹੀਂ ਮਰਦੀ, ਆਪਣੇ ਵਿਰਾਸਤੀ ਚਿੰਨਾਂ ਦੇ ਖਾਤਮੇ ਨਾਲ ਮਰਦੀ ਹੈ। ਜ਼ਬਾਨ ਸਾਡੀ ਸ਼ਕਤੀ ਹੈ। ਆਪਣੀ ਸ਼ਕਤੀ ਨੂੰ ਤਿਆਗ ਕੇ ਅਸੀਂ ਆਪਣੇ ਆਪ ਨੂੰ ਉਸ ਹਨ੍ਹੇਰੀ ਗਲੀ ਵਿਚ ਸੁੱਟ ਰਹੇ ਹਾਂ ਜਿਥੋਂ ਨਿਕਲਣਾ ਮੁਹਾਲ ਹੈ। ਅੱਜ ਸਾਡੇ ਬਹੁਤੇ ਪੜ੍ਹੇ ਲਿਖੇ ਭਰਾਵਾਂ ਨੂੰ ਇਹ ਗੱਲ ਬੜੀ ਰੜਕਦੀ ਹੈ ਕਿ ਪੰਜਾਬੀ ਸਿਰਫ ਲਿਸੇ, ਕਮਜ਼ੋਰ ਅਤੇ ਨਿਤਾਣੇ ਘਰਾਂ ਵਿਚ ਹੀ ਜਿਊਂਦੀ ਹੈ। ਸ਼ਹਿਰੀਆਂ ਦੇ ਘਰਾਂ ਵਿਚੋਂ ਵਿਕਾਸ ਦੇ ਨਾਂ 'ਤੇ ਸਭ ਤੋਂ ਵੱਡਾ ਹੂੰਝਾ ਜ਼ਬਾਨ ਨੂੰ ਹੀ ਫਿਰਿਆ ਹੈ। ਪਰਦੇਸ ਵਿਚ ਵਸਦੇ ਪੰਜਾਬੀਆਂ ਨੇ ਤਾਂ ਮੋੜਾ ਪਾ ਲਿਆ ਹੈ। ਅੱਖਰ ਗਿਆਨ ਨਾਲ ਸਾਂਝ ਵਧਾਉਣ ਲਈ ਉਪਰਾਲੇ ਸ਼ੁਰੂ ਕਰ ਲਏ ਹਨ ਪਰ ਆਪਣੇ ਪੰਜਾਬ ਵਿਚ ਅਜੇ ਗਫਲਤ ਦੀ ਨੀਂਦਰ ਨਹੀਂ ਟੁੱਟੀ। ਅੰਨ੍ਹੇਵਾਹ ਦੀ ਨਕਲਾਂ ਕਰ ਕਰਕੇ ਅਸੀਂ ਬੇਮਤਲਬੀ ਰੀਸ ਦੇ ਚੱਕਰਵਿਊ ਵਿਚ ਉਲਝ ਗਏ ਹਾਂ। ਗੋਲੇ ਕਬੂਤਰ ਵਾਂਗ ਅੱਖਾਂ ਮੀਟ ਕੇ ਹੀ ਇਸ ਸਾਰੇ ਵਰਤਾਰੇ ਨੂੰ ਆਪਣੇ ਉੱਪਰ ਹਕੂਮਤ ਕਰਨ ਦਿੰਦੇ ਹਾਂ।

ਸਿੱਖਿਆ ਪ੍ਰਬੰਧ ਦੀ ਦੋ-ਅਮਲੀ ਨੀਤੀ ਨੇ ਸਾਨੂੰ ਹੀਣੇ ਕਰ ਦਿੱਤਾ ਹੈ। ਰੱਜਿਆਂ-ਪੁੱਜਿਆਂ ਦੇ ਸਕੂਲ ਹੋਰ ਹਨ ਤੇ ਲਿੱਸੇ ਕਮਜ਼ੋਰ ਨਿਤਾਣਿਆਂ ਦੇ ਹੋਰ। ਰਜਿਆਂ ਪੁੱਜਿਆਂ ਦੇ ਸਕੂਲਾਂ ਵਿਚ ਮਾਂ-ਬੋਲੀ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨੇ ਭਰਨੇ ਪੈਂਦੇ ਹਨ ਅਤੇ ਲਿੱਸਿਆਂ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਨ ਪੜ੍ਹਾਉਣ ਲਈ ਸਹੀ ਵਿਗਿਆਨਕ ਪ੍ਰਬੰਧ ਨਹੀਂ। ਗਿਆਨ ਵਿਗਿਆਨ, ਅਰਥ ਸ਼ਾਸ਼ਤਰ, ਸਮਾਜ ਸ਼ਾਸ਼ਤਰ, ਰਾਜਨੀਤੀ ਸ਼ਾਸ਼ਤਰ ਅਤੇ ਹੋਰ ਸੰਬੰਧਤ ਸਮਾਜਕ ਵਿਗਿਆਨ ਸ਼ਬਦਾਵਲੀ ਤੋਂ ਊਣੇ ਹਨ। ਇਸ ਦਾ ਅਰਥ ਇਹ ਨਹੀਂ ਕਿ ਸਾਡੀ ਜ਼ਬਾਨ ਨਵੇਂ ਸ਼ਬਦ ਪ੍ਰਵਾਨ ਕਰਨ ਅਤੇ ਘੜਨ ਤੋਂ ਇਨਕਾਰੀ ਹੈ ਸਗੋਂ ਅਸਲ ਕਾਰਨ ਇਹ ਹੈ ਕਿ ਜਿੰਨ੍ਹਾਂ ਲੋਕਾਂ ਨੇ ਇਹ ਸ਼ਬਦ ਟਕਸਾਲ ਬਣਨਾ ਸੀ ਉਹ ਆਪਣੀ ਜ਼ਬਾਨ ਵੱਲ ਪਿੱਠ ਕਰਕੇ ਉਧਾਰ ਦਾ ਆਟਾ ਹੋਰ ਜ਼ੁਬਾਨਾਂ ਵਿਚੋਂ ਲੈ ਲੈ ਕੇ ਆਪਣੀ ਰਸੋਈ ਪਕਾ ਰਹੇ ਹਨ।

ਮੇਰੀ ਇਸ ਗੱਲ ਦਾ ਇਹ ਅਰਥ ਬਿਲਕੁਲ ਨਾ ਲਿਆ ਜਾਵੇ ਕਿ ਅੰਗਰੇਜ਼ੀ ਕੋਈ ਵਰਜ਼ਿਤ ਭਾਸ਼ਾ ਹੈ। ਬਿਲਕੁਲ ਨਹੀਂ। ਵਿਸ਼ਵ ਗਿਆਨ ਪ੍ਰਾਪਤੀ ਲਈ ਇਹ ਸੰਪਰਕ ਭਾਸ਼ਾ ਸਭ ਦੀ ਲੋੜ ਹੈ ਪਰ ਇਸ ਨਾਲ ਬਹੁਤਾ ਹੇਜ਼ ਕਰਕੇ ਆਪਣੀ ਜ਼ੁਬਾਨ ਨਾਲ ਦੁਰਕਾਰ ਕਿਸੇ ਵੀ ਤਰ੍ਹਾਂ ਪ੍ਰਵਾਨ ਕਰਨ ਦੇ ਯੋਗ ਨਹੀਂ ਹੈ। ਇਸ ਕੰਮ ਲਈ ਸਿਰਫ਼ ਹਕੂਮਤਾਂ 'ਤੇ ਨਿਰਭਰ ਰਹਿਣਾ ਵੀ ਅਕਲਮੰਦੀ ਨਹੀਂ ਸਗੋਂ ਆਪਣੇ ਬੋਹਲ ਦੀ ਰਾਖੀ ਖੁਦ ਬੈਠਣਾ ਪੈਣਾ ਹੈ। ਜੇਕਰ ਅਸੀਂ ਸਾਰਾ ਕੁਝ ਹੀ ਹੋਰ ਸੋਮਿਆ ਤੋਂ ਲੈ ਕੇ ਵਰਤੀ ਗਏ ਤਾਂ ਸਾਡੀ ਜ਼ੁਬਾਨ ਵਿਚ ਸ਼ਕਤੀਸ਼ਾਲੀ ਸ੍ਰੋਤ ਸੁੱਕ ਜਾਣਗੇ, ਮੁੱਕ ਜਾਣਗੇ। ਇਹ ਗੱਲ ਸਾਨੂੰ ਕੌਣ ਸਮਝਾਵੇ ਕਿ ਤਕਨਾਲੋਜੀ ਦੇ ਖੇਤਰ ਵਿਚ ਵਿਸ਼ਵ ਸਰਦਾਰੀ ਕਰਨ ਵਾਲੇ ਜਪਾਨ, ਫਰਾਂਸ ਅਤੇ ਚੀਨ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਸਗੋਂ ਜਪਾਨੀ, ਫਰਾਂਸੀਸੀ ਅਤੇ ਚੀਨੀ ਜ਼ਬਾਨ ਹੈ। ਆਪਣੀ ਮਾਂ-ਬੋਲੀ ਵਿਚ ਵੀ ਗੁੰਝਲਦਾਰ ਖੋਜਾਂ ਸੰਭਵ ਹਨ। ਰੂਸ ਨੇ ਅਕਾਸ਼ ਵਿਗਿਆਨ ਵਿਚ ਜੋ ਪ੍ਰਾਪਤੀਆਂ ਕੀਤੀਆਂ ਹਨ ਉਨ੍ਹਾਂ ਦਾ ਗਿਆਨ ਸੋਮਾ



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ ਨਹੀਂ ਸੀ, ਰੂਸੀ ਜ਼ਬਾਨ ਸੀ। ਇੰਗਲੈਂਡ ਤੋਂ ਸਿਰਫ 22 ਮੀਲ ਦੂਰ ਇੰਗਲਿਸ਼ ਚੈਨਲ ਤੋਂ ਪਾਰ ਵਸਣ ਵਾਲਾ ਫਰਾਂਸੀਸੀ ਜੇਕਰ ਅੰਗਰੇਜ਼ੀ ਤੋਂ ਬਗੈਰ ਡਿਗਰੀ ਪਾਸ ਕਰਕੇ ਆਪਣੀ ਧਰਤੀ ਨੂੰ ਗਿਆਨ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਅਗਵਾਈ ਦੇ ਸਕਦਾ ਹੈ ਤਾਂ ਸਾਡਾ ਪੰਜਾਬੀ ਪੁੱਤਰ ਕਿਉਂ ਨਹੀਂ?

1947 ਵਿਚ ਦੇਸ਼ ਤਾਂ ਆਜ਼ਾਦ ਹੋ ਗਿਆ ਪਰ ਆਤਮ ਨਿਰਭਰ ਨਾ ਬਣ ਸਕਿਆ। ਇਹ ਗੱਲ ਅੰਗਰੇਜ਼ੀ ਵਿਚ ਕੁਝ ਇਸ ਤਰ੍ਹਾਂ ਸਮਝਣੀ ਸੌਖੀ ਰਹੇਗੀ ਕਿ ਭਾਰਤ 'ਫ੍ਰੀ' ਤਾਂ ਹੋ ਗਿਆ ਪਰ 'ਇੰਡੀਪੈਂਡੈਂਟ' ਅੱਜ ਤੀਕ ਨਹੀਂ ਹੋ ਸਕਿਆ। ਇਹ ਹਾਕਮਾਂ ਦੀ ਚਤੁਰਾਈ ਅਸੀਂ ਵਿਰਸੇ ਵਿਚ ਲੈ ਲਈ ਹੈ। ਸੱਤ ਸਮੁੰਦਰੋਂ ਪਾਰ ਆਇਆ ਹਾਕਮ ਸਮਝਦਾ ਸੀ ਕਿ ਲੋਕ ਬੋਲੀ ਅਤੇ ਹਾਕਮ ਬੋਲੀ ਵਿਚ ਫਾਸਲਾ ਜਰੂਰੀ ਹੈ। ਇਸ ਮਿਸਾਲ ਨੂੰ ਹੋਰ ਸੌਖੀ ਸਮਝਣਾ ਹੋਵੇ ਤਾਂ ਕਿਸੇ ਵੱਡੇ ਅਫ਼ਸਰ ਦੇ ਕਮਰੇ ਵਿਚ ਜਾਉ। ਵੱਡਾ ਸਾਰਾ ਟੇਬਲ ਉਸ ਦੀ ਲੋੜ ਨਹੀਂ ਹੁੰਦਾ ਸਗੋਂ ਹਾਕਮ ਅਤੇ ਪਰਜਾ ਵਿਚਕਾਰ ਫਾਸਲਾ ਰੱਖਣ ਦਾ ਸੰਦ ਹੁੰਦਾ ਹੈ। ਮੈਂ ਅਕਸਰ ਇਹ ਗੱਲ ਆਖਦਾ ਹਾਂ ਕਿ ਜੇ ਕਚਹਿਰੀਆਂ ਵਿਚ ਬਹਿਸ ਪੰਜਾਬੀ ਵਿਚ ਹੋਣ ਲੱਗ ਜਾਵੇ ਤਾਂ ਅੱਧੇ ਲੋਕ ਵਕੀਲ ਹੀ ਨਾ ਕਰਿਆ ਕਰਨ ਕਿਉਂਕਿ ਉਹ ਆਪਣੀ ਦਰਦ ਕਹਾਣੀ ਸੌਖੀ ਸਮਝਾ ਸਕਣ ਦੇ ਸਮਰਥ ਹੁੰਦੇ ਹਨ। ਨਾਲ ਹੀ ਇਹ ਗੱਲ ਵੀ ਲੋਕਾਂ ਨੂੰ ਪਤਾ ਲਗਦੀ ਰਹੇਗੀ ਕਿ ਉਨ੍ਹਾਂ ਦੇ ਵਕੀਲ ਨੇ ਉਨ੍ਹਾਂ ਦੇ ਹੱਕ ਵਿਚ ਕਿਹੜੀ ਦਲੀਲ ਕਿੰਨੀ ਸ਼ਕਤੀ ਨਾਲ ਦਿੱਤੀ ਹੈ। ਇਹ ਓਹਲਾ ਹੀ ਤਾਂ ਸਾਡੀ ਕਮਜ਼ੋਰੀ ਬਣਦਾ ਹੈ ਅਤੇ ਹਕੂਮਤਾਂ ਦੀ ਸ਼ਕਤੀ।

ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨੇ ਬਹੁਤ ਅਰਸਾ ਪਹਿਲਾਂ ਇਕ ਨਜ਼ਮ ਵਿਚ ਕਿਹਾ ਸੀ:

ਜੋ ਆਪਣੀ ਮਾਂ ਨੂੰ ਮਾਂ ਨਾ ਕਹੇ,
ਉਹ ਥਾਂ ਵੱਲੋਂ ਥੁੜ ਜਾਵੇਗਾ।

ਇਹ ਗੱਲ ਸਮਝਣ ਅਤੇ ਅੱਗੇ ਸਮਝਾਉਣ ਦੀ ਲੋੜ ਹੈ। ਅੰਦਰ ਝਾਤੀ ਮਾਰੇ ਬਗੈਰ ਅਸੀਂ ਮਨ ਦੇ ਸ਼ੀਸ਼ੇ ਅੰਦਰ ਅਪਣਾ ਚਿਹਰਾ ਨਹੀਂ ਵੇਖ ਸਕਦੇ। ਇਹ ਗੱਲ ਅੱਖਰ ਅੱਖਰ ਹਕੀਕਤ ਹੈ ਕਿ ਆਪਣੀ ਮਾਂ-ਬੋਲੀ ਨੂੰ ਛੁਟਿਆ ਕੇ ਅਸੀਂ ਸਾਹਿਬ ਲੋਕ ਤਾਂ ਬਣ ਸਕਦੇ ਹਾਂ ਪਰ ਸਾਡੀ ਗਿਣਤੀ ਸਪੁੱਤਰਾਂ ਵਿਚ ਨਹੀਂ ਕਪੁੱਤਰਾਂ ਵਿਚ ਹੋਵੇਗੀ। ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ ਨੇ ਵੀ ਉਮਰ ਦੇ ਆਖਰੀ ਪੜਾਅ ਵਿਚ ਮਾਂ-ਬੋਲੀ ਦੀ ਮਹੱਤਤਾ ਨੂੰ ਪਛਾਣਦੇ ਹੋਏ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਬਲਰਾਜ ਸਾਹਨੀ ਅਤੇ ਦੇਵਿੰਦਰ ਸਤਿਆਰਥੀ ਅਕਸਰ ਆਖਿਆ ਕਰਦੇ ਸਨ ਕਿ ਜਦ ਅਸੀਂ ਪੰਜਾਬੀ ਦੀ ਥਾਂ ਕਿਸੇ ਹੋਰ ਜ਼ਬਾਨ ਵਿਚ ਗੱਲ ਕਰਦੇ ਹਾਂ ਤਾਂ ਖੁਦ ਨੂੰ ਏਦਾਂ ਲੱਗਦਾ ਹੈ ਜਿਵੇਂ ਝੂਠ ਬੋਲਦੇ ਹੋਈਏ। ਜਿਸ ਭਾਸ਼ਾ ਵਿਚ ਤੁਸੀਂ ਜਿਊਂਦੇ, ਹੱਸਦੇ, ਖੇਡਦੇ, ਨੱਚਦੇ, ਟੱਪਦੇ, ਬਾਗੀਆਂ ਪਾਉਂਦੇ ਹੋ ਉਹੀ ਤੁਹਾਡੀ ਮਾਂ-ਬੋਲੀ ਹੈ। ਮਾਂ-ਬੋਲੀ ਬਗੈਰ ਤਾਂ ਤੁਸੀਂ ਆਪਣੇ ਘਰ ਜੰਮੇ ਬਾਲ ਨੂੰ ਵੀ ਸੁੱਚਾ ਸੁਥਰਾ ਪਿਆਰ ਨਹੀਂ ਦੇ ਸਕਦੇ। ਆਪਣੇ ਪਿਆਰਿਆਂ ਸੱਜਣਾਂ ਦੇ ਵਿਛੋੜੇ 'ਤੇ ਓਪਰੀ ਭਾਸ਼ਾ ਵਿਚ ਰੋ ਵੀ ਨਹੀਂ ਸਕਦੇ। ਮਾਂ-ਬੋਲੀ ਸਰਬ ਸਮਿਆਂ ਦਾ ਨਿਰੋਤ ਅਤੇ ਸ਼ਕਤੀ ਹੁੰਦੀ ਹੈ। ਇਸ ਨੂੰ ਤਿਆਗਣਾ ਖੁਦਕੁਸ਼ੀ ਤੋਂ ਘੱਟ ਨਹੀਂ। ਮਾਂ-ਬੋਲੀ ਮਾਂ ਦੇ ਹੋਠਾਂ ਤੋਂ ਕਿਰਿਆ ਸੁੱਚਾ ਬੋਲ ਹੈ ਜਿਸ ਨੂੰ ਸੁਲੱਖੇ ਪੁੱਤਰ ਹੀ ਆਪਣੀ ਵਿਰਾਸਤ ਮੰਨ ਕੇ ਸਤਿਕਾਰਦੇ ਹਨ। ਪਿਛਲੇ ਦਿਨੀਂ ਹੋਈਆਂ ਚੋਣਾਂ ਤੋਂ ਬਾਅਦ ਸਾਡੇ 13 ਪ੍ਰਤੀਨਿਧਾਂ ਵਿਚੋਂ 12 ਨੇ ਮਾਂ-ਬੋਲੀ ਪੰਜਾਬੀ ਵਿਚ ਸਹੁੰ ਚੁੱਕੀ ਅਤੇ ਇੱਕ ਭਰਾ ਨੂੰ ਅੰਗਰੇਜ਼ੀ ਹੇਜ ਮਾਰ ਗਿਆ। ਇਸ ਬਾਰੇ ਟਿੱਪਣੀ



Sri Satguru Jagjit Singh Ji Elibrary NamdhariElibrary@gmail.com

ਕਰਦਿਆਂ ਮੇਰੇ ਇਕ ਮਿਹਰਬਾਨ ਨੇ ਆਖਿਆ ਕਿ ਜਿਸ ਜ਼ਬਾਨ ਵਿਚ ਵੋਟਾਂ ਮੰਗੀਆਂ ਸਨ ਉਸੇ ਵਿਚ ਸਹੁੰ ਚੁੱਕਦਾ ਤਾਂ ਚੰਗਾ ਲੱਗਣਾ ਸੀ।

ਬੜੀ ਪੁਰਾਣੀ ਕਹਾਵਤ ਹੈ ਕਿ ਕਿਸੇ ਫੌਜੀ ਵੀਰ ਨੇ ਫਾਰਸੀ ਜ਼ਬਾਨ ਸਿੱਖ ਲਈ। ਪਾਣੀ ਨੂੰ ਆਬ ਕਹਿਣ ਲੱਗ ਪਿਆ। ਘਰ ਛੁੱਟੀ ਆਇਆ ਤਾਂ ਰੋਟੀ ਖਾਂਦਿਆਂ ਸੰਘ ਵਿਚ ਗਰਾਹੀ ਅੜ ਗਈ। ਮਾਂ ਪਾਸੋਂ ਵਾਰ ਵਾਰ ਉਹ ਆਬ ਮੰਗੀ ਗਿਆ। ਪਰ ਭੋਲੀ ਮਾਂ ਨੂੰ ਆਬ ਦਾ ਪਤਾ ਹੀ ਨਹੀਂ ਸੀ। ਪੁੱਤਰ ਪਾਣੀ ਖੁਣੋਂ ਮਰ ਗਿਆ। ਲੋਕਾਂ ਪੁੱਛਿਆ ਕਿ ਉਹ ਆਖਰੀ ਵੇਲੇ ਕਿਹੜੀ ਗੱਲ ਕਰਦਾ ਸੀ ਤਾਂ ਮਾਂ ਨੇ ਦੱਸਿਆ ਕਿ ਉਹ ਆਬ ਆਬ ਕਰਦਾ ਹੀ ਦਮ ਤੋੜ ਗਿਆ। ਕਿਸੇ ਪੜ੍ਹੇ ਲਿਖੇ ਨੇ ਦੱਸਿਆ ਕਿ ਆਬ ਤਾਂ ਪਾਣੀ ਹੁੰਦਾ ਹੈ ਤਾਂ ਮਾਂ ਨੇ ਅੰਬਰ ਚੀਰਵੀਂ ਦੋਹੱਥੜ ਮਾਰ ਕੇ ਆਖਿਆ:

ਆਬ ਆਬ ਕਰ ਮੋਇਓਂ ਬੱਚਾ,
ਫਾਰਸੀਆਂ ਘਰ ਗਾਲੇ।

ਸਾਨੂੰ ਆਪਣੀ ਮਾਂ-ਬੋਲੀ ਦੀ ਸ਼ਕਤੀ ਅਤੇ ਸਵੈ-ਮਾਣ ਦਾ ਚੇਤਾ ਕਦੇ ਨਹੀਂ ਵਿਸਾਰਨਾ ਚਾਹੀਦਾ। ਇਸ ਨੂੰ ਤਾਂ ਸਾਹਾਂ ਸਵਾਸਾਂ ਵਾਂਗ ਆਪਣੇ ਹਰ ਪਲ ਅੰਗ ਸੰਗ ਰੱਖੋ। ਤੁਹਾਨੂੰ ਜਿਵੇਂ ਸਾਹ ਲੈਣ ਲਈ ਚੇਤਾ ਨਹੀਂ ਕਰਨਾ ਪੈਂਦਾ ਉਵੇਂ ਹੀ ਜ਼ਬਾਨ ਦੀ ਵਰਤੋਂ ਲਈ ਵੀ ਸੁਚੇਤ ਯਤਨ ਨਾ ਕਰਨਾ ਪਵੇ। ਜਿਵੇਂ ਹਰ ਬੰਦੇ ਨੂੰ ਇਕ ਮਾਂ ਜੰਮਦੀ ਹੈ ਉਵੇਂ ਹੀ ਹਰ ਬੰਦੇ ਦੀ ਮਾਂ-ਬੋਲੀ ਵੀ ਇਕੋ ਹੁੰਦੀ ਹੈ। ਮਾਂ-ਬੋਲੀ ਤੋਂ ਬੇਮੁੱਖ ਹੋਣਾ ਆਪਣੇ ਸਭਿਆਚਾਰਕ ਹਸਤੀ ਤੋਂ ਇਨਕਾਰੀ ਹੋਣ ਦੇ ਨਾਲ ਨਾਲ ਆਪਣੇ ਸਵੈਮਾਣ ਦੀ ਕੁਰਬਾਨੀ ਹੁੰਦਾ ਹੈ।

ਸਾਡੀ ਜ਼ਬਾਨ ਦੀ ਸ਼ਕਤੀ ਇਸ ਦੇ ਲੋਕ ਸਾਹਿਤ ਵਿਚ ਛੁਪੀ ਹੋਈ ਹੈ। ਤੁਸੀਂ ਜਿਉਂ ਜਿਉਂ ਅੱਗੇ ਜਾਓਗੇ ਤਿਉਂ ਤਿਉਂ ਇਸ ਦੀ ਸ਼ਕਤੀ ਨੂੰ ਪਛਾਣੋਗੇ। ਸਾਡੀਆਂ ਬੋਲੀਆਂ ਅਤੇ ਗੀਤਾਂ ਵਿਚ ਸਾਡੀ ਜ਼ਬਾਨ ਦੀ ਸ਼ਕਤੀ ਮਾਣਕ ਮੋਤੀਆਂ ਵਾਂਗ ਖਿੱਲਰੀ ਪਈ ਹੈ। ਇਸ ਨੂੰ ਕਿਸੇ ਹੋਰ ਨੇ ਬਾਹਰੋਂ ਆ ਕੇ ਨਹੀਂ ਸੰਭਾਲਣਾ। ਸਾਨੂੰ ਆਪ ਹੀ ਹਿੰਮਤ ਕਰਨੀ ਪੈਣੀ ਹੈ ਤਾਂ ਜੋ ਕਲ੍ਹ ਨੂੰ ਪਛਤਾਵਾ ਹੱਥ ਨਾ ਲੱਗੇ।

*ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ।
ਮੋਬਾਇਲ : 98726-31199

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਬੋਲੀ ਪ੍ਰਤੀ ਹੀਣਭਾਵਨਾ ਦੀ ਜ਼ਿੰਮੇਵਾਰੀ

*ਬੀ.ਐਸ. ਬੀਰ

ਪੰਜਾਬੀ ਬੋਲੀ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਦੁਨੀਆ ਦੇ ਹਰ ਕੋਨੇ ਵਿਚ ਰਹਿਣ ਵਾਲਾ ਪੰਜਾਬੀ ਛਾਤੀ ਠੋਕ ਕੇ ਕਹਿੰਦਾ ਹੈ ਕਿ ਉਹ ਪੰਜਾਬੀ ਹੈ ਭਾਵੇਂ ਉਹ ਕਿਸੇ ਵੀ ਆਸਥਾ ਦਾ ਧਾਰਨੀ ਹੈ। ਚੌਦਾਂ ਕਰੋੜ ਦੁਨੀਆ ਵਿਚ ਪੰਜਾਬੀ ਬੋਲਣ ਵਾਲੇ ਹਨ ਪਰ ਪੰਜਾਬੀ ਬੋਲੀ ਦਾ ਮਾਣ-ਸਨਮਾਨ ਕਰਨ ਵਾਲੇ ਸ਼ਾਇਦ ਚੌਦਾਂ ਲੱਖ ਵੀ ਨਹੀਂ ਹੋਣੇ। ਪੰਜਾਬੀ ਬੋਲੀ ਦੇ ਅਖੌਤੀ ਸਿਪ੍ਹੇਸਲਾਰ ਪੰਜਾਬੀ ਬੋਲੀ ਬਾਰੇ ਡੀਂਗਾਂ ਮਾਰਦੇ ਹਨ ਪਰ ਆਪਣੇ ਬੱਚਿਆਂ ਤੇ ਪਰਿਵਾਰ ਨੂੰ ਪੰਜਾਬੀ ਬੋਲੀ ਦੇ ਲੜ ਨਹੀਂ ਲਾ ਸਕਦੇ। ਸੰਸਦ ਵਿਚ ਪੰਜਾਬੀ ਦੀ ਸਹੁੰ ਚੁੱਕਣ ਵਾਲੇ ਵੀ ਉਂਗਲਾਂ 'ਤੇ ਗਿਣੇ ਜਾਣ ਵਾਲੇ ਹਨ ਜਿਥੇ ਕਿ ਪੰਜਾਬੀ ਬੋਲੀ ਨੂੰ ਮਾਣ-ਸਨਮਾਨ ਮਿਲਣਾ ਚਾਹੀਦਾ ਹੈ। ਅੰਮ੍ਰਿਤਸਰ ਇਲਾਕੇ ਦੀ ਇਕ ਇਸਤਰੀ ਮਹਿਲਾ ਐਮ.ਐਲ.ਏ. ਹਿੰਦੀ ਵਿਚ ਸਹੁੰ ਚੁੱਕ ਕੇ ਇਹ ਦਰਸਾਉਣਾ ਚਾਹੁੰਦੀ ਹੈ ਕਿ ਉਹ ਹਿੰਦੁਸਤਾਨੀ ਪਹਿਲਾਂ ਹੈ, ਪੰਜਾਬੀ ਪਿਛੋਂ। ਪਰ ਉਸ ਨੂੰ ਇਹ ਨਹੀਂ ਪਤਾ ਕਿ ਦੇਸ਼ ਪਿਆਰ ਦੀ ਨੀਂਹ ਘਰ-ਪਰਿਵਾਰ ਵਿਚ ਹੁੰਦੀ ਹੈ। ਜੋ ਵਿਅਕਤੀ ਘਰ-ਪਰਿਵਾਰ, ਬੋਲੀ ਤੇ ਸਭਿਆਚਾਰ ਨੂੰ ਨਿਗੁਣਾ ਸਮਝਦਾ ਹੈ, ਉਹ ਭਲਾ ਦੇਸ਼ ਭਗਤ ਕਿਵੇਂ ਹੋ ਸਕਦਾ ਹੈ? ਅੱਜ ਲੋਕ ਅੰਗਰੇਜ਼ੀ ਤੇ ਹਿੰਦੀ ਨੂੰ ਇਸ ਲਈ ਮਾਨਤਾ ਦਿੰਦੇ ਹਨ ਕਿ ਇਹ ਦੋਵੇਂ ਬੋਲੀਆਂ ਆਰਥਿਕਤਾ ਵਧਾਉਣ ਵਿਚ ਮਦਦ ਕਰਦੀਆਂ ਹਨ ਪਰ ਜਿਸ ਵਿਅਕਤੀ ਦੀ ਬੋਲੀ ਤੇ ਸਭਿਆਚਾਰ ਕਾਇਮ ਨਹੀਂ ਰਹਿੰਦਾ, ਉਸ ਦੀ ਇੱਜ਼ਤ ਬਾਹਰਲੇ ਤੇ ਬਹੁਤੇ ਲੋਕ ਵੀ ਨਹੀਂ ਕਰਦੇ। ਸਾਬਕਾ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਇਸ ਦੀ ਉਦਾਹਰਣ ਹੈ। ਉਨ੍ਹਾਂ ਪੰਜਾਬੀ ਹੁੰਦੇ ਹੋਏ ਵੀ ਪੰਜਾਬ ਤੇ ਪੰਜਾਬੀ ਬੋਲੀ ਦੀ ਬੇਕਦਰੀ ਕੀਤੀ ਤੇ ਪੰਜਾਬ ਨੂੰ ਪੰਜਾਬੀ ਸੂਬੜੀ ਬਣਾਉਣ ਵਿਚ ਘਿਨੌਣਾ ਸ਼ੜਯੰਤਰ ਰਚਿਆ। ਅਖੀਰ ਵਿਚ ਉਨ੍ਹਾਂ ਦਾ ਅੰਤ ਨਮੋਸ਼ੀ ਭਰਿਆ ਸੀ ਜਿਨ੍ਹਾਂ ਲਈ ਉਨ੍ਹਾਂ ਪੰਜਾਬ ਤੇ ਪੰਜਾਬੀਆਂ ਨਾਲ ਧਰੋਹ ਕਮਾਇਆ, ਉਨ੍ਹਾਂ ਨੇ ਹੀ ਨੰਦਾ ਸਾਹਿਬ ਨੂੰ ਦੁੱਧ ਵਿਚੋਂ ਮੱਖੀ ਵਾਂਗ ਬਾਹਰ ਸੁੱਟ ਦਿੱਤਾ। ਜੋ ਵਿਅਕਤੀ ਆਪਣੀ ਮਾਂ ਬੋਲੀ, ਪਰਿਵਾਰ ਤੇ ਸਭਿਆਚਾਰ ਦਾ ਨਹੀਂ ਬਣਦਾ, ਉਸ ਤੋਂ ਦੇਸ਼ ਭਗਤੀ ਦੀ ਆਸ ਲਾਉਣਾ ਨਿਰਮੂਲ ਹੈ। ਭਭੀਕਸ਼ਣ ਨੂੰ ਭਾਵੇਂ ਭਾਰਤੀ ਰਾਮ-ਭਗਤ ਕਹਿੰਦੇ ਹਨ ਪਰ ਕਿਸੇ ਵੀ ਭਾਰਤੀ ਨੇ ਅੱਜ ਤੱਕ ਆਪਣੇ ਬੱਚੇ ਦਾ ਨਾਂ ਭਭੀਕਸ਼ਣ ਨਹੀਂ ਰਖਿਆ। ਕਾਰਨ ਸਾਫ਼ ਹੈ - ਆਪਣੇ ਦੇਸ਼ ਤੇ ਆਪਣੀ ਬੋਲੀ ਨਾਲ ਧਰੋਹ ਕਮਾਉਣ ਵਾਲਿਆਂ ਦਾ ਇਹ ਹਸ਼ਰ ਹੁੰਦਾ ਹੈ।

ਪੰਜਾਬੀ ਲਈ ਆਪਣੇ ਆਪ ਨੂੰ ਪੰਜਾਬੀ ਆਖ ਕੇ ਛਾਤੀ ਫੁਲਾਉਣਾ ਕੋਈ ਵੱਡੇ ਮਾਰਕੇ ਵਾਲੀ ਗੱਲ ਨਹੀਂ। ਉਹ ਪੰਜਾਬੀ ਕਾਹਦਾ ਜੋ ਪੰਜਾਬੀ ਬੋਲੀ ਨੂੰ ਛਾਤੀ ਠੋਕ ਕੇ ਆਪਣੀ ਮਾਂ-ਬੋਲੀ ਨਹੀਂ ਕਹਿੰਦਾ। ਪਰ ਜਦੋਂ ਬੋਲੀ ਦੀ ਗੱਲ ਆਉਂਦੀ ਹੈ ਤਾਂ ਅਖੌਤੀ ਪੰਜਾਬੀਆਂ ਦੀ ਗਰਦਨ ਸ਼ਰਮ ਨਾਲ ਝੁਕ ਜਾਂਦੀ ਹੈ ਕਿਉਂਕਿ ... ਉਹ ਪੰਜਾਬੀ ਬੋਲੀ ਸਮਝ ਸਕਦੇ ਹਨ, ਕੁਝ-ਕੁਝ ਬੋਲ ਸਕਦੇ ਹਨ ਪਰ ਪੰਜਾਬੀ/ਗੁਰਮੁਖੀ ਲਿਪੀ ਪੜ੍ਹਨ ਤੋਂ ਉਹ ਅਸਮਰਥ ਹੁੰਦੇ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਚੌਦਾਂ ਕਰੋੜ ਪੰਜਾਬੀਆਂ ਵਿਚੋਂ ਲਗਪਗ ਦੋ ਕਰੋੜ ਹੀ ਪੰਜਾਬੀ ਪੜ੍ਹ ਸਕਦੇ ਹਨ। ਅਜਿਹੀ ਹੀਣਭਾਵਨਾ ਦੇ ਸ਼ਿਕਾਰ ਬਹੁਤੇ ਪੰਜਾਬੀ ਹਨ। ਉਹ ਚਾਹੁੰਦੇ ਹੋਏ ਵੀ ਪੰਜਾਬੀ ਬੋਲੀ



Sri Satguru Jagjit Singh Ji Elibrary NamdhariElibrary@gmail.com

ਨਹੀਂ ਪੜ੍ਹ ਸਕਦੇ। ਸਿੱਖ ਸਾਹਿਤ ਵਿਚ ਇਹ ਅਖਾਣ ਪ੍ਰਚੱਲਤ ਹੈ - 'ਰਾਜ ਬਿਨਾਂ ਨਾ ਧਰਮ ਚਲੇ ਹੈਂ'। ਧਰਮ ਨੂੰ ਚਲਾਉਣ ਲਈ ਰਾਜ ਸੱਤਾ ਦੀ ਲੋੜ ਪੈਂਦੀ ਹੈ ਪਰ ਕਿਸੇ ਬੋਲੀ ਨੂੰ ਹਰਮਨ ਪਿਆਰਾ ਬਣਾਉਣ ਲਈ ਪੰਜ ਤੱਤਾਂ ਦਾ ਸਹਿਯੋਗ ਚਾਹੀਦਾ ਹੈ - ਰਾਜ, ਧਰਮ, ਆਰਥਿਕਤਾ, ਸਭਿਆਚਾਰਕਤਾ ਤੇ ਸੰਚਾਰ ਸਾਧਨ। ਇਨ੍ਹਾਂ ਪੰਜਾਂ ਰੋਲਾਂ ਦਾ ਸੁਮੇਲ ਹੀ ਕਿਸੇ ਬੋਲੀ ਨੂੰ ਬੁਲੰਦੀਆਂ 'ਤੇ ਪਹੁੰਚਾ ਸਕਦਾ ਹੈ। ਪੰਜਾਬ ਪ੍ਰਾਂਤ ਦੀ ਰਾਜ ਬੋਲੀ ਪੰਜਾਬੀ ਨੂੰ ਗਰਦਾਨਿਆ ਗਿਆ ਪਰ ਜੋ ਸਰਪ੍ਰਸਤੀ ਤੇ ਸਹਿਯੋਗ ਦ੍ਰਿੜ੍ਹਤਾ ਨਾਲ ਮਿਲਣਾ ਚਾਹੀਦਾ ਸੀ, ਨਹੀਂ ਮਿਲਿਆ। ਪੰਜਾਬੀ ਬੋਲੀ ਤੇ ਸਾਹਿਤ ਨੂੰ ਰਾਜ ਦੀਆਂ ਤਰਜੀਹਾਂ ਵਿਚ ਸਭ ਤੋਂ ਹੇਠਲੀ ਥਾਂ ਦਿੱਤੀ ਜਾਂਦੀ ਹੈ। ਬਾਕੀ ਸਭ ਮੱਦਾਂ ਲਈ ਬਜਟ ਮੁਹੱਈਆ ਹੁੰਦੇ ਹਨ ਪਰ ਜਦੋਂ ਪੰਜਾਬੀ ਬੋਲੀ ਤੇ ਸਾਹਿਤ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਇਹ ਕਹਿ ਕੇ ਪੱਲਾ ਝਾੜਦੀ ਹੈ ਕਿ ਵਿੱਤੀ ਬਜਟ ਦੀ ਘਾਟ ਹੈ। ਸਾਡੇ ਕੋਲ ਸ. ਆਤਮਾ ਸਿੰਘ ਤੇ ਸ. ਲਛਮਣ ਸਿੰਘ ਗਿੱਲ ਵਰਗੇ ਪੰਜਾਬੀ ਬੋਲੀ ਦੇ ਪਿਆਰਿਆਂ ਦੀ ਘਾਟ ਖਟਕਦੀ ਹੈ। ਅਜੋਕੇ ਮੁੱਖ ਮੰਤਰੀਆਂ ਦੀ ਤਰਜੀਹ ਕੁਰਸੀ ਹੈ ਨਾ ਕਿ ਪੰਜਾਬੀ ਬੋਲੀ, ਸਭਿਆਚਾਰ ਜਾਂ ਸਾਹਿਤ।

ਧਰਮ ਦੇ ਖੇਤਰ ਵਿਚ ਆਈਏ ਤਾਂ ਸਾਡੇ ਕੋਲ ਤਿੰਨ ਵੱਡੇ ਅਦਾਰੇ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਤੇ ਵਿਕਾਸ ਲਈ ਕੋਈ ਵਰਨਣਯੋਗ ਹਿੱਸਾ ਨਹੀਂ ਪਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੇ ਚਾਹੁਣ ਤਾਂ ਉਹ ਪੰਜਾਬੀ ਬੋਲੀ ਦਾ ਠੁੱਕ ਬੰਨ੍ਹਣ ਤੇ ਹਰਮਨ ਪਿਆਰੀ ਬਣਾਉਣ ਵਿਚ ਬਹੁਤ ਵੱਡਾ ਹਿੱਸਾ ਪਾ ਸਕਦੇ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬੀ ਸਕੂਲਾਂ ਤੇ ਗੁਰਦੁਆਰਿਆਂ ਵਿਚ ਪੰਜਾਬੀ ਨਾ ਦੇ ਬਰਾਬਰ ਬੋਲੀ ਜਾਂਦੀ ਹੈ। ਗੁਰਦੁਆਰਿਆਂ 'ਤੇ ਸੋਨਾ ਚੜ੍ਹਾਉਣ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਪਰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਮਜ਼ਬੂਤ ਤੇ ਹਰਮਨ ਪਿਆਰਾ ਬਣਾਉਣ ਦੀ ਕੋਈ ਲੋੜ ਹੀ ਨਹੀਂ ਸਮਝੀ ਜਾਂਦੀ। ਜੇ ਸਿੱਖ ਪੰਜਾਬੀ ਬੋਲੀ ਪੜ੍ਹਨੋਂ ਰਹਿ ਗਏ ਤਾਂ ਹੌਲੀ-ਹੌਲੀ ਗੁਰੂ ਗ੍ਰੰਥ ਸਾਹਿਬ 'ਤੇ ਬਣੀ ਆਸਥਾ ਵੀ ਪੇਤਲੀ ਪੈਂਦੀ ਜਾਵੇਗੀ। ਠੀਕ ਇਸੇ ਤਰ੍ਹਾਂ ਸੰਤ ਸਮਾਜ ਵੀ ਪੰਜਾਬੀ ਬੋਲੀ ਲਈ ਕੋਈ ਖਾਸ ਉੱਦਮ ਨਹੀਂ ਕਰ ਰਿਹਾ। ਨਾਮਧਾਰੀ ਵਰਗ ਉੱਚੀ ਸੁਰ ਵਿਚ ਪੰਜਾਬੀ ਬੋਲੀ ਦਾ ਸਮਰਥਨ ਤਾਂ ਕਰਦੇ ਹਨ ਪਰ ਪੰਜਾਬੀ ਬੋਲੀ ਦੇ ਵਿਕਾਸ ਲਈ ਉਨ੍ਹਾਂ ਨਾ ਕੋਈ ਵੱਖਰਾ ਬਜਟ ਰਖਿਆ ਹੈ ਤੇ ਨਾ ਹੀ ਕੋਈ ਸੰਸਥਾ ਬਣਾਈ ਹੈ। ਅਖੌਤੀ ਸਭਿਆਚਾਰਕ ਮੇਲੇ ਪੰਜਾਬੀ ਬੋਲੀ ਤੇ ਸਿਹਤਮੰਦ ਮੁੱਲਾਂ ਦਾ ਘਾਣ ਕਰ ਰਹੇ ਹਨ। ਉਹ ਜਦੋਂ ਲੋਕਾਂ ਨੂੰ ਆਪਣੇ ਗੀਤਾਂ ਨਾਲ ਨਹੀਂ ਨਚਾ ਸਕਦੇ, ਝੂੰਮਾ ਨਹੀਂ ਸਕਦੇ ਤਾਂ ਮੰਚ 'ਤੇ ਆਪ ਹੀ ਨਚਣ ਲਗ ਪੈਂਦੇ ਹਨ। ਸਭਿਆਚਾਰਕ ਰੋਲ ਵੀ ਪੰਜਾਬੀ ਬੋਲੀ ਲਈ ਬਹੁਤਾ ਪ੍ਰਸੰਸਾਯੋਗ ਨਹੀਂ ਹੈ। ਸੈਂਕੜਿਆਂ ਦੀ ਗਿਣਤੀ ਵਿਚ ਅਮੀਰ ਪੰਜਾਬੀ ਹਨ। ਇਨ੍ਹਾਂ ਕੋਲ ਅਰਬਾਂ ਦਾ ਸਰਮਾਇਆ ਹੈ। ਇਨ੍ਹਾਂ ਕਦੇ ਵੀ ਦਸਵੰਧ ਦੀ ਗੱਲ ਤਾਂ ਛੱਡੋ ਆਪਣੀ ਆਮਦਨ ਦਾ ਇਕ ਫੀਸਦੀ ਵੀ ਪੰਜਾਬੀ ਬੋਲੀ ਦੀ ਝੋਲੀ ਨਹੀਂ ਪਾਇਆ। ਸੰਚਾਰ ਦੇ ਸਾਧਨ ਅਖ਼ਬਾਰ, ਰੇਡੀਓ ਤੇ ਟੀ.ਵੀ. ਵੀ ਠੁਕਦਾਰ ਤੇ ਸਟੈਂਡਰਡ ਪੰਜਾਬੀ ਬੋਲੀ ਤੇ ਲਿੱਪੀ ਦਾ ਪ੍ਰਯੋਗ ਨਹੀਂ ਕਰ ਰਹੇ। ਟੀ.ਵੀ. ਵਾਲਿਆਂ ਦੇ ਬਹੁਤੇ ਪ੍ਰੋਗਰਾਮ ਪੰਜਾਬੀ ਬੋਲੀ ਦਾ ਮਜ਼ਾਕ ਹੀ ਉਡਾ ਰਹੇ ਲਗਦੇ ਹੁੰਦੇ ਹਨ।

ਉਪਰੋਕਤ ਪੰਜੋਂ ਸੰਸਥਾਵਾਂ ਦੇ ਨਕਾਰਾਤਮਕ ਰੋਲ ਕਾਰਣ ਹੀ ਪੰਜਾਬੀਆਂ ਵਿਚ ਪੰਜਾਬੀ ਬੋਲੀ ਪ੍ਰਤੀ ਹੀਣਭਾਵਨਾ ਆ ਰਹੀ ਹੈ। ਇਸੇ ਲਈ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਵਲ ਉਤਸ਼ਾਹਿਤ ਨਹੀਂ ਕਰਦੇ ਕਿਉਂਕਿ ਪੰਜ ਮੁੱਖ ਸੰਸਥਾਵਾਂ ਦੇ ਰੋਲ ਸਕਾਰਾਤਮਕ ਨਹੀਂ ਹਨ। ਇਨ੍ਹਾਂ ਪੰਜਾਂ ਅਦਾਰਿਆਂ ਨੂੰ ਆਪਣੇ ਜ਼ਿਹਨ ਵਿਚ ਝਾਤ ਮਾਰਨੀ ਚਾਹੀਦੀ ਹੈ ਕਿ ਲਿਖਿਆ ਜਾਣ ਵਾਲਾ ਇਤਿਹਾਸ ਉਨ੍ਹਾਂ ਦੀ ਇਸ ਖੁਨਾਮੀ ਕਾਰਣ ਉਨ੍ਹਾਂ ਨੂੰ ਨਹੀਂ ਬਖਸ਼ੇਗਾ।

ਵਿਸ਼ਵੀਕਰਣ ਦੀ ਹਨ੍ਹੇਰੀ ਚਲ ਰਹੀ ਹੈ ਜੋ ਅਨੇਕਾਂ ਕਮਜ਼ੋਰ ਸਭਿਆਚਾਰਾਂ ਤੇ ਕਮਜ਼ੋਰ ਬੋਲੀਆਂ ਨੂੰ ਉਡਾ ਕੇ ਲੈ ਜਾਵੇਗੀ। ਵਿਸ਼ਵੀਕਰਣ ਝੁਕ ਸਕਦਾ ਹੈ ਜੇ ਅਸੀਂ ਪੰਜਾਬੀ ਮਜ਼ਬੂਤ ਬਣੀਏ ਅਤੇ ਦਲੇਰੀ ਨਾਲ ਪੰਜਾਬੀ ਬੋਲੀ ਦਾ ਪੱਖ ਪੂਰੀਏ। ਪੰਜਾਬੀ ਇਹ ਸਮਝਣ ਲਗ ਪਏ ਹਨ ਕਿ ਬੇਹਤਰ ਪੈਕੇਜਾਂ ਤੇ ਬੇਹਤਰ ਆਰਥਕ ਅਵਸਰਾਂ ਲਈ ਅੰਗਰੇਜ਼ੀ ਜਾਂ ਹਿੰਦੀ ਦੀ ਲੋੜ ਹੁੰਦੀ ਹੈ ਤੇ ਇਸੇ ਲਈ ਉਹ ਆਪਣੇ ਬੱਚਿਆਂ ਨੂੰ ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਭੇਜਦੇ ਹਨ। ਜੇ ਬੱਚਾ ਆਪਣੀ ਬੋਲੀ ਨਹੀਂ ਸਿਖਦਾ ਤੇ ਨਹੀਂ ਬੋਲਦਾ ਤਾਂ ਉਹ ਪ੍ਰਸਿੱਧੀ ਦੀਆਂ ਸਿਖਰਾਂ ਨਹੀਂ ਛੂਹ ਸਕਦਾ। ਜਦੋਂ ਅਸੀਂ ਬੱਚੇ ਨੂੰ ਅੰਗਰੇਜ਼ੀ ਜਾਂ ਹਿੰਦੀ ਦੇ ਲੜ ਲਾਉਂਦੇ ਹਾਂ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਵੱਡਾ ਹੋ ਕੇ ਤੰਦਰੁਸਤ ਮੁੱਲਾਂ ਨੂੰ ਵੀ ਤਿਲਾਂਜਲੀ ਦੇਵੇਗਾ ਕਿਉਂਕਿ ਉਸ ਨੂੰ ਬਚਪਨ ਵਿਚ ਆਪਣੀ ਮਾਂ-ਬੋਲੀ ਤੋਂ ਬੇਮੁਖ ਕੀਤਾ ਜਾਂਦਾ ਹੈ। ਵੱਡੇ ਪੈਕੇਜਾਂ ਵਾਲੇ ਪਰਿਵਾਰਕ ਤੇ ਸਦਾਚਾਰਕ ਮੁੱਲਾਂ ਦੀ ਪਰਵਾਹ ਨਹੀਂ ਕਰਦੇ ਤੇ ਆਰਥਕ ਸਿਖਰਾਂ ਛੂਹਣ ਲਈ ਉਹ ਕਿਸੇ ਹੱਦ ਤਕ ਵੀ, ਗਿਰਾਵਟ ਦੀ ਹੱਦ ਤੱਕ ਗਿਰ ਸਕਦੇ ਹਨ। ਪਹਿਲਾਂ ਆਪਣੇ ਬੱਚੇ ਨੂੰ ਪੰਜਾਬੀ ਸਿਖਾਉ ਤੇ ਫਿਰ ਅੰਗਰੇਜ਼ੀ ਤੇ ਹਿੰਦੀ। ਆਪਣੀ ਮਾਂ-ਬੋਲੀ ਵਿਚ ਪਰਪੱਕ ਬੱਚਾ ਕਿਸੇ ਵੀ ਵਿਸ਼ੇ ਵਿਚ ਮਾਰ ਨਹੀਂ ਖਾਂਦਾ।

ਜੇ ਅਸੀਂ ਨਾ ਸੰਭਲੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ। ਘਰ ਤੋਂ ਬਾਹਰ ਜੇ ਲੋੜ ਪਵੇ ਤਾਂ ਅੰਗਰੇਜ਼ੀ ਜਾਂ ਹਿੰਦੀ ਦਾ ਸਹਾਰਾ ਲੈਣਾ ਚਾਹੀਦਾ ਹੈ ਪਰ ਘਰ ਜਾਂ ਪਰਿਵਾਰ ਵਿਚ ਆਪਣੀ ਬੋਲੀ ਨੂੰ ਵਿਸਾਰਨਾ ਆਪਣੇ ਆਪ ਨੂੰ ਕੌਡੀਆਂ ਦੇ ਭਾਅ ਨੀਲਾਮ ਕਰਨਾ ਹੈ। ਜਿਹੜੇ ਪੰਜਾਬੀ ਆਪਣੀ ਮਾਂ-ਬੋਲੀ ਨੂੰ ਛੱਡ ਰਹੇ ਹਨ, ਉਹ ਕਿਸੇ ਸਮੇਂ ਵੀ ਆਪਣੇ ਧਰਮ ਨੂੰ, ਆਪਣੀ ਆਸਥਾ ਨੂੰ ਵੀ ਤਿਆਗ ਸਕਦੇ ਹਨ ਤੇ ਦੇਸ਼ ਲਈ ਵੀ ਘਾਤਕ ਸਿੱਧ ਹੋ ਸਕਦੇ ਹਨ। ਪਰਵਾਸੀ ਕਾਫ਼ੀ ਹੱਦ ਤੱਕ ਪ੍ਰਯਤਨਸ਼ੀਲ ਹਨ ਕਿ ਉਨ੍ਹਾਂ ਦੇ ਬੱਚੇ ਪਰਵਾਸ ਵਿਚ ਰਹਿੰਦੇ ਹੋਏ ਵੀ ਆਪਣੀ ਮਾਂ-ਬੋਲੀ ਪੰਜਾਬੀ ਤੇ ਪੰਜਾਬੀ ਸਭਿਆਚਾਰ ਨਾਲ ਜੁੜੇ ਰਹਿਣ। ਇਹ ਸਾਡੇ ਲਈ ਹੌਂਸਲਾ-ਅਫਜ਼ਾਈ ਹੈ।

ਇਕ ਸੁਖਦ ਸਮਾਚਾਰ ਹੈ ਕਿ ਹੁਣ ਪੰਜਾਬੀ ਹਿੰਦੂ ਤੇ ਪੰਜਾਬੀ ਮੁਸਲਮਾਨ ਵੀ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਤੇ ਜਾਗਰੂਪ ਹੋ ਰਹੇ ਹਨ। ਸਾਨੂੰ ਇਹ ਸਮਝ ਲੈਣਾ ਪਵੇਗਾ ਕਿ ਪੰਜਾਬੀ ਬੋਲੀ ਤੇ ਲਿਪੀ ਕਿਸੇ ਵਿਸ਼ੇਸ਼ ਵਰਗ ਜਾਂ ਧਰਮ ਦੀ ਰਖੇਲ ਨਹੀਂ ਸਗੋਂ ਇਹ ਤਾਂ ਉਨ੍ਹਾਂ ਸਭਨਾਂ ਦੀ ਮਮਤਾ ਪੂਰਨ ਮਾਂ ਹੈ ਜੋ ਇਸ ਦੀ ਗੋਦ ਵਿਚ ਲੋਰੀਆਂ ਸੁਣਦੇ ਤੇ ਮਚਲਦੇ ਹਨ।

*ਮੁੱਖ ਸੰਪਾਦਕ
ਮਹਿਰਮ ਪਬਲੀਕੇਸ਼ਨਜ਼ ਪ੍ਰਾਈਵੇਟ ਲਿਮਟਿਡ
ਮਹਿਰਮ ਸਟਰੀਟ, ਨਾਭਾ-147201
ਮੋਬਾਇਲ: 99888 86364

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਬੋਲੀ ਪ੍ਰਤੀ ਬੁੱਧੀਜੀਵੀਆਂ ਤੇ ਸਕੂਲਾਂ ਦਾ ਰੁਝਾਨ

**•ਨਿਰਮਲ ਨਿੰਮਾ-ਲੰਗਾਹ**

ਮੇਰਾ ਕਰੀਬ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਨਾਲ ਗੂੜ੍ਹਾ ਸੰਬੰਧ ਹੈ। ਇਸ ਦੌਰਾਨ ਮੈਂ ਅਨੇਕਾਂ ਪ੍ਰੋਫੈਸਰਾਂ, ਅਧਿਆਪਕਾਂ, ਡਾਕਟਰਾਂ, ਸਾਹਿਤਕਾਰਾਂ ਅਤੇ ਲੇਖਕਾਂ ਦੇ ਘਰੀਂ ਗਿਆ ਹਾਂ, ਰਾਤਾਂ ਗੁਜ਼ਾਰੀਆਂ ਹਨ। ਬਹੁਤੇ ਸਾਡੇ ਸਿਆਸੀ ਲੀਡਰਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਲਾਕਾਰਾਂ ਅਤੇ ਰੰਗਕਰਮੀਆਂ ਨਾਲ ਮੇਰਾ ਮੇਲ-ਜੋਲ ਹੈ, ਵਾਹ-ਵਾਸਤਾ ਹੈ। ਇਹ ਲੋਕ ਬੜੀ ਗੰਭੀਰਤਾ ਨਾਲ ਮਾਂ-ਬੋਲੀ ਦੀ ਸੇਵਾ ਵਿਚ ਜੁਟੇ ਸਮਝੇ ਜਾਂਦੇ ਹਨ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾ ਕੇ, ਸਾਹਿਤ ਰਚਨਾ ਕਰਕੇ, ਗੀਤ ਗਾ ਕੇ, ਫਿਲਮਾਂ ਬਣਾ ਕੇ, ਅਖਬਾਰਾਂ, ਰਸਾਲਿਆਂ ਵਿਚ ਲਿਖ ਕੇ, ਸਾਹਿਤਕ ਪਰਚੇ ਕੱਢ ਕੇ ਤੇ ਭਾਸ਼ਨ ਦੇ ਕੇ, ਇਹ ਸਭ ਲੋਕ ਮਾਂ-ਬੋਲੀ ਪ੍ਰਤੀ ਵਫ਼ਾਦਾਰੀ ਦਾ ਦਮ ਭਰਦੇ ਹਨ। ਇਸ ਦੇ ਵਿਕਾਸ ਲਈ ਦਿਨ ਰਾਤ ਕਾਰਜਸ਼ੀਲ ਦਿਸਦੇ ਹਨ। ਪਰ ਸੱਚਾਈ ਕੁਝ ਹੋਰ ਹੈ। ਢੋਲ ਵਿਚ ਪੋਲ ਹੈ।

ਮੈਂ ਹੈਰਾਨ ਆਂ! ਇਹ ਲੋਕ ਇੰਨਾ ਝੂਠ ਕਿਉਂ ਬੋਲਦੇ ਹਨ? ਕੁਫ਼ਰ ਕਿਉਂ ਤੋਲਦੇ ਹਨ? ਕਿਸੇ ਵਿਰਲੇ ਨੂੰ ਛੱਡ ਕੇ ਉਪਰੋਕਤ ਸਾਰਿਆਂ ਲੋਕਾਂ ਦੇ ਘਰਾਂ ਵਿਚ ਪੰਜਾਬੀ ਦਾ ਮੂੰਹ ਮੱਥਾ ਕੱਟਿਆ-ਵੱਢਿਆ ਈ ਵੇਖਿਐ, ਬੁਰੀ ਤਰ੍ਹਾਂ ਲਹੂ-ਲੁਹਾਣ। ਇਨ੍ਹਾਂ ਦੇ ਦਿਮਾਗ਼ਾਂ ਵਿਚ ਅੰਗਰੇਜ਼ੀ ਖੁੱਭੀ ਹੋਈ ਆ, ਗਲ ਗਲ ਤਾਈਂ। ਅਗਲੀ ਪੀੜ੍ਹੀ ਦਾ ਪੰਜਾਬੀ ਪ੍ਰਤੀ ਮੋਹ ਘਟਾਉਣ ਲਈ, ਇਸ ਨੂੰ ਢਾਅ ਲਾਉਣ ਲਈ ਤੇ ਇਸ ਦੇ ਮਰ ਜਾਣ ਦੇ ਫੋਕੇ ਤੇ ਝੂਠੇ ਬਿਆਨ ਦਾਗਣ ਲਈ - ਇਹ ਲੋਕ ਖੁਦ ਜ਼ਿੰਮੇਵਾਰ ਨੇ, ਕਸੂਰਵਾਰ ਨੇ। ਕਿਉਂ? ਆਪਣੀ ਹੱਡਬੀਤੀ ਚੋਂ ਦੱਸਦਾ ਹਾਂ।

ਪਿਛਲੇ ਸਾਲਾਂ ਵਿਚ ਮੈਂ ਪੰਜਾਬੀ ਦੇ ਕਈ ਪ੍ਰਸਿੱਧ ਤੇ ਵਿਸ਼ਵ ਪੱਧਰ 'ਤੇ ਜਾਣੇ ਪਛਾਣੇ ਜਾਂਦੇ ਕੁਝ ਕਲਾਕਾਰਾਂ ਤੇ ਲੇਖਕਾਂ ਦੇ ਘਰੀਂ ਗਿਆ। ਗਾਇਕਾਂ ਦੀਆਂ ਸ਼ਾਨਦਾਰ ਤੇ ਅਸਮਾਨ ਛੂੰਹਦੀਆਂ ਕੋਠੀਆਂ ਵਿਚ ਰਾਤਾਂ ਗੁਜ਼ਾਰੀਆਂ। ਇਹ ਲੋਕ ਪੰਜਾਬੀ ਦੇ ਅਸਲੀ ਵਾਰਿਸ ਸਮਝਦੇ ਆ ਆਪਣੇ ਆਪ ਨੂੰ, ਮਾਂ-ਬੋਲੀ ਦੀ ਸੱਚੇ ਦਿਲੋਂ ਸੇਵਾ ਕਰਨ ਵਾਲੇ। ਇੱਕ ਕਲਾਕਾਰ ਘਰ ਤਾਂ ਮਿਲਿਆ ਨਾ। ਉਸਦੇ ਦੋਵੇਂ ਮੁੰਡੇ ਮਿਲੇ। ਪਹਿਲਾਂ ਤੋਂ ਈ ਵਾਕਫ਼ ਸਾਂ। ਮੇਰੇ ਕੋਲ ਆ ਬੈਠੇ, ਨੌਂਵੀਂ ਤੇ ਦਸਵੀਂ ਵਿਚ ਪੜ੍ਹਦੇ। ਚਾਹ ਪੀਂਦਿਆਂ ਮੈਂ ਵੱਡੇ ਨੂੰ ਆਖਿਆ - ਤੇਰਾ ਪਿਉ ਤੇ ਮੈਂ ਉੱਨੀ ਸੌ ਬਿਆਸੀ ਤੋਂ ਯਾਰ ਆਂ। ਕਿੰਨੇ ਸਾਲ ਹੋਗੇ ਭਲਾ?

ਮੁੰਡਾ ਚੁੱਪ! ਨੀਵੀਂ ਪਾਈ ਮੂੰਹ ਵਿਚ ਗੁਣ ਗੁਣ ਕਰੀ ਜਾਵੇ। ਛੋਟਾ ਵੀ ਜ਼ੋਰ ਲਾਵੇ। ਗੱਲ ਕੋਈ ਬਣੇ ਨਾ। ਅਖੀਰ ਉਹ ਸ਼ਰਮਿੰਦਾ ਜਿਹਾ ਹੋ ਕੇ ਕਹਿੰਦਾ ਅੰਕਲ ਜੀ, ਅੰਗਰੇਜ਼ੀ ਵਿਚ ਦੱਸੋ। ਬਿਆਸੀ ਕਿੰਨੇ ਹੁੰਦੇ ਆ? ਮੈਨੂੰ ਤਾਂ ਜਿਵੇਂ 440 ਵੋਲਟ ਦਾ ਝਟਕਾ ਲੱਗਾ ਹੋਵੇ, ਮੈਂ ਹੈਰਾਨ ਪਰੇਸ਼ਾਨ! ਯਕੀਨ ਜਿਆ ਨਾ ਆਵੇ। ਮੇਰੇ ਪੁੱਛਣ 'ਤੇ ਉਨ੍ਹਾਂ ਸੱਚ ਬੋਲਿਆ। ਦੋਵਾਂ ਭਰਾਵਾਂ ਨੂੰ ਨਾ ਈ ਪੰਜਾਬੀ ਆਉਂਦੀ ਆ - ਨਾ ਲਿਖਣੀ ਨਾ ਪੜ੍ਹਨੀ, ਨਾ ਸੌ ਗਿਣਨਾ, ਨਾ ਪੈਂਤੀ ਅੱਖਰੀ। ਅਖੇ! ਪਾਪਾ ਜੀ ਆਖਦੇ ਆ ਜੇ ਜ਼ਿੰਦਗੀ ਵਿਚ ਕੁਝ ਬਣਨਾ ਹੈ ਤਾਂ ਅੰਗਰੇਜ਼ੀ ਸਿੱਖੋ। ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਤੋਂ ਕੀ ਲੈਣੈ ਤੁਸੀਂ?

ਮੈਂ ਤਾਂ ਸਿਰ ਫੜਕੇ ਬੈਹ ਗਿਆ। ਸੁੰਨ ਹੋ ਗਿਆ, ਗੁੰਗਾ ਤੇ ਬੋਲਾ ਵੀ। ਯਾਰੋ - ਜਿਸ ਕਲਾਕਾਰ ਨੇ ਇੰਗਲੈਂਡ, ਅਮਰੀਕਾ ਤੇ ਕੈਨੇਡਾ ਤੱਕ ਪੰਜਾਬੀ ਗੀਤ ਗਾ ਕੇ ਕਰੋੜਾਂ ਰੁਪਏ ਕਮਾਏ। ਫਰਸ਼ ਤੋਂ ਅਰਸ਼ 'ਤੇ ਪੁੱਜਾ ਹੋਵੇ। ਕੀਮਤੀ ਕਾਰਾਂ, ਕੋਠੀਆਂ ਖਰੀਦੀਆਂ ਹੋਣ, ਬੈਂਕਾਂ ਦੇ ਲਾਕਰ ਭਰੇ ਹੋਣ - ਉਸ ਬੋਲੀ ਨਾਲ ਐਸਾ ਧਰੋਹ! ਏਨੀ ਨਫ਼ਰਤ? ਮਾਂ-ਬੋਲੀ 'ਤੇ ਭਿਆਨਕ ਕਾਤਲਾਨਾ ਹਮਲਾ। ਹਾਏ, ਮੇਰਿਆ ਰੱਬਾ!! ਸਾਰੀ ਰਾਤ ਨੀ ਸੁੱਤਾ।

ਇਹੀ ਕੁਝ ਵਾਪਰਿਆ ਦੂਜੇ ਕਲਾਕਾਰਾਂ ਤੇ ਬੁੱਧੀਜੀਵੀਆਂ ਦੇ ਘਰੀਂ। ਉੱਨੀ-ਇੱਕੀ ਦੇ ਫ਼ਰਕ ਨਾਲ। ਸਾਰਿਆਂ ਦੇ ਮੁੰਡੇ ਕੁੜੀਆਂ, ਪੋਤਰੇ ਪੋਤਰੀਆਂ, ਭਤੀਜੇ ਭਤੀਜੀਆਂ, ਦੋਹਤੇ ਦੋਹਤੀਆਂ ਚੋਟੀ ਦੇ ਅੰਗਰੇਜ਼ੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਆ। ਉਹ ਮਾਂ-ਬੋਲੀ ਦੀ ਸੇਵਾ ਤੋਂ ਮਿਲੀਆਂ "ਮੋਟੀਆਂ ਰਕਮਾਂ" ਨੂੰ ਖੁੱਲ੍ਹੇ ਹੱਥ ਖਰਚ ਰਹੇ ਨੇ, ਅਗਲੀ ਪੀੜ੍ਹੀ ਨੂੰ ਅੰਗਰੇਜ਼ੀ ਸਿਖਾਉਣ ਵਾਸਤੇ।

ਮੈਂ ਕਈ ਦਹਾਕਿਆਂ ਤੋਂ ਮਾਂ-ਬੋਲੀ ਪੰਜਾਬੀ ਦੀ ਸੇਵਾ ਵਿਚ ਹਾਜ਼ਰ ਆਂ। ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਕਾਲਜਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਮੇਰਾ ਸਰੋਕਾਰ ਏ, ਵਾਹ ਵਾਸਤਾ ਏ। ਸੁਣੇ ਦੀ ਗੱਲ ਹੋਰ ਆ, ਮੈਂ ਆਪ ਅੱਖੀ ਵੇਖਿਐ - ਪੰਜਾਬੀ ਪੜ੍ਹਨ, ਪੜ੍ਹਾਉਣ ਵਾਲਿਆਂ ਦੇ ਬੱਚੇ ਐਸੇ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਨੇ ਜਿੱਥੇ ਪੰਜਾਬੀ ਬੋਲਣ ਦੀ ਵੀ ਸਖ਼ਤ ਮਨਾਹੀ ਹੈ।

ਪਿਛਲੇ ਮਹੀਨੇ ਮੇਰੇ ਕੋਲ ਪੜ੍ਹ ਕੇ ਗਿਆ, ਅੱਠਵੀਂ ਜਮਾਤ ਦਾ ਇੱਕ ਵਿਦਿਆਰਥੀ ਮਿਲਣ ਆਇਆ। ਪੰਜਾਬੀ ਦੀ ਗੱਲ ਤੁਰੀ। ਕਹਿਣ ਲੱਗਾ, ਜੀ ਸਾਡੇ ਸਕੂਲ ਵਿਚ ਤਾਂ ਜੁਰਮਾਨਾ ਹੁੰਦੈ, ਜੇ ਕੋਈ ਪੰਜਾਬੀ ਵਿਚ ਗੱਲ ਵੀ ਕਰੇ। ਮੈਂ ਨੀ ਮੰਨਿਆ। ਅਗਲੇ ਦਿਨ ਉਹ ਤਿੰਨ ਚਾਰ ਮੁੰਡੇ ਹੋਰ ਲੈ ਆਇਆ। ਸੱਚ ਦੀ ਪ੍ਰੋੜਤਾ ਹੋ ਗਈ। ਸਾਰਿਆਂ ਮੰਨਿਆ ਕਿ ਸਾਨੂੰ ਨਾ ਪੰਜਾਬੀ ਪੜ੍ਹਾਈ ਜਾਂਦੀ ਏ, ਨਾ ਪੰਜਾਬੀ ਬੋਲਣ ਦੇਂਦੇ ਨੇ। ਅੰਗਰੇਜ਼ੀ ਜਾਂ ਹਿੰਦੀ ਦੀ ਹੀ ਇਜਾਜ਼ਤ ਹੈ।

ਇਹ ਰੁਝਾਨ ਖਤਰਨਾਕ ਵੀ ਆ, ਖੌਫ਼ਨਾਕ ਵੀ ਆ। ਐਸੇ ਸਕੂਲ ਧੜਾਧੜ ਖੁੱਲ੍ਹ ਰਹੇ ਨੇ। ਹੈਰਾਨੀ ਦੀ ਗੱਲ ਏ। ਕਈ ਚੰਗੇ ਭਲੇ ਧੰਦਿਆਂ ਦੇ ਮਾਲਕਾਂ ਨੇ ਆਪਣੇ ਕਾਰੋਬਾਰ ਬੰਦ ਕਰਕੇ ਜਾਂ ਵੇਚ ਵੱਟ ਕੇ ਵੱਡੇ ਤੋਂ ਵੱਡੇ ਅੰਗਰੇਜ਼ੀ ਸਕੂਲ ਖੋਲੇ ਆ। ਉਹ ਆਖਦੇ ਨੇ ਕਿ ਇਹ ਖੇਤਰ ਤਾਂ ਵੱਡੇ ਮੁਨਾਫੇ ਵਾਲੈ। ਕੋਈ ਟੈਕਸ ਨਾ ਜਿੰਮੇਵਾਰੀ, ਨਾ ਬੱਚਿਆਂ ਦੇ ਪਾਸ ਫੇਲ੍ਹ ਹੋਣ ਦਾ ਝਮੇਲਾ ਅਤੇ ਨਾ ਘਾਟਾ ਪੈਣ ਦਾ ਡਰ। ਚੰਗੀ ਵੱਡੀ ਇਮਾਰਤ ਬਣਾਉ, ਮਾਮੂਲੀ ਤਨਖਾਹਾਂ 'ਤੇ ਬੀ.ਐਡ. ਤੇ ਪੀ.ਐਚ.ਡੀ. ਟੀਚਰ ਮਿਲ ਜਾਂਦੇ ਨੇ। ਚਾਰ ਪੰਜ ਮਾੜੀਆਂ ਮੋਟੀਆਂ ਬੱਸਾਂ ਜਾਂ ਵੈਨਾਂ ਦਾ ਪ੍ਰਬੰਧ ਕਰੋ। ਦੋ ਚਾਰ ਸੌ ਇਸ਼ਤਿਹਾਰ ਵੰਡੋ। ਲੋਕ ਅਨ੍ਹੇਵਾਹ ਭੱਜੇ ਆਉਂਦੇ ਆ, ਬੱਚੇ ਦਾਖਲ ਕਰਵਾਉਣ। ਜਿੰਨੀਆਂ ਵਧੇਰੇ ਦਾਖਲਾ ਫੀਸਾਂ ਤੇ ਮਹਿੰਗੀਆਂ ਵਰਦੀਆਂ ਤੇ ਕਿਤਾਬਾਂ, ਉਨੇ ਈ ਜ਼ਿਆਦਾ ਬੱਚੇ ਹੋਣਗੇ। ਫੇਰ ਬੂਟਾਂ, ਟਾਈਆਂ, ਪਟਕਿਆਂ ਤੋਂ ਲੈ ਕੇ ਕਿਤਾਬਾਂ ਕਾਪੀਆਂ ਤੋਂ ਮਨਮਰਜ਼ੀ ਦਾ ਕਮਿਸ਼ਨ ਖਾਉ। ਮੋਟੀਆਂ ਰਕਮਾਂ ਲੈ ਕੇ ਸੈਰਾਂ ਕਰਾਉ। ਅੰਗਰੇਜ਼ੀ ਸਿਖਾਉਣ ਦੀ ਓਟ ਵਿਚ, ਜਿੰਨੀ ਮਰਜ਼ੀ ਲੁੱਟ ਮਚਾਉ। ਕੋਈ ਨੀ ਪੁੱਛਦਾ।

ਬੱਚਿਆਂ ਨੂੰ ਅੰਗਰੇਜ਼ ਬਣਾਉਣ ਦਾ ਝੱਲ ਤੇ ਅੰਗਰੇਜ਼ੀ ਸਿੱਖਣ ਦਾ ਪਾਗਲਪਨ ਮਾਪਿਆਂ ਨੂੰ ਵਹਿਸ਼ੀ ਤੇ ਬੇਫਿਕਰ ਬਣਾ ਰਹੇ ਨੇ। ਇੱਕ ਤਾਂ ਉਹ ਮਾਸੂਮਾਂ 'ਤੇ ਜ਼ੁਲਮ ਕਰਦੇ ਆ। ਦੂਜਾ



Sri Satguru Jagjit Singh Ji Elibrary NamdhariElibrary@gmail.com

ਬੱਚਿਆਂ ਪ੍ਰਤੀ ਜਿੰਮੇਵਾਰੀ ਤੋਂ ਭੱਜ ਰਹੇ ਆ। ਤੀਜਾ ਪੰਜਾਬੀ ਵਿਰੋਧੀ ਸਕੂਲਾਂ ਨੂੰ ਸ਼ਹਿ ਦੇ ਰਹੇ ਆ। ਕਹਿਰਾਂ ਦੀ ਠੰਢ ਜਾਂ ਗਰਮੀ ਵਿਚ ਮਾਪੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਬੱਸਾਂ ਜਾਂ ਵੈਨਾਂ ਵਿਚ ਧੱਕ ਦੇਂਦੇ ਨੇ। ਚਲੋ ਗੱਲੋਂ ਫਾਹ ਲੱਥਾ। ਮਾਪੇ ਚਾਹੁੰਦੇ ਨੇ, ਕਿ ਬੱਚਾ ਤੜਕੇ ਘਰੋਂ ਨਿਕਲ ਜਾਵੇ, ਹਨ੍ਹੇਰੇ ਪਏ ਘਰ ਆਵੇ ਤਾਂ ਕਿ ਉਨ੍ਹਾਂ ਨੂੰ ਤੰਗ ਨਾ ਕਰੇ। ਉਹਨਾਂ ਦੀ ਆਜ਼ਾਦੀ ਵਿਚ ਵਿਘਨ ਨਾ ਪਵੇ। ਇਸ ਉਦੇਸ਼ ਦੀ ਪੂਰਤੀ ਨਵੇਂ ਖੁਲ੍ਹ ਰਹੇ ਅੰਗਰੇਜ਼ੀ ਸਕੂਲ ਬਾਖੂਬੀ ਕਰ ਰਹੇ ਹਨ।

ਪੰਜਾਬੀ ਵਿਰੋਧੀ ਸਕੂਲਾਂ ਦਾ ਮੁਕਾਬਲਾ ਵੀ ਬੜਾ ਸਖਤ ਹੈ। ਜੇ ਇੱਕ ਸਕੂਲ ਤਿੰਨ ਸਾਲ ਦਾ ਬੱਚਾ ਦਾਖਲ ਕਰਦੈ, ਦੂਜਾ ਦੋ ਸਾਲ ਦੇ ਈ ਕਰਨੇ ਸ਼ੁਰੂ ਕਰ ਦਿੰਦੈ। ਨੇੜ ਭਵਿੱਖ ਵਿਚ ਬੱਚੇ ਜੰਮਣ ਤੋਂ ਪਹਿਲਾਂ ਹੀ ਦਾਖਲ ਹੋ ਜਾਇਆ ਕਰਨਗੇ, ਡਲਿਵਰੀ ਕੇਸ ਸਕੂਲਾਂ ਵਿਚ ਈ ਹੋਣਗੇ! ਸਕੂਲਾਂ ਵਾਲੇ ਇਹ ਖਰਚੇ ਫੀਸਾਂ ਰਾਹੀਂ ਕਈ ਗੁਣਾਂ ਵਧੇਰੇ ਚਾਰਜ ਕਰਿਆ ਕਰਨਗੇ। ਅੰਗਰੇਜ਼ੀ ਦੀ ਖਾਤਰ ਮਾਪੇ ਖੁਦ ਵਿਕਣ ਲਈ ਤਿਆਰ ਨੇ। ਐਸੇ ਮਾਹੌਲ ਵਿਚ ਪੰਜਾਬੀ ਬਾਰੇ ਕੌਣ ਸੋਚੂ? ਜਦੋਂ ਕਿ ਲੋਕ ਬੱਚੇ ਦਾ ਭਵਿੱਖ ਕੇਵਲ ਅੰਗਰੇਜ਼ੀ ਵਿਚ ਈ ਵੇਖ ਰਹੇ ਹੋਣ!

ਦੁਨੀਆ ਦੀ ਹਰੇਕ ਭਾਸ਼ਾ ਸਤਿਕਾਰਯੋਗ ਹੈ। ਮੈਂ ਅੰਗਰੇਜ਼ੀ, ਹਿੰਦੀ, ਉਰਦੂ ਜਾਂ ਕਿਸੇ ਵੀ ਹੋਰ ਭਾਸ਼ਾ ਦਾ ਵਿਰੋਧ ਨਹੀਂ ਕਰਦਾ। ਸਾਨੂੰ ਸਗੋਂ ਵੱਧ ਤੋਂ ਵੱਧ ਬੋਲੀਆਂ ਤੋਂ ਜਾਣੂ ਹੋਣਾ ਚਾਹੀਦੈ। ਮੈਨੂੰ ਆਪਣੀ ਮਾਂ-ਬੋਲੀ ਪੰਜਾਬੀ 'ਤੇ ਕਹਿਰਾਂ ਦਾ ਮਾਣ ਹੈ, ਫਖ਼ਰ ਹੈ। ਮੇਰੀ ਬੋਲੀ ਏਨੀ ਲਚਕਦਾਰ ਤੇ ਅਗਾਂਹਵਧੂ ਆ, ਇਹ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਨਿੱਘੇ ਮੋਹ ਤੇ ਪਿਆਰ ਨਾਲ ਸਵੀਕਾਰ ਕਰ ਲੈਂਦੀ ਹੈ। ਆਪਣੇ ਵਿਚ ਸਮੋਅ ਲੈਂਦੀ ਹੈ। ਜ਼ਜ਼ਬ ਕਰ ਲੈਂਦੀ ਹੈ। ਹਿੰਦੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦੇ ਹਜ਼ਾਰਾਂ ਸ਼ਬਦ ਮੇਰੀ ਮਾਂ-ਬੋਲੀ ਦਾ ਸ਼ਿੰਗਾਰ ਬਣੀ ਬੈਠੇ ਹਨ।

ਮੈਂ ਉਨ੍ਹਾਂ ਵਿਦਵਾਨਾਂ ਤੇ ਭਾਸ਼ਾ ਸ਼ਾਸ਼ਤਰੀਆਂ ਨਾਲ ਸਹਿਮਤ ਨਹੀਂ ਜੋ ਕੇਵਲ ਅੰਗਰੇਜ਼ੀ ਦੇ ਸ਼ਬਦਾਂ ਦਾ ਵਿਰੋਧ ਕਰਦੇ ਹਨ, ਹੋਰ ਕਿਸੇ ਭਾਸ਼ਾ ਦਾ ਨਹੀਂ। ਇਹ ਕਾਰਨ ਵੀ ਹੋ ਸਕਦੈ ਕਿ ਪੰਜਾਬੀ ਲੰਮਾ ਸਮਾਂ ਅੰਗਰੇਜ਼ਾਂ ਦੇ ਗੁਲਾਮ ਰਹੇ ਹਨ। ਇਸ ਲਈ ਇਹ ਅੰਗਰੇਜ਼ੀ ਨੂੰ ਵੀ ਪ੍ਰਮੁੱਖ ਦੁਸ਼ਮਣ ਸਮਝਦੇ ਆ ਰਹੇ ਨੇ। ਜਦੋਂ ਕਿ ਹੋਰ ਕਈ ਭਾਸ਼ਾਵਾਂ ਸਿਖਣੀਆਂ ਇਸ ਤੋਂ ਕਈ ਗੁਣਾ ਸੌਖੀਆਂ ਹਨ। ਜੋ ਸ਼ਬਦ ਪੰਜਾਬੀ ਬੋਲੀ ਤੇ ਸਭਿਆਚਾਰ ਦਾ ਅਟੁੱਟ ਅੰਗ ਬਣ ਗਏ ਹਨ। ਜੋ ਫਿਕਰੇ ਸਾਥੋਂ ਆਪ ਮੁਹਾਰੇ ਬੋਲੇ ਜਾਂਦੇ ਹਨ। ਸਹਿਜ ਸੁਭਾਅ ਈ ਸਾਡੇ ਮੂੰਹੋਂ ਨਿਕਲ ਜਾਂਦੇ ਹਨ ਜਿਵੇਂ ਗੁੱਡ ਮੋਰਨਿੰਗ, ਸਰ, ਕਲਾਸ, ਟੀਚਰ, ਬਲਬ, ਸਟਾਟਰ, ਚੇਅਰ, ਟੇਬਲ, ਟਰੈਕਟਰ, ਡੈਕਸ ਆਦਿ ਸੈਂਕੜੇ ਹਜ਼ਾਰਾਂ ਸਬਦ ਹਨ ਉਨ੍ਹਾਂ ਨੂੰ ਹੁਣ ਕੇਵਲ ਅੰਗਰੇਜ਼ੀ ਦੇ ਕਹਿਣਾ ਸਰਾਸਰ ਗਲਤ ਹੈ। ਹੁਣ ਉਹ ਪੰਜਾਬੀ ਬੋਲੀ ਦੇ ਲਾਡਲੇ ਪੁੱਤਰ ਬਣ ਗਏ ਹਨ। ਇਹ ਪੰਜਾਬੀ ਵਿਚੋਂ ਖਾਰਜ ਨਹੀਂ ਕੀਤੇ ਜਾ ਸਕਦੇ। ਸਗੋਂ ਆਏ ਦਿਨ ਇਨ੍ਹਾਂ ਵਿਚ ਵਾਧਾ ਹੋਣਾ ਬੁਨਿਆਦੀ ਤੌਰ 'ਤੇ ਕੁਦਰਤੀ ਤੇ ਵਿਗਿਆਨਕ ਹੈ।

ਗੱਲ ਕਰਦੇ ਆਂ ਸਿਆਸਤਦਾਨਾਂ ਦੀ, ਜੋ ਪੰਜਾਬੀ ਦੇ ਹੇਜ ਵਿਚ ਬਿਆਨ ਦਾਗਦੇ ਹਨ। ਮੈਂ ਆਪਣੇ ਨਿੱਜੀ ਤਜਰਬੇ ਵਿਚੋਂ ਕਹਿਨਾ, ਭਾਵੇਂ ਨੇਤਾ ਕਿਸੇ ਪਾਰਟੀ ਦਾ ਵੀ ਹੋਵੇ, ਅੰਕੜੇ ਦੱਸਦੇ ਹਨ, ਤੱਥ ਬੋਲਦੇ ਹਨ ਕਿ ਸਾਰਿਆਂ ਦੇ ਬੱਚੇ ਵਿਦੇਸ਼ਾਂ ਵਿਚ ਪੜ੍ਹਦੇ ਆ ਜਾਂ ਉਥੇ ਵੱਡੀਆਂ ਨੌਕਰੀਆਂ ਕਰ ਰਹੇ ਨੇ। ਇਹੀ ਫਾਰਮੂਲਾ ਉਹ ਲੋਕ ਅਪਣਾ ਰਹੇ ਆ, ਜਿਹੜੇ ਚੜ੍ਹਦੇ ਸੂਰਜ ਪੰਜਾਬੀ ਦੇ ਮਰ ਮਾਣ ਦਾ ਗਹਿਰਾ ਫਿਕਰ ਕਰਦੇ ਦਿਸਦੇ ਹਨ। ਏਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਅਕਾਲੀ ਲੀਡਰ ਸਭ ਤੋਂ ਵੱਡੇ ਵਾਰਸ ਤੇ ਰਖਵਾਲੇ ਸਮਝਦੇ ਨੇ, ਪੰਜਾਬ ਤੇ



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਦੇ ਆਪਣੇ ਆਪ ਨੂੰ। ਅਕਾਲੀ-ਭਾਜਪਾ ਗੱਠਜੋੜ ਦੀ ਕਈ ਵਾਰ ਸਾਂਝੀ ਸਰਕਾਰ ਬਣੀ ਹੈ। ਬੜੀ ਹਾਸੋਹੀਣੀ ਗੱਲ ਏ, ਭਾਜਪਾ ਵਾਲੇ ਹਮੇਸ਼ਾਂ ਪੰਜਾਬੀ ਵਿਰੋਧੀ ਹੀ ਰਹੇ ਹਨ। ਅੱਜ ਤੱਕ ਲੇਖਕਾਂ ਕਲਾਕਾਰਾਂ ਦੇ ਵੱਡੇ ਸੰਘਰਸ਼ਾਂ ਦੇ ਬਾਵਜੂਦ ਵੀ ਪੰਜਾਬੀ ਨੂੰ ਸਰਕਾਰੇ ਦਰਬਾਰੇ ਯੋਗ ਥਾਂ ਨਾ ਮਿਲੀ, ਸ਼ਾਇਦ ਇਸੇ ਪ੍ਰਵਿਰਤੀ ਦੀ ਉਪਜ ਹੈ।

ਪੰਜਾਬੀ ਦਾ ਲੱਕ ਤਾਂ ਉਦੋਂ ਹੀ ਟੁੱਟ ਗਿਆ ਸੀ, ਜਦੋਂ 1947 ਵਿਚ ਪੰਜਾਬੀ ਬੋਲਦੇ ਵਧੇਰੇ ਇਲਾਕੇ ਪਾਕਿਸਤਾਨ ਵਿਚ ਚਲੇ ਗਏ ਸਨ। ਪਰ ਵੱਡਾ ਖੋਰਾ ਉਦੋਂ ਲੱਗਾ, ਜਦੋਂ ਸਾਡੇ ਸਵਾਰਥੀ ਸਿਆਸੀ ਲੀਡਰਾਂ ਨੇ ਪੰਜਾਬੀ ਸੂਬੇ ਦੀ ਆੜ ਹੇਠ ਪੰਜਾਬੀ ਬੋਲਦੇ ਇਲਾਕੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਨੂੰ ਦੇ ਦਿੱਤੇ। ਪੰਜਾਬੀ ਰੂਪੀ ਸੁੰਦਰ ਰੁੱਖ ਨੂੰ ਬੁਰੀ ਤਰ੍ਹਾਂ ਛਾਂਗ ਕੇ ਰੱਖ ਦਿੱਤਾ - ਬੇਗਾਨਿਆਂ ਤੇ ਬੇਦਰਦਾਂ ਵਾਂਗ!

ਏਥੇ ਇਕ ਹੋਰ ਨੁਕਤਾ ਵੀ ਵਿਚਾਰਨਯੋਗ ਹੈ। ਅਸੀਂ ਪੰਜਾਬੀ ਭਾਸ਼ਾ ਦਾ ਕੱਦ ਹੋਰ ਵੀ ਛੋਟਾ ਕਰ ਰਹੇ ਹੁੰਨੇ ਆਂ, ਜਦੋਂ ਇਸਨੂੰ ਆਰ-ਪਾਰ ਜਾਂ ਪਰਵਾਸੀ, ਵਾਸੀ ਵਿਚ ਵੰਡਦੇ ਹਾਂ। ਪੰਜਾਬੀ ਲੇਖਕ ਭਾਵੇਂ ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਬੈਠਾ ਲਿਖ ਰਿਹਾ ਹੋਵੇ। ਉੱਥੋਂ ਦੀਆਂ ਸਮਾਜਕ, ਆਰਥਕ ਜਾਂ ਸਭਿਆਚਾਰਕ ਪ੍ਰਸਥਿਤੀਆਂ ਦੀ ਗੱਲ ਕਰ ਰਿਹਾ ਹੋਵੇ ਮਾਧਿਅਮ ਤਾਂ ਉਸਦਾ ਪੰਜਾਬੀ ਹੀ ਹੈ ਨਾ? ਇਸ ਤਰ੍ਹਾਂ ਦੀ ਵੰਡ ਕਰਨੀ ਬੇਲੋੜੀ ਹੀ ਨਹੀਂ, ਆਪਣੀ ਮਾਂ-ਬੋਲੀ ਨਾਲ ਵੱਡੀ ਬੇਇਨਸਾਫ਼ੀ ਵੀ ਹੈ।

ਕੁਝ ਖਾਸ ਲੋਕਾਂ ਤੇ ਲੇਖਕਾਂ ਨੂੰ ਛੱਡ ਕੇ, ਏਥੇ ਪੰਜਾਬੀ ਬਾਰੇ ਸੋਚ ਈ ਕੌਣ ਰਿਹੈ! ਅੰਕੜੇ ਦੱਸਦੇ ਹਨ ਭਾਸ਼ਾ ਵਿਭਾਗ ਦੀਆਂ ਕਰੀਬ 60 ਪ੍ਰਤੀਸ਼ਤ ਅਸਾਮੀਆਂ ਖਾਲੀ ਪਈਆਂ ਹਨ। ਲਾਇਬ੍ਰੇਰੀਆਂ ਵਿਚ ਭਾਸ਼ਾ ਦੇ ਵਿਕਾਸ ਤੇ ਸੰਚਾਰ ਦਾ ਪ੍ਰਮੁੱਖ ਸਾਧਨ ਹੁੰਦੀਆਂ ਹਨ। ਵੱਡੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੇ ਲਗਭਗ ਅੱਧੇ ਜ਼ਿਲ੍ਹਿਆਂ ਵਿਚ ਲਾਇਬ੍ਰੇਰੀਅਨ ਹੀ ਨਹੀਂ ਹਨ। ਸੀ.ਬੀ.ਐਸ.ਈ. ਸਕੂਲਾਂ ਦੀਆਂ ਟੈਕਸਟ ਬੁੱਕਾਂ ਵਿਚ ਸ਼ਬਦ ਜੋੜਾਂ ਦੀਆਂ ਬੇਸ਼ੁਮਾਰ ਤੇ ਗੰਭੀਰ ਗਲਤੀਆਂ ਹਨ। ਏਸੇ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਦਸਵੀਂ ਜਮਾਤ ਦੇ ਹੋਮ-ਸਾਇੰਸ ਦੇ ਪੇਪਰ ਵਿਚ ਪੰਜ ਦਰਜਨ ਤੋਂ ਵੀ ਵਧੇਰੇ ਪੰਜਾਬੀ ਦੇ ਗਲਤ ਸ਼ਬਦ-ਜੋੜ ਸਰਕਾਰ ਦੀ ਪੰਜਾਬੀ ਬੋਲੀ ਪ੍ਰਤੀ ਗੈਰ-ਜ਼ਿੰਮੇਵਾਰੀ ਤੇ ਵੱਡੀ ਲਾਪਰਵਾਹੀ ਦੀ ਗਵਾਹੀ ਭਰਦੇ ਹਨ।

ਪੰਜਾਬੀ ਵੀਰੋ - ਸਾਡੀ ਮਾਂ-ਬੋਲੀ ਬਾਰੇ ਕਿਸੇ ਨੇ ਕੁਝ ਨਹੀਂ ਕਰਨਾ ਕਰਾਉਣਾ। ਲਾਰਿਆਂ ਤੋਂ ਬਗੈਰ ਕੁਝ ਨੀ ਹੱਥ ਆਉਣਾ। ਸਾਨੂੰ ਖੁਦ ਹੰਭਲਾ ਮਾਰਨਾ ਪੈਣਾ। ਬਗੈਰ ਕਿਸੇ ਲੋਭ ਲਾਲਚ ਦੇ ਯਤਨ ਕਰਨੇ ਪੈਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਪੰਜਾਬੀ ਹਿਤੈਸ਼ੀ ਕੁਝ ਸਵੈ-ਸੇਵੀ ਜੱਥੇਬੰਦੀਆਂ ਨੂੰ ਕੁਝ ਸੁਝਾਅ ਜ਼ਰੂਰ ਦਿਆਂਗਾ।

ਮੇਰੀ ਤੁੱਛ ਜੇਹੀ ਬੁੱਧੀ ਅਨੁਸਾਰ ਇਸ ਵਿਚ ਸ਼ਰਮ ਵਾਲੀ ਕੋਈ ਗੱਲ ਨਹੀਂ, ਸਾਨੂੰ ਮੰਨ ਲੈਣਾ ਚਾਹੀਦੈ ਕਿ ਸਾਡੀ ਪ੍ਰਾਇਮਰੀ ਸਿੱਖਿਆ ਦੀਆਂ ਜੜ੍ਹਾਂ ਖੋਖਲੀਆ ਹੋ ਚੁੱਕੀਆਂ ਹਨ। ਲਗਭਗ ਖਤਮ ਹੋਣ ਕਿਨਾਰੇ ਖੜ੍ਹੀ ਹੈ। ਇਹ ਭਿਆਨਕ ਵਰਤਾਰਾ ਅੱਤਵਾਦ ਦੇ ਦੌਰ ਤੋਂ ਸ਼ੁਰੂ ਹੋਇਆ ਮੰਨ ਸਕਦੇ ਹਾਂ। ਨਕਲ ਦੇ ਇਨ੍ਹਾਂ ਦੋ ਦਹਾਕਿਆਂ ਵਿਚ, ਵੱਡਾ ਨੁਕਸਾਨ ਹੋਇਆ ਹੈ ਮਾਂ-ਬੋਲੀ ਦਾ। ਇਸਨੂੰ ਯਕਦਮ ਪੂਰਾ ਨਹੀਂ ਕੀਤਾ ਜਾ ਸਕਦਾ। ਵੱਡੇ ਹੌਸਲੇ ਤੇ ਜਬਰਦਸਤ ਸੰਘਰਸ਼ ਦੀ ਲੋੜ ਹੈ। ਪਹਿਲਾਂ ਪਿੰਡ ਜਾਂ ਬਲਾਕ ਪੱਧਰ ਦੀਆ ਕਮੇਟੀਆਂ ਬਣਾਈਆਂ ਜਾਣ। ਉਨ੍ਹਾਂ ਵਿਚ



Sri Satguru Jagjit Singh Ji Elibrary NamdhariElibrary@gmail.com

ਮੈਂਬਰ ਲਏ ਜਾਣ, ਪੰਜਾਬੀ ਨੂੰ ਦਿਲੋਂ ਪਿਆਰ ਕਰਨ ਵਾਲੇ। ਹਰੇਕ ਬਲਾਕ ਵਿਚ ਦੋ ਚਾਰ ਲੇਖਕ, ਸਾਹਿਤਕਾਰ, ਪੱਤਰਕਾਰ ਜਾਂ ਗੰਭੀਰ ਤੇ ਸਿਆਣੇ ਪਾਠਕ ਹੋਣ, ਉਨ੍ਹਾਂ ਵਿਚੋਂ ਬਹੁਤੇ ਮੁਫਤ ਜਾਂ ਬਹੁਤ ਹੀ ਘੱਟ ਵੇਤਨ 'ਤੇ ਕੰਮ ਕਰਨ ਨੂੰ ਤਿਆਰ ਹੋ ਸਕਦੇ ਹਨ। ਅਗਾਂਹਵਧੂ ਸਰਪੰਚਾਂ, ਪੰਚਾਂ, ਮੈਂਬਰਾਂ ਤੇ ਵਿਦਿਆਰਥੀਆਂ ਦਾ ਸਾਥ ਹੋਵੇ। ਬੁੱਧੀਜੀਵੀਆਂ ਤੇ ਕਲਮਕਾਰਾਂ ਦੀ ਯੋਗ ਸਲਾਹ ਲਈ ਜਾਵੇ। ਪੰਜਵੀਂ ਚੋਂ ਉਹੀ ਵਿਦਿਆਰਥੀ ਪਾਸ ਕੀਤੇ ਜਾਣ ਜਿਨ੍ਹਾਂ ਨੂੰ ਪੰਜਾਬੀ ਪੂਰਨ ਰੂਪ ਵਿਚ ਪੜ੍ਹਨੀ ਲਿਖਣੀ ਆਉਂਦੀ ਹੋਵੇ। ਇਹੀ ਪਰੰਪਰਾ ਅੰਗਰੇਜ਼ੀ ਸਕੂਲਾਂ ਵਿਚ ਵੀ ਹੋਵੇ। ਆਮ ਲੋਕਾਂ ਨੂੰ ਜਾਗਰੂਪ ਕਰਕੇ ਪੰਜਾਬੀ ਵਿਰੋਧੀ ਵਿਦਿਅਕ ਅਦਾਰਿਆਂ ਦਾ ਬਾਈਕਾਟ ਕੀਤਾ ਜਾਵੇ।

ਪੰਜਾਬੀ ਪਿਆਰਿਓ! ਬਾਬਾ ਫਰੀਦ, ਗੁਰੂ ਨਾਨਕ, ਵਾਰਸ਼ ਤੇ ਸ਼ਿਵ ਦੀ ਬੋਲੀ ਦੇ ਵਾਰਸੋ-ਹੁਣ ਗੱਲਾਂ-ਬਾਤਾਂ ਨਾਲ ਨੀ ਸਰਨਾ। ਸਮਾਂ ਆ ਗਿਐ - ਮਾਂ-ਬੋਲੀ ਦੀ ਰੱਖਿਆ ਲਈ ਫੈਸਲਾਕੁੰਨ ਜੰਗ ਲੜਨ ਦਾ। ਮੰਗਿਆਂ ਕੋਈ ਨੀ ਦੇਂਦਾ। ਧੱਕਾ ਅਸੀਂ ਕਰਨਾ ਨਹੀਂ। ਆਪਣੀ ਮਾਂ ਦੀ ਰੱਖਿਆ ਕਰਨ ਦਾ ਸਾਨੂੰ ਹੱਕ ਏ - ਅਧਿਕਾਰ ਏ, ਫਰਜ਼ ਏ। ਇਤਿਹਾਸ ਗਵਾਹ ਏ, ਪੰਜਾਬੀਆਂ ਮੂਹਰੇ ਕਦੇ ਕੋਈ ਕੰਮ ਨਹੀਂ ਅੜਿਆ। ਬੱਸ ਕੇਵਲ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਦਾ ਸੁਧਾਰ ਹੋ ਜਾਣ ਨਾਲ, ਅਸੀਂ ਮੰਜ਼ਲ ਦੇ ਨੇੜੇ ਪਹੁੰਚ ਜਾਵਾਂਗੇ। ਸਾਨੂੰ ਪੰਜਾਬੀ ਦੇ ਸੱਚੇ ਆਸ਼ਕ ਬਣਨਾ ਚਾਹੀਦੈ - ਬੰਗਾਲੀਆਂ ਵਾਂਗ।

*ਪਿੰਡ ਤੇ ਡਾਕਖਾਨਾ : ਲੰਗਾਹ,
ਜਿਲ੍ਹਾ ਗੁਰਦਾਸਪੁਰ, (ਪੰਜਾਬ)
ਮੋਬਾਇਲ : 98552-67822

□□□

ਲਾਹਿਆ ਨਕਾਬ ਚਿਹਰੇ ਕਈ ਦਾਗਦਾਰ ਨਿਕਲੇ
ਚੋਰਾਂ ਦੇ ਨਾਂ ਫੜ੍ਹੇ ਸਭ ਪਹਿਰੇਦਾਰ ਨਿਕਲੇ
ਅਸੀਂ ਸੋਚਿਆ ਸੀ ਸਾਨੂੰ ਦੱਸਣਗੇ ਰੋਗ ਬਾਰੇ
ਅਫਸੋਸ! ਸਭ ਮਸੀਹੇ ਖੁਦ ਹੀ ਬੀਮਾਰ ਨਿਕਲੇ।

- ਸ਼ੌਕਤ ਢੰਡਵਾੜਵੀ



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਮਾਤ ਭਾਸ਼ਾ ਦੀ ਦਸ਼ਾ ਤੇ ਦਿਸ਼ਾ

*ਡਾ: ਐਸ. ਤਰਸੇਮ

ਭਾਸ਼ਾ ਸੰਚਾਰ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਮਾਧਿਅਮ ਹੈ। ਹਰ ਖੇਤਰ ਦੀ ਆਪਣੀ ਆਪਣੀ ਭਾਸ਼ਾ ਹੈ। ਜਿੰਨਾ ਗਿਆਨ ਪ੍ਰਾਪਤ ਕਰਨਾ ਤੇ ਉਸ ਪ੍ਰਾਪਤੀ ਨੂੰ ਅੱਗੇ ਲਿਜਾਣਾ ਆਪਣੀ ਮਾਤ-ਭਾਸ਼ਾ ਜਾਂ ਆਪਣੇ ਆਲੇ-ਦੁਆਲੇ ਦੀ ਭਾਸ਼ਾ ਵਿਚ ਸੌਖਾ ਹੈ, ਓਨਾ ਕਿਸੇ ਗ਼ੈਰ ਜਾਂ ਵਿਦੇਸ਼ੀ ਭਾਸ਼ਾ ਵਿਚ ਬਿਲਕੁਲ ਵੀ ਸੰਭਵ ਨਹੀਂ। ਪਰ ਪਛੜੇ ਜਾਂ ਵਿਕਾਸਸ਼ੀਲ ਮੁਲਕਾਂ ਵਿਚ ਉਨ੍ਹਾਂ ਦੀ ਆਪਣੀ ਮਾਤ-ਭਾਸ਼ਾ ਜਾਂ ਉਨ੍ਹਾਂ ਦੇ ਖੇਤਰ/ਦੇਸ਼ ਦੀ ਭਾਸ਼ਾ ਦੀ ਥਾਂ ਗਿਆਨ ਅਤੇ ਹੋਰ ਹਰ ਕਿਸਮ ਦਾ ਕੰਮ ਚਲਾਉਣ ਲਈ ਕਿਸੇ ਵਿਦੇਸ਼ੀ ਤੇ ਖਾਸ ਤੌਰ 'ਤੇ ਅੰਗਰੇਜ਼ੀ ਭਾਸ਼ਾ ਦੇ ਗਲਬੇ ਨੂੰ ਭੋਗਣ ਕਾਰਨ ਆਮ ਜੀਵਨ, ਸਿਖਿਆ, ਲੋਕਾਂ ਤੇ ਸਰਕਾਰਾਂ ਵਿਚਕਾਰ ਸੰਬੰਧਾਂ ਵਿਚ ਜਿਹੜਾ ਅਸੰਤੁਲਨ ਵੇਖਣ ਨੂੰ ਮਿਲਦਾ ਹੈ, ਉਸ ਕਾਰਨ ਹੀ ਉਹ ਕੌਮਾਂ/ਕੌਮੀਅਤ ਹੋਰ ਪਿੱਛੇ ਜਾ ਰਹੀਆਂ ਹਨ।

25 ਮਾਰਚ 2008 ਨੂੰ ਪੰਜਾਬ ਵਿਧਾਨ ਸਭਾ ਵਿਚ ਮਾਤ-ਭਾਸ਼ਾ ਦਾ ਮਾਣ-ਸਤਿਕਾਰ ਵਧਾਉਣ ਅਤੇ ਸਿਖਿਆ ਸੰਸਥਾਵਾਂ ਤੋਂ ਲੈ ਕੇ ਸਰਕਾਰੇ ਦਰਬਾਰੇ ਇਸ ਦੀ ਪੁੱਛ ਪੜਤਾਲ ਵਧਾਉਣ ਲਈ ਜਿਹੜੇ ਦੋ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਸਨ ਅਤੇ ਪਿਛੋਂ ਜਾ ਕੇ ਸਿਖਿਆ ਮੰਤਰੀ ਨੇ ਆਰਡੀਨੈਂਸ ਜਾਰੀ ਕਰਨ ਦਾ ਐਲਾਨ ਕੀਤਾ ਸੀ, ਉਹ ਸਭ ਕੁਝ 10 ਸਤੰਬਰ 2008 ਨੂੰ ਦੋ ਬਿਲਾਂ ਦੇ ਪਾਸ ਹੋਣ ਨਾਲ ਲੋਕਾਂ ਦੇ ਸਾਹਮਣੇ ਆ ਗਿਆ। ਆਰਡੀਨੈਂਸ ਦੇ ਐਲਾਨ ਪਿਛੋਂ ਪੰਜਾਬ ਸਰਕਾਰ ਦੀ ਧਾਰੀ ਚੁੱਪ ਤੋਂ ਇਹ ਸ਼ੱਕ ਤਾਂ ਪੈਦਾ ਹੋ ਗਿਆ ਸੀ ਕਿ ਕਿਤੇ ਦਾਲ ਵਿਚ ਕੁਝ ਕਾਲਾ ਕਾਲਾ ਹੈ ਪਰ ਸਾਰੀ ਦਾਲ ਹੀ ਕਾਲੀ ਹੈ, ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਬਿਲਾਂ ਦੇ ਪਾਸ ਹੋਣ ਦੇ ਦੋ ਹਫਤੇ ਪਿਛੋਂ ਉਨ੍ਹਾਂ ਦੀਆਂ ਨਕਲਾਂ ਸਾਡੇ ਹੱਥ ਲੱਗੀਆਂ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਆਪਣੀ ਮਾਤ-ਭਾਸ਼ਾ ਦੇ ਮਾਣ-ਸਤਿਕਾਰ ਦੀ ਗੱਲ ਕਰਨ ਵਾਲੀ ਸਰਕਾਰ ਨੇ ਪੂਰੇ ਭਾਰਤ ਦੇ ਪ੍ਰੈੱਸ ਨੂੰ ਵੀ ਹਨ੍ਹੇਰੇ ਵਿਚ ਰੱਖਿਆ, ਜਿਸ ਕਾਰਨ ਰਾਜ ਭਾਸ਼ਾ ਸੋਧ ਬਿੱਲ 2008 ਵਿਚ ਸਜ਼ਾ ਦੀ ਧਾਰਾ ਜੋੜਨ ਦਾ ਜਿਸ ਤਰ੍ਹਾਂ ਪ੍ਰਬੰਧ ਕੀਤਾ ਗਿਆ, ਉਸ ਵਿਚ ਅਕਾਲੀ ਪਾਰਟੀ ਦੀ ਵਿਧਾਇਕ ਤੇ ਮਾਣਯੋਗ ਸਿੱਖਿਆ ਮੰਤਰੀ ਨੇ ਆਪਣੀ ਭਾਈਵਾਲ ਪਾਰਟੀ ਨੂੰ ਵੀ ਪਰੋਖ ਢੰਗ ਨਾਲ ਖੁਸ਼ ਕਰ ਲਿਆ ਅਤੇ ਅਫਸਰਸ਼ਾਹੀ ਨੂੰ ਵੀ, ਕਿਉਂਕਿ ਇਸ ਸਰਕਾਰ ਵਿਚ ਭਾਈਵਾਲ ਪਾਰਟੀ ਬੀ.ਜੇ.ਪੀ. ਅਤੇ ਅਫਸਰਸ਼ਾਹੀ ਇਹ ਬਿਲਕੁਲ ਨਹੀਂ ਚਾਹੁੰਦੀ ਕਿ ਅਸਲੀ ਅਰਥਾਂ ਵਿਚ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੋਵੇ। ਇਸ ਲਈ ਸੋਧ ਬਿਲ ਇਸ ਚਲਾਕੀ ਨਾਲ ਤਿਆਰ ਕੀਤਾ ਗਿਆ ਹੈ ਕਿ ਭੋਲੇ-ਭਾਲੇ ਲੋਕਾਂ ਨੂੰ ਇਸ ਵਿਚ ਕੀਤੀ ਠੱਗੀ ਦਾ ਪਤਾ ਹੀ ਨਹੀਂ ਚਲਦਾ।

ਸਭ ਤੋਂ ਵੱਡੀ ਅਫਸੋਸ ਦੀ ਗੱਲ ਤਾਂ ਇਹ ਹੈ ਕਿ ਇਹ ਦੋਵੇਂ ਬਿੱਲ ਵਿਧਾਨ ਸਭਾ ਵਿਚ ਅੰਗਰੇਜ਼ੀ ਵਿਚ ਪੇਸ਼ ਕੀਤੇ ਗਏ ਸਨ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਮਾਤ-ਭਾਸ਼ਾ ਨੂੰ ਸਿਖਿਆ ਅਤੇ ਸਰਕਾਰੀ ਕੰਮਾਂ ਲਈ ਲਾਗੂ ਕਰਨ ਵਿਚ ਬਿਲਕੁਲ ਵੀ ਇਮਾਨਦਾਰ ਨਹੀਂ ਹੈ। ਚਾਹੀਦਾ ਤਾਂ ਇਹ ਸੀ ਕਿ ਇਹ ਬਿਲ ਪੰਜਾਬੀ ਵਿਚ ਪੇਸ਼ ਕੀਤੇ ਜਾਂਦੇ ਅਤੇ ਇਸ ਦਾ



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ/ਹਿੰਦੀ ਰੂਪ ਕੇਂਦਰੀ ਸਰਕਾਰ ਦੀ ਸਹੂਲਤ ਹਿਤ ਨਾਲ ਨੱਥੀ ਹੁੰਦਾ ਪਰ ਇਹ ਤਦ ਹੀ ਹੁੰਦਾ ਜੇ ਸਰਕਾਰ ਦੀ ਨੀਅਤ ਮਾਤ-ਭਾਸ਼ਾ ਪ੍ਰਤੀ ਉਸ ਤਰ੍ਹਾਂ ਦੀ ਹੁੰਦੀ, ਜਿਸ ਤਰ੍ਹਾਂ ਦੀ ਧੀਆਂ ਪੁੱਤਰਾਂ ਦੀ ਨੀਯਤ ਆਪਣੀ ਮਾਂ ਦੀ ਸੇਵਾ ਪ੍ਰਤੀ ਈਮਾਨਦਾਰਾਨਾ ਹੁੰਦੀ ਹੈ।

ਅਸੀਂ ਇਸ ਬਿੱਲ ਦੀ ਜੋ ਹੁਣ ਐਕਟ ਬਣ ਗਿਆ ਹੈ, ਦੀ ਉਸ ਧਾਰਾ ਦਾ ਪੰਜਾਬੀ ਅਨੁਵਾਦ ਪੇਸ਼ ਕਰ ਰਹੇ ਹਾਂ, ਜਿਸ ਨਾਲ ਇਹ ਕਾਨੂੰਨ ਪੰਜਾਬੀ ਭਾਸ਼ਾ ਦੀ ਸੇਵਾ ਹਿਤ ਇਕ ਖੋਟਾ ਸਿੱਕਾ ਬਣ ਕੇ ਰਹਿ ਗਿਆ ਹੈ:

8 ਡੀ (1) ਜੇ ਕੋਈ ਉਪਰੋਕਤ ਦਫ਼ਤਰਾਂ ਦੇ ਅਧਿਕਾਰੀ ਜਾਂ ਕਰਮਚਾਰੀ ਲਗਾਤਾਰ ਇਸ ਐਕਟ ਦੀਆਂ ਧਾਰਾਵਾਂ ਨੂੰ ਤੋੜਨ ਦਾ ਦੋਸ਼ੀ ਪਾਇਆ ਗਿਆ, ਉਸ ਉੱਤੇ ਸਿਵਲ ਸੇਵਾਵਾਂ (ਸਜ਼ਾਵਾਂ ਅਤੇ ਅਪੀਲ) ਨਿਯਮ 1970 ਅਨੁਸਾਰ ਅਨੁਸ਼ਾਸ਼ਨੀ ਕਰਵਾਈ ਕੀਤੀ ਜਾਵੇਗੀ। ਉਪਰੋਕਤ ਧਾਰਾ ਵਿਚ 'ਲਗਾਤਾਰ' (Persistently) ਸ਼ਬਦ ਬੜਾ ਖ਼ਤਰਨਾਕ ਹੈ। ਇਸ ਦਾ ਅਰਥ ਇਹ ਹੈ ਕਿ ਜੇ ਲਗਾਤਾਰ ਅਰਥਾਤ ਕਈ ਵਾਰ ਕੋਈ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਕੰਮ ਨਹੀਂ ਕਰਦਾ ਤਾਂ ਹੀ ਉਸ ਵਿਰੁੱਧ ਕੋਈ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਦੋ, ਤਿੰਨ ਜਾਂ ਚਾਰ ਵਾਰ ਅੰਗਰੇਜ਼ੀ ਵਿਚ ਜਾਂ ਕਿਸੇ ਹੋਰ ਭਾਸ਼ਾ ਵਿਚ ਕੰਮ ਕਰਨ ਵਾਲੇ ਅਧਿਕਾਰੀ/ਕਰਮਚਾਰੀ ਮੁਆਫ਼ੀ ਯੋਗ ਹੋਣਗੇ ਜੇ ਉਹ ਇਕ ਅੱਧ ਦਫ਼ਤਰੀ ਚਿੱਠੀ ਜਾਂ ਫਾਇਲ ਉਤੇ ਨੋਟ ਪੰਜਾਬੀ ਵਿਚ ਦੇ ਦਿਆ ਕਰਨਗੇ।

ਸਿਤਮ ਦੀ ਗੱਲ ਤਾਂ ਇਹ ਹੈ ਕਿ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਦੋਸ਼ੀ ਨੂੰ ਅਨੁਸ਼ਾਸ਼ਨੀ ਕਾਰਵਾਈ ਤੋਂ ਪਹਿਲਾਂ ਸੁਣਿਆ ਜਾਵੇਗਾ ਅਤੇ ਅਨੁਸ਼ਾਸ਼ਨੀ ਕਾਰਵਾਈ ਵੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੀ ਸਿਫਾਰਸ਼ ਉੱਤੇ ਕੀਤੀ ਜਾਵੇਗੀ। ਸਰਕਾਰ ਦੀ ਭੋਲੇ-ਭਾਲੇ ਲੋਕਾਂ ਦੀ ਥਾਂ ਅਫਸਰਾਂ ਦੀ ਆਪਣੀ ਲਾਡਲੀ ਫੌਜ ਨੂੰ ਬਚਾਉਣ ਦੀ ਇਸ ਤੋਂ ਵੱਧ 'ਸੋਹਣੀ ਅਤੇ ਸੁਚੱਜੀ' ਸੇਵਾ ਹੋਰ ਕੀ ਹੋ ਸਕਦੀ ਹੈ? ਇਸ ਤੋਂ ਚੰਗਾ ਤਾਂ ਇਹ ਸੀ ਕਿ ਸੋਧ ਬਿਲ ਵਿਚ ਇਹ ਧਾਰਾ ਦਰਜ ਨਾ ਹੀ ਹੁੰਦੀ, ਕਿਉਂਕਿ ਇਸ ਨਾਲ ਆਮ ਤੌਰ 'ਤੇ ਅਫਸਰਾਂ ਤੇ ਕਰਮਚਾਰੀਆਂ ਨੂੰ ਅੰਗਰੇਜ਼ੀ ਵਿਚ ਕੰਮ ਕਰਨ ਦੀ ਖੁੱਲ੍ਹ ਮਿਲ ਗਈ ਹੈ।

ਜੇ ਪੰਜਾਬ ਸਰਕਾਰ ਮਾਤ ਭਾਸ਼ਾ ਪ੍ਰਤੀ ਈਮਾਨਦਾਰ ਹੈ ਤਾਂ ਉਸ ਨੂੰ ਧਾਰਾ 8 ਡੀ (1) ਵਿਚੋਂ 'ਲਗਾਤਾਰ' ਸ਼ਬਦ ਨੂੰ ਖਤਮ ਕਰਨ ਲਈ ਇਕ ਹੋਰ ਸੋਧ ਬਿਲ ਲਿਆਉਣਾ ਚਾਹੀਦਾ ਹੈ ਅਤੇ ਉਸ ਤੋਂ ਅਗਲੀਆਂ ਧਾਰਾਵਾਂ ਰਾਜ ਪੱਧਰ ਤੇ ਜ਼ਿਲ੍ਹਾ ਪੱਧਰ ਦੀਆਂ ਕਮੇਟੀਆਂ ਦੇ ਮੱਕੜ-ਜਾਲ ਨੂੰ ਖਤਮ ਕਰਕੇ ਅਜਿਹੇ ਟ੍ਰਿਬਿਊਨਲ ਦੀ ਸਥਾਪਨਾ ਕਰਨੀ ਚਾਹੀਦੀ ਹੈ, ਜੋ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਜ਼ਾ ਦੇਣ ਦਾ ਅਧਿਕਾਰ ਰਖਦਾ ਹੋਵੇ ਅਤੇ ਇਹ ਸਜ਼ਾ ਜਵਾਬ ਤਲਬੀ, ਇਕ ਤਰੱਕੀ ਰੋਕਣ, ਤਿੰਨ ਤਰੱਕੀਆਂ ਰੋਕਣ, ਮੁਅੱਤਲੀ ਅਤੇ ਸੇਵਾ ਬਰਤਰਫ਼ੀ ਤੱਕ ਪੰਜ ਪੜਾਵੀ ਹੋਵੇ। ਇਸ ਟ੍ਰਿਬਿਊਨਲ ਦਾ ਮੁਖੀ ਹਾਈਕੋਰਟ ਦਾ ਕੋਈ ਸੇਵਾ-ਮੁਕਤ ਪੰਜਾਬੀ ਜੱਜ ਹੋਵੇ ਅਤੇ ਉਸ ਦੀ ਸਲਾਹ ਨਾਲ ਹੀ ਪੰਜਾਬ ਸਰਕਾਰ ਪੰਜਾਬੀ ਦੇ ਇਕ ਪ੍ਰਮੁੱਖ ਸਾਹਿਤਕਾਰ ਅਤੇ ਇਕ ਵਿਧਾਇਕ ਦੀ ਨਿਯੁਕਤੀ ਕਰੇ।

ਜਿਥੋਂ ਤੱਕ ਧਾਰਾ 3 ਏ (1) ਦਾ ਸੰਬੰਧ ਹੈ, ਉਸ ਵਿਚ ਜ਼ਿਲ੍ਹਾ ਪੱਧਰ ਤੱਕ ਦੀਆਂ ਹਰ ਕਿਸਮ ਦੀਆਂ ਅਦਾਲਤਾਂ ਵਿਚ ਪੰਜਾਬੀ ਵਿਚ ਕੰਮ ਕਰਨ ਦੀ ਵਿਵਸਥਾ ਹੈ ਅਤੇ ਇਹ ਵਿਵਸਥਾ 1 ਅਪ੍ਰੈਲ 2009 ਤੋਂ ਅਮਲੀ ਤੌਰ 'ਤੇ ਸ਼ੁਰੂ ਹੋਣੀ ਸੀ ਪਰ ਹੁਣ ਤੱਕ ਵੀ ਇਹ



Sri Satguru Jagjit Singh Ji Elibrary NamdhariElibrary@gmail.com

ਵਿਵਸਥਾ ਅਮਲ ਤੇ ਅਸਲ ਵਿਚ ਹੋਈ ਨਹੀਂ।

ਜਿਥੋਂ ਤੱਕ ਸਕੂਲਾਂ ਦੀ 10ਵੀਂ ਜਮਾਤ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦਾ ਸੰਬੰਧ ਹੈ, ਉਹ ਐਕਟ ਸੁਆਗਤ ਯੋਗ ਤਾਂ ਹੈ ਪਰ ਜਿੰਨਾ ਚਿਰ ਪੰਜਾਬ ਦੇ ਸਭ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਚੀਨ, ਜਾਪਾਨ ਤੇ ਯੂਰਪ ਦੇ ਸਭ ਪ੍ਰਮੁੱਖ ਦੇਸ਼ਾਂ ਵਾਂਗ ਸਿਖਿਆ ਦਾ ਮਾਧਿਅਮ ਡਿਗਰੀ ਤੇ ਖੋਜ ਤੱਕ ਦੀਆਂ ਜਮਾਤਾਂ ਲਈ ਪੰਜਾਬੀ ਨਹੀਂ ਕਰ ਦਿੱਤਾ ਜਾਂਦਾ ਉਸ ਸਮੇਂ ਤੱਕ ਪੰਜਾਬੀ ਮਾਤ ਭਾਸ਼ਾ ਦੀ ਸਥਿਤੀ ਗੌਰਵਸ਼ੀਲ ਨਹੀਂ ਬਣ ਸਕਦੀ। ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਸਿੱਖਿਆ ਸੰਬੰਧੀ ਅਜਿਹਾ ਕਾਨੂੰਨ ਬਣਾਵੇ ਕਿ ਪੰਜਾਬੀ ਮਾਧਿਅਮ ਵਿਚ ਡਿਪਲੋਮਾ/ਡਿਗਰੀ ਪ੍ਰਾਪਤ ਨੌਜਵਾਨਾਂ ਨੂੰ ਹਰ ਕਿਸਮ ਦੀਆਂ ਸਰਕਾਰੀ/ਗੈਰ ਸਰਕਾਰੀ ਨੌਕਰੀਆਂ ਵਿਚ ਪਹਿਲ ਦਿੱਤੀ ਜਾਵੇ ਜਾਂ ਪੰਜਾਬ ਦੀ 70 ਪ੍ਰਤੀਸ਼ਤ ਪੇਂਡੂ ਆਬਾਦੀ ਨੂੰ ਧਿਆਨ ਵਿਚ ਰਖਦਿਆਂ ਇਸ ਅਨੁਸਾਰ ਪੰਜਾਬੀ ਮਾਧਿਅਮ ਰਾਹੀਂ ਪੜ੍ਹਾਈ ਕਰਨ ਵਾਲੇ ਨੌਜਵਾਨਾਂ ਲਈ ਹਰ ਕਿਸਮ ਦੀਆਂ ਸੇਵਾਵਾਂ ਵਿਚ ਸੀਟਾਂ ਰਾਖਵੀਆਂ ਹੋਣ। ਅਜਿਹਾ ਕਰਨ ਲਈ ਹਰ ਕਿਸਮ ਦੇ ਵਿਸ਼ਿਆਂ, ਜਿਸ ਵਿਚ ਵਿਗਿਆਨ, ਮੈਡੀਕਲ ਤੇ ਇੰਜੀਨੀਅਰਿੰਗ ਆਦਿ ਦੇ ਵਿਸ਼ੇ ਵੀ ਹੋਣ, ਦੇ ਮਾਹਿਰਾਂ 'ਤੇ ਆਧਾਰਤ ਇਕ ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਦੀਆਂ ਸਿਫਾਰਸ਼ਾਂ ਉੱਤੇ ਪੰਜਾਬੀ ਵਿਚ ਉਚੇਰੀ ਪੜ੍ਹਾਈ ਤੱਕ ਦੀਆਂ ਪਾਠ ਪੁਸਤਕਾਂ ਇਕ ਸਮਾਂ ਨਿਸ਼ਚਿਤ ਕਰਕੇ ਤਿਆਰ ਕਰਵਾਈਆਂ ਜਾਣ।

ਪੰਜਾਬੀ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦਾ ਇਹੋ ਵਿਗਿਆਨਕ, ਮਨੋਵਿਗਿਆਨਕ ਅਤੇ ਨੈਤਿਕ ਮੂਲ-ਮੰਤਰ ਹੈ। ਆਓ ਸਮੇਂ ਦੀ ਨਬਜ਼ ਨੂੰ ਪਛਾਣੀਏ ਤੇ ਮਾਤ-ਭਾਸ਼ਾ ਨੂੰ ਸਿੰਘਾਸਨ ਉੱਤੇ ਮਹਾਰਾਣੀ ਬਣਾ ਕੇ ਬਠਾਉਣ ਲਈ ਸੱਚੇ ਦਿਲੋਂ ਉਪਰਾਲੇ ਕਰੀਏ।

*ਸੰਤ ਕਾਲੋਨੀ, ਸਟੇਡੀਅਮ ਰੋਡ,
ਮਾਲੇਰਕੋਟਲਾ-148023
ਮੋਬਾਇਲ : 94170-06879

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬ ਤੋਂ ਬਾਹਰ ਮਾਂ-ਬੋਲੀ ਪੰਜਾਬੀ ਦੀ ਦਸ਼ਾ ਤੇ ਦਿਸ਼ਾ

*ਡਾ: ਮਹੀਪ ਸਿੰਘ

ਮਾਂ-ਬੋਲੀ ਪੰਜਾਬੀ ਨੂੰ ਆਪਣੇ ਖੇਤਰ ਵਿਚ ਹੀ ਆਪਣੀ ਹੋਂਦ ਦੀ ਰਾਖੀ ਲਈ ਜਿੰਨੀ ਘੋਲ ਕਰਨੀ ਪਈ ਹੈ ਓਨੀ ਸ਼ਾਇਦ ਹੀ ਸੰਸਾਰ ਦੀ ਕਿਸੇ ਹੋਰ ਬੋਲੀ ਨੂੰ ਕਰਨੀ ਪਈ ਹੋਵੇ। ਆਪਣੀ ਹੋਂਦ ਦੀ ਲੜਾਈ ਵਿਚ ਪੰਜਾਬੀ ਨੂੰ ਕੁਝ ਕਾਮਯਾਬੀ ਮਿਲੀ ਹੈ। ਅੱਜ ਭਾਰਤੀ ਪੰਜਾਬ ਵਿਚ ਉਹ ਇੱਥੋਂ ਦੀ ਰਾਜਭਾਸ਼ਾ ਹੈ। ਇਸ ਕਾਰਨ ਉਹ ਸਰਕਾਰੀ ਕੰਮ-ਕਾਜ ਵਿਚ ਵਰਤਣ ਲਈ ਯੋਗ ਹੋ ਗਈ ਹੈ। ਸਰਕਾਰੀ ਸਕੂਲਾਂ ਵਿਚ ਉਸਦਾ ਪੜ੍ਹਾਇਆ ਜਾਣਾ ਲਾਜ਼ਮੀ ਹੋ ਗਿਆ ਹੈ। ਪੰਜਾਬੀ ਦੇ ਵਿਕਾਸ ਲਈ ਇਸ ਪੰਜਾਬ ਵਿਚ ਕਈ ਯੂਨੀਵਰਸਿਟੀਆਂ ਕਾਇਮ ਹੋ ਗਈਆਂ ਹਨ ਅਤੇ ਉਨ੍ਹਾਂ ਵਿਚ ਇਹ ਉਚੇਰੀ ਸਿੱਖਿਆ ਦਾ ਮਾਧਿਅਮ ਵੀ ਬਣਦੀ ਜਾ ਰਹੀ ਹੈ। ਪੱਤਰਕਾਰੀ ਦੇ ਖੇਤਰ ਵਿਚ ਉਸਨੇ ਜੋ ਵਿਕਾਸ ਕੀਤਾ ਹੈ ਉਹ ਵੱਡੀ ਪ੍ਰਾਪਤੀ ਹੈ। ਅੱਜ ਪੰਜਾਬੀ ਦੇ ਅਨੇਕ ਰੋਜ਼ਾਨਾ ਅਖਬਾਰ ਭਾਰਤ ਦੀ ਕਿਸੇ ਹੋਰ ਭਾਸ਼ਾ ਵਿਚ ਛਪਣ ਵਾਲੇ ਅਖਬਾਰਾਂ ਦਾ ਮੁਕਾਬਲਾ ਕਰਨ ਵਿਚ ਸਮਰੱਥ ਹੋ ਗਏ ਹਨ। ਸਾਹਿਤ ਦੇ ਖੇਤਰ ਵਿਚ ਵੀ ਅਜੋਕੇ ਪੰਜਾਬੀ ਸਾਹਿਤ ਦੀ ਤੁਲਨਾ ਸੰਸਾਰ ਦੀ ਕਿਸੇ ਵੀ ਬੋਲੀ ਦੇ ਵਿਕਸਤ ਸਾਹਿਤ ਨਾਲ ਕੀਤੀ ਜਾ ਸਕਦੀ ਹੈ।

ਪਰ ਇਕ ਹੋਰ ਵੀ ਪੰਜਾਬ ਹੈ, ਲਹਿੰਦਾ ਪੰਜਾਬ, ਜਿਹੜਾ ਇਕ ਦੂਜਾ ਦੇਸ਼ ਬਣ ਚੁੱਕਾ ਹੈ। ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ ਤੋਂ ਵੱਡਾ ਹੈ ਅਤੇ ਉਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਇਥੋਂ ਨਾਲੋਂ ਵੱਧ ਹੈ ਪਰ ਲਹਿੰਦੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨੂੰ ਅੱਜ ਵੀ ਆਪਣੀ ਹੋਂਦ ਲਈ ਉਸੇ ਤਰ੍ਹਾਂ ਦੀ ਲੜਾਈ ਲੜਨੀ ਪੈ ਰਹੀ ਹੈ, ਜਿਵੇਂ ਚੜ੍ਹਦੇ ਪੰਜਾਬ ਵਿਚ ਕੁਝ ਵਰ੍ਹੇ ਪਹਿਲਾਂ ਸਾਨੂੰ ਲੜਨੀ ਪਈ ਸੀ। ਉਸ ਪੰਜਾਬ ਵਿਚ ਰਾਜ ਭਾਸ਼ਾ ਦਾ ਸਨਮਾਨ ਪੰਜਾਬੀ ਨੂੰ ਨਹੀਂ, ਉਰਦੂ ਨੂੰ ਪ੍ਰਾਪਤ ਹੈ। ਸਾਰਾ ਸਰਕਾਰੀ ਕੰਮ-ਕਾਜ ਉਰਦੂ ਵਿਚ ਹੁੰਦਾ ਹੈ। ਸਿੱਖਿਆ ਦਾ ਮਾਧਿਅਮ ਉਰਦੂ ਹੈ। ਸਾਰੇ ਅਖਬਾਰ ਉਰਦੂ ਜਾਂ ਅੰਗਰੇਜ਼ੀ ਵਿਚ ਨਿਕਲਦੇ ਹਨ। ਸਾਰੇ ਪੰਜਾਬ ਵਿਚੋਂ ਪੰਜਾਬੀ ਵਿਚ ਸ਼ਾਇਆ ਹੋਣ ਵਾਲਾ ਇਕ ਵੀ ਰੋਜ਼ਾਨਾ ਅਖਬਾਰ ਨਹੀਂ। ਕੁਝ ਪੰਜਾਬੀ ਪ੍ਰੇਮੀਆਂ ਵਲੋਂ ਇਕ-ਦੋ ਮਾਹਵਾਰੀ ਰਸਾਲੇ ਪੰਜਾਬੀ (ਫਾਰਸੀ ਲਿੱਪੀ ਵਿਚ) ਜ਼ਰੂਰ ਨਿਕਲਦੇ ਹਨ। ਇਹ ਸਹੀ ਹੈ ਕਿ ਕੁਝ ਪੰਜਾਬੀ ਪ੍ਰੇਮੀਆਂ ਦੇ ਉੱਦਮ ਨਾਲ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬ ਯੂਨੀਵਰਸਿਟੀ (ਲਾਹੌਰ) ਵਿਚ ਪੰਜਾਬੀ ਦੀ ਐਮ.ਏ. ਵੀ ਹੁੰਦੀ ਹੈ ਅਤੇ ਪੀ.ਐਚ.ਡੀ. ਕਰਨ ਦੀ ਵੀ ਸਹੂਲਤ ਹੈ।

ਚੜ੍ਹਦੇ ਪੰਜਾਬ ਤੋਂ ਬਾਹਰ ਦੇ ਅਨੇਕ ਸੂਬਿਆਂ ਵਿਚ ਪੰਜਾਬੀ ਬੋਲਦੇ ਲੋਕਾਂ ਦੀ ਵੱਡੀ ਸੰਖਿਆ ਵਸਦੀ ਹੈ। ਹਰਿਆਣਾ, ਹਿਮਾਚਲ ਪ੍ਰਦੇਸ, ਦਿੱਲੀ, ਉੱਤਰ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ ਵਰਗੇ ਰਾਜਾਂ ਵਿਚ ਲੱਖਾਂ ਪੰਜਾਬੀ ਹਨ। ਇਨ੍ਹਾਂ ਪ੍ਰਾਂਤਾਂ ਵਿਚ ਪੰਜਾਬੀਆਂ ਦਾ ਸੰਘਰਸ਼ ਇਸ ਸੇਧ ਵਿਚ ਹੁੰਦਾ ਹੈ ਕਿ ਉਸਨੂੰ ਉਥੇ ਦੂਜੀ ਭਾਸ਼ਾ ਹੋਣ ਦਾ ਮਾਣ ਮਿਲ ਜਾਏ। ਹਰਿਆਣਾ ਤੇ ਦਿੱਲੀ ਵਿਚ ਉਸਨੂੰ ਇਹ ਮਾਣ ਪ੍ਰਾਪਤ ਹੈ। ਸਰਕਾਰੀ ਕੰਮ ਕਾਜ ਵਿਚ ਕੁਝ ਹੱਦ ਤੱਕ ਪੰਜਾਬੀ ਭਾਸ਼ਾ ਦੀ ਵਰਤੋਂ ਹੁੰਦੀ ਹੈ ਅਤੇ ਜੇ ਕਿਸੇ ਸਕੂਲ ਵਿਚ ਨਿਸ਼ਚਤ



Sri Satguru Jagjit Singh Ji Elibrary NamdhariElibrary@gmail.com

ਗਿਣਤੀ ਵਿਚ ਬੱਚੇ ਚਾਹੁਣ ਤਾਂ ਉਥੇ ਪੰਜਾਬੀ ਪੜ੍ਹਨ ਦੀ ਸਹੂਲਤ ਉਨ੍ਹਾਂ ਨੂੰ ਮਿਲ ਜਾਂਦੀ ਹੈ।

ਪਰ ਕੁਲ ਮਿਲਾ ਕੇ ਪੰਜਾਬ ਤੋਂ ਬਾਹਰ ਮਾਂ-ਬੋਲੀ ਪੰਜਾਬੀ ਦੀ ਦਸ਼ਾ ਤੇ ਦਿਸ਼ਾ ਬਹੁਤੀ ਸੰਤੋਸ਼ਜਨਕ ਨਹੀਂ। ਪੰਜਾਬੀ ਬੱਚੇ ਹਿੰਦੀ-ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਦੇ ਹਨ। ਉਹ ਹੌਲੀ-ਹੌਲੀ ਪੰਜਾਬੀ ਬੋਲਣੀ ਭੁਲਦੇ ਜਾ ਰਹੇ ਹਨ। ਪੰਜਾਬੀ ਘਰਾਂ ਵਿਚ ਵੀ ਮਾਪੇ ਆਪਣੇ ਬੱਚਿਆਂ ਨਾਲ ਹਿੰਦੀ ਵਿਚ ਹੀ ਗੱਲਬਾਤ ਕਰਦੇ ਹਨ। ਜਿਨ੍ਹਾਂ ਘਰਾਂ ਵਿਚ ਥੋੜ੍ਹੀ-ਬਾਹਲੀ ਪੰਜਾਬੀ ਬੋਲੀ ਵੀ ਜਾਂਦੀ ਹੈ ਉਥੇ ਵੀ ਪੰਜਾਬੀ ਲਿਖਣ-ਪੜ੍ਹਨ ਦੀ ਸਮਰੱਥਾ ਰੱਖਣ ਵਾਲੇ ਲੋਕਾਂ ਦੀ ਗਿਣਤੀ ਨਾ ਦੇ ਬਰਾਬਰ ਹੈ, ਕਿਉਂਕਿ ਉਨ੍ਹਾਂ ਨੂੰ ਗੁਰਮੁਖੀ ਲਿਪੀ ਨਹੀਂ ਆਉਂਦੀ। ਜਿਨ੍ਹਾਂ ਘਰਾਂ ਵਿਚ ਗੁਰਬਾਣੀ ਪੜ੍ਹਨ, ਪਾਠ ਕਰਨ ਦੀ ਰਵਾਇਤ ਕਾਇਮ ਹੈ ਉਥੇ ਵੀ ਦੇਵਨਾਗਰੀ (ਹਿੰਦੀ) ਲਿਪੀ ਵਿਚ ਗੁਟਕਿਆਂ ਦੀ ਵਰਤੋਂ ਹੁੰਦੀ ਹੈ।

ਬੜੇ ਸਾਰੇ ਸੂਬਿਆਂ ਵਿਚ ਉਥੋਂ ਦੀਆਂ ਸਰਕਾਰਾਂ ਨੇ ਭਾਸ਼ਾਵਾਂ ਦੇ ਵਿਕਾਸ ਲਈ ਅਕਾਦਮੀਆਂ ਕਾਇਮ ਕੀਤੀਆਂ ਹਨ। ਜਿਹੜੀਆਂ ਭਾਸ਼ਾਵਾਂ ਉਸ ਸੂਬੇ ਦੀ ਮੁਖ ਭਾਸ਼ਾ ਹੈ, ਉਸਨੂੰ ਸਰਕਾਰੀ ਭਾਸ਼ਾ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ, ਜੋ ਸਹੀ ਹੈ। ਪਰ ਉਸ ਰਾਜ ਵਿਚ ਜੇ ਭਾਰਤ ਦੀ ਕਿਸੇ ਹੋਰ ਭਾਸ਼ਾ ਦੇ ਬੋਲਣ ਵਾਲਿਆਂ ਦੀ ਗਿਣਤੀ ਚੰਗੀ ਹੋਵੇ ਤਾਂ ਉਥੇ ਦੀ ਸਰਕਾਰ ਉਨ੍ਹਾਂ ਦੇ ਵਿਕਾਸ ਲਈ ਵੀ ਉਪਰਾਲੇ ਕਰਦੀ ਹੈ। ਦਿੱਲੀ ਵਿਚ ਹਿੰਦੀ ਨੂੰ ਮੁੱਖ ਸਰਕਾਰੀ ਭਾਸ਼ਾ ਹੋਣ ਦੀ ਮਾਨਤਾ ਪ੍ਰਾਪਤ ਹੈ। ਉਥੇ ਪੰਜਾਬੀ ਤੇ ਉਰਦੂ ਦੋ ਭਾਸ਼ਾਵਾਂ ਨੂੰ ਦੂਜੀ ਸਰਕਾਰੀ ਭਾਸ਼ਾ ਹੋਣ ਦੀ ਮਾਨਤਾ ਮਿਲੀ ਹੋਈ ਹੈ। ਦਿੱਲੀ ਵਿਚ ਹਿੰਦੀ ਦੇ ਵਿਕਾਸ ਲਈ ਹਿੰਦੀ ਅਕਾਦਮੀ ਹੈ। ਉਸ ਦੇ ਨਾਲ ਹੀ ਪੰਜਾਬੀ ਤੇ ਉਰਦੂ ਅਕਾਦਮੀਆਂ ਵੀ ਹਨ। ਨਾਲ ਹੀ ਦਿੱਲੀ ਸਰਕਾਰ ਨੇ ਸੰਸਕ੍ਰਿਤ, ਸਿੰਧੀ, ਮੈਥਿਲੀ-ਭੋਜਪੁਰੀ ਦੇ ਵਿਕਾਸ ਲਈ ਵੀ ਅਕਾਦਮੀਆਂ ਬਣਾਈਆਂ ਹਨ।

ਦੇਸ਼ ਦੇ ਹੋਰ ਅਨੇਕ ਰਾਜਾਂ ਵਿਚ ਵੀ ਉਥੇ ਦੇ ਪੰਜਾਬੀ ਪ੍ਰੇਮੀਆਂ ਦੇ ਯਤਨਾਂ ਨਾਲ ਅਕਾਦਮੀਆਂ ਦੀ ਸਥਾਪਨਾ ਹੋਈ ਹੈ। ਹਰਿਆਣਾ ਵਿਚ ਅਜਿਹੀ ਅਕਾਦਮੀ ਸਰਗਰਮ ਹੈ। ਰਾਜਸਥਾਨ ਤੇ ਮਧਿਆ ਪ੍ਰਦੇਸ਼ ਸਰਕਾਰਾਂ ਨੇ ਆਪਣੇ ਰਾਜਾਂ ਵਿਚ ਪੰਜਾਬੀ ਅਕਾਦਮੀ ਬਣਾਉਣ ਦੀ ਪਰਵਾਨਗੀ ਦਿੱਤੀ ਹੈ।

ਇਸ ਬਾਰੇ ਇਕ ਚੰਗਾ ਰੁਝਾਨ ਇਹ ਵੀ ਹੈ ਕਿ ਪੰਜਾਬ ਤੋਂ ਬਾਹਰ ਬੜੇ ਸਾਰੇ ਸ਼ਹਿਰਾਂ ਵਿਚ ਪੰਜਾਬੀ ਵਿਚ ਸਾਹਿਤ ਸਿਰਜਣਾ ਕਰਨ ਵਾਲੇ ਲੇਖਕਾਂ ਨੇ ਉਥੇ ਪੰਜਾਬੀ ਸਾਹਿਤ ਸਭਾਵਾਂ ਬਣਾਈਆਂ ਹਨ। ਇਨ੍ਹਾਂ ਸਾਹਿਤ ਸਭਾਵਾਂ ਵਲੋਂ ਸਥਾਨਕ ਲੇਖਕਾਂ-ਕਵੀਆਂ ਦੀਆਂ ਗੋਸ਼ਠੀਆਂ ਹੁੰਦੀਆਂ ਰਹਿੰਦੀਆ ਹਨ, ਜਿਸ ਵਿਚ ਲੋਕੀ ਆਪਣੀਆਂ ਰਚਨਾਵਾਂ ਪੜ੍ਹਦੇ ਹਨ ਤੇ ਸਾਹਿਤਕ ਵਿਚਾਰ-ਵਟਾਂਦਰਾ ਵੀ ਕਰਦੇ ਹਨ।

ਪੰਜਾਬ ਤੋਂ ਬਾਹਰ ਅਨੇਕ ਥਾਵਾਂ 'ਤੇ ਚੰਗੇ ਪੰਜਾਬੀ ਲੇਖਕ ਰਹਿੰਦੇ ਹਨ। ਮੁੰਬਈ ਵਿਚ ਸੁਖਬੀਰ, ਜਗਜੀਤ ਸਿੰਘ, ਸਵਰਨ ਵਰਗੇ ਲੇਖਕਾਂ ਕਰਕੇ ਉਥੇ ਦਾ ਸਾਹਿਤਕ ਮਾਹੌਲ ਸਦਾ ਹੀ ਸਰਗਰਮ ਰਿਹਾ ਹੈ। ਕੋਲਕਾਤਾ ਤੋਂ ਇਕ ਰੋਜ਼ਾਨਾ ਪੰਜਾਬੀ ਅਖਬਾਰ ਵੀ ਨਿਕਲਦਾ ਹੈ।

ਪੰਜਾਬ ਤੋਂ ਬਾਹਰ ਮਾਂ-ਬੋਲੀ ਪੰਜਾਬੀ ਦੀ ਹੋਂਦ ਕਾਇਮ ਰੱਖਣ ਅਤੇ ਉਸਦੀ ਪ੍ਰਫੁੱਲਤਾ ਲਈ ਜੇ ਕੁਝ ਉਚੇਚੇ ਉਪਰਾਲੇ ਕੀਤੇ ਜਾਣ ਤਾਂ ਵੱਡੀ ਕਾਮਯਾਬੀ ਮਿਲ ਸਕਦੀ ਹੈ। ਇਨ੍ਹਾਂ ਯਤਨਾਂ ਵੱਲ ਉਦਮ ਕੀਤਾ ਜਾਣਾ ਚਾਹੀਦਾ ਹੈ:



Sri Satguru Jagjit Singh Ji Elibrary NamdhariElibrary@gmail.com

1. ਉਨ੍ਹਾਂ ਸੂਬਿਆਂ ਵਿਚ ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਰਹਿੰਦੇ ਹਨ, ਉਥੇ ਦੀਆਂ ਸਰਕਾਰਾਂ ਵੱਲੋਂ ਪੰਜਾਬੀ ਅਕਾਦਮੀਆਂ ਬਣਾਉਣ ਦਾ ਭਰਪੂਰ ਯਤਨ ਕੀਤਾ ਜਾਏ।
2. ਪੰਜਾਬੀ ਵੱਸੋਂ ਵਾਲੇ ਹਰ ਸ਼ਹਿਰ ਵਿਚ ਪੰਜਾਬੀ ਸਾਹਿਤ ਸਭਾਵਾਂ ਦੇ ਗਠਨ ਦਾ ਉਪਰਾਲਾ ਕੀਤਾ ਜਾਏ। ਅਜਿਹੀਆਂ ਸਾਹਿਤ ਸਭਾਵਾਂ ਨੂੰ ਪੰਜਾਬ ਵਿਚ ਵੱਡੀਆਂ ਸਾਹਿਤਕ ਸਭਾਵਾਂ ਨਾਲ ਜੋੜਿਆ ਜਾਏ।
3. ਪੰਜਾਬੀ ਬੱਚਿਆਂ ਨੂੰ ਪੰਜਾਬੀ (ਗੁਰਮੁਖੀ) ਪੜ੍ਹਾਉਣ ਦੇ ਉਚੇਚੇ ਉਪਰਾਲੇ ਕੀਤੇ ਜਾਣ। ਛੁੱਟੀ ਵਾਲੇ ਦਿਨ ਪੰਜਾਬੀ ਪੜ੍ਹਾਉਣ ਲਈ ਬੱਚਿਆਂ ਦੀਆਂ ਖਾਸ ਕਲਾਸਾਂ ਲਗਾਉਣ ਦਾ ਪ੍ਰਬੰਧ ਕੀਤਾ ਜਾਏ।
4. ਅਜਿਹੇ ਸਾਰੇ ਯਤਨਾਂ ਦੇ ਨਾਲ ਪੰਜਾਬੀ ਹਿੰਦੂਆਂ ਨੂੰ ਪੂਰੀ ਤਰ੍ਹਾਂ ਜੋੜਿਆ ਜਾਏ।

ਇਸ ਦ੍ਰਿਸ਼ਟੀ ਨਾਲ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵੱਲੋਂ ਪਿਛਲੇ ਕੁਝ ਵਰਿਆਂ ਤੋਂ ਸਰਬ ਭਾਰਤੀ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਅਜਿਹੀ ਕਾਨਫਰੰਸ ਦਾ ਮੰਤਵ ਇਹ ਹੈ ਕਿ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੱਸਦੇ ਪੰਜਾਬੀਆਂ ਦੀ ਭਾਸ਼ਾਈ ਤੇ ਸਭਿਆਚਾਰਕ ਸਾਂਝ ਨੂੰ ਪ੍ਰਫੁੱਲਤ ਕਰਨ ਦੇ ਸੁਚੱਜੇ ਉਪਰਾਲੇ ਕਰਨਾ।

ਪੰਜਾਬੀ ਯੂਨੀਵਰਸਿਟੀ ਦਾ ਇਹ ਉੱਦਮ ਬੜਾ ਸ਼ਲਾਘਾਯੋਗ ਹੈ। ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਬਾਰੇ ਵੀ ਇਹ ਯੂਨੀਵਰਸਿਟੀ ਕੁਝ ਚੰਗੀਆਂ ਸਕੀਮਾਂ ਬਣਾ ਸਕਦੀ ਹੈ।

*ਐਚ-108, ਸ਼ਿਵਾਜੀ ਪਾਰਕ, ਨਵੀਂ ਦਿੱਲੀ-110026
ਮੋਬਾਇਲ : 093139-32888



Sri Satguru Jagjit Singh Ji Elibrary NamdhariElibrary@gmail.com

# ਕੈਨੇਡਾ ਤੇ ਇੱਥੇ ਵੱਸਦੇ ਪੰਜਾਬੀ

***ਗੁਰਚਰਨ ਕੌਰ ਥਿੰਦ**

ਕੈਨੇਡਾ ਮੁੱਖ ਤੌਰ 'ਤੇ ਪ੍ਰਵਾਸੀਆਂ ਦਾ ਦੇਸ਼ ਹੈ। ਚਾਹੇ ਕੋਈ ਦੋ ਸੌ ਸਾਲ ਪਹਿਲਾਂ ਆਇਆ, ਕੋਈ ਸੌ ਸਾਲ ਜਾਂ ਕੋਈ ਪਿਛਲੇ ਕੁੱਝ ਦਹਾਕਿਆਂ ਤੋਂ ਆ ਕੇ ਵੱਸਿਆ ਹੈ, ਹੈਨ ਲਗਪਗ ਸਾਰੇ ਹੀ ਪ੍ਰਵਾਸੀ। ਇਸ ਕਰਕੇ ਇਹ ਬਹੁ-ਸਭਿਆਚਾਰ ਤੇ ਬਹੁ-ਬੋਲੀਆਂ ਦਾ ਦੇਸ਼ ਹੈ। ਅੰਗਰੇਜ਼ ਅਤੇ ਫਰਾਂਸੀਸੀ ਇੱਥੇ ਆ ਕੇ ਵੱਸਣ ਵਾਲੇ ਸਭ ਤੋਂ ਪਹਿਲੇ ਪ੍ਰਵਾਸੀ ਹਨ ਸੋ ਇਨ੍ਹਾਂ ਦੋ ਬੋਲੀਆਂ ਦਾ ਕਨੇਡਾ ਵਿੱਚ ਬੋਲਬਾਲਾ ਹੈ। ਕਿਊਬਕ ਸੂਬੇ ਵਿੱਚ ਫ੍ਰੈਂਚ ਮੁੱਖ ਭਾਸ਼ਾ ਹੈ ਅਤੇ ਬਾਕੀ ਸਾਰੇ ਕੈਨੇਡਾ ਵਿੱਚ ਅੰਗਰੇਜ਼ੀ ਦਾ ਗ਼ਲਬਾ ਹੈ। ਹਰ ਪ੍ਰਕਾਰ ਦੇ ਦਫਤਰਾਂ, ਹਸਪਤਾਲਾਂ, ਸਟੋਰਾਂ ਆਦਿ ਤੇ ਆਮ ਬੋਲ ਚਾਲ ਦਾ ਮਾਧਿਅਮ ਅੰਗਰੇਜ਼ੀ ਭਾਸ਼ਾ ਹੀ ਹੈ। ਹਰ ਇੱਕ ਕਨੇਡੀਅਨ ਨੇ ਇਸ ਨੂੰ ਰਾਸ਼ਟਰ ਭਾਸ਼ਾ ਵਜੋਂ ਕਬੂਲ ਲਿਆ ਲਗਦਾ ਹੈ। ਇੱਥੇ ਅੰਗਰੇਜ਼ੀ ਦੇ ਗਿਆਨ ਤੋਂ ਬਿਨਾ ਰੁਜ਼ਗਾਰ ਲੱਭ ਲੈਣਾ ਅਸੰਭਵ ਨਹੀਂ ਤਾਂ ਅੱਤ ਦਾ ਔਖਾ ਜ਼ਰੂਰ ਹੈ। ਪ੍ਰੰਤੂ ਫਿਰ ਵੀ ਲੋਕ ਆਪੋ ਆਪਣੇ ਖਿੱਤਿਆਂ ਦੀਆਂ ਬੋਲੀਆਂ ਬੋਲਦੇ ਹਨ ਜਿਹੜੀਆਂ ਉਹ ਆਪਣੇ ਨਾਲ ਲੈ ਕੇ ਆਏ ਹਨ। ਆਪਣੇ ਘਰਾਂ ਤੇ ਆਪਣੇ ਸਭਿਆਚਾਰਕ ਕੇਂਦਰਾਂ ਤੇ ਆਮ ਬੋਲ ਚਾਲ ਦੀ ਭਾਸ਼ਾ ਹਰ ਇੱਕ ਦੀ ਆਪੋ ਆਪਣੀ ਹੈ।

ਸੋ ਪੰਜਾਬੀਆਂ ਦੀ ਹਰਮਨ ਪਿਆਰੀ ਬੋਲੀ ਪੰਜਾਬੀ ਵੀ ਹਰ ਪਲ ਉਹਨਾਂ ਦੇ ਅੰਗ ਸੰਗ ਰਹਿੰਦੀ ਹੈ ਬੇਸ਼ੱਕ ਕਾਰੋਬਾਰੀ ਜਗ੍ਹਾ 'ਤੇ ਅੰਗਰੇਜ਼ੀ ਬੋਲੇ ਬਿਨਾ ਨਹੀਂ ਸਰਦਾ। ਅੰਕੜੇ ਦੱਸਦੇ ਹਨ ਕਿ ਪੂਰੀ ਦੁਨੀਆ ਵਿੱਚ ਪੰਦਰਾਂ ਕੁ ਕਰੋੜ ਦੇ ਆਸ ਪਾਸ ਪੰਜਾਬੀ ਬੋਲਣ ਵਾਲੇ ਹਨ ਅਤੇ ਉਹਨਾਂ ਵਿਚੋਂ ਚਾਰ ਕੁ ਲੱਖ ਦੇ ਕਰੀਬ ਕਨੇਡਾ ਦੇ ਵਾਸੀ ਹਨ। ਖਾਸ ਤੌਰ 'ਤੇ ਜਿਹੜੇ ਪੰਜਾਬ ਤੋਂ ਪ੍ਰਵਾਸ ਕਰ ਕੇ ਆਉਂਦੇ ਹਨ ਉਹ ਚਾਹੇ ਬੱਚੇ ਹੋਣ ਜਾਂ ਕਿਸ਼ੋਰ ਇੱਥੇ ਵੀ ਸੁਹਣੀ ਪੰਜਾਬੀ ਬੋਲਦੇ ਹਨ। ਪਰ ਇਥੋਂ ਦੀ ਜੰਮਪਲ ਪੀੜ੍ਹੀ ਨੂੰ ਪੰਜਾਬੀ ਬੋਲਣ ਵਿੱਚ ਔਖ ਮਹਿਸੂਸ ਹੁੰਦੀ ਹੈ। ਉਹ ਪੰਜਾਬੀ ਦੇ ਕੁੱਝ ਸ਼ਬਦ ਜਿਵੇਂ ੜ, ਫ, ਣ, ਠ ਆਦਿ ਸਹੀ ਢੰਗ ਨਾਲ ਨਹੀਂ ਬੋਲ ਸਕਦੇ। ਜਦੋਂ ਉਹ ਬੋਲਦੇ ਹਨ ਤਾਂ ਉਹਨਾਂ ਦਾ ਬੋਲਣ ਦਾ ਲਹਿਜਾ ਬੜਾ ਹਾਸੋਹੀਣਾ ਜਿਹਾ ਲਗਦਾ ਹੈ।

ਮੈਂ ਕਾਰਨਾਂ ਨੂੰ ਘੋਖਣ ਦਾ ਯਤਨ ਕੀਤਾ। ਜੋ ਕੁੱਝ ਮੇਰੀ ਸਮਝ ਵਿੱਚ ਆਇਆ ਉਹ ਇਹ ਹੈ ਕਿ ਬਹੁਤ ਸਾਰੇ ਮਾਪੇ ਆਪ ਹੀ ਘਰ ਵਿੱਚ ਪੰਜਾਬੀ ਨਹੀਂ ਬੋਲਦੇ। ਸ਼ਾਇਦ ਕੰਮਾਂ-ਕਾਰਾਂ ਤੇ ਅੰਗਰੇਜ਼ੀ ਬੋਲ ਬੋਲ ਕੇ ਇਤਨੀ ਮੂੰਹ 'ਤੇ ਚੜ੍ਹ ਜਾਂਦੀ ਹੈ ਕਿ ਉਹ ਘਰਾਂ ਵਿੱਚ ਵੀ ਅੰਗਰੇਜ਼ੀ ਬੋਲਣ ਲਗ ਪੈਂਦੇ ਹਨ। ਦੂਸਰਾ ਕਾਰਨ ਇਹ ਵੀ ਹੈ ਕਿ ਮਾਪੇ ਸੋਚਦੇ ਹਨ ਕਿ ਜੇਕਰ ਸਾਡਾ ਬੱਚਾ ਛੋਟਾ ਹੁੰਦਾ ਘਰ ਵਿੱਚ ਅੰਗਰੇਜ਼ੀ ਨਹੀਂ ਬੋਲੇਗਾ ਤਾਂ ਉਸ ਨੂੰ ਸਕੂਲ ਵਿੱਚ ਮੁਸ਼ਕਲ ਆਵੇਗੀ ਸੋ ਉਹ ਜਾਣ ਬੁੱਝ ਕੇ ਆਪਣੇ ਬੱਚੇ ਨਾਲ ਬਚਪਨ ਤੋਂ ਹੀ ਕੇਵਲ ਅੰਗਰੇਜ਼ੀ ਹੀ ਬੋਲਦੇ ਹਨ। ਇਸ ਤੋਂ ਇਲਾਵਾ ਛੋਟੇ ਬੱਚੇ ਜਦੋਂ ਘਰ ਤੋਂ ਬਾਹਰ ਪਾਰਕਾਂ ਅਤੇ ਡੇ-ਕੇਅਰਾਂ ਆਦਿ ਵਿੱਚ ਆਪਣੇ ਹਾਣੀਆਂ ਨਾਲ ਵਿਚਰਦੇ ਹਨ, ਜਿੱਥੇ ਵੱਖ ਵੱਖ ਕੌਮਾਂ ਦੇ ਬੱਚੇ ਇਕੱਠੇ ਖੇਡਦੇ-ਮਲ੍ਹਦੇ ਹਨ ਉਸ ਸਮੇਂ ਉਹ ਪੰਜਾਬੀ ਨਾਲੋਂ ਪਹਿਲਾਂ ਅੰਗਰੇਜ਼ੀ ਸਿੱਖ ਲੈਂਦੇ ਹਨ। ਨਾਲੇ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਹੀ ਪੜ੍ਹਾਈ ਕਰਾਈ ਜਾਂਦੀ ਹੈ ਅਤੇ ਦੂਸਰੀ ਭਾਸ਼ਾ ਵਜੋਂ ਬੱਚੇ ਫ੍ਰੈਂਚ ਪੜ੍ਹਦੇ



Sri Satguru Jagjit Singh Ji Elibrary NamdhariElibrary@gmail.com

ਹਨ। ਸੋ ਉਹਨਾਂ ਦਾ ਪੰਜਾਬੀ ਬੋਲਣ ਤੇ ਪੜ੍ਹਨ ਲਿਖਣ ਵੱਲ ਰੁਝਾਨ ਹੀ ਨਹੀਂ ਬਣਦਾ, ਫਿਰ ਬੋਲਣੀ ਕਿਥੋਂ ਆਉਣੀ ਹੋਈ। ਜੇਕਰ ਥੋੜ੍ਹੀ ਬਹੁਤ ਬੋਲਦੇ ਹਨ ਤਾਂ ਉਹ ਵੀ ਅੰਗਰੇਜ਼ੀ ਲਹਿਜੇ ਵਿੱਚ ਮੂੰਹ ਗੋਲ ਗੋਲ ਕਰਕੇ। ਆਹ ਦੇਸੀ ਪੰਜਾਬੀ ਤਾਂ ਉਹਨਾਂ ਦੇ ਮੂੰਹੋਂ ਨਿਕਲਦੀ ਹੀ ਨਹੀਂ।

ਬੱਚਿਆਂ ਦਾ ਵਿਗਿਆਨ ਤੇ ਮਨੋਵਿਗਿਆਨ ਕਹਿੰਦਾ ਹੈ ਕਿ ਬੱਚਾ ਪਹਿਲੇ ਪੰਜ ਸਾਲ ਵਿੱਚ ਜਿਹੜੀ ਬੋਲੀ ਬੋਲਣੀ ਸਿੱਖਦਾ ਹੈ ਉਹੋ ਉਸ ਦੀ ਮਾਂ-ਬੋਲੀ ਬਣ ਜਾਂਦੀ ਹੈ। ਭਾਵ ਉਹਦੇ ਵਿੱਚ ਹੀ ਉਹਦੀ ਜ਼ੁਬਾਨ ਰਵਾਂ ਚਲਦੀ ਹੈ। ਇਹ ਬੱਚੇ ਬਚਪਨ ਵਿੱਚ ਕੇਵਲ ਅੰਗਰੇਜ਼ੀ ਦੇ ਪੱਚੀ ਅੱਖਰ ਹੀ ਬੋਲਣੇ ਸਿੱਖਦੇ ਹਨ। ਪੰਜਾਬੀ ਦੇ ਪੈਂਤੀ ਅੱਖਰਾਂ ਵਿਚਲੇ ੜ, ਠ, ਯ, ਵ, ਙ, ਤ, ਖ ਆਦਿ ਅੱਖਰ ਇਹਨਾਂ ਦੀ ਜ਼ੁਬਾਨ ਨੇ ਬੋਲਣੇ ਸਿੱਖੇ ਹੀ ਨਹੀਂ ਹੁੰਦੇ। ਇਸੇ ਕਰਕੇ ਇਨ੍ਹਾਂ ਕੋਲੋਂ ਪੰਜਾਬੀ ਬੋਲੀ ਵਿੱਚ ਇਹ ਅੱਖਰ ਬੋਲੇ ਹੀ ਨਹੀਂ ਜਾਂਦੇ। ਇਹ ਬੱਚੇ ਕ ਤੇ ਖ, ਰ ਤੇ ੜ, ਟ ਤੇ ਠ ਦੀਆਂ ਅਵਾਜ਼ਾਂ ਵਿੱਚ ਅੰਤਰ ਨਹੀਂ ਸਮਝ ਪਾਉਂਦੇ ਤੇ ਨਾ ਇਨ੍ਹਾਂ ਦਾ ਵੱਖ ਵੱਖ ਉਚਾਰਣ ਹੀ ਕਰ ਸਕਦੇ ਹਨ। ਜਦੋਂ ਇਹ ਮਾਸੜ ਨੂੰ ਮਾਸਰ ਤੇ ਫੁੱਫੜ ਨੂੰ ਪੋਲਾ ਜਿਹਾ ਮੂੰਹ ਬਣਾ ਕੇ ਪੁੱਫਰ ਕਹਿੰਦੇ ਨੇ ਤਾਂ ਬਦੋ-ਬਦੀ ਹਾਸਾ ਨਿਕਲ ਜਾਂਦਾ ਹੈ ਤੇ ਨਾਲੇ ਤਰਸ ਵੀ ਆਉਂਦਾ ਹੈ ਵਿਚਾਰੀ ਗਰੀਬੜੀ ਜਿਹੀ ਪੰਜਾਬੀ 'ਤੇ।

ਇਹ ਡੂੰਘੀ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਬੁੱਧੀਜੀਵੀ ਚਿੰਤਤ ਵੀ ਹਨ ਤੇ ਇਸ ਨੂੰ ਸੁਧਾਰਨ ਦੇ ਢੰਗ ਤਰੀਕੇ ਵੀ ਖੋਜਦੇ ਹਨ। ਉਹਨਾਂ ਵਿਚੋਂ ਇੱਕ ਉਪਰਾਲਾ ਗੁਰਦੁਆਰਿਆਂ ਵਿੱਚ ਪੰਜਾਬੀ ਪੜ੍ਹਾਉਣ ਦੇ ਕੀਤੇ ਜਾ ਰਹੇ ਯਤਨ ਹਨ। ਇੱਥੇ ਹਫ਼ਤੇ ਵਿੱਚ ਇੱਕ ਜਾਂ ਦੋ ਦਿਨ ਪੰਜਾਬੀ ਪੜ੍ਹਾਉਣ ਦੀਆਂ ਜਮਾਤਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਮਾਪੇ ਆਪਣੇ ਬੱਚਿਆਂ ਨੂੰ ਲੈ ਕੇ ਆਉਂਦੇ ਹਨ। ਮੈਂ ਵੀ ਇੱਕ ਗੁਰਦੁਆਰੇ ਵਿੱਚ ਪੰਜਾਬੀ ਪੜ੍ਹਾਉਣ ਜਾਂਦੀ ਹਾਂ। ਇੱਥੇ ਸਾਰੇ ਵਲੰਟੀਅਰ ਟੀਚਰ ਹਨ ਜੋ ਸੇਵਾ ਭਾਵ ਹਿੱਤ ਅਤੇ ਪੰਜਾਬੀ ਨਾਲ ਪਿਆਰ ਖਾਤਰ ਪੜ੍ਹਾਉਂਦੇ ਹਨ। ਪੰਜ ਛੇ ਸਾਲ ਤੋਂ ਲੈ ਕੇ ਸੋਲਾਂ ਸਤਾਰਾਂ ਸਾਲ ਦੀ ਉਮਰ ਦੇ ਕੋਈ ਸੱਤਰ ਅੱਸੀ ਵਿਦਿਆਰਥੀ ਦੋ ਘੰਟਿਆਂ ਲਈ ਹਰ ਐਤਵਾਰ ਵਾਲੇ ਦਿਨ ਆਉਂਦੇ ਹਨ ਜਿਨ੍ਹਾਂ ਨੂੰ ਉਹਨਾਂ ਦੀ ਉਮਰ ਨਹੀਂ ਬਲਕਿ ਪੰਜਾਬੀ ਦੇ ਗਿਆਨ ਅਨੁਸਾਰ ਗਰੁੱਪਾਂ ਵਿੱਚ ਵੰਡਿਆ ਹੋਇਆ ਹੈ ਅਤੇ ਉਹਨਾਂ ਦੀ ਜ਼ਿਹਨੀ ਲੋੜ ਅਨੁਸਰ ਪੜ੍ਹਾਈ ਕਰਾਈ ਜਾਂਦੀ ਹੈ। ਪ੍ਰੰਤੂ ਇੱਥੇ ਕੇਵਲ ਪੰਜਾਬੀ ਲਿਖਣ ਪੜ੍ਹਨ ਜੋਗੇ ਕਰਨ ਦਾ ਹੀ ਮਨੋਰਥ ਹੈ। ਪੰਜਾਬੀ ਭਾਸ਼ਾ ਦਾ ਅਸਲੀ ਤੇ ਡੂੰਘਾ ਗਿਆਨ ਦੇਣਾ ਸੰਭਵ ਨਹੀਂ। ਇੱਕ ਸਮਾਂ ਬੜਾ ਘੱਟ, ਦੂਜੇ ਬੱਚੇ ਇਸ ਨੂੰ ਵਾਧੂ ਬੋਝ ਵਜੋਂ ਹੀ ਲੈਂਦੇ ਹਨ - ਐਵੇਂ ਗਲ ਪਿਆ ਢੋਲ ਵਜਾਉਣ ਵਾਂਗ। ਜਿੰਨਾ ਚਿਰ ਤੱਕ ਸਕੂਲ ਵਿੱਚ ਲਾਜ਼ਮੀ ਵਿਸ਼ੇ ਵਾਂਗ ਨਾ ਪੜ੍ਹੀ ਜਾਵੇ, ਨਾ ਤਾਂ ਭਾਸ਼ਾ ਦੀ ਇਜ਼ੱਤ ਬਣਦੀ ਹੈ ਤੇ ਨਾ ਹੀ ਸਹੀ ਗਿਆਨ ਪ੍ਰਾਪਤ ਹੁੰਦਾ ਹੈ। ਉਂਜ ਵੀ ਇੱਥੇ ਵੱਧ ਤੋਂ ਵੱਧ ਧਾਰਮਕ ਸਾਖੀਆਂ ਹੀ ਪੜ੍ਹਾਈਆਂ ਜਾ ਸਕਦੀਆਂ ਹਨ ਹੋਰ ਸਾਹਿਤਕ ਗਿਆਨ ਜਾਂ ਵਿਗਿਆਨ ਪੜ੍ਹਾਉਣ ਦੀ ਸੰਭਾਵਨਾ ਨਹੀਂ ਹੈ। ਇਥੇ ਤਾਂ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਲਾਗੂ ਹੋਣ ਤੋਂ ਪਹਿਲਾਂ ਵਾਲੀ ਪੰਜਾਬੀ ਪੜ੍ਹਾਉਣ ਵਰਗੀ ਸਥਿਤੀ ਹੈ।

ਖੁਸ਼ੀ ਤੇ ਤਸਕੀਨ ਦੀ ਗੱਲ ਹੈ ਕਿ ਕੈਨੇਡਾ ਵਿੱਚ ਪਬਲਿਕ (ਸਰਕਾਰੀ) ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਲਈ ਬੁੱਧੀਜੀਵੀ ਵਰਗ ਕਾਫ਼ੀ ਜਾਗਰੂਪ ਹੈ ਅਤੇ ਪੁਰਜ਼ੋਰ ਯਤਨ ਵੀ ਕੀਤੇ ਜਾ ਰਹੇ ਹਨ। ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਭਸ਼ਾਵਾਂ, ਅੰਗਰੇਜ਼ੀ, ਫ੍ਰੈਂਚ, ਤੇ ਚੀਨੀ ਭਾਸ਼ਾ ਤੋਂ ਬਾਦ ਪੰਜਾਬੀ ਚੌਥੇ ਨੰਬਰ 'ਤੇ ਆਉਂਦੀ ਹੈ। ਇੱਥੇ ਸਕੂਲ ਵਿੱਚ ਦੋ ਭਾਸ਼ਾ ਪੜ੍ਹਨੀਆਂ ਜ਼ਰੂਰੀ ਹਨ। ਸੰਵਿਧਾਨ ਅਨੁਸਾਰ ਅੰਗਰੇਜ਼ੀ ਤੋਂ ਇਲਾਵਾ ਛੇ ਹੋਰ ਭਾਸ਼ਾ ਹਨ ਜਿਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਵਿਚੋਂ ਇੱਕ ਭਾਸ਼ਾ ਸਕੂਲ ਵਿੱਚ ਪੜ੍ਹਾਈ ਜਾਣੀ ਜ਼ਰੂਰੀ ਹੈ। ਪੰਜਾਬੀ ਉਨ੍ਹਾਂ ਵਿਚੋਂ ਇੱਕ ਹੈ ਜੋ ਕਿ ਕਾਨੂੰਨ ਅਨੁਸਾਰ ਸਕੂਲਾਂ ਵਿੱਚ ਲਾਗੂ ਕਰਵਾਈ ਜਾ ਸਕਦੀ ਹੈ ਬਸ਼ਰਤੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਰਜ਼ਾਮੰਦ ਹੋਣ ਅਤੇ ਪੰਜਾਬੀ ਪੜ੍ਹਨ ਵਾਲਿਆਂ ਦੀ ਨਿਸ਼ਚਤ ਗਿਣਤੀ ਹੋਵੇ। ਜਿੱਥੇ ਪੰਜਾਬੀਆਂ ਦੀ ਬਹੁ-ਗਿਣਤੀ ਹੈ ਉਹਨਾਂ ਸਥਾਨਾਂ 'ਤੇ ਅਜਿਹਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਨਵੰਬਰ 2010 ਵਿੱਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਇੱਥੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਸਬੰਧੀ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ ਦੀਆਂ ਦੋ ਮੰਨੀਆਂ ਪ੍ਰਮੰਨੀਆਂ ਹਸਤੀਆਂ ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਜੀ ਨੇ ਭਾਗ ਲਿਆ। ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਕੁੱਝ ਸਕੂਲਾਂ ਵਿੱਚ ਪੰਜਾਬੀ ਨੂੰ ਦੂਸਰੀ ਭਾਸ਼ਾ ਵਜੋਂ ਲਾਗੂ ਕਰਵਾਉਣ ਵਿੱਚ ਸਫ਼ਲ ਹੋ ਚੁੱਕੇ ਹਨ। ਸੁਖਵੰਤ ਹੁੰਦਲ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਅਧਿਆਪਕ ਹਨ ਅਤੇ ਸਾਧੂ ਬਿਨਿੰਗ ਲੰਮਾ ਸਮਾਂ ਇੱਥੇ ਹੀ ਪੜ੍ਹਾ ਚੁੱਕੇ ਹਨ। ਇਨ੍ਹਾਂ ਵਿਦਵਾਨਾਂ ਦੇ ਵਿਚਾਰ ਸੁਣਕੇ ਕੈਲਗਰੀ ਵਾਸੀ ਵੀ ਕਾਫੀ ਹਲੂਣੇ ਗਏ ਜਾਪਦੇ ਹਨ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਉਨ੍ਹਾਂ ਵਲੋਂ ਇੱਕ ਫਾਰਮ ਭਰ ਕੇ ਸਹਿਮਤੀ ਲਈ ਜਾ ਰਹੀ ਹੈ ਅਤੇ ਇਹ ਸਹਿਮਤੀ ਫਾਰਮ ਸਕੂਲ ਬੋਰਡ ਤੱਕ ਪੁੱਜਦੇ ਕਰਕੇ ਸਕੂਲਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰਨ ਦੇ ਮੁੱਦੇ ਨੂੰ ਵਜ਼ਨਦਾਰ ਬਣਾਇਆ ਜਾ ਰਿਹਾ ਹੈ।

ਪੰਜਾਬੀ ਹੁਣ ਪੰਜਾਬ ਦੀ ਨਹੀਂ ਬਲਕਿ ਦੂਰ ਦੁਰਾਡੇ ਵੱਸਦੇ ਪੰਜਾਬੀਆਂ ਦੀ ਵੀ ਬੋਲੀ ਹੈ। ਇਸ ਲਈ ਇਸਦਾ ਦਾਇਰਾ ਵਧਾਉਣ ਦੀ ਜ਼ਰੂਰਤ ਹੈ। ਜਿੱਥੇ ਪੰਜਾਬੀ ਬੋਲੀ ਦੇ ਵਿਕਾਸ ਦੇ ਮੌਕੇ ਪੈਦਾ ਹੋ ਰਹੇ ਹਨ ਉੱਥੇ ਚੁਨੌਤੀਆਂ ਵੀ ਬਹੁਤ ਹਨ। ਕੈਨੇਡਾ ਵਿੱਚ ਏਅਰਪੋਰਟ 'ਤੇ ਪੰਜਾਬੀ ਵਿੱਚ ਲਿਖੇ ਬੋਰਡ ਹਨ ਅਤੇ ਯਾਤਰੀਆਂ ਲਈ ਲੋੜੀਂਦੇ ਸੁਨੇਹੇ ਪੰਜਾਬੀ ਵਿੱਚ ਵੀ ਦਿੱਤੇ ਜਾਂਦੇ ਹਨ। ਚੋਣਾਂ ਸਮੇਂ ਉਮੀਦਵਾਰ ਪੰਜਾਬੀ ਭਾਸ਼ਾ ਵਿੱਚ ਲਿਖੀਆਂ ਹੋਰਡਿੰਗਜ਼ ਫੜ ਚੋਣ ਪ੍ਰਚਾਰ ਵੀ ਕਰਦੇ ਹਨ। ਸੋ ਪੰਜਾਬੀ ਬੋਲੀ ਦਾ ਪ੍ਰਸਾਰ ਹੋ ਰਿਹਾ ਹੈ। ਪ੍ਰੰਤੂ ਇਥੋਂ ਦੇ ਰੀਸੋਰਸਜ਼ ਦੀ ਵਰਤੋਂ ਕਰਕੇ ਜੇਕਰ ਪੰਜਾਬੀ ਬੋਲੀ ਹੀ ਨਹੀਂ ਬਲਕਿ ਪੰਜਾਬੀ ਭਾਸ਼ਾ ਦਾ ਵਿਕਾਸ ਕੀਤਾ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸੁਖਵੰਤ ਹੁੰਦਲ ਜੀ ਨੇ ਇਸ ਪਾਸੇ ਤਵੱਜੋਂ ਦੇਣ ਲਈ ਖਾਸ ਤੌਰ 'ਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤਾਂ ਸੰਸਾਰ ਭਰ ਵਿੱਚ ਬਹੁਤ ਜ਼ਿਆਦਾ ਹੈ ਪਰ ਪੰਜਾਬੀ ਗਿਆਨ ਦੀ ਭਾਸ਼ਾ ਨਹੀਂ ਬਣ ਸਕੀ ਹੈ। ਹਰ ਵਿਸ਼ੇ ਦੀ ਖੋਜ ਅੰਗਰੇਜ਼ੀ ਵਿੱਚ ਹੋ ਰਹੀ ਹੈ। ਪੰਜਾਬੀ ਵਿੱਚ ਵਿਗਿਆਨ, ਮਨੋਵਿਗਿਆਨ, ਡਾਕਟਰੀ ਗਿਆਨ ਵਿਗਿਆਨ ਅਤੇ ਹੋਰ ਮਹੱਤਵਪੂਰਨ ਵਿਸ਼ਿਆਂ ਦੀ ਜਾਣਕਾਰੀ ਉਪਲੱਬਧ ਨਹੀਂ। ਕੰਪਿਊਟਰ ਟੈਕਨਾਲੋਜੀ ਦਾ ਵੀ ਪੰਜਾਬੀ ਭਾਸ਼ਾ ਵਿੱਚ ਪੂਰਾ ਫਾਇਦਾ ਨਹੀਂ ਉਠਾਇਆ ਜਾ ਰਿਹਾ। ਨਵੀਨ ਢੰਗ ਦਾ ਲਾਇਬ੍ਰੇਰੀ ਸਿਸਟਮ ਵਿਕਸਤ ਨਹੀਂ ਕੀਤਾ ਜਾ ਸਕਿਆ। ਉਹਨਾਂ ਖ਼ਦਸ਼ਾ ਜ਼ਾਹਿਰ ਕੀਤਾ ਕਿ "ਜੇ ਸਥਿਤੀ ਇੰਜ ਹੀ ਰਹੀ ਤਾਂ ਪੰਜਾਬੀ ਬੋਲਣ ਵਾਲੇ ਤਾਂ ਸਦਾ ਹੀ ਰਹਿਣਗੇ ਪਰ ਪੰਜਾਬੀ ਭਾਸ਼ਾ ਪੰਜਾਹ ਸੱਠ ਸਾਲ ਵਿੱਚ ਮਰ ਜਾਵੇਗੀ।".

ਸਾਧੂ ਬਿਨਿੰਗ ਜੀ ਨੇ ਕਿਹਾ, "ਅਜੋਕਾ ਸਮਾਂ ਕੈਨੇਡਾ ਵਿੱਚ ਪੰਜਾਬੀ ਦਾ ਸੁਨਹਿਰੀ ਯੁੱਗ ਹੈ ਇਸ ਦਾ ਵੱਧ ਤੋਂ ਵੱਧ ਫਾਇਦਾ ਉਠਾਉਣਾ ਚਾਹੀਦਾ ਹੈ ਸ਼ਾਇਦ ਇਹ ਬਹੁਤੀ ਦੇਰ ਨਾ ਰਹੇ। ਇਸ ਵੇਲੇ ਕੈਨੇਡਾ ਵਿੱਚ ਪੰਜਾਬੀ ਦਾ ਬੋਲਬਾਲਾ ਹੈ। ਬਹੁਤ ਸਾਰੇ ਰੇਡੀਓ ਤੇ ਟੀ.ਵੀ.



Sri Satguru Jagjit Singh Ji Elibrary NamdhariElibrary@gmail.com

ਚੈਨਲ ਹਨ ਜੋ ਪੰਜਾਬੀ ਪ੍ਰੋਗਰਾਮਾਂ ਰਾਹੀਂ ਪੰਜਾਬੀ ਬੋਲਣ ਵਾਲਿਆਂ ਤੱਕ ਪਹੁੰਚ ਕਰਦੇ ਹਨ। ਅਖ਼ਬਾਰਾਂ ਅਤੇ ਰਸਾਲੇ ਬਹੁ-ਗਿਣਤੀ ਵਿੱਚ ਛੱਪਦੇ ਹਨ ਜੋ ਕਿ ਆਮ ਤੌਰ 'ਤੇ ਮੁਫ਼ਤ ਹੀ ਮਿਲ ਜਾਂਦੇ ਹਨ। ਕੇਵਲ ਪੰਜਾਬੀ ਪੜ੍ਹਾਈ ਸਦਕਾ ਹੀ ਬਹੁਤ ਸਾਰਿਆਂ ਨੂੰ ਇੰਟਰਪ੍ਰੇਟਰ, ਟ੍ਰਾਂਸਲੇਟਰ, ਰੇਡੀਓ ਟੀ.ਵੀ. ਹੋਸਟ ਜਾਂ ਅਖ਼ਬਾਰਾਂ ਰਸਾਲਿਆਂ ਦੀ ਐਡਿਟਿੰਗ ਦਾ ਕੰਮ ਅਤੇ ਰੁਜ਼ਗਾਰ ਵੀ ਮਿਲਿਆ ਹੋਇਆ ਹੈ।"

ਕਿਸੇ ਵੀ ਬੋਲੀ ਦਾ ਦਬਦਬਾ ਉਦੋਂ ਹੀ ਵੱਧਦਾ ਹੈ ਜਦੋਂ ਇਸਨੂੰ ਬੋਲਣ ਵਾਲੇ ਆਰਥਕ ਤੌਰ 'ਤੇ ਸੰਪਨ ਹੋਣ, ਰਾਜਨੀਤਕ ਤੌਰ 'ਤੇ ਸਿਆਸੀ ਤਾਕਤ ਰਖਦੇ ਹੋਣ। ਕੈਨੇਡਾ ਵਿੱਚ ਇਸ ਵੇਲੇ ਪੰਜਾਬੀਆਂ ਕੋਲ ਲਗਪਗ ਦੋਵੇਂ ਚੀਜ਼ਾਂ ਹੀ ਹਨ। ਇੱਥੇ ਵੱਸਦੇ ਪੰਜਾਬੀ ਰੱਜੇ-ਪੁੱਜੇ ਤੇ ਸਾਧਨ ਸੰਪਨ ਹਨ ਅਤੇ ਬਹੁਤ ਸਾਰੇ ਰਾਜਾਂ ਵਿੱਚ ਪੰਜਾਬੀ ਐਮ.ਐਲ.ਏ. ਹਨ ਅਤੇ ਕੇਂਦਰ ਵਿੱਚ ਐਮ.ਪੀ. ਵਜੋਂ ਵੀ ਕਾਰਜਸ਼ੀਲ ਹਨ। ਸੋ ਲੋੜ ਹੈ ਲੋਕਾਂ ਨੂੰ ਹੰਭਲਾ ਮਾਰ ਕੇ ਕੈਨੇਡਾ ਵਿੱਚ ਪੰਜਾਬੀ ਨੂੰ ਪੜ੍ਹਨਯੋਗ ਭਾਸ਼ਾ ਬਣਾਉਣ ਦੀ। ਜਿੰਨਾ ਚਿਰ ਤੱਕ ਇਹ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਨਹੀਂ ਬਣਦਾ ਇਸ ਦਾ ਸਹੀ ਸਥਾਨ ਤੇ ਸਤਿਕਾਰ ਨਹੀਂ ਬਣੇਗਾ ਅਤੇ ਨਾ ਹੀ ਭਾਸ਼ਾ ਦਾ ਲੋੜੀਂਦਾ ਤੇ ਅਸਲੀ ਗਿਆਨ ਵਿਦਿਆਰਥੀਆਂ ਤੱਕ ਪੁੱਜਦਾ ਹੋ ਸਕੇਗਾ।

ਕੈਨੇਡਾ ਵਿੱਚ ਪੰਜਾਬੀਆਂ ਦੇ ਸੁਆਦ ਅਨੁਸਾਰ ਖਾਣ ਪੀਣ ਅਤੇ ਪਹਿਨਣ ਦੀਆਂ ਹਰ ਪ੍ਰਕਾਰ ਦੀਆਂ ਚੀਜ਼ਾਂ ਮਿਲਦੀਆਂ ਹਨ। ਪੰਜਾਬੀ ਰੈਸਟੋਰੈਂਟ ਥਾਂ ਥਾਂ ਹਨ ਜਿਥੋਂ ਦੇ ਲਪਟਾਂ ਮਾਰਦੇ ਭੋਜਨ ਪੰਜਾਬੀ ਤਾਂ ਕੀ ਪੀਜ਼ੇ ਬਰਗਰ ਖਾਣ ਵਾਲਿਆਂ ਨੂੰ ਵੀ ਆਪਣੇ ਵੱਲ ਖਿੱਚਦੇ ਹਨ। ਪੰਜਾਬ ਬਾਰੇ ਹੋਰ ਕਿਸੇ ਚੀਜ਼ ਦਾ ਚਾਹੇ ਪਤਾ ਹੋਵੇ ਜਾਂ ਨਾ ਪਰ ਪੰਜਾਬ ਦਾ ਸਮੋਸਾ ਤੇ ਜਲੇਬੀ ਹਰ ਕੋਈ ਜਾਣਦਾ ਹੈ ਤੇ ਨਾਂ ਲੈਂਦਿਆਂ ਹੀ ਹਰ ਇੱਕ ਦੇ ਮੂੰਹ ਵਿੱਚ ਪਾਣੀ ਭਰ ਆਉਂਦਾ ਹੈ। ਪੰਜਾਬੀਆਂ ਦੇ ਰੰਗ-ਬਿਰੰਗੇ ਤੇ ਵੰਨ-ਸੁਵੰਨੇ ਕਪੜਿਆਂ ਦੀਆਂ, ਭਾਂਡਿਆਂ ਦੀਆਂ, ਗਹਿਣਿਆਂ ਦੀਆਂ ਗਲ ਕੀ ਹਰ ਪ੍ਰਕਾਰ ਦੀਆਂ ਦੁਕਾਨਾਂ ਹਨ ਜਿਥੇ ਗੈਰ ਪੰਜਾਬੀ ਵੀ ਖਰੀਦੋ ਫਰੋਖ਼ਤ ਕਰਦੇ ਵੇਖੇ ਜਾ ਸਕਦੇ ਹਨ। ਖੇਡ ਮੇਲੇ ਲਗਦੇ ਹਨ। ਖੇਡ ਪ੍ਰੇਮੀ ਕਬੱਡੀ ਵਰਗੀਆਂ ਖੇਡਾਂ ਦਾ ਭਰਪੂਰ ਆਨੰਦ ਮਾਣਦੇ ਹਨ। ਧਾਰਮਕ ਗੁਰਪੁਰਬ ਮਨਾਏ ਜਾਂਦੇ ਹਨ। ਨਗਰ ਕੀਰਤਨ ਦੀ ਰੌਣਕ ਵੇਖਿਆਂ ਬਣਦੀ ਹੈ, ਜਿਸ ਲਈ ਸਿਟੀ ਕੌਂਸਲ ਤੋਂ ਸਪੈਸ਼ਲ ਆਗਿਆ ਲੈਣੀ ਪੈਂਦੀ ਹੈ। ਗੁਰਦੁਆਰਿਆਂ ਵਿੱਚ ਜਿਸ ਵੇਲੇ ਮਰਜ਼ੀ ਜਾਓ ਲੰਗਰ ਛੱਕ ਸਕਦੇ ਹੋ।

ਪੰਜਾਬੀ ਸਾਹਿਤ ਪ੍ਰੇਮੀਆਂ ਨੇ ਸਾਹਿਤ ਸਭਾਵਾਂ ਵੀ ਬਣਾਈਆਂ ਹੋਈਆਂ ਹਨ। ਰਚਨਾਕਾਰ ਆਪਣੀਆਂ ਰਚਨਾਵਾਂ ਸੁਣਾਉਂਦੇ ਹਨ। ਨਵੀਆਂ ਲਿਖੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਗੀਤਕਾਰਾਂ ਦੀਆਂ ਸੀ.ਡੀਜ਼. ਲੋਕ ਅਰਪਿਤ ਕੀਤੀਆਂ ਜਾਂਦੀਆਂ ਹਨ। ... ਬਸ ਨਹੀਂ ਮਿਲਦੀਆਂ ਤਾਂ ਪੜ੍ਹਨ ਲਈ ਕਿਤਾਬਾਂ ਨਹੀਂ ਮਿਲਦੀਆਂ ਹਨ। ਲੇਖਕਾਂ ਦੀਆਂ ਕਿਤਾਬਾਂ ਉਹਨਾਂ ਦੇ ਘਰਾਂ ਵਿੱਚ ਤਾਂ ਹੁੰਦੀਆਂ ਹੋਣਗੀਆਂ ਪਰ ਪੰਜਾਬੀ ਕਿਤਾਬਾਂ ਕਿਸੇ ਵੀ ਕਿਤਾਬਾਂ ਵਾਲੀ ਦੁਕਾਨ ਤੋਂ ਨਹੀਂ ਮਿਲਦੀਆਂ। ਹਾਂ... ਪਬਲਿਕ ਲਾਇਬ੍ਰੇਰੀਆਂ ਵਿੱਚ ਪੰਜਾਬੀ ਦਾ ਵੀ ਕੋਨਾ ਹੁੰਦਾ ਹੈ ਪਰ ਕਿਤਾਬਾਂ ਮਸੀਂ ਚਾਲੀ ਪੰਜਾਹ ਤੇ ਉਹ ਵੀ ਲੇਖਕਾਂ ਦੁਆਰਾ ਡੋਨੇਟ ਕੀਤੀਆਂ ਹੀ। ਇਸ ਪੱਖ ਵੱਲ ਸ਼ਾਇਦ ਅਮੀਰ ਤੇ ਰੁੱਝੇ ਹੋਏ ਕੈਨੇਡਾ ਵਾਸੀ ਪੰਜਾਬੀਆਂ ਦਾ ਧਿਆਨ ਹੀ ਨਹੀਂ ਗਿਆ ਹੋਣਾ। ਸਾਡੀ ਪੰਜਾਬੀਆਂ ਦੀ ਸਭ ਤੋਂ ਵੱਡੀ ਘਾਟ ਹੀ ਇਹ ਹੈ ਕਿ ਪੰਜਾਬੀਆਂ ਨੂੰ ਪੰਜਾਬੀ ਸਾਹਿਤ ਤੇ ਪੰਜਾਬੀ ਗਿਆਨ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਂਕ ਹੀ ਨਹੀਂ। ਲਾਇਬ੍ਰੇਰੀ ਵਾਲਿਆਂ ਦਾ ਅਸੂਲ ਹੈ ਕਿ ਜੇਕਰ ਕੋਈ ਕਿਤਾਬ ਖਾਸ ਸਮੇਂ ਤੱਕ ਇਸ਼ੂ ਨਾ ਕਰਵਾਈ ਜਾਵੇ ਤਾਂ ਉਹ



Sri Satguru Jagjit Singh Ji Elibrary NamdhariElibrary@gmail.com

ਉਸ ਨੂੰ ਸੈਲਫ਼ ਤੋਂ ਹਟਾ ਦੇਂਦੇ ਹਨ। ਸੋ ਜੇਕਰ ਪੰਜਾਬੀ ਭਾਸ਼ਾ ਦੇ ਪਿਆਰੇ ਲਾਇਬ੍ਰੇਰੀ ਜਾ ਕੇ ਨਵੀਆਂ ਕਿਤਾਬਾਂ ਦੀ ਮੰਗ ਕਰਨ ਤਾਂ ਜ਼ਰੂਰ ਹੀ ਲਾਇਬ੍ਰੇਰੀ ਵਾਲੇ ਇਸ ਪਾਸੇ ਧਿਆਨ ਦੇਣਗੇ ਤੇ ਕਿਤਾਬਾਂ ਮੰਗਵਾਉਣ ਦਾ ਉਪਰਾਲਾ ਕਰਨਗੇ। ਸਾਡਾ ਇਹ ਕਮਜ਼ੋਰ ਪੱਖ ਹੀ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਰੋੜਾ ਅਟਕਾਉਣ ਅਤੇ ਇਸਦੇ ਪਤਨ ਦਾ ਕਾਰਨ ਬਣ ਰਿਹਾ ਹੈ। ਦੋਸ਼ ਦੂਜਿਆਂ ਸਿਰ ਕਾਹਨੂੰ ਮੜ੍ਹਨਾ!

ਇਹ ਸੱਚ ਹੈ ਕਿ ਪੰਜਾਬੀ ਦਾ ਗੀਤ ਸੰਗੀਤ ਹਰ ਇੱਕ ਨੂੰ ਟੁੰਬਦਾ ਹੈ। ਗੀਤਾਂ ਦੀ ਤੇਜ਼ ਤੇ ਬੁਲੰਦ ਬੀਟ ਤੇ ਹਰ ਇੱਕ ਦੀ ਅੱਡੀ ਉੱਠ ਪੈਂਦੀ ਹੈ ਚਾਹੇ ਸਮਝ ਲਗੇ ਚਾਹੇ ਨਾ। ਆਪਾਂ ਇਹ ਸੋਚ ਸੋਚ ਕੇ ਹੀ ਖੁਸ਼ ਹੋਈ ਜਾਂਦੇ ਹਾਂ ਕਿ ਸਾਡੇ ਗੀਤਾਂ ਦੀ ਸਾਰੀ ਦੁਨੀਆ ਵਿੱਚ ਬੱਲੇ ਬੱਲੇ ਹੋਈ ਜਾਂਦੀ ਹੈ। ਪ੍ਰੰਤੂ ਮਾਂ-ਬੋਲੀ ਪੰਜਾਬੀ ਲਈ ਇਤਨਾ ਕਾਫੀ ਨਹੀਂ। ਲੋੜ ਹੈ ਪੰਜਾਬੀ ਭਾਸ਼ਾ ਪੜ੍ਹਨ ਤੇ ਪੜ੍ਹਾਉਣ ਦੀ, ਇਸ ਨੂੰ ਗਿਆਨ ਦੀ ਭਾਸ਼ਾ ਬਣਾਉਣ ਦੀ ਅਤੇ ਇਸ ਦੇ ਗਿਆਨ ਭੰਡਾਰ ਵਿੱਚ ਲਗਾਤਾਰ ਨਵੀਨ ਵਿਗਿਆਨ ਅਤੇ ਹਰ ਖੇਤਰ ਦੇ ਗਿਆਨ ਦਾ ਵਾਧਾ ਕਰਨ ਦੀ ਤਾਂ ਜੋ ਇਹ ਹਰ ਪ੍ਰਕਾਰ ਦੀ ਲੋੜ ਪੂਰੀ ਕਰਨ ਦੇ ਸਮਰੱਥ ਹੋਵੇ। ਜਿੰਨਾ ਚਿਰ ਤੱਕ ਇਥੋਂ ਦੇ ਜੰਮਪਲ ਬੱਚੇ ਪੰਜਾਬੀ ਬੋਲੀ ਦੇ ਵਿਕਾਸ ਲਈ ਸੰਘਰਸ਼ਸ਼ੀਲ ਨਹੀਂ ਹੋਣਗੇ ਓਨਾ ਚਿਰ ਤੱਕ ਪੰਜਾਬੀ ਬੋਲੀ ਨੂੰ ਪੰਜਾਬੀ ਭਾਸ਼ਾ ਦੇ ਰੂਪ ਵਿੱਚ ਵਿਕਸਤ ਕਰਨ ਦੇ ਯਤਨਾਂ ਵਿੱਚ ਕਾਮਯਾਬੀ ਦੇ ਆਸਾਰ ਮੱਧਮ ਹੀ ਰਹਿਣਗੇ।

*186, ਸੈਡਲ ਬੈਕ ਰੋਡ, ਅਲਬਰਟਾ (ਨਾਰਥ ਈਸਟ),
ਕੈਲਗਰੀ, ਕੈਨੇਡਾ।
ਫੋਨ : 403-293-2625

□□□



Sri Satguru Jagjit Singh Ji Elibrary NamdhariElibrary@gmail.com

# ਮਾਂ-ਬੋਲੀ ਪੰਜਾਬੀ: ਸਾਡੀ ਚੁਣੌਤੀ

*ਡਾ: ਅੰਤਰਧਿਆਨ ਕੌਰ ਸਿਡਾਨਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਾਸੀਆਂ ਨੂੰ ਤਾੜਨਾ ਕਰਦਿਆਂ ਕਿਹਾ,

ਘਰ ਘਰ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥

ਇਸ ਦਾ ਅਰਥ ਕੀ ਹੈ? ਗੁਰੂ ਨਾਨਕ ਦੇਵ ਜੀ ਦੁਖੀ ਹਿਰਦੇ ਨਾਲ ਸਾਨੂੰ ਸਮਝਾ ਰਹੇ ਹਨ ਕਿ ਪਰਾਈ ਬੋਲੀ ਨਾਲ ਤੁਸੀਂ ਆਪਣਾ ਭਲਾ ਨਹੀਂ ਕਰ ਸਕਦੇ। ਇਹ ਗੱਲ ਸਰਵਵਿਦਿਤ ਹੈ ਕਿ ਸਭਿਆਚਾਰ, ਇਤਿਹਾਸ ਗਰਕ ਹੋ ਜਾਂਦੇ ਹਨ - "The world history is witness to the fact that races and people died a slow death, when their culture and histroy was distorted." ਸਾਡੇ ਨਾਲ ਹੁਣ ਇਹੀ ਕੁਝ ਤਾਂ ਹੋ ਰਿਹਾ ਹੈ। ਕਲਚਰ (Culture) ਜਾਂ ਸਭਿਆਚਾਰ ਜਿਸ ਦਾ ਘੇਰਾ ਬਹੁਤ ਵੱਡਾ ਹੈ, ਇਸ ਵਿਚ ਬੋਲੀ ਦਾ ਮਹੱਤਵਪੂਰਨ ਸਥਾਨ ਹੈ। ਬੋਲੀ ਅਰਥਾਤ ਮਾਤ-ਭਾਸ਼ਾ ਜਾਂ ਮਾਂ-ਬੋਲੀ ਜੋ ਅੱਜ ਸਾਡੇ ਲਈ ਚੁਣੌਤੀ ਬਣੀ ਹੋਈ ਹੈ।

ਸੰਨ 1947 ਵਿਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਵਜੋਂ ਆਪਣੇ ਆਪ ਨੂੰ ਸਥਾਪਤ ਤਾਂ ਕਰ ਲਿਆ ਸੀ ਪ੍ਰੰਤੂ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਆਧਾਰ 'ਤੇ ਅਸੀਂ ਅੱਗੇ ਨਹੀਂ ਵੱਧ ਸਕੇ। ਦੇਖਦੇ ਦੇਖਦੇ ਬੋਲੀ ਭਾਸ਼ਾ 'ਤੇ ਪਹਿਰਾ ਨਾ ਦੇਣ ਕਰਕੇ ਚੰਡੀਗੜ੍ਹ ਸਾਥੋਂ ਖੁੱਸ ਗਿਆ।

ਭਾਰਤੀ ਸ਼ਾਸਕ ਵਰਗ ਸਿੱਖਾਂ ਦੀ ਵੱਖਰੀ ਪਛਾਣ ਨੂੰ ਸਵੀਕਾਰ ਨਹੀਂ ਕਰਦਾ ਅਤੇ ਕਰੇ ਵੀ ਕਿਉਂ, ਇਥੇ ਤਾਂ ਦਾਣੇ ਵੀ ਗਿੱਲੇ ਤੇ ਜਿੰਦਰੇ ਵੀ ਢਿੱਲੇ ਹਨ। ਪੰਜਾਬੀ ਬੋਲੀ, ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਸਿੱਖ ਗੁਰੂ ਸਾਹਿਬਾਨ ਦੀ ਵੱਡੀ ਦੇਣ ਦੀ ਸੰਭਾਲ ਅਸੀਂ ਅਰਥਾਤ ਸਿੱਖ ਕੌਮ ਨੇ ਹੀ ਕਰਨੀ ਹੈ ਅਤੇ ਅੱਜ ਤਾਂ ਸਿੱਖ ਆਪ ਹੀ ਬੋਲੀ ਤੋਂ ਆਕੀ ਹੋਏ ਬੈਠੇ ਹਨ? ਅੱਜ ਸਾਡੀ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਇਸ ਪੱਖੋਂ ਕਿਉਂਕਿ ਭਾਸ਼ਾ ਵਲੋਂ, ਕੇਸਾਂ ਵਲੋਂ, ਪੱਗੜੀ ਵੱਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀ ਗੁਰਬਾਣੀ ਵਲੋਂ ਵੀ ਸਿੱਖ ਧਰਮ 'ਤੇ ਚਹੁੰ ਤਰਫੀ ਹਮਲੇ ਹੋ ਰਹੇ ਹਨ। ਭਾਈ ਗੁਰਦਾਸ ਜੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਸਾਨੂੰ ਸੁਚੇਤ ਕਰਦਿਆਂ ਕਿਹਾ ਹੈ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ॥
ਸੱਪ ਲਪੇਟੇ ਚੰਦਨੈ ਬੂਹੇ ਜੰਦਾ ਕੁਤਾ ਜਾਗੈ।

ਅਰਥਾਤ ਆਪਣੀਆਂ ਕੀਮਤੀ ਵਸਤੂਆਂ ਦੀ ਸੰਭਾਲ ਪ੍ਰਾਕ੍ਰਿਤੀ ਵੀ ਸੁਚੇਤ ਹੋ ਕੇ ਕਰਦੀ ਹੈ। ਕਿਸਾਨ ਖੇਤੀ ਦੀ ਸੰਭਾਲ ਕਰਦਾ ਅਤੇ ਸੰਸਾਰਕ ਲੋਕੀਂ ਆਪਣੇ ਘਰਾਂ ਨੂੰ ਜਿੰਦਰਾ ਮਾਰਦੇ ਅਤੇ ਕੁੱਤੇ ਰੱਖਦੇ ਹਨ - ਸਾਨੂੰ ਵੀ ਇਸੇ ਤਰ੍ਹਾਂ ਆਪਣੇ ਖਜ਼ਾਨੇ ਦੀ ਰਖਵਾਲੀ ਕਰਨੀ ਹੈ। ਜਿਵੇਂ ਅੱਜ ਸਾਡੇ ਕੋਲ ਅੰਮ੍ਰਿਤਮਈ ਬਾਣੀ ਦਾ ਖਜ਼ਾਨਾ ਹੈ, ਜਿਸ ਦਾ ਸਤਿਕਾਰ ਬਾਹਰ ਦੇ ਦੇਸ਼ ਤਾਂ ਕਰਦੇ ਹਨ ਪਰ ਅਸੀਂ ਨਹੀਂ ਕਰ ਰਹੇ। ਸਾਡੇ ਕੋਲ ਸ੍ਰੀ ਅੰਮ੍ਰਿਤਸਰ ਸਾਹਿਬ ਵਰਗਾ ਤੀਰਥ ਹੈ ਅਸੀਂ ਇਕ ਵੱਖਰੀ ਕੌਮ ਹਾਂ, ਸਰਬੱਤ ਦੇ ਭਲੇ ਦੀ ਕਾਮਨਾ ਕਰਨ ਵਾਲੀ ਕੌਮ। ਅਸੀਂ ੴ ਦੇ ਧਾਰਨੀ ਹਾਂ ਅਰਥਾਤ ਸਰਬ ਵਿਆਪਕ, ਸਰਬ ਸ਼ਕਤੀਮਾਨ, 'ਅਕਾਲਪੁਰਖ' ਪਰਿਪੂਰਣ ਪਰਮਾਤਮਾ



Sri Satguru Jagjit Singh Ji Elibrary NamdhariElibrary@gmail.com

ਨੂੰ ਮੰਨਣ ਵਾਲੇ ਹਾਂ। ਮੈਨੂੰ ਸਮਝ ਨਹੀਂ ਪੈਂਦੀ ਕਿ ਅੱਜਕਲ੍ਹ ਦੇ ਮਾਤਾ-ਪਿਤਾ ਆਪਣੀਆਂ ਬੱਚੀਆਂ ਨੂੰ ਪੰਜਾਬੀ ਭਾਸ਼ਾ, ਬੋਲੀ ਦੀ ਸਿੱਖਿਆ ਕਿਉਂ ਨਹੀਂ ਦੇਂਦੇ, ਜਿਨ੍ਹਾਂ ਬੱਚੀਆਂ ਨੇ ਅੱਗੇ ਦੂਜੇ ਪਰਿਵਾਰਾਂ ਵਿਚ ਬੋਲੀ ਦਾ ਪ੍ਰਸਾਰ ਕਰਨਾ ਹੈ। ਬ੍ਰਹਮ ਗਿਆਨ ਸਰੂਪ ਬਾਣੀ ਆਪ ਪੜ੍ਹਨੀ ਅਤੇ ਆਪਣੇ ਬੱਚਿਆਂ ਦੇ ਹਿਰਦੇ ਵਿਚ ਸਿੰਚਿਤ ਕਰਨੀ ਹੈ। ਇਹੀ ਸਿੱਖੀ ਦਾ 'ਬ੍ਰਹਮ ਗਿਆਨ' ਹੈ। ਸਾਡੇ ਬੱਚਿਆਂ ਨੂੰ ਗੁਰਬਾਣੀ, ਜੋ ਕਿ ਗੁਰਮੁਖੀ ਲਿਪੀ ਵਿਚ ਪੰਜਾਬੀ ਦੇ ਪਿੰਡੇ 'ਤੇ ਲਿਖੀ ਹੋਈ ਹੈ ਜੋ ਕਿ ਸਹਿਜ ਹੀ ਸਮਝ ਆ ਜਾਂਦੀ ਹੈ।

ਮਾਤਾ ਪਿਤਾ ਆਪਣਾ ਆਪਾ ਤਾਂ ਖੂਬ ਸੰਵਾਰਦੇ ਹਨ, ਬਾਣੀ ਦਾ ਨਿਤਨੇਮ ਕਰਕੇ, ਗੁਰਦੁਆਰੇ ਜਾ ਕੇ ਪਰ ਬਾਕੀ ਉਨ੍ਹਾਂ ਬੱਚੇ-ਬੱਚੀਆਂ ਦਾ ਇਸ ਪਖੋਂ ਕੀ ਭਵਿੱਖ ਹੈ, ਇਹ ਨਹੀਂ ਸਮਝਦੇ! ਨਵੀਂ ਪਨੀਰੀ ਦੇ ਬੱਚਿਆਂ, ਬੱਚੀਆਂ ਨੂੰ ਇਹ ਤਾਂ ਗਿਆਨ ਹੈ ਕਿ ਬੱਚੇ ਦਾ ਪਾਲਣ-ਪੋਸ਼ਣ, ਖਾਣ-ਪਾਣ, ਖੇਡਾਂ, ਪੜ੍ਹਾਈ ਆਦਿ ਵਲ ਕਿਵੇਂ ਖੂਬ ਧਿਆਨ ਦੇਣਾ ਹੈ ਪ੍ਰੰਤੂ ਆਪਣੀ ਬੋਲੀ ਭਾਸ਼ਾ ਦਾ ਕੁਝ ਪਤਾ ਨਹੀਂ। ਫਲਸਰੂਪ, ਅੱਜ ਸਿੱਖ ਘਰਾਣਿਆਂ ਵਲ ਝਾਤ ਮਾਰੀਏ ਤਾਂ ਸਥਿਤੀ ਸਪਸ਼ਟ ਹੋ ਜਾਂਦੀ ਹੈ ਕਿ ਅੱਜ ਦੀ ਪੰਜਾਬੀ ਮਾਂ, ਸਿੱਖ ਘਰਾਣੇ ਤੋਂ ਆਈ ਹੋਈ ਮਾਂ, ਆਪੇ ਬੱਚਿਆਂ ਨਾਲ ਪੰਜਾਬੀ ਬੋਲ ਕੇ ਖੁਸ਼ੀ (Satisfaction) ਮਹਿਸੂਸ ਨਹੀਂ ਕਰਦੀ, ਬਲਕਿ ਬੱਚਿਆਂ ਨਾਲ ਹਿੰਦੀ ਜਾਂ ਅੰਗਰੇਜ਼ੀ ਬੋਲ ਕੇ, ਆਪਣੇ ਅੰਦਰ ਦੀ ਕਿਸੇ ਨਾਕਾਰੀ ਆਧੁਨਿਕਤਾ ਦਾ ਪ੍ਰਗਟਾਵਾ ਹੀ ਕਰਦੀ ਹੈ। ਭਾਰਤੀ ਸ਼ਾਸ਼ਕ ਵਰਗ ਸਾਡੀ ਵੱਖਰੀ ਪਛਾਣ ਅਗਰ ਸਵੀਕਾਰ ਨਹੀਂ ਕਰਦਾ ਤਾਂ ਉਨ੍ਹਾਂ ਦਾ ਦੋਸ਼ ਨਹੀਂ, ਅਸੀਂ ਆਪ ਹੀ ਆਪਣੀ ਪਛਾਣ ਨੂੰ ਮਿੱਟੀ ਵਿਚ ਰੋਲਿਆ ਹੋਇਆ ਹੈ।

ਪੰਜਾਬ ਤੋਂ ਬਾਹਰ ਤਾਂ ਪੰਜਾਬੀ ਬੋਲਣ ਵਾਲੇ ਮੰਨਿਆ ਕਿ ਘਟ ਹਨ ਅਤੇ ਜੋ ਹਨ ਉਹ ਪੰਜਾਬੀ ਬੋਲੀ ਨਾਲੋਂ ਹਿੰਦੀ ਨੂੰ ਜਾਂ ਇੰਗਲਿਸ਼ ਨੂੰ ਹੀ ਮਹੱਤਵ ਦਿੰਦੇ ਹਨ। ਬਾਹਰ ਤਾਂ ਬਾਹਰ ਆਪਣੇ ਪੰਜਾਬ ਦੀ ਹਾਲਤ ਬੋਲੀ ਪੱਖੋਂ ਹੋਰ ਵੀ ਪਤਲੀ ਹੈ। ਖਾਸ ਕਰਕੇ ਅੰਮ੍ਰਿਤਸਰ, ਪਟਿਆਲਾ ਵਿਚ ਬਹੁਤ ਸਾਰੇ ਘਰਾਣੇ ਬੱਚਿਆਂ ਸਮੇਤ ਮਾਤਾ-ਪਿਤਾ ਦੇ ਪੰਜਾਬੀ ਬੋਲ ਕੇ ਰਾਜ਼ੀ ਹੀ ਨਹੀਂ। ਕਾਰਣ ਪੁੱਛਣ 'ਤੇ ਪਤਾ ਲੱਗਦਾ ਹੈ ਕਿ ਜੀ ਸਾਡੇ ਘਰ ਸਾਡੀ ਨੂੰਹ ਮੱਧ ਪ੍ਰਦੇਸ਼ ਤੋਂ ਆਈ ਹੈ ਅਤੇ ਸਾਰਾ ਪਰਿਵਾਰ ਉਸ ਪਿਛੇ ਲਗ ਤੁਰਿਆ ਹੈ। ਚਾਹੀਦਾ ਤਾਂ ਇਹ ਹੈ ਕਿ ਬਾਹਰੋਂ ਆਈ ਨੂੰਹ ਰਾਣੀ ਨਾਲ ਪੰਜਾਬੀ ਵਿਚ ਆਦਾਨ-ਪ੍ਰਦਾਨ, ਗੱਲ ਕਰੀਏ ਤਾਂ ਕਿ ਉਹ ਬੱਚੀ ਤੁਹਾਡਾ ਪ੍ਰਭਾਵ ਜਾਂ ਅਸਰ ਕਬੂਲ ਕਰੇ। ਗੁਰੂ ਸਾਹਿਬ ਜੀ ਨੇ ਜੋ ਚਪੇੜ ਦੇਸ਼ ਵਾਸੀਆਂ ਦੇ ਮੂੰਹ 'ਤੇ ਮਾਰੀ ਹੈ ਉਹ ਸਰਬ ਸਾਂਝੀ ਹੈ-

ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਂਝੀ ਸਗਲ ਜਹਾਨੈ॥

ਆਪਣੀ ਮਾਂ ਦਾ ਆਦਰ ਅਸੀਂ ਕਰਨਾ ਹੈ, ਦੂਸਰਿਆਂ ਨੂੰ ਕੀ ਜ਼ਰੂਰਤ ਹੈ ਕਿ ਜਿਸ ਮਾਂ ਨੂੰ ਅਸੀਂ ਦੁਰਕਾਰੀਏ ਤੇ ਦੂਜੇ ਸਾਡੀ ਮਾਂ ਦਾ ਸਤਿਕਾਰ ਕਰਨ। ਬੱਚੇ ਦੀ ਸਖਸ਼ੀਅਤ ਉਸਾਰੀ ਵਿਚ ਮਾਤਾ ਪਿਤਾ ਦੋਹਾਂ ਦਾ ਹੱਥ ਹੁੰਦਾ ਹੈ। ਇਥੇ ਬੋਲੀ 'ਤੇ ਪਹਿਰਾ ਦੇਣ ਦੀ ਗੱਲ ਹੈ। ਜੇਕਰ ਮਾਤਾ ਪਿਤਾ ਪੰਜਾਬੀ ਬੋਲਣ, ਪਾਠ ਕਰਨ, ਸਵੇਰੇ ਉਠਣ ਤਾਂ ਡੰਕੇ ਦੀ ਚੋਟ 'ਤੇ ਬੱਚਿਆਂ ਨੂੰ ਪੰਜਾਬੀ ਬੋਲੀ ਵਲ ਪ੍ਰੇਰਿਤ ਕਰ ਸਕਦੇ ਹਨ। ਆਸ ਹੈ ਤੁਸੀਂ ਮੇਰੇ ਵਿਚਾਰਾਂ ਨਾਲ ਸਹਿਮਤ ਹੋਵੋਗੇ। ਬੱਚਾ ਕੀ ਹੈ, ਇਕ ਨਿਰਮਲ ਸਾਫ ਸੁਥਰੀ ਸਲੇਟ ਅਤੇ ਪੱਕਾ ਨਕਲਚੀ, ਬੱਚੇ ਨੂੰ ਪ੍ਰੇਰਣਾ ਦੇਣ ਦੀ ਵੀ ਲੋੜ ਨਹੀਂ, ਬੱਚਾ ਆਪੇ ਹੀ ਮਾਂ-ਬੋਲੀ ਨੂੰ ਸੁੱਤੇ ਸਿਧ ਅਪਣਾ ਲਏਗਾ। ਇਤਨਾ ਹੀ ਨਹੀਂ ਚਾਰ ਹੋਰ ਬੋਲੀਆਂ ਵੀ ਦੋਸਤਾਂ ਯਾਰਾਂ ਨਾਲ ਖੇਡਦਿਆਂ, ਸਕੂਲ ਦੇ ਵਿਚ ਨਿਰਧਾਰਤ ਭਾਸ਼ਾ ਨੂੰ ਵੀ ਗ੍ਰਹਿਣ ਕਰਨ ਦੀ ਸਮਰੱਥਾ ਰੱਖਦਾ ਹੈ।



Sri Satguru Jagjit Singh Ji Elibrary NamdhariElibrary@gmail.com

ਮਾਂ ਅਗਰ ਅਬੋਧ ਬੱਚੇ ਨੂੰ ਕੱਚੀ ਉਮਰੇ ਖਿਡਾਉਂਦਿਆਂ, ਨੁਆਉਂਦਿਆਂ, ਦੁੱਧ ਪਿਲਾਉਂਦਿਆਂ, ਬਾਣੀ ਦੀਆਂ ਨਿੱਕੀਆਂ ਨਿੱਕੀਆਂ ਤੁਕਾਂ ਰਟਾ ਦੇਵੇਂ ਜਿਵੇਂ:

1. ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥
   ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥
2. ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ॥

ਇਸ ਤਰ੍ਹਾਂ ਦੁੱਖ ਸੁੱਖ ਵਿਚ ਇਹ ਤੁਕਾਂ ਬੱਚੇ ਦੇ ਸਹਾਈ ਹੋਣਗੀਆਂ, ਉਹ ਕਿਧਰੇ ਧਾਗੇ-ਤਵੀਤਾਂ, ਢੌਂਗੀ ਗੁਰੂਆਂ ਦੇ ਚੰਗੁਲ ਵਿਚ ਨਹੀਂ ਫਸਣਗੇ। ਪਰ ਦੁੱਖ ਤਾਂ ਇਹ ਹੈ ਕਿ ਕਈ ਸਿੱਖ ਮਾਤਾਵਾਂ, ਬੀਬੀਆਂ, ਭੈਣਾਂ ਵਿਚ ਇਹ ਵਹਿਮ ਹੈ ਕਿ ਬੱਚੇ ਨੂੰ ਹਿੰਦੀ ਇੰਗਲਿਸ਼ ਨਾਲ ਆਪਣੀ ਮਾਤਰ ਬੋਲੀ (ਖਾਸ ਕਰਕੇ ਪੰਜਾਬੀ ਸਿੱਖ ਘਰਾਣਿਆਂ ਵਿਚ) ਵੀ ਸਿਖਾਉਣੀ ਸ਼ੁਰੂ ਕੀਤੀ ਤਾਂ ਬੱਚਾ ਘਬਰਾ (Confuse) ਜਾਵੇਗਾ - ਕਿਤਨੀ ਛੋਟੀ ਸੋਚ ਹੈ, ਉਹ ਮਾਂ, ਉਹ ਭੈਣ ਬੱਚੇ ਦੇ ਅੰਦਰ ਦੇ Potential ਭਾਸ਼ਾਵਾਂ ਸਿੱਖਣ ਦੀ ਸ਼ਕਤੀ ਤੋਂ ਬਿਲਕੁਲ ਬੇਸਮਝ ਹੈ। ਬੰਬਈ ਸ਼ਹਿਰ ਵਿਚ ਮੈਂ ਨੋਟ ਕੀਤਾ ਹੈ ਕਿ ਮਰਾਠੇ ਮਰਾਠੀ ਭਾਸ਼ਾ, ਗੁਜਰਾਤੀ ਲੋਕ ਗੁਜਰਾਤੀ ਭਾਸ਼ਾ ਵਿਚ, ਤਮਿਲ ਤੇਲਗੁ-ਬੰਗਾਲੀ ਸਭ ਆਪੋ ਆਪਣੀ ਭਾਸ਼ਾ ਵਿਚ ਹੀ ਗੱਲ ਕਰਦੇ ਹਨ ਬੱਚਿਆਂ ਨਾਲ। ਉਹ ਜਾਣਦੇ ਹਨ ਕਿ ਬੱਚੇ ਨੂੰ ਮਾਤਰ-ਭਾਸ਼ਾ ਆਪਣੀ ਮਾਂ ਨਹੀਂ ਸਿਖਾਏਗੀ ਤਾਂ ਕੋਈ ਹੋਰ ਫਰਿਸ਼ਤਾ ਵੀ ਆ ਕੇ ਨਹੀਂ ਸਿਖਾ ਸਕੇਗਾ।

Times of India Crest-Editon ਵਿਚ ਇਕ ਬੜਾ ਹੀ thought provoking paragraph ਪੜ੍ਹਿਆ ਇਥੇ ਦੇਣਾ ਕੁਥਾਇ ਨਹੀਂ ਹੋਵੇਗਾ।

Anindita Mitra, SDM, Ropar (Punjab) and her husband Dr. Karunaraju, Punjab's Commissioner for NREGA ਦੀ ਬੱਚੀ Saughamitra ਜੋ ਕਿ ਮਸਾਂ 4½ ਕੁ ਸਾਲਾਂ ਦੀ ਹੈ ਚਾਰ ਭਾਸ਼ਾਵਾਂ ਬੋਲਦੀ ਹੈ - ਬੰਗਾਲੀ, ਤੇਲਗੂ, ਪੰਜਾਬੀ, ਹਿੰਦੂ ਅਤੇ ਇੰਗਲਿਸ਼। ਬੱਚੀ ਆਪਣੇ ਪਿਤਾ ਨਾਲ ਤੇਗਲੂ ਅਤੇ ਮਾਤਾ ਨਾਲ ਬੰਗਾਲੀ ਵਿਚ ਗੱਲ ਕਰਦੀ ਹੈ। ਮਾਂ ਪਿਉ ਦੋਨਾਂ ਦਾ ਇਹ ਪੱਕਾ ਵਿਚਾਰ ਹੈ ਕਿ 'ਸਾਡਾ ਬੱਚਾ ਆਪਣੀ ਮਾਤਰ ਭਾਸ਼ਾ ਜਰੂਰ ਸਿੱਖੇ।' ਇਹ ਸਾਡੀ ਪ੍ਰਾਦੇਸ਼ਕ ਭਾਸ਼ਾ ਹੀ ਹੈ ਜੋ ਸਾਡੀ ਸਾਂਸਕ੍ਰਿਤੀ ਨਾਲ ਸਾਨੂੰ ਜੋੜੇ ਰੱਖਦੀ ਹੈ। ਕੀ ਅਸੀਂ ਵੀ ਕੁਝ ਐਸਾ ਨਹੀਂ ਸੋਚ ਸਕਦੇ - ਸੋਚ ਸਕਦੇ ਹਾਂ ਕਿਉਂ ਕਿ Children have huge capacity to get hold of languages at a tender age. Parents should take adequate of that and introduce their kids to various languages specilly mother tongue.

ਬੱਚਿਓ, ਘਰ ਘਰ ਵਿਚ ਪੰਜਾਬੀ ਦੀ ਖੁਸ਼ਬੂ ਫੈਲਾਓ, ਇਹ ਸਾਡਾ ਮਾਣ ਹੈ- ਇਹ ਸ਼ਰਮ ਦੀ ਗੱਲ ਨਹੀਂ, ਇਹ ਤਾਂ ਫ਼ਖ਼ਰ ਹੈ। ਅਰਦਾਸ ਹੈ ਕਿ 'ਮਾਣ ਪੰਜਾਬੀ ਬੋਲੀ' ਦਾ ਸਿੱਖ ਘਰਾਣੇ ਮਹਿਸੂਸ ਕਰਨ ਅਤੇ ਪੰਜਾਬੀ ਬੋਲੀ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਕਰਮਕੱਸਾ ਕਰ ਲੈਣ ਕਿ ਹੁਣ ਬਸ!

*ਸਾਬਕਾ ਵਾਈਸ ਪ੍ਰਿੰਸੀਪਲ
ਰੀਡਰ ਅਤੇ ਮੁਖੀ ਹਿੰਦੀ ਵਿਭਾਗ
ਗੁਰੂ ਨਾਨਕ ਖਾਲਸਾ ਕਾਲਜ, ਮੁੰਬਈ-400019
#219, ਸ਼ੇਰੇ-ਪੰਜਾਬ ਸੋਸਾਇਟੀ, ਅੰਧੇਰੀ ਈਸਟ, ਮੁੰਬਈ-400093
ਮੋਬਾਇਲ: 99691 60628



Sri Satguru Jagjit Singh Ji Elibrary NamdhariElibrary@gmail.com

# ਗੁਰਮੁਖੀ ਲਿੱਪੀ ਸੰਸਾਰ ਦੀ ਸਰਬ-ਉੱਤਮ ਲਿੱਪੀ

*ਕਰਮਜੀਤ ਸਿੰਘ ਔਜਲਾ

ਦੁਨੀਆ ਵਿਚ ਸਭ ਤੋਂ ਅਭਾਗਾ ਅਤੇ ਬਦਕਿਸਮਤ ਦੇਸ਼ ਪੰਜਾਬ ਨੂੰ ਹੀ ਮੰਨਣਾ ਚਾਹੀਦਾ ਹੈ ਕਿਉਂਕਿ ਇਥੋਂ ਦੇ ਵਾਸੀ ਪੰਜਾਬੀ ਬੋਲਣ ਦੇ ਬਾਵਜੂਦ ਵੀ ਆਪਣੀ ਮਾਤ-ਭਾਸ਼ਾ ਪੰਜਾਬੀ ਤੋਂ ਮੁਨਕਰ ਹਨ। ਇਹ ਗੱਲ ਦੋਹਾਂ ਪੰਜਾਬਾਂ ਉੱਤੇ ਤਾਂ ਲਾਗੂ ਹੁੰਦੀ ਹੀ ਹੈ ਅਰਥਾਤ ਹਿੰਦੁਸਤਾਨੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਉੱਤੇ ਵੀ। ਇਸ ਤੋਂ ਛੁੱਟ ਇਹ ਗੱਲ ਉਨ੍ਹਾਂ ਲੱਖਾਂ ਪੰਜਾਬੀਆਂ ਉੱਤੇ ਵੀ ਲਾਗੂ ਹੁੰਦੀ ਹੈ ਜਿਹੜੇ 1947 ਦੇ ਉਜਾੜੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵੱਖੋ-ਵੱਖਰੇ ਸ਼ਹਿਰਾਂ ਵਿਚ ਇਕ ਵੱਡੀ ਗਿਣਤੀ ਵਿਚ ਜਾ ਵਸੇ ਸਨ। ਇਨ੍ਹਾਂ ਲੋਕਾਂ ਦਾ ਨਾਮ ਪੰਜਾਬੀਆਂ ਦੇ ਥਾਂ ਰਿਫਿਊਜ਼ੀ, ਸ਼ਰਨਾਰਥੀ ਜਾਂ ਮੁਹਾਜਿਰ ਕਰਕੇ ਲਿਆ ਜਾਣ ਲਗ ਪਿਆ। ਸਮਝ ਲਉ ਕਿ ਪਹਿਚਾਣ ਗਵਾਚਣ ਅਤੇ ਅਪਮਾਨ ਦੀ ਪਹਿਲੀ ਕੜੀ ਆਰੰਭ ਹੋ ਗਈ।

ਪੰਜਾਬੀ ਲੋਕ ਪੰਜਾਬੀ ਬੋਲੀ ਤੋਂ ਇਨਕਾਰੀ ਕਿਉਂ ਹਨ? ਇਹ ਫਿਟਕ ਪੰਜਾਬੀਆਂ ਨੂੰ ਹੀ ਕਿਉਂ ਪੈ ਗਈ? ਇਸ ਸਭ ਦਾ ਕਾਰਨ ਧਾਰਮਕ ਪੱਖੋਂ ਦੂਜੇ ਫਿਰਕਿਆਂ ਲਈ ਨਫਰਤ ਅਤੇ ਫਿਰਕਾਪ੍ਰਸਤੀ ਹੈ। ਧਰਮ, ਜਾਤੀ, ਫਿਰਕੇ ਆਦਿ ਕਾਰਨ ਵੈਰ ਵਿਰੋਧ ਹੀ ਤਾਂ ਮਨੁੱਖਤਾ ਲਈ ਸਭ ਤੋਂ ਸ਼ਰਮਨਾਕ ਅਤੇ ਦੁਖਦਾਈ ਕਲੰਕ ਹੈ। ਇਸ ਕੁਕਰਮ ਨੇ ਅਜੇ ਤੱਕ, ਇਤਿਹਾਸ ਸੋਝੀ ਰੱਖਦਾ ਹੈ, ਬੰਦੇ ਹੱਥੋਂ ਮਾਰੇ ਜਾਣ ਵਾਲੇ ਕੁਲ ਇੱਕੀ ਕਰੋੜ ਮਨੁੱਖਾਂ ਵਿਚੋਂ ਚੌਦਾਂ ਕਰੋੜ ਮਨੁੱਖਾਂ ਦਾ ਕਤਲ ਕੀਤਾ ਹੈ। ਕੇਵਲ ਧਾਰਮਕ ਜਨੂੰਨ ਕਰਕੇ ਹੀ ਬੰਦਿਆਂ ਨੇ ਦੂਜੇ ਧਰਮਾਂ ਦੇ ਚੌਦਾਂ ਕਰੋੜ ਬੰਦੇ ਮਾਰ ਦਿੱਤੇ ਸਨ। ਕਿੰਨੀ ਸ਼ਰਮਨਾਕ ਅਤੇ ਦੁਖਦਾਈ ਗੱਲ ਹੈ। ਇਸ ਤੋਂ ਵੀ ਵੱਧ ਸ਼ਰਮ ਅਤੇ ਦੁੱਖ ਦੀ ਗੱਲ ਇਹ ਹੈ ਕਿ ਇਸ ਕਤਲੇਆਮ ਕਰਨ ਅਤੇ ਕਰਵਾਉਣ ਵਾਲੇ ਆਗੂਆਂ ਨੂੰ ਉਨ੍ਹਾਂ ਦੇ ਫਿਰਕੇ ਦੇ ਲੋਕ ਨਾਇਕਾ ਅਤੇ ਮਹਾਨਾਇਕ ਸਮਝ ਕੇ ਪੂਜਾ ਕਰਦੇ ਹਨ। ਬਾਕੀ ਦੇ ਸੱਤ ਕਰੋੜ ਲੋਕ ਡਾਕੇ, ਕਤਲਾਂ ਅਤੇ ਰਾਜ ਖੋਹ ਕੇ ਕਾਬਜ ਹੋਣ ਵਾਲੀਆਂ ਲੜਾਈਆਂ ਵਿਚ ਮਾਰੇ ਗਏ ਸਨ। ਫਿਰ ਫਰਕ ਕੀ ਹੋਇਆ? ਮਜ਼ਲੂਮ ਬੇਕਸੂਰ ਬੰਦਾ ਤਾਂ ਕਤਲ ਹੋਇਆ ਹੀ - ਭਾਵੇਂ ਫਿਰਕਾਪ੍ਰਸਤੀ ਅਤੇ ਧਾਰਮਕ ਕੱਟੜਪੰਥੀਆਂ ਦੇ ਹੱਥੋਂ ਅਤੇ ਭਾਵੇਂ ਚੋਰ ਡਾਕੂਆਂ ਜਾਂ ਦੂਜੇ ਦੇਸ਼ ਦੀਆਂ ਫੌਜਾਂ ਦੇ ਹੱਥੋਂ। ਫਿਰਕਾਪ੍ਰਸਤੀ ਦਾ ਇਹ ਜ਼ਹਿਰ ਸਭਿਆਚਾਰ ਵਿਚ ਵੀ ਆ ਗਿਆ। ਲੋਕਾਂ ਦੇ ਮਨ ਵਿਚ ਬਿਠਾ ਦਿੱਤਾ ਗਿਆ ਕਿ ਕੋਈ ਭਾਸ਼ਾ ਦੇਵ-ਭਾਸ਼ਾ ਹੈ ਅਤੇ ਕੋਈ ਬੋਲੀ ਉਜੱਡ ਗਵਾਰਾਂ ਦੀ ਬੋਲੀ ਹੈ। ਕੋਈ ਬੋਲੀ ਮੋਮਨਾਂ ਦੀ ਬੋਲੀ ਹੈ ਅਤੇ ਕੋਈ ਬੋਲੀ ਕਾਫਰਾਂ ਦੀ ਬੋਲੀ ਹੈ। ਇਸੇ ਸੋਚ ਅਧੀਨ ਤਾਂ ਕਈ ਭਾਰਤੀ ਭਾਸ਼ਾਵਾਂ ਦੇ ਅਤੇ ਲਿੱਪੀਆਂ ਦੇ ਨਾਮਕਰਨ ਵੀ ਰੱਖ ਦਿੱਤੇ ਗਏ ਜਿਵੇਂ ਕਿ ਸੰਸਕ੍ਰਿਤ ਨੂੰ ਦੇਵ-ਭਾਸ਼ਾ ਕਹਿ ਦਿੱਤਾ ਗਿਆ। ਸੰਸਕ੍ਰਿਤ ਨਾਮ ਜਾਂ ਫਾਰਸੀ, ਅਰਬੀ ਜਾਂ ਫਰੈਂਚ ਵਾਂਗ ਖੇਤਰ ਸੂਚਕ ਨਾ ਹੋ ਕੇ ਇਕ ਉੱਚ ਵਰਗ ਦੀ ਸੂਚਕ ਹੈ। ਸਭਿਅਕ ਅਤੇ ਉੱਤਮ ਸੰਸਕ੍ਰਿਤੀ ਵਾਲੇ ਲੋਕਾਂ ਦੀ ਭਾਸ਼ਾ ਨੂੰ ਸੰਸਕ੍ਰਿਤ ਮੰਨਿਆ ਗਿਆ। ਆਮ ਲੋਕਾਂ ਦੀ ਭਾਸ਼ਾ ਤਾਂ ਗਵਾਰ ਭਾਸ਼ਾ ਹੀ ਹੋਈ ਨਾ ਫਿਰ। ਜਿਵੇਂ ਅੱਜ ਸਾਰੇ ਹੀ ਅੰਗਰੇਜ਼ ਬਣਨ ਦੇ ਸ਼ੌਕੀਨ ਹਨ। ਪੁਰਾਣੇ ਸਮਿਆਂ ਵਿਚ ਵੀ ਲੋਕ ਆਪਣੀ ਮਾਂ ਨੂੰ ਗਵਾਰ ਸਮਝ ਕੇ ਅਣਭੋਲ ਹੀ ਉੱਚੀ ਸੰਸਕ੍ਰਿਤੀ ਵਾਲੀ ਮਤਰੇਈ ਮਾਂ ਦੀ ਗੋਦੀ ਵਿਚ ਜਾ ਕੇ ਬੈਠਣ ਲੱਗ ਪਏ।



Sri Satguru Jagjit Singh Ji Elibrary NamdhariElibrary@gmail.com

ਉਥੋਂ ਉਨ੍ਹਾਂ ਨੂੰ ਨਾ ਲੋਰੀਆਂ ਨਸੀਬ ਹੋਈਆਂ ਅਤੇ ਨਾ ਹੀ ਘੋੜੀਆਂ ਜਾਂ ਸਿਠਣੀਆਂ। ਬਸ ਇਮਪੋਰਟਿਡ ਸਮਝ ਕੇ ਪੀਜ਼ਾ ਅਤੇ ਮਨਚੂਰੀਅਨ ਖਾਣ ਲਗ ਪਏ। ਪਕੌੜੇ ਅਤੇ ਸਰੋਂ ਦੇ ਸਾਗ ਪ੍ਰਤੀ ਨਾ-ਪਸੰਦਗੀ ਪੈਦਾ ਕਰਨ ਦਾ ਅਸਫ਼ਲ ਯਤਨ ਕੀਤਾ ਗਿਆ। ਕੁਝ ਇਹੋ ਜਿਹੀ ਹੀ ਦੁੱਖ ਭਰੀ ਕਹਾਣੀ ਅਕ੍ਰਿਤਘਣ ਪੰਜਾਬੀਆਂ ਦੀ ਮਾਤ-ਭਾਸ਼ਾ ਪੰਜਾਬੀ ਦੀ ਹੈ।

ਪੰਜਾਬ ਵਿਚ ਤਿੰਨੇ ਧਰਮਾਂ ਦੇ ਲੋਕ ਪ੍ਰੇਮ ਪਿਆਰ ਨਾਲ ਵੱਸਦੇ ਸਨ। ਅਠਾਹਰਵੀਂ ਸਦੀ ਦੇ ਅਖੀਰ ਵਿਚ ਇਨ੍ਹਾਂ ਤਿੰਨਾਂ ਹੀ ਧਰਮਾਂ ਨੂੰ ਅੰਗਰੇਜ਼ ਦੇ ਰਾਜ ਵਿਚ ਇਸਾਈ ਧਰਮ ਦੇ ਫੈਲਣ ਦੇ ਖਤਰੇ ਤੋਂ ਆਪਣੇ ਪ੍ਰਚਾਰ ਆਰੰਭੇ। ਬਦਕਿਸਮਤੀ ਨਾਲ ਇਸ ਪ੍ਰਚਾਰ ਦਾ ਮੁੱਖ ਅੰਦਾਜ਼ ਇਹ ਸੀ ਕਿ ਇਨ੍ਹਾਂ ਤਿੰਨਾਂ ਧਰਮਾਂ ਵਿਚ ਬਹੁਤ ਫਰਕ ਹੈ। ਇਨ੍ਹਾਂ ਨੂੰ ਇਕ ਦੂਜੇ ਦੇ ਵਿਰੁੱਧ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਵਖਰੇਵੇਂ ਵਾਲੇ ਸਭਿਆਚਾਰ ਦੀ ਉਪਜ ਵੀ ਕਰ ਦਿੱਤੀ। ਵੱਖਰਾ ਖਾਣ-ਪੀਣ, ਵੱਖਰਾ ਪਹਿਰਵਾ, ਵੱਖਰੀਆਂ ਰੀਤਾਂ-ਰਿਵਾਜ਼ ਅਤੇ ਵੱਖਰੀ ਬੋਲੀ ਹਰ ਇਕ ਧਰਮ ਨੇ ਅਪਣਾ ਲਈ।

ਮੁਸਲਮਾਨਾਂ ਦੇ ਖਾਣ ਪੀਣ ਅਤੇ ਮਾਸਾਹਾਰੀ ਹੋਣਾ ਹਿੰਦੂਆਂ ਨੂੰ ਗਲਤ ਲਗਦਾ ਸੀ। ਮੁਸਲਮਾਨ ਦੇ ਧਰਮ ਗ੍ਰੰਥ ਅਰਬੀ ਵਿਚ ਸਨ। ਉਹ ਅਰਬੀ ਆਇਤਾਂ ਦੀ ਵਿਆਖਿਆ ਮਸੀਤਾਂ ਵਿਚ ਉਰਦੂ ਭਾਸ਼ਾ ਵਿਚ ਕਰਦੇ ਸਨ। ਸੋ ਮੁਸਲਮਾਨਾਂ ਦੀਆਂ ਭਾਸ਼ਾਵਾਂ ਅਰਬੀ ਅਤੇ ਉਰਦੂ ਮਨਾ ਦਿੱਤੀਆਂ ਗਈਆਂ। ਜਦਕਿ ਸੱਚਾਈ ਇਹ ਵੀ ਹੈ ਕਿ ਬਾਬਾ ਫਰੀਦ ਵਰਗੇ ਮਹਾਨ ਮੁਸਲਮਾਨਾਂ ਨੇ ਇਸਲਾਮ ਦੀ ਵਿਆਖਿਆ ਪੰਜਾਬੀ ਵਿਚ ਕਵਿਤਾ (ਬਾਣੀ) ਲਿਖ ਕੇ ਕੀਤੀ ਫਿਰ ਵੀ ਪੱਛਮੀ ਪੰਜਾਬ ਦੇ ਮੁਸਲਮਾਨ ਪੰਜਾਬੀ ਨੂੰ ਸਰਕਾਰੀ ਅਤੇ ਮਾਂ-ਬੋਲੀ ਮੰਨਣ ਤੋਂ ਕਤਰਾਉਂਦੇ ਹੀ ਰਹੇ। ਸਿੰਧੀ ਅਤੇ ਬਲੋਚੀ ਮੁਸਲਮਾਨਾਂ ਨੇ ਜਰੂਰ ਆਪਣੀ ਮਾਤ-ਭਾਸ਼ਾ ਨੂੰ ਸਤਿਕਾਰ ਦਿੱਤਾ ਅਤੇ ਅਪਣਾਇਆ ਹੈ।

ਹਿੰਦੂ ਵੀਰਾਂ ਨੂੰ ਵੀ ਇਹੋ ਜਿਹੇ ਹੀ ਭੁਲੇਖੇ ਪਾ ਦਿੱਤੇ ਗਏ। ਦੇਵ-ਭਾਸ਼ਾ ਸੰਸਕ੍ਰਿਤ ਵਿਚ ਲਿਖੇ ਹੋਏ ਧਾਰਮਕ ਗ੍ਰੰਥ ਆਮ ਹਿੰਦੂ ਸਮਝ ਨਹੀਂ ਸੀ ਸਕਦਾ। ਸੋ ਬਨਾਰਸ ਤੋਂ ਆਏ ਪ੍ਰਚਾਰਕਾਂ ਨੇ ਇਨ੍ਹਾਂ ਦੀ ਵਿਆਖਿਆ ਹਿੰਦੀ ਵਿਚ ਕੀਤੀ। ਰੀਸੋ-ਰੀਸੀ ਸਥਾਨਕ ਪਾਂਡੇ ਪੁਜਾਰੀ ਵੀ ਇਸੇ ਹੀ ਲੀਹ ਉੱਤੇ ਚਲ ਪਏ। ਮੰਦਰਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਵਿਚ ਹੀ ਵਖਿਆਨ ਹੋਣ ਲਗ ਪਏ ਅਤੇ ਹਿੰਦੂਆਂ ਨੇ ਫਿਰਕੇਦਾਰੀ ਵਾਲੇ ਪ੍ਰਚਾਰ ਦੇ ਪ੍ਰਭਾਵ ਹੇਠ ਆ ਕੇ ਆਪਣੀ ਮਾਤਰ-ਭਾਸ਼ਾ ਹਿੰਦੀ ਲਿਖਵਾਉਣੀ ਸ਼ੁਰੂ ਕਰ ਦਿੱਤੀ ਜਦਕਿ ਪੰਜਾਬ ਵਿਚ ਉਨ੍ਹਾਂ ਦੀ ਬੋਲੀ ਆਦਿ ਜੁਗਾਦਿ ਤੋਂ ਪੰਜਾਬੀ ਹੀ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪੋ ਆਪਣੀ ਮਾਤ-ਭਾਸ਼ਾ ਤੋਂ ਬੇਮੁਖ ਕਰਨ ਵਿਚ ਫਿਰਕਾਪ੍ਰਸਤ ਅਤੇ ਸਵਾਰਥੀ ਸ਼ਕਤੀਆਂ ਦਾ ਹੀ ਨਤੀਜਾ ਸੀ। ਇਹ ਸ਼ਕਤੀਆਂ ਬੰਗਾਲੀਆਂ, ਮਰਾਠੀਆਂ, ਗੁਜਰਾਤੀਆਂ, ਸਿੰਧੀਆਂ ਅਤੇ ਬਲੋਚਾਂ ਆਦਿ ਉੱਤੇ ਅਸਰ ਨਾ ਪਾ ਸਕੀਆਂ।

ਦੋ ਵੱਡੇ ਫਿਰਕਿਆਂ ਦੀ ਬਹੁ-ਗਿਣਤੀ ਪੰਜਾਬ ਵਿਚ ਪੰਜਾਬੀ ਤੋਂ ਇਨਕਾਰੀ ਹੋ ਗਈ। ਸਿੱਖਾਂ ਨੇ ਪੰਜਾਬੀ ਪ੍ਰਵਾਨ ਕੀਤੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਪੰਜਾਬੀ ਉਨ੍ਹਾਂ ਦੀ ਮਾਤ-ਭਾਸ਼ਾ ਸੀ ਅਤੇ ਦੂਸਰਾ ਪੰਜਾਬੀ ਨੂੰ ਜਿਸ ਭਾਸ਼ਾ ਵਿਚ ਲਿਖਿਆ ਜਾਂਦਾ ਹੈ ਉਸ ਦਾ ਨਾਂ ਗੁਰਮੁਖੀ ਹੋਣ ਕਰਕੇ ਸਿੱਖਾਂ ਨਾਲ ਸੰਬੰਧਤ ਕੀਤਾ ਜਾਂਦਾ ਹੈ। ਵਿਸ਼ਵਾਸ਼ ਪ੍ਰਚਲਤ ਹੈ ਕਿ ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਨੇ ਹੀ ਬਣਾਈ ਸੀ। ਜੇ ਗੁਰਮੁਖੀ ਲਿੱਪੀ ਗੁਰੂ ਅੰਗਦ ਦੇਵ ਜੀ ਤੋਂ ਪਹਿਲਾਂ



Sri Satguru Jagjit Singh Ji Elibrary NamdhariElibrary@gmail.com

ਨਹੀਂ ਸੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧ਓ ਵਿਚ ਊੜਾ ਕਿਵੇਂ ਲਿਖ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪੰਜਾਬੀ ਵਰਣਮਾਲਾ ਦੇ ਕਈ ਅੱਖਰਾਂ ਦਾ ਜ਼ਿਕਰ ਹੈ ਜਿਵੇਂ, 'ਰਾਰਾ ਰਸ ਨੀ ਰਸ ਕਰ ਮਾਨਿਆ...।' ਜੇ ਗੁਰੂ ਨਾਨਕ ਦੇਵ ਜੀ ਨੇ ਊੜੇ ਅਤੇ ਰਾਰੇ ਅੱਖਰ ਦੀ ਵਰਤੋਂ ਕੀਤੀ ਸੀ ਤਾਂ ਇਹ ਪੱਕਾ ਸਬੂਤ ਹੈ ਕਿ ਗੁਰਮੁਖੀ ਲਿੱਪੀ ਗੁਰੂ ਅੰਗਦ ਦੇਵ ਜੀ ਤੋਂ ਪਹਿਲਾਂ ਹੀ ਮੌਜੂਦ ਸੀ। ਗੁਰੂ ਅੰਗਦ ਦੇਵ ਜੀ ਨੇ ਤਾਂ ਇਸ ਲਿੱਪੀ ਵਿਚ ਕਈ ਤਰ੍ਹਾਂ ਦੇ ਸੁਧਾਰ ਕਰਕੇ ਇਸ ਨੂੰ ਵਿਗਿਆਨਕ ਅਤੇ ਸਭ ਤੋਂ ਠੀਕ ਲਿੱਪੀ ਬਣਾ ਦਿੱਤਾ। ਦੁਨੀਆ ਵਿਚ ਕੇਵਲ ਗੁਰਮੁਖੀ ਲਿੱਪੀ ਹੀ ਇਕ ਭਾਸ਼ਾ ਹੈ ਜਿਸ ਵਿਚ ਜੋ ਬੋਲਿਆ ਜਾਵੇ ਉਸੇ ਹੀ ਤਰ੍ਹਾਂ ਲਿਖਿਆ ਜਾ ਸਕਦਾ ਹੈ। ਦੁਨੀਆ ਦੀ ਹੋਰ ਕਿਸੇ ਵੀ ਲਿੱਪੀ ਵਿਚ ਇਹ ਕਾਬਲੀਅਤ ਨਹੀਂ ਹੈ। ਇਸੇ ਹੀ ਲਈ ਉਨ੍ਹਾਂ ਲਿੱਪੀਆਂ ਵਿਚ ਸ਼ਬਦ ਜੋੜ (ਸਪੈਲਿੰਗ) ਉੱਤੇ ਬਹੁਤ ਹੀ ਨਿਰਭਰਤਾ ਹੈ ਜਦ ਕਿ ਗੁਰਮੁਖੀ ਜਾਨਣ ਵਾਲਾ ਆਪਣੇ ਆਪ ਹੀ ਸ਼ਬਦ ਜੋੜਾਂ ਦੀ ਮੁਹਾਰਤ ਸਿੱਖ ਲੈਂਦਾ ਹੈ ਪਰ ਫਿਰ ਵੀ ਇਸ ਲਿੱਪੀ ਦੀ ਮਹਾਨਤਾ ਨੂੰ ਪ੍ਰਵਾਨਗੀ ਨਿਹੀਂ ਮਿਲੀ।

ਦੁਨੀਆ ਵਿਚ ਹੋਰ ਕਿਸੇ ਵੀ ਲਿੱਪੀ ਵਿਚ 'ਅੱਧਕ' ਦੀ ਹੋਂਦ ਜਾਂ ਵਰਤੋਂ ਨਹੀਂ ਹੁੰਦੀ। ਅੱਧਕ ਦਾ ਹੀਰਾ ਕੇਵਲ ਗੁਰਮੁਖੀ ਲਿੱਪੀ ਵਿਚ ਹੀ ਹੈ। ਅੱਧਕ ਦੀ ਵਰਤੋਂ ਨਾਲ ਜਿੱਥੇ ਗੁਰਮੁਖੀ ਲਿੱਪੀ ਦੇਵਨਾਗਰੀ ਵਾਂਗ ਅੱਧੇ ਅੱਖਰਾਂ ਦੇ ਯੱਬਖਾਨੇ ਵਿਚ ਨਹੀਂ ਪਈ। ਇਹੋ ਕਾਰਨ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਗੁਰਮੁਖੀ ਲਿੱਪੀ ਦੀ ਟਾਈਪਿੰਗ ਅਤੇ ਛਪਾਈ ਤਾਂ ਸਭ ਤੋਂ ਆਸਾਨ ਹੈ ਹੀ, ਇਹ ਕੰਪਿਊਟਰ ਵਾਸਤੇ ਵੀ ਸਭ ਤੋਂ ਉਪਯੁਕਤ ਹੈ।

ਬੋਲਣ ਵਿਚ ਮੌਲਿਕ ਆਵਾਜ਼ਾਂ ਕੇਵਲ ਪੈਂਤੀ ਹੀ ਹਨ। ਇਨ੍ਹਾਂ ਨੂੰ ਮਿਲਾਕੇ ਲੱਖਾਂ ਆਵਾਜ਼ਾਂ ਜਾਂ ਸ਼ਬਦ ਬਣਾਏ ਜਾ ਸਕਦੇ ਹਨ। ਇਸ ਕਾਰਜ ਲਈ ਦੇਵਨਾਗਰੀ ਵਿਚ ਦੁਬੱਲੇ ਅੱਖਰ ਹਨ ਜਿਵੇਂ ਕਿ ਕਸ਼ਾ, ਗਿਆ, ਆਦਿ। ਪੰਜਾਬੀ ਲਿੱਪੀ ਦੀ ਸਮਰੱਥਾ ਹੈ ਕਿ ਇਹ ਇਨ੍ਹਾਂ ਅੱਖਰਾਂ ਤੋਂ ਬਗੈਰ ਹੀ ਸਹੀ ਉਚਾਰਨ ਵਿਚ ਸਮਰੱਥ ਹੈ ਅਤੇ ਅੱਖਰਾਂ ਦੀ ਗਿਣਤੀ ਵਧਾ ਕੇ ਛਪਾਈ ਅਤੇ ਕੰਪਿਊਟਰ ਦੇ ਕੰਮ ਨੂੰ ਮੁਸ਼ਕਲ ਨਹੀਂ ਕਰਦੀ।

ਭਾਰਤ ਵਿਚ ਮਨੂੰਵਾਦ ਨੇ ਹਰ ਇਕ ਵਿਕਾਸ ਮੁਖੀ ਲਹਿਰ ਦਾ ਵਿਰੋਧ ਕੀਤਾ ਹੈ। ਭਾਰਤੀ ਲਹਿਰ ਵਿਚ ਕਬੀਰ, ਰਵੀਦਾਸ, ਨਾਮਦੇਵ, ਸਧਨਾ ਆਦਿ ਨੂੰ ਬੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਹ ਇਕ ਵਰਣ ਦੇ ਏਕਾਅਧਿਕਾਰ ਤੋਂ ਧਰਮ ਨੂੰ ਮੁਕਤ ਕਰਨਾ ਚਾਹੁੰਦੇ ਸਨ। ਇਸੇ ਹੀ ਤਰ੍ਹਾਂ ਭਾਰਤੀ ਭਾਸ਼ਾਵਾਂ ਅਜਾਇਬ ਘਰੀਂ ਭਾਸ਼ਾ ਸੰਸਕ੍ਰਿਤ ਦਾ ਇਕ ਚੰਗਾ ਵਿਕਲਪ ਬਣ ਸਕਦੀਆਂ ਸਨ। ਮਨੂੰਵਾਦੀਆਂ ਨੇ ਵਿਰੋਧ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਕੁਝ ਭਾਸ਼ਾਵਾਂ ਜਿਵੇਂ ਕਿ ਹਰਿਆਣਵੀ ਭਾਸ਼ਾ ਹੈ ਆਦਿ ਦੀ ਕਬਰ ਪੁੱਟੀ ਪਈ। ਰਾਜਸਥਾਨੀ, ਪਹਾੜੀ, ਡੋਗਰੀ, ਮਗਲੀ, ਖੜੀ ਬੋਲੀ ਆਦਿ ਭਾਸ਼ਾਵਾਂ ਲਈ ਦੇਵਨਾਗਰੀ ਉਪਯੁਕਤ ਨਹੀਂ ਹੈ। ਇਨ੍ਹਾਂ ਲਈ ਅਲੱਗ ਲਿਪੀਆਂ ਦੀ ਲੋੜ ਹੈ ਪਰ ਲਿੱਪੀ ਵਿਕਾਸ ਨੂੰ ਸੰਸਕ੍ਰਿਤੀ ਅਤੇ ਮੰਨੂਵਾਦੀ ਵਿਰੋਧੀ ਸਮਝ ਕੇ ਉਠਣ ਹੀ ਨਹੀਂ ਦਿੱਤਾ ਗਿਆ ਪਰ ਸ਼ੁਕਰ ਹੈ ਪੰਜਾਬੀ ਦੀ ਲਿੱਪੀ ਹੈ।

*ਸੰਪਾਦਕ ਸੇਵਾ ਲਹਿਰ
#9528, ਜੋਸ਼ੀ ਨਗਰ, ਹੈਬੋਵਾਲ ਕਲਾਂ, ਲੁਧਿਆਣਾ।
ਮੋਬਾਇਲ : 92165-05850



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭਾਸ਼ਾ ਸਮਰੱਥ ਹੈ ਵਿਸ਼ਵ-ਵਰਤੀ ਉਦੇਸ਼ਾਂ ਲਈ

*ਪ੍ਰੋ: ਬਲਵਿੰਦਰਪਾਲ ਸਿੰਘ

ਸ਼ੇਖ ਫਰੀਦ ਜੀ ਇਕ ਮੁਸਲਮਾਨ ਸੂਫੀ ਫਕੀਰ ਸਨ ਜਿਨ੍ਹਾਂ ਨੇ ਇਸਲਾਮ ਦੀ ਮਰਯਾਦਾ ਨੂੰ ਵੀ ਨਿਭਾਇਆ ਅਤੇ ਮਾਨਵਵਾਦੀ ਕਦਰਾਂ ਕੀਮਤਾਂ ਦਾ ਮਿਠਾਸ ਭਰਿਆ ਤੇ ਮਨ ਨੂੰ ਲੁਭਾਅ ਲੈਣ ਵਾਲਾ ਸੰਦੇਸ਼ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਫਰੀਦ ਜੀ ਦੀ ਬਾਣੀ ਦਾ ਸਥਿਤ ਹੋਣਾ, ਪੰਜਾਬੀ ਜ਼ੁਬਾਨ ਦੀ ਪਾਰ-ਸਭਿਆਚਾਰਕ ਅਤੇ ਵਿਸ਼ਵ-ਵਰਤੀ ਭਾਈਚਾਰੇ ਪ੍ਰਤੀ ਸਮਰੱਥਾ ਨੂੰ ਪ੍ਰਗਟ ਕਰਦਾ ਹੈ। 'ਦਿਲਹੁ ਮੁਹਬਤਿ ਜਿਨਿ ਸੇਈ ਸਚਿਆ॥' ਦਾ ਸੰਦੇਸ਼ ਅਤੇ ਹੋਰ ਦਰਜਨਾਂ ਕਥਨ, ਸੰਸਾਰ ਦੇ ਲਈ ਸਦੈਵ ਚਾਨਣ ਮੁਨਾਰਾ ਹਨ। ਪ੍ਰਚਾਰਕ ਭਾਸ਼ਾ ਨਹੀ ਰਸ ਭਰਪੂਰ ਸੰਚਾਰਕ ਸ਼ੈਲੀ ਵਿਚ ਫਰੀਦ ਜੀ ਦਾ ਕਲਾਮ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ 36 ਮਹਾਪੁਰਖਾਂ ਦੀ ਬਾਣੀ ਗੁਰਮੁਖੀ ਲਿਪੀ ਵਿਚ ਮੂਲ ਰੂਪ ਅੰਦਰ ਅੰਕਿਤ ਹੈ। ਵਿਸ਼ਵ ਦੀਆਂ ਕਈ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ ਅਤੇ ਵਿਸ਼ਲੇਸ਼ਣ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਹੁ-ਸਭਿਆਚਾਰਕ ਪ੍ਰਵਿਰਤੀ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼, ਗੁਰਮੁਖੀ ਲਿਪੀ ਵਿਚ ਹੋਣਾ, ਪੰਜਾਬੀ ਜ਼ੁਬਾਨ ਲਈ ਸਭ ਤੋਂ ਵੱਡੀ ਨਿਆਮਤ ਹੈ। ਕਿਉਂ ਜੋ ਗੁਰਬਾਣੀ ਵਿਚ ਸੰਸਕ੍ਰਿਤ, ਬ੍ਰਿਜ, ਪੰਜਾਬੀ, ਹਿੰਦੀ, ਪਾਲੀ, ਫਾਰਸੀ ਆਦਿ ਕਈ ਭਾਸ਼ਾਵਾਂ ਦੇ ਸ਼ਬਦ ਹਨ, ਇਸ ਲਈ ਪੰਜਾਬੀ ਭਾਸ਼ਾ ਨੂੰ ਇਹ ਸਾਰਾ ਸ਼ਬਦ-ਖਜ਼ਾਨਾ ਇਕ ਪੈਕੇਜ ਦੇ ਰੂਪ ਵਿਚ ਮਿਲ ਗਿਆ ਹੈ ਜਿਸ ਉੱਤੇ ਹਰ ਪੰਜਾਬੀ ਮਾਣ ਕਰ ਸਕਦਾ ਹੈ। ਹੁਣ ਸਾਨੂੰ ਰਾਮ ਅਤੇ ਅੱਲਾ, ਦੋਨੋ ਹੀ ਪੰਜਾਬੀ ਭਾਸ਼ਾ ਦੇ ਸ਼ਬਦ ਲਗਦੇ ਹਨ। ਨਮਾਜ਼ ਅਤੇ ਭਗਤੀ, ਸਾਡੇ ਆਪਣੇ ਧਾਰਮਕ ਕਰਮ ਹਨ। ਬੰਦਗੀ ਅਤੇ ਸਾਧਨਾ, ਪੰਜਾਬੀ ਭਾਸ਼ਾ ਦੇ ਆਪਣੇ ਸੰਕਲਪ ਬਣ ਗਏ ਹਨ। ਇਸ ਪੱਖ ਵਲ, ਭਾਸ਼ਾ ਵਿਗਿਆਨੀ ਤਾਂ ਮਾਣ ਨਾਲ ਤੱਕਦੇ ਹਨ ਪਰ ਆਮ ਲੋਕਾਂ ਦਾ ਇਸ ਵਲ ਧਿਆਨ ਸ਼ਾਇਦ ਹੀ ਜਾਂਦਾ ਹੋਵੇ।

ਜੋਗੀਆਂ ਨਾਥਾਂ ਦਾ ਸਾਹਿਤ ਵੀ ਠੇਠ ਪੰਜਾਬੀ ਭਾਸ਼ਾ ਵਿਚ ਹੈ। ਹੁਣ ਇਹ ਪੰਥ ਅਲੋਪ ਹੋ ਗਏ ਲਗਦੇ ਹਨ, ਜਾਂ ਇਨ੍ਹਾਂ ਦੇ ਵਾਰਸ, ਰਹਿਣੀ ਦੇ ਪੱਖੋਂ ਜੋਗ ਮੱਤ ਤੇ ਨਾਥ-ਰਹਿਤ ਦੇ ਅਨੁਸਾਰੀ ਨਹੀ ਰਹੇ। ਆਧੁਨਿਕਤਾ ਨੇ ਇਨ੍ਹਾਂ ਦੇ ਸਮੂਹਾਂ ਵਿਚ ਤਬਦੀਲੀ ਲੈ ਆਂਦੀ ਹੈ। ਨਿਰਮਲੇ ਤੇ ਉਦਾਸੀ ਸੰਪਰਦਾਵਾਂ ਦੇ ਕਈ ਵੱਡੇ ਵੱਡੇ ਵਿਦਵਾਨ ਹੋਏ ਹਨ, ਜਿਨ੍ਹਾਂ ਦੀਆਂ ਲਿਖਤਾਂ ਉੱਤੇ ਖੋਜ ਵੀ ਹੋਈ ਹੈ ਪਰ ਇਹ ਰਚਨਾਵਾਂ ਆਮ ਲੋਕਾਂ ਤੱਕ ਬਹੁਤ ਘੱਟ ਅਪੜਦੀਆਂ ਹਨ।

ਸੂਫੀ ਸਾਹਿਤ ਜੋ ਪੰਜਾਬੀ ਵਿਚ ਰਚਿਆ ਗਿਆ ਉਨ੍ਹਾਂ ਵਿਚ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ ਆਦਿ ਦੀਆਂ ਰਚਨਾਵਾਂ, ਪੰਜਾਬੀ ਭਾਸ਼ਾ ਦੀ ਵੱਡੀ ਸ਼ੱਕਤੀ ਹਨ। ਸੂਫੀ ਰਹਿਣ ਸਹਿਣ ਪ੍ਰਤੀ ਮੋਹ ਘਟਣ ਕਰਕੇ ਅਤੇ ਸ਼ਰਾਬ-ਕਬਾਬ-ਸ਼ਬਾਬ ਦੀ ਉਪਭੋਗਤਾ ਵਧਣ ਕਰਕੇ, ਇਹ ਕੀਮਤੀ ਖਜ਼ਾਨਾ, ਪੰਜਾਬੀ ਕਹਾਉਣ ਵਾਲੇ ਲੋਕਾਂ ਦੇ ਮਨਾਂ ਤੱਕ ਪਹੁੰਚਦਾ ਹੀ ਨਹੀ। ਕੁਝ ਫਿਲਮਾਂ ਅਤੇ ਫੀਚਰ ਤਿਆਰ ਵੀ ਹੋਏ ਹਨ ਤਾਂ ਉਨ੍ਹਾਂ ਦਾ ਪ੍ਰਦਰਸ਼ਨ ਸੀਮਤ ਹੋ ਕੇ ਰਹਿ ਜਾਂਦਾ



Sri Satguru Jagjit Singh Ji Elibrary NamdhariElibrary@gmail.com

ਹੈ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਅੱਜ ਵੀ ਸੂਫੀ ਕਲਾਮ ਸੁਣਨ ਨੂੰ ਮਿਲਦਾ ਹੈ। ਕਦੇ ਸਮਾਂ ਜ਼ਰੂਰ ਆਏਗਾ ਜਦੋਂ ਲੋਕ, ਅਖੌਤੀ ਆਧੁਨਿਕਤਾ ਵੱਲੋਂ ਅੱਕ-ਥੱਕ ਜਾਣਗੇ ਅਤੇ ਮਨ ਨੂੰ ਸਕੂਨ ਤੇ ਚੈਨ ਦੇਣ ਵਾਲੇ ਸੂਫੀ ਸਾਹਿਤ ਦੇ ਦੀਵਾਨੇ ਹੋਣਗੇ।

ਕਿੱਸਾ-ਕਾਵਿ ਪੰਜਾਬੀ ਭਾਸ਼ਾ ਦਾ ਇਕ ਹੋਰ ਅਮੀਰ ਪੱਖ ਹੈ। ਵਾਰਸ ਸ਼ਾਹ ਅਤੇ ਹੋਰ ਕਵੀਆਂ ਨੇ ਹੀਰ-ਰਾਂਝਾ, ਸੱਸੀ-ਪੁੰਨੂੰ, ਮਿਰਜ਼ਾ-ਸਾਹਿਬਾਂ ਆਦਿ ਪ੍ਰੇਮ ਜੋੜੀਆਂ ਦੇ ਪ੍ਰਸਪਰ ਪਿਆਰ ਨੂੰ ਇਸ਼ਕ-ਮਜਾਜ਼ੀ ਵਲੋਂ ਇਸ਼ਕ-ਹਕੀਕੀ ਵਲ ਯਾਤਰਾ ਕਰਦਿਆਂ ਸਾਹਿਤ ਦੁਆਰਾ ਸਿੱਧ ਕੀਤਾ ਹੈ। ਇਨ੍ਹਾਂ ਦੇ ਸਾਹਿਤ ਦੇ ਸਦਕਾ ਹੀ ਇਹ ਕਿੱਸੇ ਅਜੇ ਤੱਕ ਜੀਵਤ ਹਨ। ਇਹ ਪੰਜਾਬੀ ਜ਼ੁਬਾਨ ਦੀ ਸਮਰੱਥਾ ਦੇ ਕਰਕੇ ਹੀ ਸੰਭਵ ਹੋਇਆ ਹੈ ਨਹੀ ਤਾਂ ਇਸਤਰੀ-ਪੁਰਸ਼ ਦੀ ਪ੍ਰਸਪਰ ਆਕਰਸ਼ਕ ਤਾਂ ਯੁਗਾਂ ਤੋਂ ਚੱਲਦੀ ਆ ਰਹੀ ਹੈ, ਇਸ ਵਿਚ ਹੈਰਾਨੀਂ ਤੇ ਗੌਰਵ ਵਾਲੀ ਕੋਈ ਗੱਲ ਅੱਡਰੇ ਰੂਪ ਵਿਚ ਨਹੀਂ ਹੈ।

ਪੰਜਾਬੀ ਭਾਸ਼ਾ ਦੀ ਵਿਸ਼ਵ ਵਰਤੀ ਸਮਰੱਥਾ ਦੇ ਪ੍ਰਗਟ ਹੋਣ ਦੇ ਚਿੰਨ੍ਹ ਕਈ ਥਾਂਈ ਅਨੁਭਵ ਕੀਤੇ ਜਾਂਦੇ ਹਨ ਜਦੋਂ ਅਸੀ ਕੰਪਿਊਟਰ ਉੱਤੇ ਕਈ ਪ੍ਰਕਾਰ ਦੇ ਪੰਜਾਬੀ ਫੌਂਟ ਦੇਖਦੇ ਹਾਂ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਾਰੇ ਫੌਂਟਾਂ ਦੇ ਏਕੀਕਰਣ ਲਈ ਜ਼ੋਰਦਾਰ ਉਪਰਾਲੇ ਜਾਰੀ ਹਨ ਅਤੇ ਛੇਤੀ ਹੀ ਪੰਜਾਬੀ ਭਾਸ਼ਾ, ਕੰਪਿਊਟਰ ਉੱਤੇ ਇਕ ਆਮ ਪ੍ਰਮਾਣਿਤ ਭਾਸ਼ਾ ਬਣਨ ਜਾ ਰਹੀ ਹੈ।

ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਸਾਹਿਤ ਅਤੇ ਖੋਜ ਦੇ ਖੇਤਰ ਵਿਚ ਜੋ ਇਜਾਰੇਦਾਰੀਆਂ ਸਥਾਪਤ ਹੋ ਗਈਆਂ ਹਨ, ਉਨ੍ਹਾਂ ਦੇ ਵਿਚ ਰਾਜਨੀਤਕ ਪੱਖਪਾਤ ਅਤੇ ਧੜੇ ਨਾਲ ਜੁੜੇ ਸਾਹਿਤਕਾਰਾਂ ਦੀ ਅਕੁਸ਼ਲਤਾ ਨੂੰ ਵਡਿਆ ਕੇ ਪੇਸ਼ ਕਰਨ ਦੇ ਸੰਕੇਤ ਉਭਰੇ ਹਨ। ਗਜ਼ਲਾਂ, ਕਹਾਣੀਆਂ, ਨਾਵਲ, ਨਾਟਕ ਆਦਿ ਮੌਲਿਕ ਸਾਹਿਤ ਲਿਖਣ ਨੂੰ ਹੀ ਪੰਜਾਬੀ ਸਾਹਿਤ ਦਾ ਮੁੱਖ ਖੇਤਰ ਮੰਨਿਆ ਜਾ ਰਿਹਾ ਹੈ। ਇਕ ਜਮਾਤ ਵਿਚ ਵਿਸ਼ੇਸ਼ ਪੁਸਤਕਾਂ ਕਈ ਕਈ ਸਾਲਾਂ ਤੋਂ ਲੱਗਦੀਆਂ ਆ ਰਹੀਆਂ ਹਨ।ਪੰਜਾਬੀ ਭਾਸ਼ਾ ਦੇ ਵਿਚ ਵਿਗਿਆਨ ਦੀ ਪੜਾਈ ਕਿਵੇਂ ਹੋਵੇ? ਇਸ ਪ੍ਰਸ਼ਨ ਦੇ ਉੱਤਰ ਵਿਚ ਬਹੁਤ ਪ੍ਰਸੰਸਾਯੋਗ ਕਾਰਜ ਅਜੇ ਨਹੀ ਹੋਇਆ। ਭਾਸ਼ਾ ਵਿਗਿਆਨ ਅਤੇ ਅਲੋਚਨਾ ਦੇ ਖੇਤਰ ਵਿਚ ਵੀ ਉਨ੍ਹਾਂ ਵਿਦਵਾਨਾਂ ਦੀ ਦੇਣ ਵੱਧ ਤੇ ਵਿਸ਼ੇਸ਼ ਹੈ ਜਿਨ੍ਹਾਂ ਨੇ ਪੱਛਮੀ ਸਾਹਿਤ ਵਿੱਚੋਂ ਨਵੀਆਂ ਵਿਧੀਆਂ ਤੇ ਜੁਗਤਾਂ ਨੂੰ ਗ੍ਰਹਿਣ ਕਰਕੇ, ਪੰਜਾਬੀ ਸਾਹਿਤ ਵਿੱਚ ਲਿਆਂਦਾ ਹੈ। ਚਲੋ, ਇਸ ਵਿਚ ਕੋਈ ਹਰਜ ਵੀ ਨਹੀਂ, ਪਰ ਮੌਲਿਕ ਰੂਪ ਵਿਚ ਵਿਗਿਆਨਕ ਸੁਰਤੀ ਬਿਰਤੀ ਵਾਲੇ ਚੰਗੇ ਵਿਦਿਆਰਥੀ, ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਅਧਿਅਨ ਵਲ ਲੇ ਕੇ ਆਉਣੇ ਅਤੀ ਜ਼ਰੂਰੀ ਹਨ। ਪਿਆਰ ਅਤੇ ਬ੍ਰਿਹੋਂ ਦੇ ਸੰਬੰਧੀ ਕੁਝ ਗਜ਼ਲਾਂ ਲਿਖਣ ਵਾਲੇ ਅਤੇ 80 ਪੰਨਿਆਂ ਦੀ ਪੁਸਤਕ 150 ਰੁ: ਵਿਚ ਵੇਚਣ ਵਾਲੇ ਲੇਖਕ, ਜ਼ਰੂਰ ਚੰਗੇ ਹੋਣਗੇ, ਪਰ ਇਸ ਤਰ੍ਹਾਂ ਦੀ ਕ੍ਰਿਆ ਨਾਲ, ਪੰਜਾਬੀ ਭਾਸ਼ਾ ਦੀ ਭਵਿੱਖ ਵੰਗਾਰ ਦਾ ਸਾਹਮਣਾ ਨਹੀ ਕੀਤਾ ਜਾ ਸਕੇਗਾ ।

ਮੇਰਾ ਤਾਂ ਵਿਸ਼ਵਾਸ਼ ਹੈ ਕਿ ਪੰਜਾਬੀ ਭਾਸ਼ਾ ਦੀ ਵਿਸ਼ਵ ਵਰਤੀ ਸਮਰੱਥਾ ਅਤੇ ਇਸ ਵਿਚ ਰਚੇ ਮਹਾਨ ਸਾਹਿਤਕ ਖਜ਼ਾਨੇ ਦੀ ਥਾਹ ਪਾਉਣ ਲਈ, ਸਾਡੀਆਂ ਆਪਣੀਆਂ ਸੰਸਥਾਵਾਂ ਦੇ ਨਾਲੋਂ, ਮਾਈਕਰੋਸਾਫਟ, ਗੂਗਲ, ਯਾਹੂ, ਡੇਲ ਜਾਂ ਵਿਦੇਸ਼ੀ ਯੂਨੀਵਰਸਿਟੀਆਂ ਦੇ ਭਾਸ਼ਾ-ਖੋਜ ਵਿਭਾਗ ਵਧੇਰੇ ਨਿਵੇਸ਼ ਕਰਕੇ, ਸਾਡੇ ਉਭਰਦੇ ਚੰਗੇ ਭਾਸ਼ਾ ਵਿਦਵਾਨਾਂ ਨੂੰ ਖੋਜ ਅਤੇ ਵਿਕਾਸ ਲਈ ਲੈ ਜਾਣਗੇ। ਪੰਜਾਬੀ ਵਿਚ ਚੱਲ ਰਹੇ ਮੌਜੂਦਾ ਲੱਚਰ ਗੀਤ ਸੰਗੀਤ ਅਤੇ ਵਪਾਰੀਕਰਣ ਦਾ ਕੋਈ



Sri Satguru Jagjit Singh Ji Elibrary NamdhariElibrary@gmail.com

ਭਵਿੱਖ ਨਹੀਂ ਹੈ। ਇਸ ਨੇ ਨੌਜਵਾਨਾਂ ਦੀ ਆਰਥਕ ਹਾਨੀਂ ਜਿੰਨੀਂ ਕੁ ਕਰ ਦਿੱਤੀ ਹੈ, ਉਸ ਦਾ ਭੁਗਤਾਨ ਸਾਰਾ ਪੰਜਾਬੀ ਸਮਾਜ ਹੀ ਭੁਗਤ ਰਿਹਾ ਹੈ।

ਇਕ ਸਰਬ ਸਾਂਝੇ ਵਿਸ਼ਵ ਬਰਤੀ ਸਮਾਜ ਦੀ ਸਿਰਜਨਾ ਵਲ ਜੋ ਯਤਨ ਹੋ ਰਹੇ ਹਨ, ਉਸ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਪੰਜਾਬੀ, ਆਪਣਾ ਬਣਦਾ ਯੋਗਦਾਨ ਪਾ ਸਕਣ, ਇਸ ਦੇ ਲਈ ਸਾਨੂੰ ਪੰਜਾਬੀ ਭਾਸ਼ਾ ਦੇ ਪ੍ਰਤੀ ਮੋਹ ਅਤੇ ਲਗਾਵ ਅਮਲੀ ਤੌਰ 'ਤੇ ਦਿਖਾਉਣਾ ਹੋਵੇਗਾ।

ਅਰਥ ਸ਼ਾਸਤਰ ਵਿਭਾਗ,
ਜੀ.ਐਚ.ਜੀ.ਖਾਲਸਾ ਕਾਲਜ, ਗੁਰੂਸਰ ਸਧਾਰ
ਆਨਰੇਰੀ ਸੰ: ਸਾਡਾ ਵਿਰਸਾ ਸਾਡਾ ਗੌਰਵ।
ਮੋਬਾਇਲ: 98880 21699

□□□

ਸੂਟ ਪਟਿਆਲਾ ਛੱਡ, ਜੀਨ ਪਾਵੇਂ ਤੰਗ ਨੀਂ,
ਮਾਂ-ਬੋਲੀ ਬੋਲਦੀ ਨੂੰ ਆਵੇ ਤੈਨੂੰ ਸੰਗ ਨੀਂ।
ਮਾਖਿਉਂ ਤੋਂ ਮਿਠੜੀ ਪੰਜਾਬੀ ਬੋਲੀ ਛੱਡ ਕੇ ਤੂੰ,
ਜਾਵੇਂ ਹੋਰ ਬੋਲੀਆਂ ਉਚਾਰੀ ਨੀ ਪੰਜਾਬਣੇ।
ਖੁੱਸ ਚੱਲੀ ਤੇਰੀ ਸਰਦਾਰੀ ਨੀ ਪੰਜਾਬਣੇ।



Sri Satguru Jagjit Singh Ji Elibrary NamdhariElibrary@gmail.com

# ਮਾਣ-ਮੱਤੀ ਤੇ ਮਾਖਿਉਂ ਮਿੱਠੀ ਹੈ ਮਾਂ-ਬੋਲੀ ਪੰਜਾਬੀ!!

***ਡਾ: ਮੇਜਰ ਸਿੰਘ**

ਮਾਂ-ਬੋਲੀ ਹਰ ਮਨੁੱਖ ਨੂੰ ਆਪਣੀ ਮਾਂ ਦੀ ਗੋਦ ਵਿਚੋਂ, ਮਾਂ ਦੇ ਦੁੱਧ ਵਿਚੋਂ ਪ੍ਰਾਪਤ ਹੁੰਦੀ ਹੈ ਅਤੇ ਹੱਡਾਂ ਵਿਚ ਰਚ-ਮਿਚ ਜਾਂਦੀ ਹੈ। ਮਾਹਿਰ ਮੰਨਦੇ ਹਨ ਕਿ ਬੱਚੇ ਦੇ ਸੰਪੂਰਨ ਮਾਨਸਿਕ ਵਿਕਾਸ ਦਾ ਸਿੱਧਾ ਵਾਸਤਾ ਉਸਦੀ ਮਾਂ-ਬੋਲੀ ਨਾਲ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਕਿਸੇ ਕੌਮ, ਖਿੱਤੇ, ਰਾਜ ਜਾਂ ਦੇਸ਼ ਦਾ ਵਿਕਾਸ, ਉੱਨਤੀ ਸਿੱਧੇ ਜਾਂ ਅਸਿਧੇ ਤੌਰ 'ਤੇ ਉਸ ਦੀ ਮਾਂ-ਬੋਲੀ 'ਤੇ ਬਹੁਤ ਨਿਰਭਰ ਕਰਦਾ ਹੈ। ਹਰ ਕੌਮ ਲਈ ਉਸ ਦੀ ਮਾਂ-ਬੋਲੀ (ਮਾਤ-ਭਾਸ਼ਾ) ਸਤਿਕਾਰਤ ਹੈ, ਹੋਣੀ ਵੀ ਚਾਹੀਦੀ ਹੈ। ਪਰ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਇਕ ਸਿਰ ਚੜ੍ਹ ਕੇ ਬੋਲਣ ਵਾਲਾ ਜਾਦੂ ਹੈ। ਪੰਜਾਬੀ ਇਕ ਵਿਕਸਤ ਤੇ ਜਾਨਦਾਰ ਭਾਸ਼ਾ ਹੈ। ਫਿਰ ਪੰਜਾਬੀਆਂ ਦੀ ਮਾਂ-ਬੋਲੀ ਪ੍ਰਤੀ ਬੇਰੁਖੀ ਜਾਂ ਹੀਣ-ਭਾਵਨਾ ਕਿਉਂ? ਸਗੋਂ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ 'ਤੇ ਅਥਾਹ ਮਾਣ ਤੇ ਫ਼ਖ਼ਰ ਕਰਨਾ ਬਣਦਾ ਹੈ। ਹੋਰ ਪੱਖਾਂ ਦਾ ਵਿਸਲੇਸ਼ਣ ਕਰਨ ਤੋਂ ਪਹਿਲਾਂ ਮੈਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਪੰਜਾਬੀ ਬੋਲੀ ਦੇ ਕੁਝ ਵਿਲੱਖਣ ਗੁਣ ਤੇ ਤੱਥ ਲਿਖ ਰਿਹਾ ਹਾਂ:

- ਪੰਜਾਬੀ ਬੋਲੀ ਬਹੁਤ ਭਾਸ਼ਾਵਾਂ ਨਾਲੋਂ ਅਮੀਰ ਹੈ। ਇਸ ਦਾ ਵਿਰਸਾ ਜਿਥੇ ਗੁਰਬਾਣੀ ਹੈ ਉਥੇ ਹੀ ਲੋਕ ਬੋਲੀ ਵਿਚ ਇਸਦਾ ਅਥਾਹ ਖਜ਼ਾਨਾ ਭਰਿਆ ਪਿਆ ਹੈ।
- ਸਿੱਖ ਗੁਰੂਆਂ, ਭਗਤਾਂ, ਭੱਟਾਂ, ਸੂਫੀ ਕਵੀਆਂ, ਪੀਰ-ਪੈਗੰਬਰਾਂ ਤੇ ਰਿਸ਼ੀਆਂ-ਮੁਨੀਆਂ ਨੇ ਪਰਮਾਤਮਾ ਦੀ ਬਾਣੀ ਅਤੇ ਹੋਰ ਲਿਖਤਾਂ, ਰਚਨਾਵਾਂ ਪੰਜਾਬੀ ਵਿਚ ਰਚ ਕੇ ਪੰਜਾਬੀ ਭਾਸ਼ਾ ਦੇ ਖਜ਼ਾਨੇ ਨੂੰ ਸਦੀਵੀਂ ਕਾਲ ਲਈ ਅਮੀਰ ਤੇ ਸ਼ਕਤੀਵਾਨ ਬੋਲੀ ਬਣਾ ਦਿੱਤਾ ਹੈ।
- ਮਾਹਿਰਾਂ ਮੁਤਾਬਕ ਪੰਜਾਬੀ ਭਾਸ਼ਾ ਸਮੂਹ ਭਾਸ਼ਾਵਾਂ ਵਿਚੋਂ ਸੌਖੀ ਹੈ। ਜਿਸ ਤਰ੍ਹਾਂ ਬੋਲਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਲਿਖਿਆ ਜਾ ਸਕਦਾ ਹੈ, ਭਾਵ ਸ਼ਬਦ-ਜੋੜ ਸਜਿਹੇ ਹੀ ਬਣ ਜਾਂਦੇ ਹਨ ਜਦੋਂ ਕਿ ਬਾਕੀ ਭਾਸ਼ਾਵਾਂ ਵਿਚ ਅਜਿਹਾ ਨਹੀਂ ਹੈ।
- ਪੰਜਾਬੀ ਇਕ ਬਹੁਤ ਅਮੀਰ ਤੇ ਉੱਨਤ ਭਾਸ਼ਾ ਹੈ। ਪੰਜਾਬੀ ਬਹੁ-ਪਰਤੀ, ਬਹੁ-ਦਿਸ਼ਾਵੀ, ਬਹੁ-ਅਨੁਭਵੀ ਵਿਕਸਤ ਭਾਸ਼ਾ ਹੈ।
- ਪੰਜਾਬੀ ਭਾਸ਼ਾ ਵਿਚ ਹਰ ਤਰ੍ਹਾਂ ਦੀ ਬਰੀਕ, ਬੌਧਿਕ, ਸਿਧਾਂਤਕ, ਵਿਗਿਆਨਕ, ਸਭਿਆਚਾਰਕ, ਵਿਚਾਰਾਤਮਕ ਅਤੇ ਦਾਰਸ਼ਨਿਕ ਗੱਲ ਕੀਤੀ ਤੇ ਲਿਖੀ ਜਾ ਸਕਦੀ ਹੈ।
- ਗੁਰਮੁਖੀ ਲਿਪੀ ਸਭ ਤੋਂ ਉਤਮ ਲਿਪੀ ਹੈ। ਇਹ ਬਹੁਤ ਸਰਲ, ਸੌਖੀ ਅਤੇ ਗੁੰਝਲ ਰਹਿਤ ਹੈ। ਹਰ ਅਵਾਜ਼/ਧੁਨੀ ਲਈ ਇਕੋ ਅੱਖਰ ਮੌਜੂਦ ਹੈ ਭਾਵ ਇਕੋ ਅੱਖਰ ਕਿਏ ਹੀ ਅਵਾਜ਼ ਨੂੰ ਪ੍ਰਗਟ ਕਰਦਾ ਹੈ।



Sri Satguru Jagjit Singh Ji Elibrary NamdhariElibrary@gmail.com

- ਗੁਰਮੁਖੀ ਲਿਪੀ ਵਿਚ ਤੇਜ਼ ਲਿਖਾਈ ਲਈ ਬਿਨਾ ਕਲਮ ਚੁੱਕੇ ਲਿਖੇ ਜਾਣ ਦਾ ਗੁਣ ਮੌਜੂਦ ਹੈ। ਇਸ ਵਿਚ ਅੱਧੇ ਅੱਖਰ ਲਿਖਣ ਦਾ ਰਿਵਾਜ਼ ਨਹੀਂ ਹੈ ਜਦੋਂਕਿ ਅੱਧਕ (ੱ), ਬਿੰਦੀ (.) ਤੇ ਟਿੱਪੀ (ੰ ) ਦੀ ਵਰਤੋਂ ਲਈ ਵਿਸ਼ੇਸ਼ ਨਿਯਮ ਹਨ।
- ਪੰਜਾਬੀ ਭਾਸ਼ਾ ਰਿਸ਼ਤਿਆਂ ਵਿਚ ਗੂੜ੍ਹਾ ਪਿਆਰ ਅਤੇ ਅਪਣੱਤ ਭਰਦੀ ਹੈ। ਪੰਜਾਬੀ ਭਾਸ਼ਾ ਨੇ ਜਿਸ ਸੁਧਤਾ ਨਾਲ ਸਾਕ-ਸੰਬੰਧੀਆਂ ਦੀ ਨਿਸ਼ਾਨਦੇਹੀ ਕੀਤੀ ਹੈ ਉਹ ਕੋਈ ਅੰਗਰੇਜ਼ੀ ਕੋਸ਼ਕਾਰ ਨਹੀਂ ਕਰ ਸਕਿਆ। ਮਿਸਾਲ ਦੇ ਤੌਰ 'ਤੇ ਚਾਚੀ-ਚਾਚਾ, ਤਾਈ-ਤਾਇਆ, ਭੂਆ-ਫੁੱਫੜ, ਮਾਸੀ-ਮਾਸੜ, ਮਾਮੀ-ਮਾਮਾ (ਕੇਵਲ ਆਂਟੀ-ਅੰਕਲ ਨਹੀਂ), ਭੈਣ-ਭਾਈਆ, ਵੀਰ-ਭਰਜਾਈ, ਸਾਲੀ-ਸਾਂਢੂ, ਸਾਲਾ-ਸਾਲੇਹਾਰ, ਨਣਦ-ਨਣਦੋਈਆ, ਸੱਸ-ਸਹੁਰਾ, ਪਤੀਸ-ਪਤਆਉਰਾ, ਦੰਦੇਸ, ਭਤੀਜੀ-ਭਤੀਜਾ, ਭਾਣਜੀ-ਭਾਣਜਾ, ਪੋਤਰੀ- ਪੋਤਰਾ, ਦੋਹਤਾ-ਦੋਹਤਰੀ, ਜੇਠ-ਜਠੀਆ ਆਦਿ।
- ਪੰਜਾਬੀ ਭਾਸ਼ਾ ਪੰਜਾਬ ਦੇ ਅਮੀਰ ਤੇ ਵੱਡਮੁੱਲੇ ਸਭਿਆਚਾਰ ਦਾ ਸੰਪੂਰਨ ਗਿਆਨ ਭੰਡਾਰ ਆਪਣੀ ਝੋਲੀ ਵਿਚ ਸਮੋਈ ਬੈਠੀ ਹੈ। ਇਸ ਨੇ ਆਪਣੀ ਨਿੱਘੀ ਗੋਦ ਵਿਚ ਪੰਜਾਬੀ ਸਭਿਆਚਾਰ ਨੂੰ ਹਰ ਕਿਸਮ ਦੇ ਹਾਵਾਂ-ਭਾਵਾਂ ਦੇ ਰੂਪ ਵਿਚ ਸਮੋ ਕੇ ਰੱਖਿਆ ਹੋਇਆ ਹੈ ਜਿਵੇਂ ਲੋਹੜੀ ਦੇ ਗੀਤ, ਲੋਰੀਆਂ, ਵਿਆਹ ਸਮੇਂ ਗਾਈਆਂ ਜਾਣ ਵਾਲੀਆਂ ਘੋੜੀਆਂ, ਸੁਹਾਗ ਗੀਤ, ਸਿਠਣੀਆਂ, ਛੰਦ, ਲੋਕ ਗੀਤ, ਲੋਕ ਬੋਲੀਆਂ, ਪ੍ਰੇਮ ਕਿੱਸੇ, ਬੀਰ-ਰਸੀ ਕਾਵਿ, ਵਾਰਾਂ, ਦੋਹੇ, ਸਲੋਕ, ਟੱਪੇ, ਮਾਹੀਆ, ਬਾਲੋ, ਢੋਲਾ, ਗਿੱਧਾ, ਝੂਮਰ ਅਤੇ ਅਲਾਹੁਣੀਆਂ ਆਦਿ। ਹਰ ਰਸਮੋ-ਰਿਵਾਜ਼ ਅਤੇ ਹਰ ਪ੍ਰਸਿਥਤੀ ਵਿਚ ਮਨੁੱਖੀ ਹਾਵ-ਭਾਵਾਂ ਨੂੰ ਬਾਖ਼ੂਬੀ ਬਿਆਨ ਕਰਨ ਦੇ ਸਮਰਥ ਹੈ ਪੰਜਾਬੀ ਭਾਸ਼ਾ। ਪੰਜਾਬੀ ਮਾਂ -ਬੋਲੀ ਦੀ ਇਸ ਵਿਸ਼ਾਲ ਸ਼ਬਦ ਘਾੜਤ ਸਮਰਥਾ ਨੂੰ ਕੋਟਾਨ-ਕੋਟਿ ਪ੍ਰਣਾਮ!
- ਪੰਜਾਬੀ ਅੰਤਰ-ਰਾਸ਼ਟਰੀ ਭਾਸ਼ਾ ਹੈ, ਕੈਨੇਡਾ ਤੋਂ ਲੈ ਕੇ ਨਿਊਜ਼ੀਲੈਂਡ ਤੱਕ ਕਰੀਬ 45 ਦੇਸ਼ਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।
- ਯੂ.ਐਨ.ਓ. ਮੁਤਾਬਕ ਸੰਸਾਰ ਭਰ ਵਿਚ ਬੋਲੀਆਂ ਜਾਣ ਵਾਲੀਆਂ ਹਜ਼ਾਰਾਂ-ਲੱਖਾਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਤੇਰ੍ਹਵਾਂ (ਕੁਝ ਮਾਹਿਰਾਂ ਮੁਤਾਬਕ ਗਿਆਰਵਾਂ) ਸਥਾਨ ਹਾਸਲ ਹੈ।
- ਪਾਕਿਸਤਾਨ ਪੰਜਾਬੀ ਬੋਲਦਾ ਸਭ ਤੋਂ ਵੱਡਾ ਦੇਸ਼ ਹੈ। ਅੰਗਰੇਜ਼ੀ ਤੋਂ ਬਾਅਦ ਪੰਜਾਬੀ ਇੰਗਲੈਂਡ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਦੂਸਰਾ ਸਥਾਨ ਹਾਸਲ ਹੈ।
- ਗੁਰਮੁਖੀ ਲਿਪੀ ਇਕ ਮੁਕੰਮਲ (ਸੰਪੂਰਨ) ਤੇ ਸਮਰੱਥ ਲਿਪੀ ਹੈ। ਹਰ ਕਿਸਮ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਕੋਲ ਆਪਣੀਆਂ ਲਗਾਂ ਮਾਤ੍ਰਾਂ ਮੌਜੂਦ ਹਨ।

ਇੰਨੀਆਂ ਵਿਲੱਖਣਤਾਈਆਂ ਆਪਣੀ ਝੋਲੀ ਵਿਚ ਸਮੋਈ ਬੈਠੀ ਮਾਂ-ਬੋਲੀ ਪੰਜਾਬੀ ਲਈ ਬਦੋ-ਬਦੀ ਅਸੀਸਾਂ ਨਿਕਲਦੀਆਂ ਹਨ:

ਜਾਹ ਪੰਜਾਬੀ ਬੋਲੀਏ ਤੈਨੂੰ ਰੱਬ ਦੀਆਂ ਖ਼ੈਰਾਂ।<br>
ਰਹਿਣ ਸਲਾਮਤ ਤੇਰੀਆਂ ਵੱਖਰੀਆਂ ਪੈੜਾਂ।



Sri Satguru Jagjit Singh Ji Elibrary NamdhariElibrary@gmail.com

ਪੰਜਾਬੀਓ! ਜਾਣ ਬੁੱਝ ਕੇ ਲੋਕਾਂ ਲਈ ਮਜ਼ਾਕ ਨਾ ਬਣੋ, ਆਓ! ਆਪਣੀ ਮਾਣ-ਮੱਤੀ ਮਾਂ-ਬੋਲੀ ਦਾ ਤਹਿ ਦਿਲੋਂ ਅਦਬ-ਸਤਿਕਾਰ ਕਰੀਏ। ਜਦੋਂ ਅਸੀਂ ਆਪਣੇ ਘਰਾਂ ਵਿਚ ਆਪਣੇ ਬੱਚਿਆਂ ਨਾਲ ਜਾਂ ਸਮਾਜਕ ਇਕੱਠਾਂ ਵਿਚ ਰਿਸ਼ਤੇਦਾਰਾਂ, ਦੋਸਤਾਂ-ਮਿਤਰਾਂ ਨਾਲ ਅੰਗਰੇਜ਼ੀ ਬੋਲਦੇ ਹਾਂ ਤਾਂ ਇਕ ਤਰ੍ਹਾਂ ਨਾਲ ਆਪਣੀ ਕਮਜ਼ੋਰੀ ਅਤੇ ਮਾਨਸਿਕ ਤੇ ਬੌਧਿਕ ਦੀਵਾਲੀਏਪਣ ਦਾ ਅਹਿਸਾਸ ਕਰਵਾਉਂਦੇ ਹਾਂ। ਆਪਣੀ ਮਾਂ-ਬੋਲੀ ਵਿਚ ਗੱਲ ਕਰਕੇ ਜ਼ਿਆਦਾ ਠੁੱਕ ਬਝਦੀ ਹੈ ਤੇ ਦੂਸਰੇ ਮਨੁੱਖ ਉੱਪਰ ਪ੍ਰਭਾਵ ਵੀ ਜ਼ਿਆਦਾ ਪੈਂਦਾ ਹੈ। ਪ੍ਰਸਿੱਧ ਲੇਖਕ ਧਨੀ ਰਾਮ ਚਾਤ੍ਰਿਕ ਲਿਖਦਾ ਹੈ,

ਤੈਨੂੰ ਰੱਬ ਬਖਸ਼ੀ ਇਹ ਤਾਰੀਫ਼ ਚਾਤ੍ਰਿਕ
ਸਾਦੀ ਸਰਲ ਤੇ ਮਿੱਠੀ ਜ਼ੁਬਾਨ ਤੇਰੀ।

ਤੁਸੀਂ ਜੰਮ-ਜੰਮ ਦੂਸਰੀਆਂ ਬੋਲੀਆਂ ਸਿਖੋ, ਬਹੁਤ ਚੰਗੀ ਗੱਲ ਹੈ, ਪਰ ਮਾਂ-ਬੋਲੀ ਨੂੰ ਨਾ ਤ੍ਰਿਸਕਾਰੋ। ਇਸੇ ਨਾਲ ਹੀ ਤੁਹਾਡੇ ਪੰਜਾਬੀ ਹੋਣ ਦੀ ਪਛਾਣ ਹੈ। ਬਹੁਤ ਸਾਰੇ ਹੋਰ ਦੇਸ਼ਾਂ ਜਿਵੇਂ ਜਰਮਨ, ਜਾਪਾਨ, ਰੂਸ, ਫਰਾਂਸ, ਸਪਨੇ, ਨਾਰਵੇ, ਬੈਲਜੀਅਮ ਆਦਿ ਦੇ ਵਾਸੀ ਹੀ ਨਹੀਂ ਬਲਕਿ ਆਪਣੇ ਦੇਸ਼ ਦੇ ਹੀ ਬਹੁਤੇ ਸੂਬਿਆਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਗੁਜਰਾਤ, ਤਾਮਿਲਨਾਡੂ, ਕੇਰਲਾ, ਬੰਗਾਲ ਆਦਿ ਦੇ ਵਾਸੀ ਵੀ ਆਪੋ ਵਿਚ ਗੱਲਬਾਤ ਕਰਨ ਲਈ ਆਪਣੀ-ਆਪਣੀ ਮਾਂ-ਬੋਲੀ ਦਾ ਹੀ ਪ੍ਰਯੋਗ ਕਰਦੇ ਹਨ, ਇੱਕ ਤਰ੍ਹਾਂ ਨਾਲ ਮਾਣ ਮਹਿਸੂਸ ਕਰਦੇ ਹਨ। ਪਰ ਸਾਡੇ ਪੜ੍ਹੇ-ਲਿਖੇ ਪੰਜਾਬੀ ਜ਼ਿਆਦਾਤਰ ਅੰਗਰੇਜ਼ੀ ਜਾਂ ਫਿਰ ਹਿੰਦੀ ਦਾ ਸਹਾਰਾ ਲੈਂਦੇ ਹਨ, ਪੰਜਾਬੀ ਵਿਚ ਗੱਲ ਕਰਨ ਵਿਚ ਆਪਣੀ ਬੇਇਜ਼ਤੀ ਸਮਝਦੇ ਹਨ। ਆਪਣੀ ਮਾਂ-ਬੋਲੀ ਪ੍ਰਤੀ ਸਾਡੀ ਅਜਿਹੀ ਹੀਣ-ਭਾਵਨਾ ਉਪਰ ਹੋਰ ਲੋਕ ਹਸਦੇ ਹਨ ...। ਜਦੋਂ ਕਿਸੇ ਮਾਂ-ਬੋਲੀ (ਮਾਂ) ਦੇ ਸਪੂਤ ਗੁਲਾਮੀਅਤ ਜਾਂ ਲਾਲਚ-ਵੱਸ ਆਪਣੀ ਮਾਂ-ਬੋਲੀ (ਆਪਣੀਆਂ ਜੜ੍ਹਾਂ) ਤੋਂ ਅਵੇਸਲੇ ਹੁੰਦੇ ਜਾਣ ਤਾਂ ਉਸ ਵਿਚਾਰੀ ਮਾਂ (ਮਾਂ-ਬੋਲੀ) ਦੀ ਗੋਡੇ ਰਗੜ-ਰਗੜ ਅਣਆਈ ਮੌਤ ਸੁਭਾਵਕ ਹੀ ਹੁੰਦੀ ਹੈ। ਪਰ ਪੰਜਾਬੀ ਮਾਂ-ਬੋਲੀ ਉਨ੍ਹਾਂ ਅਭਾਗਣ ਮਾਵਾਂ ਵਿਚੋਂ ਨਹੀਂ ਕਿਉਂਕਿ ਇਸ ਦੇ ਸੱਚੇ ਸਪੂਤਾਂ ਦੀ ਅਥਾਹ ਗਿਣਤੀ ਹੈ। ਸਮੁੱਚੇ ਪੰਜਾਬੀਆਂ ਨੂੰ ਆਪਣੀ ਮਾਂ ਦੇ ਸੱਚੇ-ਸੁੱਚੇ ਸਪੂਤ ਬਣਨਾ ਚਾਹੀਦਾ ਹੈ। ਮਾਂ ਦੇ ਦੁੱਧ ਚੋਂ ਸਿੱਖੀ ਬੋਲੀ ਨੂੰ ਪਿਆਰ ਤੇ ਸਤਿਕਾਰ ਕਰਨਾ ਹਰ ਸੱਚੇ ਮਨੁੱਖ ਦਾ ਧਰਮ ਹੈ।

## ਪੰਜਾਬੀ ਭਾਸ਼ਾ ਕਦੀ ਖਤਮ ਨਹੀਂ ਹੋਵੇਗੀ

ਸਮੁੱਚੀ ਮਾਨਵਤਾ ਦੇ ਰਹਿਬਰ ਗੁਰੂ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ-ਜੁਗ ਅਟੱਲ ਹਨ। ਸਦੀਵੀਂ ਪ੍ਰਕਾਸ਼ਮਾਨ ਗੁਰੂ ਦੀ ਸੰਗਤ, ਅਨੁਯਾਈ ਵੀ ਹਰ ਜੁਗ/ਸਮੇਂ ਵਿਚ ਰਹਿਣਗੇ, ਫਿਰ ਪੰਜਾਬੀ ਭਾਸ਼ਾ ਨੂੰ ਕੀ ਖ਼ਤਰਾ! ਪੰਜਾਬੀ ਤੇ ਖਾਸ ਕਰਕੇ ਸਿੱਖਾਂ ਨੂੰ ਨਾ ਕੋਈ ਖਤਮ ਕਰ ਸਕਿਆ ਹੈ ਅਤੇ ਨਾ ਹੀ ਭਵਿੱਖ ਵਿਚ ਕੋਈ ਖ਼ਤਮ ਕਰ ਸਕੇਗਾ। ਇਤਿਹਾਸ ਇਸ ਤੱਥ ਦੀ ਪੁਕਾਰ-ਪੁਕਾਰ ਗਵਾਹੀ ਭਰ ਰਿਹਾ ਹੈ। ਜਿਸ ਤਰ੍ਹਾਂ ਲੋਹੇ ਦੀ ਕਿਸੇ ਵਸਤੂ ਨੂੰ ਜੰਗ ਲਗ ਜਾਂਦਾ ਹੈ, ਕਿਸੇ ਦਰਖਤ ਨੂੰ ਕੋਈ ਰੋਗ ਲਗ ਜਾਂਦਾ ਹੈ ਜਾਂ ਕਿਸੇ ਜੀਵ-ਜੰਤੂ (ਜਾਂ ਮਨੁੱਖ) ਨੂੰ ਦੁੱਖ-ਪੀੜਾ ਹੁੰਦੀ ਹੈ, ਉਸਦਾ ਇਲਾਜ ਕਰਨਾ ਬਣਦਾ ਹੈ, ਠੀਕ ਉਸੇ ਤਰ੍ਹਾਂ ਜਦੋਂ ਮਾਤ-ਭਾਸ਼ਾ ਨੂੰ ਕਿਸੇ ਕਾਰਨ ਥੋੜ੍ਹਾ ਖੋਰਾ ਲਗਦਾ ਹੈ ਤਾਂ ਚਿੰਤਨ ਕਰਨਾ ਬਿਲਕੁਲ ਜਾਇਜ਼ ਹੈ, ਕਰਨਾ ਵੀ ਚਾਹੀਦਾ ਹੈ। ਭਾਸ਼ਾ ਵਿਗਿਆਨੀਆਂ, ਸਿਖਿਆ ਸ਼ਾਸਤਰੀਆਂ ਤੇ ਸਮਾਜ ਵਿਗਿਆਨੀਆਂ ਵਲੋਂ ਆਮ ਜਨਤਾ ਨੂੰ ਜਾਗਰੂਪ ਕਰਨ ਹਿਤ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਪਰ ਇਹ ਕਹਿਣਾ ਕਿ



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਬੋਲੀ ਖ਼ਤਮ ਹੋ ਜਾਵੇਗੀ, ਬਿਲਕੁਲ ਨਿਰਾਧਾਰ ਤੇ ਸੱਚਾਈ ਤੋਂ ਕੋਹਾਂ ਦੂਰ ਹੈ। ਜੋ ਲੋਕ ਅਜਿਹੀ ਟਿੱਪਣੀ ਕਰਦੇ ਹਨ ਉਹ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੇ ਇਤਿਹਾਸ ਤੋਂ ਨਾ-ਵਾਕਫ਼ ਹਨ। ਪੰਜਾਬੀ ਆਪਣੇ ਦੇਸ਼ ਤੇ ਧਰਮ ਲਈ ਸਭ ਕੁਝ ਨਿਛਾਵਰ ਕਰ ਸਕਦੇ ਹਨ - ਆਪਣੀ ਹਸਤੀ ਧਰਮ ਦੇ ਆਸਰੇ ਕਾਇਮ ਰੱਖਦੇ ਹਨ। ਪੰਜਾਬੀਆਂ ਲਈ ਦੇਸ਼ ਤੇ ਧਰਮ ਪਹਿਲਾਂ ਹਨ ਤੇ ਨਿੱਜੀ ਸੁੱਖ, ਆਰਾਮ, ਸੰਪਤੀ ਮਗਰੋਂ ਹਨ। ਦੁਨੀਆ ਭਰ ਵਿਚ ਸਿੱਖੀ ਪ੍ਰਫੁੱਲਤ ਹੋ ਰਹੀ ਹੈ ਭਾਵ ਪੰਜਾਬੀ ਪ੍ਰਫੁੱਲਤ ਹੋ ਰਹੀ ਹੈ - ਫਿਰ ਡਰ ਕਿਹੜੀ ਗੱਲ ਦਾ! ਇਥੇ ਡਾ. ਸੁਰਜੀਤ ਪਾਤਰ ਜੀ ਦੇ ਇਹ ਬੋਲ "ਸਾਡੇ ਸਭਨਾਂ ਦੇ ਮਰਨ ਬਾਅਦ ਹੀ ਮਰੇਗੀ ਸਾਡੀ ਭਾਸ਼ਾ" ਇਸੇ ਸਚਾਈ ਨੂੰ ਬਿਆਨ ਕਰਦੇ ਹਨ। ਉਪਰੋਂ-ਉਪਰੋਂ ਭਾਸਦਾ ਹੈ ਕਿ ਸਾਡੇ ਲੋਕ ਪੰਜਾਬੀ ਬੋਲੀ ਛੱਡ ਅੰਗਰੇਜ਼ੀ ਨੂੰ ਤਰਜੀਹ ਦਿੰਦੇ ਹਨ, ਅਸਲੀਅਤ ਇਹ ਹੈ ਕਿ ਉਨ੍ਹਾਂ ਦੀ ਪੰਜਾਬੀ ਸਪਿਰਟ ਕਾਇਮ ਹੈ। ਇਹ ਕਹਿ ਸਕਦੇ ਹਾਂ ਕਿ ਸਿਰ ਨਹੀਂ, ਕੇਸ ਕਤਲ ਹੋਏ ਹਨ। ਕੇਸਾਂ ਦਾ ਪੁਨਰ ਜਨਮ ਹੋ ਜਾਵੇਗਾ। ਇਕ ਵੰਗਾਰ ਜਾਂ ਹਲੂਣੇ ਦੀ ਲੋੜ ਹੈ - ਪੰਜਾਬੀ (ਸਿੱਖ) ਆਪਣੀ ਗਲਤੀ ਸੁਧਾਰਨ ਨੂੰ ਰੱਤੀ-ਭਰ ਵੀ ਦੇਰ ਨਹੀਂ ਲਾਉਂਦੇ! ਇਸੇ ਲਈ ਤਾਂ ਕਿਸੇ ਕਵੀ ਨੇ ਖੂਬਸੂਰਤ ਲਿਖਿਆ ਹੈ:

ਵਫ਼ਾਦਾਰ ਹੈ ਮਿੱਟੀ ਪੰਜਾਬ ਵਾਲੀ,
ਵਫ਼ਾਦਾਰ ਹੈ ਖ਼ੂਨ ਪੰਜਾਬੀਆਂ ਦਾ।
ਜਗੋਂ ਬਾਹਰੀਏ ਪੱਲੇ 'ਚ ਖੂਬੀਆਂ ਨੇ,
ਰਹਿੰਦਾ ਵੱਖਰਾ ਹੀ ਟੌਹਰ ਪੰਜਾਬੀਆਂ ਦਾ।

ਅੰਤ ਵਿਚ ਮੈਂ ਪ੍ਰੋ. ਪੂਰਨ ਸਿੰਘ ਜੀ ਹੁਰਾਂ ਵਲੋਂ ਕਹੀ ਇਸੇ ਅਟੱਲ ਸੱਚਾਈ ਨੂੰ ਅੰਕਿਤ ਕਰ ਰਿਹਾ ਹਾਂ,

ਪੰਜਾਬ ਨ ਹਿੰਦੂ ਨ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।

ਮਾਂ-ਬੋਲੀ ਪੰਜਾਬੀ ਦੇ ਸਮੂਹ ਸੱਚੇ ਤੇ ਵਫ਼ਾਦਾਰ ਸਪੂਤਾਂ ਨੂੰ ਪ੍ਰਣਾਮ!

*ਐਚ.ਆਈ.ਜੀ. 3004, ਫੇਸ-1
ਅਰਬਨ ਇਸਟੇਟ, ਦੁੱਗਰੀ ਰੋਡ, ਲੁਧਿਆਣਾ-141013
ਮੋਬਾਇਲ : 98883-00736

□□□



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਮਾਤਾ ਦੀ ਦੁਹਾਈ

ਜਾਗੋ ਵੇ ਮੇਰਿਓ ਸ਼ੇਰੋ ਵੇ, ਕਿਉਂ ਦੇਰ ਲਗਾਈ ਵੇ।
ਮੈਂ ਲੁੱਟ ਲਈ ਦਿਨ ਦੀਵੀਂ ਵੇ, ਕੋਈ ਸੁਣੋ ਦੁਹਾਈ ਵੇ।

ਮੇਰਾ ਦੋ ਕਰੋੜ ਕਬੀਲਾ, ਕੋਈ ਛਬਦੇ ਕਰਿਓ ਹੀਲਾ,
ਮੈਂ ਘਰ ਦੀ ਮਾਲਕਿਆਣੀ ਹੁੰਦੀ ਜਾਂ ਪਰਾਈ ਵੇ।

ਕੱਖਾਂ ਤੋਂ ਹੌਲੀ ਹੋਈ, ਮੈਨੂੰ ਕਿਤੇ ਨਾ ਮਿਲਦੀ ਢੋਈ।
ਮਤਰੇਈਆਂ ਨੂੰ ਕਰ ਮਾਏ, ਅੰਮਾਂ ਘਰੋਂ ਕਢਾਈ ਵੇ।

ਬਾਬੇ ਨਾਨਕ ਦੀ ਵਡਿਆਈ, ਬੁਲ੍ਹੇ ਨੇ ਮੈਥੋਂ ਪਾਈ।
ਅਵਤਾਰਾਂ, ਪੀਰ, ਫਕੀਰਾਂ ਦੀ, ਮੈਂ ਤਖ਼ਤ ਬਣਾਈ ਵੇ।

ਸਭ ਸਈਆਂ ਅੱਗੇ ਗਈਆਂ, ਮਨਜ਼ੂਰ ਹਜ਼ੂਰੇ ਪਈਆਂ।
ਮੈਂ ਭਰੇ ਸਰ ਤੁਰ ਚੱਲੀ, ਚਾਤ੍ਰਿਕ ਵਾਂਗ ਤਿਹਾਈ ਵੇ।

- ਧਨੀਂ ਰਾਮ ਚਾਤ੍ਰਿਕ



Sri Satguru Jagjit Singh Ji Elibrary NamdhariElibrary@gmail.com

# ਗੀਤ/ਨਜ਼ਮਾਂ



Sri Satguru Jagjit Singh Ji Elibrary NamdhariElibrary@gmail.com

# ਮਾਂ-ਬੋਲੀ ਨੂੰ...

**ਗੁਰਦਾਸ ਮਾਨ**
ਨਾਮਵਰ ਪੰਜਾਬੀ ਗਾਇਕ

ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ,
ਫਿੱਕੀ ਪੈ ਗਈ ਚਿਹਰੇ ਦੀ ਨੁਹਾਰ ਨੀ।
ਮੀਢੀਆਂ ਖਿਲਾਰੀ ਫਿਰੇਂ ਨੀ ਬੁੱਲ੍ਹੇ ਦੀਏ ਕਾਫ਼ੀਏ,
ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ ਨੀ
ਪੰਜਾਬੀਏ ਜ਼ੁਬਾਨੇ ... ...

ਤੂੰ ਗੋਰਖ ਦੀ ਗੁੜ੍ਹਤੀ ਲੈ ਕੇ, ਨਾਥਾਂ ਟਿੱਲੇ ਜਾਈ,
ਤੂੰ ਬਾਬੇ ਦੀ ਬਾਣੀ ਬਣਕੇ, ਗੁਰੂਆਂ ਦੇ ਘਰ ਆਈ,
ਸੰਗਤਾਂ ਨੇ ਲਾਡ ਤੇ ਪਿਆਰ ਦਿੱਤਾ ਐਸਾ ਤੈਨੂੰ,
ਦਿਨਾਂ ਵਿਚ ਹੋਗੀ ਮੁਟਿਆਰ ਨੀ
ਪੰਜਾਬੀਏ ਜ਼ੁਬਾਨੇ ... ...

ਵਾਰਿਸ, ਬੁੱਲ੍ਹੇ, ਸ਼ਾਹ ਹੁਸੈਨ ਤੇ ਹਾਸ਼ਮ, ਕਾਦਰਯਾਰਾਂ,
ਘਰ-ਘਰ ਤੈਨੂੰ ਅਦਬ ਬਖਸ਼ਿਆ, ਸ਼ਾਇਰਾਂ ਤੇ ਫਨਕਾਰਾਂ,
ਸੰਨ ਸੰਤਾਲੀ ਵਿਚ ਹੋਇਆ ਅਧਰੰਗ ਤੈਨੂੰ,
ਫੇਰ ਨਾ ਤੂੰ ਹੋਈ ਪੱਬਾਂ ਭਾਰ ਨੀ,
ਪੰਜਾਬੀਏ ਜ਼ੁਬਾਨੇ ... ...

ਬੇ-ਅਦਬਾਂ ਬੇ-ਕਦਰਾਂ ਨੇ, ਕਦ ਕਦਰ ਕਿਸੇ ਦੀ ਪਾਈ,
ਆਪਣੀ ਮਾਂ ਨੂੰ ਨੰਗਿਆਂ ਕਰਕੇ, ਲੱਗ ਪਏ ਖਾਣ ਕਮਾਈ,
ਪੁੱਤਾਂ ਨੂੰ ਪੜ੍ਹਾ ਕੇ ਅੰਗਰੇਜ਼ੀ ਕਾਇਦੇ ਅਸੀਂ,
ਤੇਰੀ ਚਿਖਾ ਕਰੀਂ ਬੈਠੇ ਆਂ ਤਿਆਰ ਨੀਂ,
ਪੰਜਾਬੀਏ ਜ਼ੁਬਾਨੇ ... ...

ਯਮਲਾ ਜੱਟ, ਮਸਤਾਨਾ, ਉਹ ਪ੍ਰਕਾਸ਼, ਸੁਰਿੰਦਰ ਕੌਰਾਂ,
ਕਦਰ ਬਿਨਾਂ ਕੋਈ ਕਦ ਤਕ ਜੀਵੇ, ਤੂੰ ਵੱਸ ਪੈ ਗਈ ਚੋਰਾਂ,
ਮਾਨ ਵੀ ਨਿਮਾਣਾ ਤੇਰਾ ਮਰ ਜਾਣਾ ਇੱਕ ਦਿਨ,
ਨੂਰਪੁਰੀ, ਸ਼ਿਵ ਵਾਲੀ ਮਾਰ ਨੀ,
ਪੰਜਾਬੀਏ ਜ਼ੁਬਾਨੇ ... ...

□□□



Sri Satguru Jagjit Singh Ji Elibrary NamdhariElibrary@gmail.com

# ...ਵੇ ਮੈਂ ਤੇਰੀ ਮਾਂ ਦੀ ਬੋਲੀ ਆਂ

**ਹਰਭਜਨ ਮਾਨ**
ਪ੍ਰਸਿੱਧ ਪੰਜਾਬੀ ਲੋਕ ਗਾਇਕ

ਮੈਨੂੰ ਇਉਂ ਨਾ ਮਨੋਂ ਵਿਸਾਰ
ਵੇ ਮੈਂ ਤੇਰੀ ਮਾਂ ਦੀ ਬੋਲੀ ਆਂ

ਮੈਂ ਪੰਜਾਬੀ ਗੁਰੂਆਂ, ਪੀਰਾਂ, ਅਵਤਾਰਾਂ ਦੀ ਬੋਲੀ
ਅਵਤਾਰਾਂ ਦੀ ਬੋਲੀ

ਮਾਂ ਦੀ ਮਮਤਾ ਵਰਗੀ ਮਿੱਠੀ ਦੁੱਧ ਵਿਚ ਮਿਸ਼ਰੀ ਘੋਲੀ
ਦੁੱਧ ਵਿਚ ਮਿਸ਼ਰੀ ਘੋਲੀ

ਰੱਜ ਰੱਜ ਲਾਡ ਲਡਾਇਆ ਤੈਨੂੰ
ਲੋਰੀਆਂ ਨਾਲ ਖਿਡਾਇਆ ਤੈਨੂੰ
ਰੱਜ ਰੱਜ ਲਾਡ ਲਡਾਇਆ ਤੈਨੂੰ
ਲੋਰੀਆਂ ਨਾਲ ਖਿਡਾਇਆ ਤੈਨੂੰ

ਮੈਂ ਹੀ ਬੋਲਣ ਲਾਇਆ ਤੈਨੂੰ
ਭੁੱਲ ਗਿਆਂ ਮੇਰਾ ਪਿਆਰ ਵੇ
ਮੈਂ ਤੇਰੀ ਮਾਂ ਦੀ ਬੋਲੀ ਆਂ
ਮੈਨੂੰ ਇਉਂ ਨਾ ਮਨੋਂ ਵਿਸਾਰ ਵੇ

ਮੈਂ ਤੇਰੀ ਮਾਂ ਦੀ ਬੋਲੀ ਆਂ
ਮੈਨੂੰ ਇਉਂ ਨਾ ਮਨੋਂ ਵਿਚਾਰ ਵੇ
ਮੈਂ ਤੇਰੀ ਮਾਂ ਦੀ ਬੋਲੀ ਆਂ
ਮੈਨੂੰ ਇਉਂ ਨਾ ਮਨੋਂ ਵਿਸਾਰ ਵੇ

□□□



Sri Satguru Jagjit Singh Ji Elibrary NamdhariElibrary@gmail.com

# ਮਾਂ ਬੋਲੀ ਦਾ ਗੀਤ

*ਸੁਰਜੀਤ ਪਾਤਰ

ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ
ਏਦਾਂ ਕਰਦੀਆਂ ਖ਼ਿਆਸਾ ਨਾਲ ਗੱਲਾਂ
ਏਸ ਬੰਨੇ
ਓਸ ਬੰਨੇ
ਅੱਜ ਸਾਰਾ ਜੱਗ ਮੰਨੇ
ਹੱਟੀ ਭੱਠੀ ਦਰਵਾਜ਼ੇ
ਖੇਤੀਂ ਖੂਹੀਂ ਚੰਨੇ ਬੰਨੇ

ਸਤਲੁਜ ਤੋਂ ਲੈ ਜਿਹਲਮ ਤੀਕਣ
ਜਿਹਲਮ ਤੋਂ ਲੈ ਸਤਲੁਜ ਤੀਕਣ
ਤੇਰੀ ਝਾਂਜਰ ਛਣਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ ... ...

ਤੈਨੂੰ ਇਸ ਧਰਤੀ ਨੇ ਸਾਜਿਆ ਏ
ਤਾਰੀਖ਼ ਨੇ ਸਾਜ ਨਿਵਾਜਿਆ ਏ
ਤੈਨੂੰ ਸ਼ੇਖ ਫ਼ਰੀਦ ਦੁਲਾਰਿਆ ਏ
ਗੁਰੂ ਨਾਨਕ ਦੇਵ ਸਵਾਰਿਆ ਏ
ਤੂੰ ਅੰਮੜੀ ਵਾਰਿਸ ਸ਼ਾਹ ਦੀ ਏ
ਤੇ ਬੁੱਲ੍ਹੇ ਬੇਪਰਵਾਹ ਦੀ ਏ
ਪੀਲੂ ਤੇ ਕਾਦਰਯਾਰ ਜਿਹੇ
ਬਾਹੂ ਤੇ ਬਰਖ਼ੁਰਦਾਰ ਜਿਹੇ
ਦਾਮੋਦਰ ਸ਼ਾਹ ਹੁਸੈਨ ਜਿਹੇ
ਤੇਰੇ ਪੁੱਤਰ ਦਿਲ ਦੀ ਚੈਨ ਜਿਹੇ

ਬਖ਼ਤਾਵਰ ਪੁੱਤਰਾਂ ਦੇ ਹੁੰਦਿਆਂ
ਮੋਹ-ਭਰੀਆਂ ਧੀਆਂ ਦੇ ਹੁੰਦਿਆਂ
ਕਿਉਂ ਨ ਰਹੇਂ ਤੂੰ ਤਣ ਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ ... ...



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਗ੍ਰੰਥ ਦਿਆਂ ਸ਼ਬਦਾਂ ਵਿਚ
ਲਿਸ਼ਕਣ ਤੇਰੇ ਮੋਤੀ
ਸਰੋਵਰ ਦੇ ਵਿਚ ਸਰਗਮ ਹੋ ਕੇ
ਜਗਮਗ ਜਗਦੀ ਜੋਤੀ
ਤੇਰੇ ਸਿਰ 'ਤੇ ਥਾਲ ਗਗਨ ਦਾ
ਤਾਰੇ ਮੋਤੀ ਮਣਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ ... ...

ਤੇਰੀ ਧੂੜ ਬਰਾਬਰ ਵੀ ਨਾ
ਰਾਜ ਮਹਿਲ ਦੇ ਤਗ਼ਮੇ
ਪਾਣੀ ਦੇ ਵਿਚ ਤੇਰੀਆਂ ਤਰਜ਼ਾਂ
ਪੌਣਾਂ ਦੇ ਵਿਚ ਨਗ਼ਮੇ
ਤਾਜਾਂ ਦੀ ਮੁਹਤਾਜ ਰਹੀ ਨਾ
ਕਦੀ ਅੰਮੜੀਏ ਬਣ ਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ ... ...

ਤੇਰੇ ਬਾਗੀ ਪੈਰਾਂ ਨੂੰ
ਜ਼ੰਜੀਰ ਕਿਸੇ ਜੋ ਪਾਈ
ਉਹ ਵੀ ਬੰਦੀਖ਼ਾਨਿਆਂ ਵਿਚ
ਤੂੰ ਸਾਜ਼ਾਂ ਵਾਂਗ ਵਜਾਈ
ਹਾਰ ਹਮੇਲਾਂ ਤੋਂ ਤੇਗਾਂ ਤੱਕ
ਏਹੀ ਲੋਹਾ ਖਣਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ
ਏਦਾਂ ਕਰਦੀਆਂ ਬਿਆਸਾ ਨਾਲ ਗੱਲਾਂ॥

ਨਾਮਵਰ ਪੰਜਾਬੀ ਸ਼ਾਇਰ
46-47, ਆਸ਼ਾ ਪੁਰੀ
ਨੇੜੇ ਅਗਰ ਨਗਰ, ਲੁਧਿਆਣਾ
ਮੋਬਾਇਲ: 98145 04272

□□□



Sri Satguru Jagjit Singh Ji Elibrary NamdhariElibrary@gmail.com

# ਹੇ ਮੇਰੀ ਮਾਤ-ਬੋਲੀ ...

*ਸੁਖਵਿੰਦਰ ਅੰਮ੍ਰਿਤ

ਹੇ ਮੇਰੀ ਮਾਤ-ਬੋਲੀ, ਹੇ ਅਖੰਡ ਦੀਪਮਾਲਾ!
ਖਿੰਡਿਆ ਹੈ ਦੂਰ ਤੀਕਰ ਤੇਰੀ ਹੋਂਦ ਦਾ ਉਜਾਲਾ

ਤੇਰੇ ਹਰਫ਼ ਹੀਰੇ ਮੋਤੀ ਤੇਰੇ ਸ਼ਬਦ ਨੇ ਸੁਆਵਾਂ
ਤੇਰੇ ਵਾਕ ਨੇ ਅਸੀਸਾਂ ਤੇਰੇ ਬੋਲ ਨੇ ਦੁਆਵਾਂ
ਤੂੰ ਸਦੀਵਤਾ ਦਾ ਸੋਮਾ ਤੂੰ ਪ੍ਰੇਮ ਦਾ ਉਛਾਲਾ ...

ਮਿੱਠੇ ਨੇ ਗੀਤ ਤੇਰੇ ਪਾਵਨ ਹੈ ਤੇਰੀ ਬਾਣੀ
ਧੋਂਦੇ ਨੇ ਪੈਰ ਤੇਰੇ ਸੁਬ੍ਹਾ ਸ਼ਾਮ ਪੰਜ ਪਾਣੀ
ਸਭ ਤੀਰਥਾਂ ਤੋਂ ਸੁੱਚੀ ਹੈ ਤੇਰੀ ਪਾਠਸ਼ਾਲਾ ...

ਕੁੰਜੀ ਹੈਂ ਗਿਆਨ ਦੀ ਤੂੰ ਸ਼ੀਸ਼ਾ ਹੈਂ ਜ਼ਿੰਦਗੀ ਦਾ
ਤੂੰ ਦੁਆਰ ਸਾਧਨਾ ਦਾ ਮਾਰਗ ਹੈਂ ਰੌਸ਼ਨੀ ਦਾ
ਤੂੰ ਹੈਂ ਲਾਟ ਚੇਤਨਾ ਦੀ ਤੇਰਾ ਤੇਜ ਹੈ ਨਿਰਾਲਾ ...

ਉਗਮਣ ਤੋਂ ਲੈ ਕੇ ਅਸਤਣ ਤੱਕ ਅੰਗ-ਸੰਗ ਤੂੰ ਹੈਂ
ਭਾਵਾਂ ਦਾ ਵਹਿਣ ਤੂੰ ਹੈਂ ਜੀਵਨ-ਤਰੰਗ ਤੂੰ ਹੈਂ
ਤੂੰ ਹੀ ਰੈਣ-ਭਿੰਨੜੀ ਹੈਂ, ਤੂੰ ਹੀ ਹੈ ਪਹੁ-ਫੁਟਾਲਾ ...

ਜੁਗ-ਜੁਗ ਜਿਊਣ ਸ਼ਾਲਾ! ਤੇਰੇ ਕੋਰੜੇ ਸਵੱਈਏ
ਮੌਲਣ ਤੇਰੇ ਲਿਖਾਰੀ ਵਿਗਸਣ ਤੇਰੇ ਗਵੱਈਏ
ਹਰ ਇੱਕ ਦਿਸ਼ਾ ਵਿਚ ਹੋਵੇ ਤੇਰਾ ਹੀ ਬੋਲਬਾਲਾ ...

ਤੇਰੇ ਜਲੌਅ ਦੇ ਸਾਹਵੇਂ ਗੂੜ੍ਹਾ ਹਨੇਰ ਕੀ ਹੈ
ਕੀ ਨੇ ਤੂਫਾਨ-ਝੱਖੜ ਰੁੱਤਾਂ ਦਾ ਫੇਰ ਕੀ ਹੈ
ਤੇਰੀ ਡਾਲ ਤੋਂ ਨਾ ਕੋਈ ਪੱਤਾ ਵੀ ਕਿਰਨ ਵਾਲਾ ...

ਐ ਮੇਰੀ ਕਾਵਿ-ਬੋਲੀ ਮੈਂ ਤੈਨੂੰ ਪਿਆਰਦੀ ਹਾਂ
ਲਿਖ-ਲਿਖ ਲਹੂ ਨਾ ਨਗ਼ਮੇ ਤੇਰੇ ਸਿਰ ਤੋਂ ਵਾਰਦੀ ਹਾਂ
ਤੂੰ ਹੀ ਮੇਰਾ ਕਰਮ ਖੇਤਰ ਤੂੰ ਹੀ ਮੇਰੀ ਰੰਗਸ਼ਾਲਾ ...

ਹੇ ਮੇਰੀ ਮਾਤ-ਭਾਸ਼ਾ, ਹੇ ਅਖੰਡ ਦੀਪਮਾਲਾ!
ਖਿੰਡਿਆ ਹੈ ਦੂਰ ਤੀਕਰ ਤੇਰੀ ਹੋਂਦ ਦਾ ਉਜਾਲਾ।

ਮੋਬਾਇਲ: 98555 44773
ਧੰਨਵਾਦ ਸਹਿਤ: ਪੰਜਾਬੀ ਟ੍ਰਿਬਿਊਨ 20 ਫਰਵਰੀ 2011

□□□



Sri Satguru Jagjit Singh Ji Elibrary NamdhariElibrary@gmail.com

# ਬੋਲੀ ਹੈ ਪੰਜਾਬੀ ਸਾਡੀ

**ਧਨੀ ਰਾਮ ਚਾਤ੍ਰਿਕ**

ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।

ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।

ਤ੍ਰਿੰਞਣਾਂ ਭੰਡਾਰਾਂ ਵਿਚ,
ਵੰਝਲੀ ਤੇ ਵਾਰਾਂ ਵਿਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ।

ਜੋਧ ਤੇ ਕਮਾਈਆਂ ਵਿਚ,
ਜੰਗਾਂ ਤੇ ਲੜਾਈਆਂ ਵਿਚ,
ਏਹੋ ਜਿੰਦ ਪਾਉਣੀ, ਬੋਲੀ ਹੈ ਪੰਜਾਬੀ ਸਾਡੀ।

ਫੁੱਲਾਂ ਦੀ ਕਿਆਰੀ ਸਾਡੀ,
ਸੁੱਖਾਂ ਦੀ ਅਟਾਰੀ ਸਾਡੀ,
ਭੁੱਲ ਕੇ ਨਹੀਂ ਢਾਉਣੀ, ਬੋਲੀ ਹੈ ਪੰਜਾਬੀ ਸਾਡੀ।

◘◘◘



Sri Satguru Jagjit Singh Ji Elibrary NamdhariElibrary@gmail.com

# ਆਪਣੀ ਬੋਲੀ ਨਾਲ ਪਿਆਰ

ਫ਼ੀਰੋਜ਼ ਦੀਨ ਸ਼ਰਫ਼

ਬੋਲੀ ਆਪਣੀ ਨਾਲ ਪਿਆਰ ਰੱਖਾਂ
ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ
ਵਾਰਿਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।

ਰਵ੍ਹਾਂ ਏਥੇ ਤੇ ਯੂ.ਪੀ. ਵਿਚ ਕਰਾਂ ਗੱਲਾਂ
ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ
ਮੈਂ ਪੰਜਾਬੀ, ਪੰਜਾਬ ਦਾ ਸ਼ਰਫ਼ ਸੇਵਕ
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

□□□



Sri Satguru Jagjit Singh Ji Elibrary NamdhariElibrary@gmail.com

# ਦਰਦ ਪੰਜਾਬੀ ਬੋਲੀ ਦਾ

**ਬਾਬੂ ਰਜਬ ਅਲੀ**

ਖੰਡ ਤੋਂ ਮਿੱਠੀ ਬੋਲੀ, ਪਿਆਰੇ ਵਤਨ ਪੰਜਾਬ ਦੀ।
ਮੁੱਖ 'ਚੋਂ ਲਪਟਾਂ ਮਾਰਨ, ਜੈਸੇ ਅਤਰ ਗੁਲਾਬ ਦੀ।
ਹੋਰ ਸਤਾਉਣ ਜ਼ਬਾਨਾਂ, ਅੱਖੋਂ ਜਲ ਭਰ ਡੋਹਲੀ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਜਣਦਿਆ-ਖਾਣੀਂ ਪਸ਼ਤੋ, ਵਸਦੀ ਦੇਸ ਪਠਾਣਾਂ ਦੇ।
ਇਹ ਆ ਕੇ ਪਿੜ ਨ੍ਹਾਤੀ, ਸ਼ਾਸ਼ਤਰ-ਵੇਦ ਪੁਰਾਣਾਂ ਦੇ।
ਤੇ ਘਰ-ਬਾਰਨ ਨਾਲੋਂ, ਕਦਰ ਵਧਾ 'ਤਾ ਗੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਮੈਂ ਅੱਗੇ ਇਕ ਨੂੰ ਰੋਵਾਂ, ਉਠਦੀ ਦਿਲੋਂ ਕੁਹਾਰ ਸੀ।
ਫਿਰ ਪਸ਼ਤੋ ਦੀ ਆਗੀ, ਹੋਰ ਹਮੈਤਣ ਫ਼ਾਰਸੀ।
ਮੈਂ ਭਲੀਮਾਣਸ ਭੋਲੀ, ਚਲਦਾ ਹੁਕਮ ਜਰੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਫਿਰ ਨੁਕਸਾਨ ਉਠਾਇਆ, ਉਰਦੂ ਘਰ-ਜੰਮ ਵੈਰੀ ਤੋਂ।
ਟੁੱਟ-ਪੈਣੇ ਨੇ ਕੱਢ 'ਤੀ, ਬਾਹੋਂ ਪਕੜ ਕਚਹਿਰੀ 'ਚੋਂ।
ਅਣ-ਪੁੱਜ ਕੀ ਕਰ ਸਕਦੀ? ਜ਼ਹਿਰ ਬਥੇਰਾ ਘੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਤੇ ਇੰਗਲੈਂਡੋਂ ਘੁੰਡ ਲਾਹ, ਆ ਅੰਗਰੇਜ਼ੀ ਨਚਲੀ ਜੀ।
ਰੰਗ ਗੋਰਾ, ਅੱਖ ਕਹਿਰੀ, ਸਖ਼ਤ ਬੁਲਾਰਾ, ਘਚਲੀ ਜੀ।
ਹੱਥ ਲੱਗਿਆਂ ਪਤਾ ਲੱਗਿਆ, ਕਰੜ ਲਫੇੜਾ ਪੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਅਬ ਹਿੰਦੀ ਦੀ ਪੁਗਦੀ, ਬਾਤ ਮਜਾਜਣ ਸੌਂਕਣ ਦੀ।
ਮੈਂ ਚੁੱਪ ਕੀਤੀ ਫਿਰਦੀ, ਇਸਦੀ ਆਦਤ ਭੌਂਕਣ ਦੀ।
ਬੁਰੜ੍ਹੀ, ਪਏ ਦੰਦ ਨਿਕਲੇ, ਇਹ ਨਾ ਵਕਤ ਘੜੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।



Sri Satguru Jagjit Singh Ji Elibrary NamdhariElibrary@gmail.com

ਤਕੜੇ ਰਹੋ ਪੰਜਾਬੀਉ, ਕਿਹੜਾ ਛਡਦਾ ਨਿਵਿਆਂ ਤੋਂ।
ਚਿਰ ਦੀ ਢੁਕੀ ਹੋਈ ਮਰੀ, ਉਠਾ ਲੀ ਸਿਵਿਆਂ ਤੋਂ।
ਅੱਠ ਨੌ ਸੂਬੇ ਨਿਗਲ੍ਹੇ, ਢਿੱਡ ਨਾ ਭਰੇ ਭੜੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਸੌਂਹਦੇ ਮਰਦ ਮੁਕਾਮੀ, ਕੀ ਗੱਲ ਸਮਝ ਲੋਕਲ ਜੀ।
ਮੇਰੇ ਨਾਲ ਮੋਗੇ ਪੜ੍ਹਿਆ, ਸੂਦ ਸਲ੍ਹੀਣਿਉਂ ਗੋਕਲ ਜੀ।
'ਬਾਬੂ' ਰਣੀਉਂ ਇੰਦਰ ਤੇ ਸੰਤੋਖ ਡਰੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

❑❑❑

ਜੇ ਪੰਜਾਬੀ ਅੱਜ ਤੱਕ ਜਿਊਂਦੀ ਹੈ ਤਾਂ ਗੁਰਬਾਣੀ, ਸੂਫ਼ੀ ਕਲਾਮ, ਕਿੱਸਿਆਂ, ਲੋਕਧਾਰਾ ਤੇ ਕੁਝ ਹੋਰ ਸ਼ਾਹਕਾਰ ਰਚਨਾਵਾਂ ਸਦਕਾ। ਸਿਰਫ਼ ਭਾਸ਼ਾ ਨੂੰ ਬਚਾਇਆਂ ਭਾਸ਼ਾ ਨਹੀਂ ਬਚਦੀ ਹੁੰਦੀ, ਜਦੋਂ ਭਾਸ਼ਾ ਕਿਸੇ ਵੱਡੀ ਲਹਿਰ ਦਾ, ਫਲਸਫ਼ੇ ਦਾ, ਧਰਮ ਦਾ, ਕਿਸੇ ਮਹਾਨ ਸੰਘਰਸ਼ ਦਾ ਜੀਅ ਜਾਮਾ ਬਣਦੀ ਹੈ, ਉਦੋਂ ਉਸਦੀ ਹਸਤੀ, ਮਹਾਨਤਾ ਤੇ ਲੰਮੀ ਉਮਰ ਦੀ ਉਮੀਦ ਜਗਮਗਾਉਂਦੀ ਹੈ। ... ਸਾਡੇ ਸਾਹਿਤ ਵਿਚ ਉਹ ਮਹਾਨਤਾ, ਖਿੱਚ ਤੇ ਲੋਕ-ਸਾਂਝ ਹੋਣੀ ਚਾਹੀਦੀ ਹੈ ਜੋ ਸਾਡੀ ਭਾਸ਼ਾ ਦੀ ਕਾਇਆ ਨੂੰ ਅੰਦਰੋਂ ਰੌਸ਼ਨ ਕਰੇ।

... ਸੁਰਜੀਤ ਪਾਤਰ



Sri Satguru Jagjit Singh Ji Elibrary NamdhariElibrary@gmail.com

# ਮਾਤ-ਭਾਸ਼ਾ

*ਕੋਇਚੂਰ ਮਤਸੂਰਾ

ਮਾਤ-ਭਾਸ਼ਾ
ਸਾਡੀਆਂ ਸਭ ਤੋਂ ਗਹਿਰੀਆਂ ਸੋਚਾਂ ਦੀ ਜਮਣ-ਭੋਂ ਹੁੰਦੀ ਹੈ।
ਅਸੀਂ ਭਾਵੇਂ ਕਿਤੇ ਵੀ ਚਲੇ ਜਾਈਏ
ਕਿੰਨੀਆਂ ਵੀ ਭਾਸ਼ਾਵਾਂ ਦੇ ਵਿਦਵਾਨ ਬਣ ਜਾਈਏ
ਪਰ ਅਸੀਂ ਹਮੇਸ਼ਾਂ ਉਨ੍ਹਾਂ ਹੀ ਸ਼ਬਦਾਂ ਵਿਚ ਵਸਦੇ ਹਾਂ
ਜਿਨ੍ਹਾਂ ਰਾਹੀਂ ਪਹਿਲ ਪਲੇਠੀ ਵਾਰ ਇਸ ਜਹਾਨ ਨੂੰ ਜਾਣਦੇ ਹਾਂ।

ਸਭਿਆਚਾਰਾਂ ਦੀ ਪਛਾਣ ਦਾ ਪ੍ਰਮੁੱਖ ਵਸੀਲਾ ਵੀ
ਮਾਤ-ਭਾਸ਼ਾਵਾਂ ਹੀ ਹੁੰਦੀਆਂ ਹਨ।

◆◆◆

ਹਰ ਭਾਸ਼ਾ
ਜਿਊਂਦੀ ਜਾਨ ਵਰਗੀ ਅਮੁੱਲ ਤੇ ਅਨੂਠੀ ਹੁੰਦੀ ਹੈ।

ਹਰ ਭਾਸ਼ਾ
ਆਪਣੇ ਆਪ ਵਿਚ ਸੋਚਾਂ ਦਾ ਬ੍ਰਹਿਮੰਡ ਹੁੰਦੀ ਹੈ।

ਹਰ ਭਾਸ਼ਾ
ਮਨੁੱਖੀ ਹੋਣੀ ਨੂੰ ਅਦੁੱਤੀ ਹੁੰਗਾਰਾ ਹੁੰਦੀ ਹੈ।

ਹਰ ਭਾਸ਼ਾ
ਧੁਨੀਆ, ਚਿਹਨਾਂ, ਭਾਵਨਾਵਾਂ, ਸਮੇਂ ਅਤੇ ਗਤੀ ਦੇ
ਪ੍ਰਗਟਾਵਿਆਂ ਦਾ ਝਮ-ਝਮ ਕਰਦਾ ਜਲੌਅ ਹੁੰਦੀ ਹੈ।

ਡਾਇਰੈਕਟਰ ਜਨਰਲ, ਯੂਨੈਸਕੋ (1999)



Sri Satguru Jagjit Singh Ji Elibrary NamdhariElibrary@gmail.com

# ਇਹਦੀ ਸ਼ਾਨ ਨਵਾਬੀ

*ਪ੍ਰੋ: ਨਵ ਸੰਗੀਤ ਸਿੰਘ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ, ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ।

ਇਸ ਭਾਸ਼ਾ ਵਿਚ ਫਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ ਏਹੋ, ਬੋਲੀ ਬੋਲਣ ਲੋਕ।

ਗੁਰਬਾਣੀ ਤੇ ਸੂਫੀ ਕਵਿਤਾ, ਵਾਰਾਂ, ਕਿੱਸੇ, ਦੋਹੇ
ਇਸ ਭਾਸ਼ਾ ਵਿਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ।

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਜੋ ਬਿਰਹਾ-ਗੀਤ
ਏਸੇ ਭਾਸ਼ਾ ਵਿਚ ਲਿਖਦਾ ਹੈ, ਕਵਿਤਾ 'ਨਵ-ਸੰਗੀਤ'।

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿਚ ਅਸਾਂ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ।

ਪਿਓ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖਜ਼ਾਨਾ
ਆਪਸ ਵਿਚ ਪੰਜਾਬੀ ਬੋਲੋ, ਕੋਈ ਨਾ ਦਿੱਸੇ ਬਿਗਾਨਾ।

ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖੁਸ਼ੀ ਗ਼ਮੀ ਵਿਚ
ਏਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖੁਸ਼ਕ ਨਮੀ ਵਿਚ।

ਵਿਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ।

ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ।

ਸਮਝੋ, ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ : ਇਹਦੀ ਸ਼ਾਨ ਨਵਾਬੀ।

ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ (ਬਠਿੰਡਾ)
ਮੋਬਾਇਲ: 94176 92015



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਬੋਲੀ

*ਮ. ਚਤਰ ਸਿੰਘ 'ਬੀਰ'

ਨਿਕਲੀ ਹੈ ਬਚਪਨ ਦੇ,
ਸਾਂਭੇ ਹੋਏ ਚਾਵਾਂ 'ਚੋਂ।
ਨਿਕਲੀ ਹੈ ਹੁਸਨ ਦੀਆਂ,
ਮਾਸੂਮ ਅਦਾਵਾਂ 'ਚੋਂ।

ਪੁਨਿਆਂ ਦੀ ਰਾਤ ਦੀਆਂ,
ਰੰਗੀਨ ਹਵਾਵਾਂ 'ਚੋਂ।
ਨਿਕਲੀ ਪੰਜਾਬ ਦਿਆਂ,
ਪੰਜਾਂ ਦਰਿਆਵਾਂ 'ਚੋਂ।

ਕਿਸੇ ਗਾਉਂਦੇ ਵਾਗੀ ਦੀ,
ਇਹ ਹੇਕ 'ਚੋਂ ਨਿਕਲੀ ਹੈ।
ਉਭਰੀ ਹੋਈ ਛਾਤੀ ਦੇ,
ਇਹ ਸੇਕ 'ਚੋਂ ਨਿਕਲੀ ਹੈ।

ਨਿਕਲੀ, ਕਿਸੇ ਅਲੜ੍ਹ ਦੇ,
ਅਲੜ੍ਹ ਅਰਮਾਨਾਂ 'ਚੋਂ।
ਦੂਰ ਕਿਤੇ ਵਜਦੇ ਅਲਗੋਜ਼ੇ,
ਦੀਆਂ ਤਾਨਾਂ 'ਚੋਂ।

ਹਲ ਵਾਹੁੰਦੇ ਹਾਲੀ ਦੇ,
ਇਹ ਲੋਰ 'ਚੋਂ ਨਿਕਲੀ ਹੈ।
ਬਲਦਾਂ ਦੇ ਘੁੰਗਰੂਆਂ,
ਦੇ ਸ਼ੋਰ 'ਚੋਂ ਨਿਕਲੀ ਹੈ।

ਨਿਕਲੀ ਹੈ ਵੰਝਲੀ ਤੇ,
ਮਿਰਜ਼ੇ ਦਿਆਂ ਬੋਲਾਂ 'ਚੋਂ।
ਪੈ ਰਹੇ ਵਸਾਖੀ 'ਤੇ,
ਭੰਗੜੇ ਦਿਆਂ ਢੋਲਾਂ 'ਚੋਂ।

ਚਾਟੀ ਦੇ ਮਧਾਣੀ ਦੀ,
ਘੁਮਕਾਰ 'ਚੋਂ ਨਿਕਲੀ ਹੈ।
ਮੁਟਿਆਰ ਦੇ ਚੂੜੇ ਦੀ,
ਛਣਕਾਰ 'ਚੋਂ ਨਿਕਲੀ ਹੈ।



Sri Satguru Jagjit Singh Ji Elibrary NamdhariElibrary@gmail.com

ਪੱਤਿਆਂ ਦੀ ਖੜ ਖੜ 'ਚੋਂ,
ਪੀਂਘਾਂ ਦੀ ਸ਼ੂਕਰ 'ਚੋਂ।
ਲੱਗੇ ਹੋਏ ਤ੍ਰਿੰਞਣ ਵਿਚ,
ਚਰਖੀ ਦੀ ਘੂਕਰ 'ਚੋਂ।

ਨਿਕਲੀ ਹੈ ਗਿੱਧੇ ਵਿਚ,
ਸਖੀਆਂ ਦੇ ਗੀਤਾਂ 'ਚੋਂ।
ਸ਼ਰਮਾਕਲ ਅਖੀਆਂ ਦੇ,
ਘੁੰਡਾਂ ਦੀਆਂ ਝੀਤਾਂ 'ਚੋਂ।

ਕਿਸੇ ਯਾਦ ਪੁਰਾਣੀ ਦੇ,
ਰੜਕਣ 'ਚੋਂ ਨਿਕਲੀ ਹੈ।
ਸੀਨੇ ਦੀ ਮੱਧਮ ਜਿਹੀ,
ਧੜਕਣ 'ਚੋਂ ਨਿਕਲੀ ਹੈ।

ਨਿਕਲੀ, 'ਤਲਵੰਡੀ' ਦੀ,
ਸੋਹਣੀ ਜਹੀ ਜੂਹ ਵਿਚੋਂ।
'ਗੋਰਖ' ਦੇ ਟਿੱਲੇ ਤੋਂ,
'ਪੂਰਨ' ਦੇ ਖੂਹ ਵਿਚੋਂ।

ਕਿਸੇ ਛੈਲ ਛਬੀਲੀ ਦੇ,
ਦਿਲ ਪੈਂਦੀ ਧੂਹ ਵਿਚੋਂ।
'ਮਹੀਂਵਾਲ' ਦੇ ਮਨ ਵਿਚੋਂ,
'ਰਾਂਝੇ' ਦੀ ਰੂਹ ਵਿਚੋਂ।

ਨਖਰੇ 'ਚੋਂ ਨਿਕਲੀ ਹੈ,
ਹੈ ਨਿਕਲੀ ਲਾਰੇ 'ਚੋਂ।
ਕਿਸੇ ਲਵੀ ਜਵਾਨੀਂ ਦੇ,
ਇਕ ਇਕ ਲਚਕਾਰੇ 'ਚੋਂ।

ਨਿਕਲੀ ਹੈ ਜ਼ੁਲਫਾਂ ਦੇ,
ਡਰਪੋਕ ਇਸ਼ਾਰੇ 'ਚੋਂ।
ਪਲਕਾਂ ਦੇ ਸਹਿਮੇ ਹੋਏ,
ਖਾਮੋਸ਼ ਹੁੰਗਾਰੇ 'ਚੋਂ।



Sri Satguru Jagjit Singh Ji Elibrary NamdhariElibrary@gmail.com

ਨਿਕਲੀ ਹੈ ਨੈਣਾਂ ਦੇ,
ਕੋਸੇ ਜਿਹੇ ਪਾਣੀ 'ਚੋਂ।
ਰੁੱਸੇ ਹੋਏ ਪਿਆਰਾਂ ਦੀ,
ਗ਼ਮਗੀਨ ਕਹਾਣੀ 'ਚੋਂ।

ਪ੍ਰੀਤਮ ਦੇ ਹੱਸੇ ਗਏ,
ਨਕਲੀ ਜਿਹੇ ਹਾਸੇ 'ਚੋਂ।
ਨਿਕਲੀ ਹੈ ਪ੍ਰੇਮੀ ਦੇ,
ਤਿੜਕੇ ਹੋਏ ਕਾਸੇ 'ਚੋਂ।

ਇਸ ਸਚੀਆਂ ਪ੍ਰੀਤਾਂ ਦੀ,
ਮਸਤੀ 'ਚੋ ਨਿਕਲੀ ਹੈ।
ਇਹ ਇਸ਼ਕ ਰੰਗੀਲੇ ਦੀ,
ਹਸਤੀ 'ਚੋਂ ਨਿਕਲੀ ਹੈ।

ਕਿਸੇ 'ਹੀਰ' ਸਲੇਟੀ ਦੇ,
ਵਾਹੇ ਹੋਏ ਵਾਲਾਂ 'ਚੋਂ।
'ਕੈਦੋਂ' ਦੀ ਘੂਰੀ 'ਚੋਂ,
'ਚੂਚਕ' ਦੀਆਂ ਗਾਲ੍ਹਾਂ 'ਚੋਂ।

ਡੁਬਦੀ ਹੋਈ 'ਸੋਹਣੀ' ਦੇ,
ਕੁਝ ਗਿਣਵੇਂ ਸਾਹਾਂ 'ਚੋਂ।
ਇਹ ਪਿਆਰ ਦੇ ਪੈਂਡੇ ਦੀ,
ਕਿਸੇ ਸ਼ਾਖ 'ਚੋਂ ਨਿਕਲੀ ਹੈ।

ਸੜ ਚੁਕੀਆਂ ਸਧਰਾਂ ਦੀ,
ਇਹ ਰਾਖ 'ਚੋਂ ਨਿਕਲੀ ਹੈ।
ਏਹਨੂੰ 'ਗੁਰੂ ਅੰਗਦ' ਨੇ,
ਅੱਖਰਾਂ ਵਿਚ ਧਰ ਦਿੱਤਾ।

'ਅਰਜਨ' ਨੇ ਇਹਦੇ ਵਿਚ,
ਜਾਦੂ ਜਿਹਾ ਭਰ ਦਿੱਤਾ।
'ਬੁਲ੍ਹੇ' ਦਿਆਂ ਬੋਲਾਂ ਵਿਚ,
ਹੈ ਸ਼ਾਨ ਪੰਜਾਬੀ ਦੀ,



Sri Satguru Jagjit Singh Ji Elibrary NamdhariElibrary@gmail.com

'ਜਲ੍ਹਣ' ਦੇ ਟੋਟਕਿਆਂ,
ਵਿਚ ਜਾਨ ਪੰਜਾਬੀ ਦੀ,
ਭੱਲੇ ਹਨ 'ਕਾਦਰ' ਨੇ,
ਕਈ ਨਾਜ਼ ਪੰਜਾਬੀ ਦੇ,

ਖੋਹਲੇ ਹਨ 'ਪੂਰਨ' ਨੇ,
ਕਈ ਰਾਜ਼ ਪੰਜਾਬੀ ਦੇ।
'ਹਾਸ਼ਮ' ਨੇ ਸੌਂਪ ਦਿਤਾ,
ਸਭ ਪਿਆਰ ਪੰਜਾਬੀ ਨੂੰ।

'ਵਾਰਸ' ਨਾ ਬਖਸ਼ ਦਿੱਤਾ,
ਸ਼ਿੰਗਾਰ ਪੰਜਾਬੀ ਨੂੰ।
ਹੱਡਾਂ ਵਿਚ ਰਚ ਗਈ ਇਹ,
ਇਹ ਖੂਨ 'ਚ ਘੁਲ ਗਈ ਹੈ।

ਸ਼ਾਇਰ ਤੇ ਮੁਸੱਵਰ ਦੇ,
ਮਜ਼ਮੂਨ 'ਚ ਘੁੱਲ ਗਈ ਹੈ।
ਇਹ ਦਾਤ ਹੈ ਦਾਤੇ ਦੀ,
ਨਹੀਂ ਮੋੜੀ ਜਾ ਸਕਦੀ।

ਇਹ ਸਾਂਝ ਕੁਵੱਲੀ ਹੈ,
ਨਹੀਂ ਤੋੜੀ ਜਾ ਸਕਦੀ।
ਪਧਰੇ ਮੈਦਾਨਾਂ ਤੋਂ,
ਉਡਦੀ ਅਸਮਾਨਾਂ ਤਕ।

ਜੰਮਣ ਤੋਂ ਲੈ ਕੇ ਇਹ,
ਜਾਂਦੀ ਸ਼ਮਸ਼ਾਨਾਂ ਤਕ।
ਸਾਡੇ ਜਜ਼ਬਾਤਾਂ ਦੇ,
ਤੂਫਾਨ ਦੀ ਬੋਲੀ ਹੈ।

ਨਹੀਂ ਨਹੀਂ ਮੈਂ ਭੁਲਦਾ ਹਾਂ,
ਭਗਵਾਨ ਦੀ ਬੋਲੀ ਹੈ।

1954 'ਚ ਛਪੀ ਪੁਸਤਕ 'ਤਾਂਜਰ ਦੀ ਛਣਕਾਰ'
ਧੰਨਵਾਦ ਸਹਿਤ: ਸਿੱਖ ਸ਼ਹਾਦਤ ਮਈ 2007

□□□



Sri Satguru Jagjit Singh Ji Elibrary NamdhariElibrary@gmail.com

# ਤਿੰਨ ਮਾਵਾਂ

*ਬਿੱਟੂ ਖੰਨੇ ਵਾਲਾ

ਵੱਡੀ ਮਾਂ ਹੈ ਮੇਰੀ ਧਰਤੀ, ਮਿੱਟੀ ਮੇਰੀ ਮਾਂ।
ਮਿੱਟੀ ਦੀ ਧੀ, ਜਨਮ ਦਾਤੀ, ਜੋ ਦੂਜੀ ਮੇਰੀ ਮਾਂ।
ਗੁੜ੍ਹਤੀ ਮਿਲੀ ਹੈ ਮਾਂ-ਬੋਲੀ ਦੀ, ਤੀਜੀ ਮੇਰੀ ਮਾਂ।

ਨਾਨੀ ਦੀ ਨਾਨੀ ਦੀ ਨਾਨੀ, ਉਸ ਦੀ ਨਾਨੀ ਦੀ ਨਾਨੀ ਦੀ ਨਾਨੀ,
ਮੁੱਢ ਤੋਂ ਮਿੱਟੀ ਪੈਦਾ ਕੀਤੀਆਂ, ਆਖਰ ਮਿੱਟੀ ਹੋਈਆਂ।
ਮਿੱਟੀ ਨੇ ਫੜ ਮਿੱਟੀ ਕੁੱਟੀ, ਮਿੱਟੀ ਨੇ ਮਿੱਟੀ ਗੋਈਆਂ।
ਮਿੱਟੀ ਨੇ ਚੁੱਕ ਆਵੇ ਪਾਈਆਂ, ਭੁੱਬਾਂ ਮਾਰ ਕੇ ਰੋਈਆਂ।
ਠੋਕਰ ਵੱਜੀ, ਮਿੱਟੀ ਬਣੀਆਂ, ਮਿੱਟੀ ਵਿਚ ਸਮੋਈਆਂ।
ਨਾਨੀ ਨੇ ਜੋ ਮਿੱਟੀ ਜੰਮੀ, ਉਹ ਮਿੱਟੀ ਮੇਰੀ ਮਾਂ।
ਵੱਡੀ ਮਾਂ ਹੈ ਮੇਰੀ ਧਰਤੀ, ਮਿੱਟੀ ਮੇਰੀ ਮਾਂ।

ਦੂਜੀ ਮਾਂ ਮੇਰੀ ਉਹ ਮਾਂ ਹੈ, ਜਿਸ ਮੈਨੂੰ ਜੱਗ ਵਿਖਾਇਆ।
ਤਨ ਦਾ ਸੂਰਜ, ਤਨ ਦਾ ਸਾਗਰ, ਤਨ ਦਾ ਖੇਤ ਬਣਾਇਆ।
ਪਵਨ ਗੁਰੂ ਦੇ ਤਰਲੇ ਕੀਤੇ, ਆਪਣਾ ਸਾਹ ਵਟਾਇਆ।
ਇੱਕੀ ਸੌ ਪਹਿਰ ਤਪ ਕੀਤਾ, ਤਪ ਤਪ ਰੱਬ ਮਨਾਇਆ।
ਜਿਸ ਨਾਂ ਦਾ ਮੈਂ ਮਾਣ ਕਰਾਂ, ਉਹ ਨਾਂ ਜੰਮਿਆ ਮੇਰੀ ਮਾਂ।
ਮਿੱਟੀ ਦੀ ਧੀ, ਜਨਮ ਦਾਤਾ, ਜੋ ਦੂਜੀ ਮੇਰੀ ਮਾਂ।

ਮਾਂ-ਬੋਲੀ ਮੈਂ ਤਾਂ ਨਾਂ ਰੱਖਿਆ, ਮਾਂ ਦੀਆਂ ਉਂਗਲਾਂ ਫੜੀਆਂ।
ਮਾਂ-ਬੋਲੀ ਨੇ ਪਾਲਿਆ-ਪੋਸਿਆ, ਮਾਂ ਦੀਆਂ ਲਿਖਤਾਂ ਪੜ੍ਹੀਆਂ।
ਸਭ ਤੋਂ ਪਹਿਲਾਂ 'ਮਾਂ' ਬੋਲਿਆ, ਝੱਟ ਜੁਆਨੀਆਂ ਚੜ੍ਹੀਆਂ।
ਕਈ ਬੋਲੀਆਂ ਸੱਜ-ਫੱਬ ਕੇ, ਆ ਮੇਰੇ ਘਰ ਵੜੀਆਂ।
ਆਪਣੀ ਮਾਂ-ਬੋਲੀ ਨੂੰ ਭੁੱਲ ਕੇ, ਮੈਂ ਗਿਆ ਉਨ੍ਹਾਂ 'ਤੇ ਮੋਹਿਆ।
ਮੇਰੀ ਮਾਂ ਨੇ ਫਿਰ ਵੀ ਪਾਣੀ ਵਾਰ ਕੇ, ਤੇਲ ਬਰੂੰਹੀਂ ਚੋਇਆ।
ਪਤਾ ਲੱਗਾ ਮੇਰੀ ਮਾਂ ਮਰ ਚੱਲੀ, ਭੁੱਬਾਂ ਮਾਰ ਕੇ ਰੋਇਆ।
ਤਿੰਨ ਮਾਵਾਂ ਦਾ ਪੁੱਤਰ, 'ਬਿੱਟੂ' ਭੁੱਲ ਕੇ ਮਿੱਟ੍ਹਰ ਹੋਇਆ।
ਵੇ ਲੋਕੋ, ਭੁੱਲ ਕੇ ਮਿੱਟ੍ਹਰ ਹੋਇਆ।

ਸ. ਬਲਜਿੰਦਰ ਸਿੰਘ
101/51, ਗਲੀ ਨੰ.7, ਗੁਰੂ ਅੰਗਦ ਦੇਵ ਨਗਰ
ਅਮਲੋਹ ਰੋਡ, ਖੰਨਾ
ਧਨਵਾਦ ਸਹਿਤ: ਗੁਰਮਤਿ ਪ੍ਰਕਾਸ਼, ਮਈ 2009
□□□



Sri Satguru Jagjit Singh Ji Elibrary NamdhariElibrary@gmail.com

# ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ

*ਡਾ: ਬਲਵਿੰਦਰ ਸਿੰਘ ਕਾਲੀਆ

ਮਾਂ ਬੋਲੀ ਪੰਜਾਬੀ 'ਤੇ ਤਲਵਾਰ ਚਲਾਉਂਦੀ ਏ ਕੁੜੀਏ,
ਮੰਡੀ ਸੱਭਿਆਚਾਰ ਦੇ ਸੰਗ ਰਫ਼ਤਾਰ ਮਿਲਾਉਂਦੀਏ ਕੁੜੀਏ,
ਸਮਝ ਨੀ ਆਉਂਦੀ ਕੋਈ ਤੈਨੂੰ ਹੁਣ ਕਿੰਝ ਸਮਝਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ

'ਹੇਠਾਂ' ਨੂੰ ਕਹੇਂ 'ਨੀਂਚੇ', 'ਪਰ' ਨੂੰ 'ਬਟ' ਤੂੰ ਕਹਿੰਦੀ ਏਂ
'ਸ਼ੋਰੀ, ਥੈਂਕਸ, ਓ.ਕੇ., ਸੀ.ਯੂ.' ਵਿਚ ਹੀ ਰਹਿੰਦੀ ਏਂ
'ਓਬ-ਵੀ-ਅਸਲੀ' ਤੇ 'ਡੌਂਟ ਵਰੀ' ਕੋਈ ਕਿਵੇਂ ਪਚਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਚੁੰਨੀ ਵਾਂਗੂ 'ਣਾਣਾ' ਵੀ ਤੈਂ ਮਨੋ ਵਿਸਾਰ ਦਿੱਤਾ
ਲੱਲੇ ਦੇ ਪੈਰ ਬਿੰਦੀ ਨੂੰ ਤੈਂ ਜੰਮਦਿਆਂ ਮਾਰ ਦਿੱਤਾ,
'ਹੁਨ, ਕਾਲਾ, ਪੀਲਾ, ਖਾਨਾ ਦਾਨਾ' ਤੈਨੂੰ ਭਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਅੱਸੀ ਨੌਂ ਉਣਾਨਵੇਂ ਤੇਰੇ ਚੇਤੇ ਰਹਿੰਦਾ ਨਾ
'ਏਟੀ ਨਾਈਨ' ਰਕਾਨੇ ਤੈਨੂੰ ਕੁਝ ਵੀ ਕਹਿੰਦਾ ਨਾ
'ਸੈੱਲ' ਤੇਰੇ ਦੀ 'ਰਿੰਗ', 'ਬਾਈਕ' 'ਤੇ ਕੌਣ ਵਜਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਮਾਂ ਜੀਤੋ, ਸੁੰਦਰੀ, ਮਾਈ ਭਾਗੋ, ਨਾਨਕੀ ਜਾਈਏ ਨੀਂ
ਬਾਬਿਆਂ ਵਾਲਾ ਊੜਾ ਤੈਨੂੰ ਕਿਵੇਂ ਪੜ੍ਹਾਈਏ ਨੀਂ
ਸੋਚ ਤੇਰੀ ਤੋਂ ਸ਼ੋਸ਼ੇਬਾਜ਼ੀ ਕਿਵੇਂ ਕੋਈ ਲਾਹਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਕੀ ਹੁੰਦੇ ਨੇ ਬਾਗ ਤੇ ਹੁੰਦੀ ਕੀ ਫੁਲਕਾਰੀ ਏ
ਤੇਰੀ ਮਤ ਤਾਂ ਜੀਨਾਂ-ਟੌਪਾਂ ਨੇ ਹੀ ਮਾਰੀ ਏ
ਕਿੱਲੀ ਟੰਗੇ ਸੂਟ ਦੇ ਹੌਲੇ ਪੈ ਗਏ ਦਾਅਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਮਿੱਠੀ ਬੜੀ ਪੰਜਾਬੀ, ਮਿੱਠੜੇ ਬੋਲ ਪੰਜਾਬੀ ਦੇ,
ਕਦੇ ਦਿਲ ਦੀਆਂ ਸੁਣ ਕੇ ਵੇਖੀਂ ਹੋ ਕੇ ਕੋਲ ਪੰਜਾਬੀ ਦੇ
'ਹਾਏ ਮੈਂ ਮਰਜਾਂ', 'ਸਹੁੰ ਤੇਰੀ ਸੀਨੇ ਠੰਢ ਪਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ... ...

ਬੋਲੀਆਂ ਜੰਮ-ਜੰਮ ਸਿੱਖੋ ਮਾਂ ਪਰ ਮਨੋਂ ਭੁਲਾਵੋ ਨਾ,
ਮਾਂ ਬੋਲੀ ਦੇ ਸ਼ਬਦਾਂ ਨੂੰ ਇੰਜ ਮਾਰ ਮੁਕਾਵੋ ਨਾ
ਮੰਨ ਜਾ ਤੈਨੂੰ 'ਬਲਵਿੰਦਰ' ਅੱਜ ਆਪ ਮਨਾਵੇ ਨੀਂ
ਮਾਂ ਬੋਲੀ ਪੰਜਾਬੀ ਤੈਥੋਂ ਰੁਸ ਨਾ ਜਾਵੇ ਨੀਂ।

ਸ.ਸ.ਸ. ਸਕੂਲ, ਦੋਰਾਹਾ, ਲੁਧਿਆਣਾ।
ਮੋਬਾਇਲ: 99140-09160

□□□



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਮੇਰੀ ਮਾਂ ਪੰਜਾਬੀ ਮਾਤਾ, ਤੇਰੀ ਜੈ ਪੰਜਾਬੀ ਮਾਤਾ

ਪੰਜਾਬੀਓ, ਆਪਣੀ ਮਾਂ-ਬੋਲੀ ਪੰਜਾਬੀ ਦੀ ਚੜ੍ਹਦੀ ਕਲਾ ਲਈ ਇਹ ਕੰਮ ਜਰੂਰ ਕਰੋ:

- ਪੰਜਾਬੀਓ! ਪੰਜਾਬੀ ਤੁਹਾਡੇ ਗੁਰੂ ਦੀ ਬੋਲੀ ਹੈ, ਤੁਹਾਨੂੰ ਮਾਂ ਦੇ ਦੁੱਧ ਵਿਚੋਂ ਮਿਲੀ ਹੈ, ਤੁਹਾਡੇ ਦੇਸ਼ ਪਿਆਰ ਦੀ ਜ਼ਾਮਨ ਹੈ - ਇਸ ਨੂੰ ਗੁਰੂ ਵਾਲਾ ਤੇ ਮਾਂ ਵਾਲਾ ਪਿਆਰ ਤੇ ਸਤਿਕਾਰ ਦਿਓ।
- ਆਪਣੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਦੀ ਗੁੜ੍ਹਤੀ ਦੇਵੋ, ਪੰਜਾਬੀ ਬੋਲਣੀ ਸਿਖਾਂਓ। ਬੱਚਾ ਭਾਵੇਂ ਕਿਸੇ ਵੀ ਸਕੂਲ ਵਿਚ ਪੜ੍ਹਦਾ ਹੋਵੇ, ਘਰ ਵਿਚ ਹਮੇਸ਼ਾ ਪੰਜਾਬੀ ਹੀ ਬੋਲੇ।
- ਹਰ ਪੰਜਾਬੀ ਪਰਿਵਾਰ ਆਪਣੇ ਘਰ ਦੇ ਕਿਸੇ ਕੋਨੇ ਵਿਚ ਛੋਟੀ ਜਿਹੀ ਲਾਇਬ੍ਰੇਰੀ ਬਣਾਵੇ ਜਿਸ ਵਿਚ ਮਿਆਰੀ ਸਾਹਿਤ ਦੀਆਂ ਕੁਝ ਪੁਸਤਕਾਂ ਹੋਣ, ਬੱਚਿਆਂ 'ਤੇ ਜਰੂਰ ਸਕਾਰਾਤਮਕ ਪ੍ਰਭਾਵ ਪਵੇਗਾ।
- ਪੰਜਾਬੀ ਦੀਆਂ ਚੰਗੀਆਂ ਪੁਸਤਕਾਂ ਖ਼੍ਰੀਦੋ ਤੇ ਪੜ੍ਹੋ।
- ਬੱਚਿਆਂ ਨੂੰ ਤੋਹਫ਼ੇ ਵਿਚ ਉਨ੍ਹਾਂ ਦੀਆਂ ਮਨ-ਪਸੰਦ ਪੁਸਤਕਾਂ ਦਿਓ।
- ਆਪਣੇ ਘਰਾਂ ਵਿਚ ਪੰਜਾਬੀ ਦੇ ਮਾਸਕ ਪੱਤਰ ਅਤੇ ਪੰਜਾਬੀ ਅਖ਼ਬਾਰ ਜਰੂਰ ਲਗਵਾਓ।
- ਵਿਆਹ-ਸ਼ਾਦੀਆਂ ਦੇ ਕਾਰਡ, ਸੱਦਾ ਪੱਤਰ, ਵਧਾਈ ਕਾਰਡ ਤੇ ਚਿੱਠੀ ਪੱਤਰ ਵੱਧ ਤੋਂ ਵੱਧ ਪੰਜਾਬੀ ਵਿਚ ਹੀ ਕਰੋ।
- ਵਿਆਹ-ਸ਼ਾਦੀਆਂ, ਵਿਆਹ ਦੀ ਸਾਲਗਿਰ੍ਹਾ, ਜਨਮ-ਦਿਨ ਸਮਾਗਮ ਜਾਂ ਹੋਰ ਤਿਉਹਾਰਾਂ ਦੇ ਮੌਕੇ ਪਿਆਰੀ ਪੰਜਾਬੀ ਪੁਸਤਕਾਂ ਭੇਂਟ ਕਰੋ।
- ਆਪਣੇ ਬੱਚਿਆਂ ਵਿਚ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਲਈ ਉਨ੍ਹਾਂ ਨੂੰ ਪੁਸਤਕ-ਪ੍ਰਦਰਸ਼ਨੀਆਂ ਵਿਚ ਜਰੂਰ ਲੈ ਕੇ ਜਾਓ।

ਸ. ਹਰਭਜਨ ਸਿੰਘ

## ਗੁਰਮਤਿ ਪੁਸਤਕ ਸੈਂਟਰ

369-ਆਰ, ਮਾਡਲ ਟਾਊਨ, ਲੁਧਿਆਣਾ-02

Sri Satguru Jagjit Singh Ji Elibrary NamdhariElibrary@gmail.com